
Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334 Certified Agent



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400



COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 09, February 28, 2015 | 20451 N Plum Grove Rd., Palatine, IL 60074 | Ph:847-359-0746, Fax:847-705-9388

# ਹੁਣ ਮੋਦੀ ਦੀਆਂ ਹੀਲ੍ਹਾਂ ਦੀ ਵਾਰੀ

## ਕਿਸਾਨ ਮਸਲਿਆਂ 'ਤੇ ਚੁਫੇਰਿਓਂ ਪਿਆ ਘੇਰਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਿਸਾਨ ਮੁੱਦਿਆਂ 'ਤੇ ਸੰਸਦ ਦੇ ਅੰਦਰ ਤੇ ਬਾਹਰ- ਦੋਹੀਂ ਥਾਂਈਂ ਘੇਰਾ ਪੈ ਗਿਆ ਹੈ। ਭੋਂ-ਪ੍ਰਾਪਤੀ ਆਰਡੀਨੈਂਸ ਦਾ ਸਮੁੱਚੀ ਵਿਰੋਧੀ ਧਿਰ ਦੇ ਨਾਲ-ਨਾਲ ਐਨ.ਡੀ.ਏ. ਵਿਚ ਸ਼ਾਮਲ ਦੋ ਪਾਰਟੀਆਂ ਸ਼ਿਵ ਸੈਨਾ ਤੇ ਸ਼ੇਤਕਾਰੀ ਸੰਗਠਨ ਨੇ ਵੀ ਵਿਰੋਧ ਕਰਨ ਦਾ ਐਲਾਨ ਕਰ ਦਿੱਤਾ ਹੈ। ਉਧਰ, ਸੰਸਦ ਦੇ ਬਾਹਰ ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਇਕਮੁੱਠ ਹੋ ਗਏ ਹਨ। ਇਸ ਸੰਘਰਸ਼ ਵਿਚ ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਨੇ ਵੀ ਸੰਸਦ ਭਵਨ ਵੱਲ ਰੁਖ ਕਰ ਲਿਆ ਹੈ। ਦੂਜੇ ਪਾਸੇ ਆਰਡੀਨੈਂਸ ਨੂੰ ਵਾਪਸ ਲੈਣ ਤੋਂ ਕੋਰੀ ਨਾਂਹ ਕਰਦਿਆਂ ਕੇਂਦਰ ਸਰਕਾਰ ਨੇ ਕਿਸਾਨਾਂ ਤੋਂ ਸੁਝਾਅ ਮੰਗਣ ਲਈ ਅੱਠ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਹੈ।

ਤਿੰਨ ਸਾਲ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨਾਲ ਤਤਕਾਲੀ ਯੂ.ਪੀ.ਏ. ਸਰਕਾਰ ਦੀਆਂ ਚੂਲਾਂ ਹਿਲਾਉਣ ਵਾਲੇ ਸਮਾਜ ਸੇਵਕ ਅੰਨਾ ਹਜ਼ਾਰੇ ਨੇ ਹੁਣ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਆਖ ਦਿੱਤਾ ਹੈ ਕਿ ਉਹ ਜ਼ਮੀਨ ਕਬਜ਼ਾਉਣ ਵਾਲੇ ਇਸ ਆਰਡੀਨੈਂਸ ਖਿਲਾਫ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਦੇਸ਼ ਭਰ ਵਿਚ ਪੈਦਲ ਯਾਤਰਾ ਕੱਢਣਗੇ ਤੇ ਫਿਰ ਤਿੰਨ-ਚਾਰ ਮਹੀਨਿਆਂ ਬਾਅਦ ਰਾਮ ਲੀਲਾ ਮੈਦਾਨ ਤੋਂ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਜਾਏਗਾ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵਲੋਂ 'ਅੱਛੇ ਦਿਨ' ਆਉਣ ਦੇ ਕੀਤੇ ਗਏ ਵਾਅਦੇ 'ਤੇ ਤਨਜ਼ ਕੱਸਦਿਆਂ ਸ੍ਰੀ ਹਜ਼ਾਰੇ ਨੇ ਕਿਹਾ ਹੈ ਕਿ ਅੱਛੇ ਦਿਨ ਤਾਂ ਕਾਰਪੋਰੇਟ ਲਾਣੇ ਦੇ ਆਏ ਹਨ।

ਦੱਸਣਯੋਗ ਹੈ ਕਿ ਸੰਸਦ ਦੇ ਪਿਛਲੇ ਸੈਸ਼ਨ ਵਿਚ ਰਾਸ਼ਟਰੀ ਸੋਇਮਸੇਵਕ ਸੰਘ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂਆਂ ਵਲੋਂ ਕੁਝ ਅਜਿਹੇ ਬਿਆਨ ਦਿੱਤੇ ਗਏ ਸਨ ਜਿਨ੍ਹਾਂ 'ਤੇ ਵੱਡਾ ਇਤਰਾਜ਼ ਹੋਇਆ ਸੀ ਜਿਸ ਕਾਰਨ ਉਸ ਸੈਸ਼ਨ ਵਿਚ ਕਿਸੇ ਵੀ ਵੱਡੇ ਬਿੱਲ 'ਤੇ ਵਿਚਾਰ ਨਹੀਂ ਸੀ ਹੋ ਸਕਿਆ। ਇਸ ਲਈ ਬਾਅਦ ਵਿਚ ਮੋਦੀ ਸਰਕਾਰ ਨੂੰ ਆਰਡੀਨੈਂਸ ਜਾਰੀ ਕਰਨੇ ਪਏ। ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਲੋਂ 2013 ਵਿਚ ਪਾਸ ਕੀਤੇ ਜ਼ਮੀਨ ਪ੍ਰਾਪਤੀ ਬਿੱਲ ਵਿਚ ਇਹ ਮੱਦ ਵੀ ਸੀ ਕਿ ਜੇ ਕੋਈ ਗ਼ੈਰ-ਸਰਕਾਰੀ ਪ੍ਰਾਜੈਕਟ ਲਈ ਜ਼ਮੀਨ ਪ੍ਰਾਪਤ ਕਰਨੀ ਹੋਵੇ ਤਾਂ ਉਸ ਲਈ 70 ਫ਼ੀਸਦੀ ਪ੍ਰਭਾਵਿਤ ਕਿਸਾਨਾਂ ਨੂੰ ਜ਼ਮੀਨ ਦੇਣ ਲਈ ਸਹਿਮਤ ਕਰਨਾ ਪਵੇਗਾ। ਜੇ ਕਿਸਾਨ ਜ਼ਮੀਨ ਦੇਣ ਲਈ ਤਿਆਰ ਨਾ ਹੋਣ ਤਾਂ ਸਰਕਾਰ ਜ਼ਮੀਨ ਨਹੀਂ ਲੈ ਸਕਦੀ, ਪਰ ਮੋਦੀ ਸਰਕਾਰ ਵਲੋਂ ਇਨ੍ਹਾਂ ਸ਼ਰਤਾਂ ਨੂੰ ਨਰਮ ਕਰ ਦਿੱਤਾ ਗਿਆ ਹੈ। ਅਜੇ ਕੁਝ ਦਿਨ ਪਹਿਲਾਂ ਹੀ ਮੋਦੀ ਸਰਕਾਰ ਨੇ ਫ਼ਸਲਾਂ ਦੇ ਲਾਗਤ ਮੁੱਲ ਉਤੇ ਪੰਜਾਹ ਫ਼ੀਸਦੀ ਮੁਨਾਫ਼ਾ ਦੇਣ ਤੋਂ ਇਨਕਾਰ ਕਰ ਕੇ ਕਿਸਾਨਾਂ ਨੂੰ ਵੱਡਾ ਝਟਕਾ ਦਿੱਤਾ ਸੀ। ਸਰਕਾਰ ਨੇ ਤਰਕ ਦਿੱਤਾ ਸੀ ਕਿ ਸਵਾਮੀਨਾਥਨ ਫਾਰਮੂਲਾ ਲਾਗੂ ਕਰਨ ਨਾਲ ਮੰਡੀ ਦਾ ਤਵਾਜ਼ਨ ਵਿਗੜ ਸਕਦਾ ਹੈ।

ਕੇਂਦਰ ਦੇ ਇਸ ਪੱਖ ਉਤੇ ਕਿਸਾਨ ਇਸ ਕਰ ਕੇ ਹੈਰਾਨ ਹਨ ਕਿ ਅਜੇ ਸਾਲ ਵੀ ਨਹੀਂ ਹੋਇਆ ਜਦੋਂ ਭਾਰਤੀ ਜਨਤਾ ਪਾਰਟੀ ਤੇ ਕੌਮੀ ਜਮਹੂਰੀ ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਨੇ ਫ਼ਸਲਾਂ ਦਾ ਭਾਅ ਸਵਾਮੀਨਾਥਨ ਫਾਰਮੂਲੇ ਤਹਿਤ ਦੇਣ ਦਾ ਵਾਅਦਾ ਆਪੋ-ਆਪਣੇ ਚੋਣ

(ਬਾਕੀ ਸਫਾ 6 'ਤੇ)



### ਅਕਾਲੀਆਂ ਦੀ ਚੁੱਪ 'ਤੇ ਸਵਾਲ

**ਚੰਡੀਗੜ੍ਹ:** ਕੇਂਦਰ ਸਰਕਾਰ ਵਿਚ ਭਾਈਵਾਲ ਅਕਾਲੀ ਦਲ ਵਲੋਂ ਕਿਸਾਨ ਮਸਲਿਆਂ ਬਾਰੇ ਧਾਰੀ ਚੁੱਪ 'ਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਲੋਕ ਸਭਾ ਵਿਚ ਕਾਂਗਰਸ ਦੇ ਉਹ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਭੋਂ-ਪ੍ਰਾਪਤੀ ਬਿੱਲ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਧਾਰੀ ਚੁੱਪ ਉਤੇ ਕਿਹਾ ਕਿ ਮੋਦੀ ਸਰਕਾਰ ਨੇ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਲੋਂ 2013 ਵਿਚ ਬਣਾਏ ਭੋਂ-ਪ੍ਰਾਪਤੀ ਕਾਨੂੰਨ ਨੂੰ ਖਤਮ ਕਰ ਕੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ ਤੇ ਉਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਕੇਂਦਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਬਾਦਲ ਸਰਕਾਰ ਇਸ ਧੱਕੇਸ਼ਾਹੀ ਬਾਰੇ ਚੁੱਪ ਧਾਰੀ ਬੈਠੀ ਹੈ।

# ਬੰਦੀ ਸਿੱਖਾਂ ਦੀ ਰਿਹਾਈ ਲਈ ਮਾਰਚ 3 ਨੂੰ

**ਚੰਡੀਗੜ੍ਹ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਦਾ ਮਾਮਲਾ ਇਕ ਵਾਰ ਮੁੜ ਭਖ ਗਿਆ ਹੈ। ਪੰਜਾਬ ਦੀਆਂ ਪੰਥਕ ਜਥੇਬੰਦੀਆਂ ਤੇ ਬੁੱਧੀਜੀਵੀਆਂ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਤਿੰਨ ਮਾਰਚ ਨੂੰ ਰਾਸ਼ਟਰਪਤੀ ਭਵਨ ਦਿੱਲੀ ਵੱਲ ਸਾਂਝੇ ਤੌਰ 'ਤੇ ਰੋਸ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ ਜਥੇਬੰਦੀਆਂ ਪਹਿਲਾਂ ਦਿੱਲੀ ਸਥਿਤ ਜੰਤਰ-ਮੰਤਰ ਵਿਚ ਧਰਨਾ ਦੇਣਗੀਆਂ ਤੇ ਉਸ ਤੋਂ ਬਾਅਦ ਦਹਾਕਿਆਂ ਤੋਂ ਜੇਲ੍ਹਾਂ ਵਿਚ ਡੱਕੇ ਸਿੱਖਾਂ ਦੀ ਰਿਹਾਈ ਲਈ ਰਾਸ਼ਟਰਪਤੀ ਭਵਨ ਵੱਲ ਰੋਸ ਮਾਰਚ ਕੀਤਾ ਜਾਵੇਗਾ। ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਤੇ ਬੁੱਧੀਜੀਵੀਆਂ ਨੇ ਸੰਕੇਤ ਦਿੱਤਾ ਕਿ ਇਸ ਮੁੱਦੇ ਤੋਂ ਇਲਾਵਾ ਵੀ ਬਾਦਲ ਸਰਕਾਰ ਨੂੰ ਘੇਰਨ ਲਈ ਭਵਿੱਖ ਵਿਚ ਸਾਂਝਾ ਮੰਚ ਤਿਆਰ ਕੀਤਾ ਜਾਵੇਗਾ।

ਜਥੇਬੰਦੀਆਂ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ 40 ਦਿਨਾਂ ਤੋਂ ਲੁਧਿਆਣਾ ਵਿਚ ਮਰਨ ਵਰਤ 'ਤੇ ਬੈਠੇ ਭਾਈ ਸੂਰਤ ਸਿੰਘ ਖਾਲਸਾ ਦੀ ਨਾਜ਼ੁਕ ਹਾਲਤ ਨੂੰ ਮੁੱਖ ਰੱਖਦਿਆਂ ਮੀਟਿੰਗ ਕੀਤੀ। ਇਸ ਵਿਚ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਦਹਾਕਿਆਂ ਤੋਂ ਜੇਲ੍ਹਾਂ ਵਿਚ ਡੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੋਈ ਕਦਮ ਨਾ ਚੁੱਕ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀਆਂ ਹਨ। ਸਮੂਹ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਰਕਾਰ ਸਿੱਖਾਂ ਨੂੰ ਰਿਹਾ ਕਰਨ ਤੋਂ ਇਨਕਾਰੀ ਹੈ। ਹੁਣ ਇਸ

(ਬਾਕੀ ਸਫਾ 6 'ਤੇ)

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com



# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਮਨਾਇਆ

**ਟੂਲੈਰੀ, ਕੈਲੀਫੋਰਨੀਆ (ਬਿਊਰੋ):** ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀਹਵੀਂ ਸਦੀ ਦੇ ਮਹਾਨ ਸੰਤ ਸਿਪਾਹੀ ਸਨ ਅਤੇ ਉਨ੍ਹਾਂ ਸਿੱਖੀ ਪਰੰਪਰਾ ਉਤੇ ਪਹਿਰਾ ਦਿੰਦਿਆਂ ਹਰਿਮੰਦਰ ਸਾਹਿਬ ਉਪਰ ਹਮਲਾ ਕਰਨ ਵਾਲੀਆਂ ਭਾਰਤੀ ਫੌਜਾਂ ਦਾ ਮੁਕਾਬਲਾ ਕਰਦਿਆਂ ਆਪਣੀ ਜਾਨ ਦੀ ਕੁਰਬਾਨੀ ਦੇ ਦਿਤੀ। ਸਾਨੂੰ ਉਨ੍ਹਾਂ ਦੇ ਵਿਚਾਰਾਂ ਉਤੇ ਪਹਿਰਾ ਦਿੰਦਿਆਂ ਸਿੱਖਾਂ ਦੀ ਆਜ਼ਾਦ ਹਸਤੀ ਲਈ ਆਪਣੇ ਯਤਨ ਜਾਰੀ ਰਖਣੇ ਚਾਹੀਦੇ ਹਨ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਮੌਕੇ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਵਖ ਵਖ ਪੰਥਕ ਬੁਲਾਰਿਆਂ ਨੇ ਪ੍ਰਗਟਾਏ।

ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਸੁਖਮਿੰਦਰ ਸਿੰਘ ਹੰਸਰਾ ਨੇ ਸੰਤ ਭਿੰਡਰਾਂਵਾਲਿਆਂ ਦੇ ਜੀਵਨ ਅਤੇ ਉਨ੍ਹਾਂ ਦੀ ਕੁਰਬਾਨੀ 'ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਸੰਤਾਂ ਦੇ ਇਹ ਬੋਲ ਚੇਤੇ ਕਰਵਾਏ ਕਿ ਜਿਸ ਦਿਨ ਹਿੰਦੁਸਤਾਨ ਦੀਆਂ ਫੌਜਾਂ ਆਪਣੇ ਨਾਪਾਕ ਪੈਰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਰਖਣਗੀਆਂ, ਉਸੇ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਉਨ੍ਹਾਂ ਵਿਸਥਾਰ ਵਿਚ ਦੱਸਿਆ ਕਿ ਸੰਤਾਂ ਦੇ ਇਨ੍ਹਾਂ ਬਚਨਾਂ 'ਤੇ ਸ. ਸਿਮਰਨਜੀਤ ਸਿੰਘ ਮਾਨ ਵਲੋਂ ਪਹਿਰਾ ਦਿੰਦਿਆਂ ਖਾਲਿਸਤਾਨ ਦੇ ਸੰਘਰਸ਼ ਨੂੰ ਕਿਵੇਂ ਅਗੇ ਤੋਰਿਆ ਜਾ ਰਿਹਾ ਹੈ।



ਰੇਡੀਓ 'ਚੜਦੀ ਕਲਾ' ਵਲੋਂ ਭਾਈ ਲਖਵੀਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੱਖ ਸੰਘਰਸ਼ ਬਾਰੇ ਆਪਣੇ ਵਿਚਾਰ ਪ੍ਰਗਟਾਏ। ਸਿੱਖ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਭਾਈ ਠਾਣਾ ਸਿੰਘ ਨੇ ਸਿੱਖ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਸਿੱਖ ਇਕ ਵਖਰੀ ਕੌਮ ਹੈ ਅਤੇ ਸਾਨੂੰ ਇਸ ਅਕੀਦੇ ਉਤੇ ਆਪਸੀ ਧੜੇਬੰਦੀਆਂ ਤੋਂ ਉਪਰ ਉਠ ਕੇ ਪਹਿਰਾ ਦੇਣਾ ਚਾਹੀਦਾ ਹੈ। ਗੁਰਜੀਤ ਸਿੰਘ ਝਾਮਪੁਰ, ਭਾਈ ਸੁਖਦੇਵ ਸਿੰਘ ਚੱਬਾ ਦੇ ਬੇਟੇ ਅਤੇ ਗੁਰੂ ਘਰ ਟਰਲਕ ਦੇ ਸਕੱਤਰ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਸੰਗਤਾਂ ਨਾਲ ਪਾਈ। ਇਸ ਤੋਂ ਪਹਿਲਾਂ ਸ਼ਬਦ ਕੀਰਤਨ ਉਪਰੰਤ ਭਾਈ ਜਸਵਿੰਦਰ ਸਿੰਘ ਦੇ ਜਥੇ ਨੇ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਫਰੀਮਾਂਟ ਤੋਂ ਹਰਮਿੰਦਰ ਸਿੰਘ, ਬਲਜੀਤ ਸਿੰਘ, ਦਵਿੰਦਰ ਸਿੰਘ ਬਲਵਿੰਦਰ ਸਿੰਘ ਬਰਾੜ, ਬਲਵਿੰਦਰ ਸਿੰਘ ਚਬਾ; ਟਰਲਕ ਤੋਂ ਗੁਰਜੀਤ ਸਿੰਘ, ਗੁਰਪਲ ਸਿੰਘ, ਸੁਰਜੀਤ ਸਿੰਘ, ਪਰਗਟ ਸਿੰਘ, ਗੁਰਦੇਵ ਸਿੰਘ, ਜੋਗਿੰਦਰ ਸਿੰਘ; ਫਰਿਜ਼ਨੋ ਤੋਂ ਜਗਤਾਰ ਸਿੰਘ, ਨਛੱਤਰ ਸਿੰਘ, ਜਤਿੰਦਰ ਸਿੰਘ, ਅਮਨਦੀਪ ਸਿੰਘ, ਅਜੇਪ੍ਰੀਤ ਸਿੰਘ, ਪ੍ਰਭਵੀਰ ਕੌਰ, ਮੰਗਲ ਕੌਰ ਅਤੇ ਸਮੁੱਚੀ ਗਤਕਾ ਪਾਰਟੀ; ਸੈਲਮਾ ਤੋਂ ਭੁਪਿੰਦਰ ਸਿੰਘ, ਹਰਜਿੰਦਰ ਸਿੰਘ, ਪਰਮਿੰਦਰ ਸਿੰਘ, ਗੁਰਦੀਪ ਸਿੰਘ, ਸ਼ਮਸ਼ੇਰ ਸਿੰਘ, ਹਰਦੀਪ ਸਿੰਘ, ਰਮਿੰਦਰਜੀਤ ਸਿੰਘ ਮਿੰਟੂ, ਪ੍ਰੀਤਮ ਸਿੰਘ ਜੋਗਾ ਨੰਗਲ; ਡੈਨਵਰ, ਕਾਲੋਰਾਡੋ ਯੂਨਿਟ ਦੇ ਸੁਖਦੇਵ ਸਿੰਘ ਰੋਡੇ, ਨਾਹਰ ਸਿੰਘ, ਬਲਜੀਤ ਸਿੰਘ ਤੇ ਮਨਪ੍ਰੀਤ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਨੇ ਵਿਸ਼ੇਸ਼ ਉਪਰਾਲਾ ਕਰਕੇ ਇਸ ਸਮਾਗਮ ਨੂੰ ਸਫਲ ਬਣਾਇਆ।

ਭਾਈ ਤਰਸੇਮ ਸਿੰਘ ਖਾਲਸਾ ਨੇ ਸਟੇਜ ਦੀ ਸੇਵਾ ਨਿਭਾਈ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਗਮ ਅਸੀਂ ਹਰ ਸਾਲ ਕਰਵਾਉਂਦੇ ਹਾਂ ਅਤੇ ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਰਖੀਏ ਤਾਂ ਜੋ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਦੀ ਕੁਰਬਾਨੀ ਤੋਂ ਪ੍ਰੇਰਣਾ ਲੈ ਸਕਣ।



*ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਸਾਹਿਤ ਸਭਾ ਨਵਾਂ ਸ਼ਹਿਰ ਵਲੋਂ 15 ਫਰਵਰੀ ਨੂੰ ਪਿੰਡ ਬੇਗਮਪੁਰ ਵਿਖੇ ਆਯੋਜਿਤ ਹੋਏ ਇਕ ਸਮਾਗਮ ਮੌਕੇ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਦੀ ਇਕ ਤਸਵੀਰ।*

## ਭਗਤ ਰਵੀਦਾਸ ਜੀ ਦੇ ਜਨਮ ਦਿਹਾੜੇ 'ਤੇ ਸਮਾਗਮ ਪਹਿਲੀ ਮਾਰਚ ਨੂੰ

**ਸੈਨ ਹੋਜ਼ੇ (ਬਿਊਰੋ):** ਸ਼੍ਰੋਮਣੀ ਭਗਤ ਰਵੀਦਾਸ ਮਹਾਰਾਜ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਪਹਿਲੀ ਮਾਰਚ, ਐਤਵਾਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਮੌਕੇ ਗੁਰੂ ਘਰ ਦੇ ਕੀਰਤਨੀ, ਕਥਾਵਾਚਕ ਅਤੇ ਢਾਡੀ ਜਥੇ ਰਵੀਦਾਸ ਮਹਾਰਾਜ ਜੀ ਦੇ ਜੀਵਨ ਬਾਰੇ ਚਾਨਣਾ ਪਾਉਣਗੇ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਟੇਜ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ ਨੇ ਪ੍ਰਬੰਧਕ ਕਮੇਟੀ ਦੀ ਤਰਫੋਂ ਸੰਗਤਾਂ ਨੂੰ ਇਸ ਮੌਕੇ ਵਧ ਚੜ੍ਹ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।









# ਆਵਾਸੀ ਸੁਧਾਰਾਂ ਬਾਰੇ ਅਦਾਲਤੀ ਫੈਸਲੇ ਨੂੰ ਚੁਣੌਤੀ ਦੇਣਗੇ ਓਬਾਮਾ



**ਵਾਸ਼ਿੰਗਟਨ:** ਆਵਾਸ ਸੁਧਾਰ ਪ੍ਰੋਗਰਾਮ ਨੂੰ ਅਦਾਲਤ ਦੇ ਝਟਕੇ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਦਾਅਵਾ ਕੀਤਾ ਹੈ ਕਿ ਇਤਿਹਾਸ ਅਤੇ ਕਾਨੂੰਨ ਉਨ੍ਹਾਂ ਦਾ ਪੱਖ ਪੂਰਦਾ ਹੈ ਅਤੇ ਉਹ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣਗੇ।

ਯਾਦ ਰਹੇ ਕਿ ਸ੍ਰੀ ਓਬਾਮਾ ਨੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 40 ਲੱਖ ਪਰਵਾਸੀਆਂ ਨੂੰ ਦੇਸ਼ ਨਿਕਾਲੇ ਤੋਂ ਬਚਾਅ ਲਿਆ ਸੀ। ਇਹ ਅਮਲ ਹੁਣ ਸ਼ੁਰੂ ਹੋ ਜਾਣਾ ਸੀ, ਪਰ ਟੈਕਸਸ ਦੇ ਜੱਜ ਨੇ ਇਸ 'ਤੇ ਹੰਗਾਮੀ ਹੁਕਮ ਜਾਰੀ ਕਰ ਕੇ ਰੋਕ ਲਾ ਦਿੱਤੀ ਹੈ।

ਸ੍ਰੀ ਓਬਾਮਾ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ ਕਿ ਹੇਠਲੀ ਅਦਾਲਤ ਦੇ ਜੱਜ ਨੇ ਅਜਿਹੇ ਕਿਸੇ ਉਪਰਾਲੇ 'ਤੇ ਰੋਕ ਲਾ ਦਿੱਤੀ ਜਿਸ ਨੂੰ ਬਾਅਦ 'ਚ ਕਾਨੂੰਨ ਵਜੋਂ ਮਾਨਤਾ ਮਿਲ ਗਈ। ਦੋ ਰਿਪਬਲਿਕਨ ਸੂਬਿਆਂ ਸਮੇਤ 26 ਨੇ ਟੈਕਸਸ ਜੱਜ ਨੂੰ ਇਸ ਮਾਮਲੇ 'ਤੇ ਦਖਲ ਦੇਣ ਲਈ ਜ਼ੋਰ ਪਾਇਆ ਸੀ ਅਤੇ ਦਾਅਵਾ ਕੀਤਾ ਸੀ ਕਿ ਸ੍ਰੀ ਓਬਾਮਾ ਨੇ ਗੈਰ-ਕਾਨੂੰਨੀ ਕਦਮ ਚੁੱਕਿਆ ਹੈ।

ਆਵਾਸੀਆਂ ਦੀ ਸਮੱਸਿਆ ਅਮਰੀਕਾ 'ਚ ਸਭ ਤੋਂ ਵੱਡਾ ਸਿਆਸੀ ਮਸਲਾ ਬਣਦੀ ਜਾ ਰਹੀ ਹੈ। ਦੇਸ਼ 'ਚ ਇਸ ਸਮੇਂ ਇਕ ਕਰੋੜ 10 ਲੱਖ ਪਰਵਾਸੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਸ੍ਰੀ ਓਬਾਮਾ ਦੇ ਹੁਕਮਾਂ ਨਾਲ ਉਨ੍ਹਾਂ ਪਰਵਾਸੀਆਂ ਨੂੰ ਹੀ ਰਾਹਤ ਮਿਲਣੀ ਸੀ ਜਿਨ੍ਹਾਂ ਕੋਈ ਗੰਭੀਰ ਅਪਰਾਧ ਨਹੀਂ ਕੀਤਾ।

# ਮੋਦੀ ਦਾ ਵਿਵਾਦਤ ਸੂਟ 4.31 ਕਰੋੜ ਵਿਚ ਵਿਕਿਆ

**ਸੂਰਤ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬੰਦ ਗਲੇ ਦੇ ਜਿਸ ਸੂਟ ਨੂੰ ਲੈ ਕੇ ਪਿਛਲੇ ਦਿਨੀਂ ਵਿਵਾਦ ਖੜ੍ਹਾ ਹੋ ਗਿਆ ਸੀ, ਇਕ ਨਿਲਾਮੀ ਵਿਚ 4.31 ਕਰੋੜ ਦਾ ਵਿਕਿਆ ਹੈ।

ਮੋਦੀ ਨੇ 25 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਯਾਤਰਾ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਸਮੇਂ ਗਹਿਰੇ ਨੀਲੇ ਰੰਗ ਦੇ ਇਸ ਸੂਟ ਨੂੰ ਪਹਿਨਿਆ ਸੀ, ਜਿਸ ਨੂੰ ਸੂਰਤ ਦੇ ਹੀਰਾ ਕਾਰੋਬਾਰੀ ਲਾਲਜੀ ਪਟੇਲ ਤੇ ਉਨ੍ਹਾਂ ਦੇ ਬੇਟੇ ਨੇ ਨਿਲਾਮੀ ਦੇ ਆਖੀਰਲੇ ਸਮੇਂ ਵਿਚ ਤੇਜ਼ੀ ਨਾਲ ਵਧਦੀ ਬੋਲੀ ਦੌਰਾਨ ਖਰੀਦ ਲਿਆ। ਨਿਲਾਮੀ ਦੇ ਆਖਰੀ ਘੰਟੇ ਵਿਚ ਕਾਫੀ ਗਹਿਮਾ-ਗਹਿਮੀ ਦੇਖਣ ਨੂੰ ਮਿਲੀ ਤੇ ਸੂਟ ਲਈ ਬੋਲੀ ਤੇਜ਼ੀ ਨਾਲ ਵਧਦੀ ਗਈ।

# ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ 8 ਮਾਰਚ ਨੂੰ

**ਸੈਕਰਾਮੈਂਟੋ (ਬਿਊਰੋ):** ਗੁਰੂ ਰਵਿਦਾਸ ਟੈਂਪਲ ਰੀਓਲਿੰਡਾ ਵਲੋਂ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 15ਵਾਂ ਨਗਰ ਕੀਰਤਨ 8 ਮਾਰਚ, ਐਤਵਾਰ ਨੂੰ ਕੀਤਾ ਜਾ ਰਿਹਾ ਹੈ। ਨਗਰ ਕੀਰਤਨ ਸਵੇਰੇ 10 ਵਜੇ ਅਰੰਭ ਹੋਵੇਗਾ ਅਤੇ ਮਿਥੇ ਰੂਟ ਤੋਂ ਹੁੰਦਾ ਹੋਇਆ ਵਾਪਸ ਗੁਰੂਘਰ ਪਹੁੰਚੇਗਾ। ਇਸ ਮੌਕੇ ਪ੍ਰਸਿਧ ਰਾਗੀ-ਢਾਡੀ ਅਤੇ ਕਥਾਵਾਚਕ ਗੁਰਬਾਣੀ ਕੀਰਤਨ ਅਤੇ ਗੁਰ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪ੍ਰਬੰਧਕਾਂ ਅਨੁਸਾਰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਗੁਰੂ ਘਰ ਵਿਖੇ 6 ਮਾਰਚ ਨੂੰ ਅਖੰਡ ਪਾਠ ਅਰੰਭ ਹੋਣਗੇ ਅਤੇ 8 ਮਾਰਚ ਨੂੰ ਭੋਗ ਉਪਰੰਤ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਤੋਂ ਇਲਾਵਾ 5 ਮਾਰਚ ਤੋਂ 8 ਮਾਰਚ ਤੱਕ ਸ਼ਾਮ 7 ਤੋਂ 10 ਵਜੇ ਤੱਕ ਰੋਜ਼ਾਨਾ ਕੀਰਤਨ ਦਰਬਾਰ ਸਜੇਗਾ। ਪ੍ਰਬੰਧਕਾਂ ਨੇ ਸੰਗਤ ਨੂੰ ਪ੍ਰਕਾਸ਼ ਦਿਹਾੜੇ ਸਬੰਧੀ ਪ੍ਰੋਗਰਾਮਾਂ ਵਿਚ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ ਅਤੇ ਆਖਿਆ ਹੈ ਕਿ ਸੰਗਤਾਂ ਨੋਟ ਕਰਨ ਕਿ 8 ਮਾਰਚ ਨੂੰ ਘੜੀਆਂ ਇਕ ਘੰਟਾ ਪਿਛੇ ਹੋ ਜਾਣਗੀਆਂ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 916-992-1710 ਤੋਂ ਲਈ ਜਾ ਸਕਦੀ ਹੈ।

# ਐਚ-1 ਬੀ ਵੀਜ਼ਾ ਧਾਰਕਾਂ ਦੇ ਸਾਥੀਆਂ ਨੂੰ ਵਰਕ ਪਰਮਿਟ ਮਿਲੇਗਾ

**ਵਾਸ਼ਿੰਗਟਨ (ਬਿਊਰੋ):** ਅਮਰੀਕਾ ਨੇ ਐਲਾਨ ਕੀਤਾ ਹੈ ਕਿ 26 ਮਈ ਤੋਂ ਐਚ-1 ਬੀ. ਵੀਜ਼ਾ ਧਾਰਕ ਜੋੜਿਆਂ ਨੂੰ ਵਰਕ ਪਰਮਿਟ ਦਿੱਤੇ ਜਾਣਗੇ। ਇਸ ਫੈਸਲੇ ਨਾਲ ਅਮਰੀਕਾ ਆਏ ਹਜ਼ਾਰਾਂ ਭਾਰਤੀ ਹੁਨਰਮੰਦ ਕਾਮਿਆਂ ਦੇ ਪਤੀ/ਪਤਨੀ ਨੂੰ ਫਾਇਦਾ ਹੋਵੇਗਾ ਜਿਨ੍ਹਾਂ ਨੂੰ ਹਾਲੇ ਉਥੇ ਕੰਮ ਕਰਨ ਦੀ ਇਜ਼ਾਜਤ ਨਹੀਂ ਮਿਲੀ।


ਦੱਸਣਯੋਗ ਹੈ ਕਿ ਮੌਜੂਦਾ ਕਾਨੂੰਨ ਅਨੁਸਾਰ ਐਚ-1 ਬੀ. ਵੀਜ਼ਾ ਧਾਰਕਾਂ ਦੇ ਪਤੀ/ਪਤਨੀ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਭਾਰਤੀ ਵੀ ਹਨ, ਨੂੰ ਕੰਮ ਕਰਨ ਦੀ ਇਜ਼ਾਜਤ ਨਹੀਂ ਹੈ।

ਅਮਰੀਕਾ ਦੀ ਸਿਟੀਜ਼ਨਸ਼ਿਪ ਅਤੇ ਇਮੀਗਰੇਸ਼ਨ ਸਰਵਿਸ (ਯੂ. ਐਸ. ਸੀ. ਆਈ. ਐਸ.) ਐਚ-1 ਬੀ. (ਸਪਾਊਸ) ਲਈ 26 ਮਈ 2015 ਤੋਂ ਵਰਕ ਪਰਮਿਟ ਲਈ ਅਰਜ਼ੀਆਂ ਲੈਣੀਆਂ ਸ਼ੁਰੂ ਕਰੇਗੀ। ਯੂ.ਐਸ.ਸੀ.ਆਈ.ਐਸ. ਵਲੋਂ ਫਾਰਮ ਆਈ-765 ਅਤੇ ਐਚ-4 ਪ੍ਰਵਾਨ ਕਰਨ ਤੋਂ ਬਾਅਦ ਬਿਨੈਕਾਰ ਸਪਾਊਸ ਨੂੰ ਵਰਕ ਪਰਮਿਟ ਕਾਰਡ ਦਿੱਤਾ ਜਾਵੇਗਾ ਜਿਸ ਪਿਛੋਂ ਉਹ ਅਮਰੀਕਾ ਵਿਚ ਕੰਮ ਕਰ ਸਕੇਗਾ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



ਸਬਤੋਂ ਸਸਤੇ ਟਿਕਟ ਰੇਟ 'ਇੰਡੀਆ/ਪਾਕ'

HAPPY HOLI



TRAVELOPOD.COM

ਸਸਤੇ ਰੇਟ ਲਈ ਅੱਜ ਹੀ ਕਾੱਲ ਕਰੋ

Fares from $660

BOOK BY PHONE & SAVE UPTO $100

1-855-436-0728

Excellent Service

24/7 24x7 Live Support

Fly to INDIA and PAKISTAN with fares starting from :

| From / To | NYC | DC | DFW | CHI | ATL | HOU | SFO | LA |
|---|---|---|---|---|---|---|---|---|
| DEL/BOM | 737 | 715 | 711 | 696 | 780 | 762 | 759 | 717 |
| MAA/HYD | 721 | 692 | 688 | 681 | 725 | 714 | 930 | 850 |
| BLR | 697 | 702 | 699 | 692 | 755 | 702 | 920 | 823 |
| AMD | 880 | 833 | 1042 | 855 | 855 | 836 | 955 | 923 |
| COK | 748 | 882 | 841 | 919 | 945 | 893 | 1146 | 1144 |
| KARACHI | 705 | 690 | 686 | 849 | 865 | 797 | 909 | 942 |
| ISLAMABAD | 682 | 707 | 690 | 688 | 730 | 689 | 777 | 750 |

Domestic & International Special Deals available from ALL CITIES.

LUXURY HOLIDAY TOURS

Rajasthan : $500

Enchanting Kerala from : $650

African Tours : $750

Europe Tours from : $790

Travelopod- BEST FARES ALWAYS

CST # 2112418-40

# ਮਾਂ ਬੋਲੀ ਨੂੰ ਹੱਕ ਦਿਵਾਉਣ ਲਈ ਇਕ ਮੰਚ 'ਤੇ ਆਉਣ ਦਾ ਸੱਦਾ

**ਅੰਮ੍ਰਿਤਸਰ:** ਕੌਮਾਂਤਰੀ ਮਾਂ ਬੋਲੀ ਦਿਸਵ ਮੌਕੇ ਵੱਡੀ ਗਿਣਤੀ ਸਮਾਜ ਸੇਵੀ ਜਥੇਬੰਦੀਆਂ ਤੇ ਭਾਸ਼ਾ ਪ੍ਰੇਮੀਆਂ ਨੇ ਸਰਕਾਰ ਦੇ ਪੰਜਾਬੀ ਭਾਸ਼ਾ ਬਾਰੇ ਅਣਦੇਖੀ ਵਾਲੇ ਰਵੱਈਏ 'ਤੇ ਚਿੰਤਾ ਪ੍ਰਗਟਾਉਂਦਿਆਂ ਮਾਂ ਬੋਲੀ ਨੂੰ ਬਣਦਾ ਹੱਕ ਦਵਾਉਣ ਲਈ ਇਕ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਪੰਜਾਬ ਰਾਜ ਭਾਸ਼ਾ (ਸੋਧ) ਕਾਨੂੰਨ-2008 ਵਿਚ ਸਜ਼ਾ ਦੀ ਧਾਰਾ ਸ਼ਾਮਲ ਕਰਨ, ਉਚ ਤਾਕਤੀ ਟ੍ਰਿਬਿਊਨਲ ਬਣਾਉਣ ਤੇ ਸਰਕਾਰੀ, ਅਰਧ-ਸਰਕਾਰੀ ਤੇ ਨਿੱਜੀ ਵਿੱਦਿਅਕ ਅਦਾਰਿਆਂ ਵਿਚ 10+2 ਜਮਾਤਾਂ ਤੱਕ ਸਿੱਖਿਆ ਤੇ ਪ੍ਰੀਖਿਆ ਦਾ ਮਾਧਿਅਮ ਪੰਜਾਬੀ ਕਰਨ ਆਦਿ ਮੰਗਾਂ ਦੀ ਪ੍ਰਾਪਤੀ ਲਈ ਅਗਲਾ ਸੰਘਰਸ਼ ਜਲਦ ਵਿੱਢਣ ਦਾ ਐਲਾਨ ਕੀਤਾ ਗਿਆ।

ਲੋਕ ਮਨਾਂ ਵਿਚ ਪੰਜਾਬੀ ਪ੍ਰਤੀ ਚੇਟਕ ਪੈਦਾ ਕਰਨ ਲਈ ਪੰਜਾਬ ਜਾਗ੍ਰਿਤੀ ਮੰਚ ਤੇ ਸਰਬੱਤ ਦਾ ਭਲਾ ਟਰੱਸਟ ਨੇ ਵੱਖ-ਵੱਖ ਪੰਜਾਬੀ ਹਿਤੈਸ਼ੀ ਜਥੇਬੰਦੀਆਂ ਦੇ ਸਹਿਯੋਗ ਨਾਲ ਜਲੰਧਰ ਵਿਚ 5ਵਾਂ 'ਪੰਜਾਬੀ ਜਾਗ੍ਰਿਤੀ ਮਾਰਚ' ਕੱਢਿਆ। ਇਹ ਮਾਰਚ ਪੰਜਾਬ ਵਿਚ ਪੰਜਾਬੀ ਨਾਲ ਹੋ ਰਹੇ ਵਿਤਕਰੇ ਨੂੰ ਉਜਾਗਰ ਕਰਦਾ ਹੋਇਆ ਪੰਜਾਬੀ ਦੀ ਬਿਹਤਰੀ ਲਈ ਜ਼ਿੰਮੇਵਾਰ ਧਿਰਾਂ ਨੂੰ ਉਨ੍ਹਾਂ ਦਾ ਫਰਜ਼ ਪਛਾਣਨ ਦਾ ਅਹਿਸਾਸ ਵੀ ਕਰਵਾ ਗਿਆ। ਮਾਰਚ ਵਿਚ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਸ਼ਿਰਕਤ ਕੀਤੀ। ਮਾਰਚ ਵਿਚ ਸ਼ਾਮਲ ਪੰਜਾਬੀ ਪ੍ਰੇਮੀਆਂ ਤੇ ਵਿਦਿਆਰਥੀਆਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਸਥਾਨ ਦਿਵਾਉਣ ਲਈ ਇੱਕਜੁਟ ਹੋ ਕੇ ਹੰਭਲਾ ਮਾਰਨ ਦਾ ਪ੍ਰਣ ਵੀ ਲਿਆ। ਮਾਰਚ ਵਿਚ ਸ਼ਾਮਲ ਸਾਰਿਆਂ ਨੇ ਹੱਥਾਂ ਵਿਚ ਮਾਂ-ਬੋਲੀ ਪੰਜਾਬੀ ਦੇ ਹੱਕ ਵਿਚ ਲਿਖੇ ਨਾਅਰਿਆਂ ਦੀਆਂ ਤਖਤੀਆਂ ਤੇ ਬੈਨਰ ਫੜ੍ਹੇ ਹੋਏ ਸਨ।

ਲੇਖਕਾਂ ਨੇ ਜਨਵਾਦੀ ਲੇਖਕ ਸੰਘ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 'ਪੰਜਾਬੀ ਭਾਸ਼ਾ ਤੇ ਅਜੋਕੀ ਨੌਜਵਾਨ ਪੀੜ੍ਹੀ' ਵਿਸ਼ੇ 'ਤੇ ਕਰਵਾਏ ਸਮਾਗਮ ਵਿਚ ਵਿਦਵਾਨਾਂ ਦੀ ਰਾਏ ਸੀ ਕਿ ਪੰਜਾਬੀ ਭਾਸ਼ਾ ਵਿਚ ਇਹ ਸਮਰੱਥਾ ਹੈ ਕਿ ਇਸ ਵਿਚ ਵਿਗਿਆਨ ਤੇ ਡਾਕਟਰੀ ਦੇ ਵਿਸ਼ੇ ਪੜ੍ਹਾਏ ਜਾ ਸਕਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜਨ ਦੀ ਲੋੜ ਹੈ। ਉਨ੍ਹਾਂ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਮਾਂ ਬੋਲੀ ਪ੍ਰਤੀ ਹੀਣਭਾਵਨਾ ਤਿਆਗੀਏ ਤੇ ਆਪਣੇ ਘਰਾਂ ਵਿਚ ਇਸ ਦੀ ਵਰਤੋਂ ਨੂੰ ਪਹਿਲ ਦਈਏ। ਇਹ ਸਮਾਗਮ ਮਰਹੂਮ ਕਥਾਕਾਰ ਤਲਵਿੰਦਰ ਸਿੰਘ ਨੂੰ ਸਮਰਪਤ ਸੀ।

ਇਸ ਮੌਕੇ ਪੰਜਾਬੀ ਸਾਹਿਤ ਦੇ ਨਾਮਵਰ ਕਥਾਕਾਰ ਮਨਮੋਹਨ ਬਾਵਾ ਨੂੰ ਜਨਵਾਦੀ ਲੇਖਕ ਸੰਘ ਵਲੋਂ ਪਹਿਲਾ 'ਤਲਵਿੰਦਰ ਸਿੰਘ ਯਾਦਗਾਰੀ ਐਵਾਰਡ' ਦਿੱਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਤੇ ਪ੍ਰਸਿੱਧ ਆਲੋਚਕ ਡਾ. ਹਰਭਜਨ ਸਿੰਘ ਭਾਟੀਆ ਨੇ ਕਿਹਾ ਕਿ ਸਰਕਾਰੀ ਸਰਪ੍ਰਸਤੀ ਨਾ ਮਿਲਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨੇ ਵਿਕਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਂ ਬੋਲੀ ਵਿਚ ਸਿੱਖਿਆ ਦੇਣ ਤੋਂ ਬਿਨਾਂ ਬੱਚੇ ਦਾ ਮਾਨਸਿਕ ਵਿਕਾਸ ਨਹੀਂ ਹੋ ਸਕਦਾ। ਪੰਜਾਬੀ ਭਾਸ਼ਾ ਦੀ ਅਮੀਰੀ ਹਰੇਕ ਕਾਲ ਵਿਚ ਸਿਖਰ 'ਤੇ ਰਹੀ ਹੈ ਤੇ ਇਸ ਨੂੰ ਕੋਈ ਵੀ ਪ੍ਰਭਾਵਿਤ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿਚ ਭਾਸ਼ਾ ਪ੍ਰਤੀ ਆਪਣੇ ਨਜ਼ਰੀਏ ਨੂੰ ਸਮਝਣ ਦੀ ਲੋੜ ਹੈ ਤੇ ਇਸ ਦੇ ਵਿਕਾਸ ਲਈ ਇਸ ਨੂੰ ਦਰਪੇਸ਼ ਮਸਲਿਆਂ ਨੂੰ ਵਿਚਾਰਨ ਦੀ ਲੋੜ ਹੈ।

ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਮੰਚ ਵਲੋਂ ਦਿੱਤੇ ਮੰਗ ਪੱਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ ਹਰ ਪੱਧਰ 'ਤੇ ਪੰਜਾਬੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਇਸ ਤੋਂ ਪਹਿਲਾਂ ਸਾਰੇ ਸਕੂਲਾਂ ਵਿਚ ਦਸਵੀਂ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਨ ਬਾਰੇ ਹੁਕਮ ਜਾਰੀ ਹੋ ਚੁੱਕੇ ਹਨ। ਉਨ੍ਹਾਂ ਵਿਸ਼ਵਾਸ ਦੁਆਇਆ ਕਿ ਵਿੱਦਿਅਕ ਅਦਾਰਿਆਂ ਵਿਚ ਹਰ ਹਾਲਤ ਵਿਚ ਪੰਜਾਬੀ ਲਾਗੂ ਕੀਤੀ ਜਾਵੇਗੀ ਤੇ ਅਜਿਹਾ ਨਾ ਕਰਨ ਵਾਲੇ ਸਕੂਲਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕਿਸੇ ਨੂੰ ਵੀ ਪੰਜਾਬੀ ਬੋਲਣ 'ਤੇ ਪਾਬੰਦੀ ਲਾਉਣ ਦਾ ਕੋਈ ਹੱਕ ਨਹੀਂ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਲੈਣ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਧੂਰਾ ਨਹੀਂ ਪੂਰਾ ਚੰਡੀਗੜ੍ਹ ਲੈਣ ਦੇ ਹੱਕ ਵਿਚ ਹੈ ਤੇ ਇਸ ਲਈ ਯਤਨ ਵੀ ਕੀਤੇ ਜਾ ਰਹੇ ਹਨ। ਉਹ ਇਨ੍ਹਾਂ ਮਤਿਆ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚਾਉਣਗੇ ਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਪੂਰੀ ਕੋਸ਼ਿਸ਼ ਕਰਨਗੇ।



## ਪੰਜਾਬੀ ਨਾਲ ਧੱਕਾ ਕਰਨ ਵਾਲਿਆਂ ਖਿਲਾਫ ਕਾਰਵਾਈ ਮੰਗੀ

ਚੰਡੀਗੜ੍ਹ: ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਕਰਵਾਏ ਕੌਮੀ ਸੈਮੀਨਾਰ ਦੌਰਾਨ ਮੰਗ ਕੀਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਗੈਰ-ਸੰਵਿਧਾਨਕ ਢੰਗ ਨਾਲ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾ ਲਾਗੂ ਕਰਨ ਦੇ ਜ਼ਿੰਮੇਵਾਰ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਸਬੰਧਤ ਆਈ.ਏ.ਐਸ. ਅਧਿਕਾਰੀਆਂ ਖਿਲਾਫ ਅਪਰਾਧਕ ਕੇਸ ਦਰਜ ਕੀਤੇ ਜਾਣ। ਸੈਮੀਨਾਰ ਦੌਰਾਨ ਸਪੱਸ਼ਟ ਕੀਤਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਦੇਸ਼ ਦੀ ਪਾਰਲੀਮੈਂਟ ਫੈਸਲਾ ਲੈ ਚੁੱਕੀ ਹੈ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਸੰਵਿਧਾਨ ਵਿਚ ਸਪੱਸ਼ਟ ਹੈ ਕਿ ਕਿਸੇ ਵੀ ਖਿੱਤੇ ਦੀ ਸਰਕਾਰੀ ਭਾਸ਼ਾ ਉਥੋਂ ਦੇ ਬਾਸ਼ਿੰਦਿਆਂ ਦੀ ਮਾਂ ਬੋਲੀ 'ਤੇ ਆਧਾਰਤ ਹੁੰਦੀ ਹੈ ਪਰ ਯੂ.ਟੀ. ਦੇ ਪ੍ਰਸ਼ਾਸਕ (ਜੋ ਪੰਜਾਬ ਦੇ ਰਾਜਪਾਲ ਵੀ ਹਨ) ਤੇ ਸਬੰਧਤ ਆਈ.ਏ.ਐਸ. ਅਧਿਕਾਰੀਆਂ ਨੇ ਸੰਵਿਧਾਨ ਦੀ ਉਲੰਘਣਾ ਕਰਕੇ ਇਥੋਂ ਦੇ ਵਸਨੀਕਾਂ ਦੀ ਮਾਂ ਬੋਲੀ ਦੀ ਕੀਮਤ 'ਤੇ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦਿੱਤਾ ਹੈ, ਜੋ ਅਪਰਾਧ ਹੈ। ਸਭਾ ਨੇ ਇਸ ਮੁੱਦੇ ਉਤੇ ਸੰਵਿਧਾਨਕ ਤੌਰ 'ਤੇ ਲੜਾਈ ਵਿੱਢਣ ਦਾ ਫ਼ੈਸਲਾ ਲਿਆ ਹੈ।

## ਅਮਰੀਕੀਆਂ ਦਾ ਭਾਰਤੀ ਭਾਸ਼ਾਵਾਂ ਲਈ ਰੁਝਾਨ ਘਟਿਆ

**ਵਾਸ਼ਿੰਗਟਨ:** ਅਮਰੀਕੀ ਵਿਦਿਆਰਥੀਆਂ ਦਾ ਭਾਰਤੀ ਭਾਸ਼ਾਵਾਂ ਨੂੰ ਪੜ੍ਹਨ ਦਾ ਰੁਝਾਨ ਘਟਦਾ ਜਾ ਰਿਹਾ ਹੈ। ਇਸੇ ਤਰ੍ਹਾਂ 2009 ਤੋਂ 2013 ਤੱਕ ਅਮਰੀਕਾ ਦੇ ਵਿਦਿਆਰਥੀਆਂ ਨੇ ਕੋਰੀਅਨ, ਅਮਰੀਕੀ ਸੰਕੇਤ ਭਾਸ਼ਾ, ਪੁਰਤਗਾਲੀ ਤੇ ਚੀਨੀ ਭਾਸ਼ਾਵਾਂ ਵਿਚ ਵਧੇਰੇ ਦਿਲਚਸਪੀ ਦਿਖਾਈ। ਦੱਖਣੀ ਏਸ਼ੀਆ ਦੀ ਮਾਡਰਨ ਲੈਂਗੂਏਜ਼ ਐਸੋਸੀਏਸ਼ਨ (ਐਮ.ਐਲ.ਏ.) ਵਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਅਮਰੀਕਾ ਦੇ ਕਾਲਜ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਲੋਂ ਭਾਰਤੀ ਭਾਸ਼ਾਵਾਂ ਨੂੰ ਘੱਟ ਚੁਣਿਆ ਜਾ ਰਿਹਾ ਹੈ ਜਦਕਿ ਅਰਬੀ, ਚੀਨੀ ਜਾਂ ਕੋਰੀਅਨ ਭਾਸ਼ਾਵਾਂ ਬਾਰੇ ਵਧੇਰੇ ਦਿਲਚਸਪੀ ਦਿਖਾਈ ਜਾ ਰਹੀ ਹੈ। ਅਮਰੀਕਾ ਵਿਚ ਹੋਏ 9/11 ਹਮਲੇ ਮਗਰੋਂ ਵੀ ਅਰਬੀ ਭਾਸ਼ਾ ਨੂੰ ਜਾਣਨ ਵਾਸਤੇ ਅਮਰੀਕੀ ਵਿਦਿਆਰਥੀਆਂ ਨੇ ਵਧੇਰੇ ਰੁਝਾਨ ਦਿਖਾਇਆ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਸਾਲ 2009 ਤੱਕ ਭਾਰਤੀ ਭਾਸ਼ਾਵਾਂ ਬਾਰੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 3924 ਸੀ ਜੋ 2013 ਤੱਕ ਘੱਟ ਕੇ 3090 ਰਹਿ ਗਈ। ਇਨ੍ਹਾਂ ਵਿਚ ਹਿੰਦੀ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 1800, ਹਿੰਦੀ-ਉਰਦੂ ਦੇ ਵਿਦਿਆਰਥੀਆਂ ਦੀ ਗਿਣਤੀ 533, ਉਰਦੂ ਪੜ੍ਹਨ ਵਾਲੇ ਵਿਦਿਆਰਥੀ 349, ਪੰਜਾਬੀ ਪੜ੍ਹਨ ਵਾਲੇ 124, ਤਾਮਿਲ ਪੜ੍ਹਨ ਵਾਲੇ 82, ਬੰਗਾਲੀ ਪੜ੍ਹਨ ਵਾਲੇ 64, ਤੈਲਗੂ ਪੜ੍ਹਨ ਵਾਲੇ 51, ਮਲਿਆਲਮ ਪੜ੍ਹਨ ਵਾਲੇ 44, ਨੇਪਾਲੀ ਪੜ੍ਹਨ ਵਾਲੇ 27, ਗੁਜਰਾਤੀ ਪੜ੍ਹਨ ਵਾਲੇ 6 ਅਤੇ ਮਰਾਠੀ ਪੜ੍ਹਨ ਵਾਲੇ 5 ਵਿਦਿਆਰਥੀ ਸ਼ਾਮਲ ਹਨ।

ਇਸ ਦੇ ਉਲਟ ਅਮਰੀਕਾ ਵਿਚ ਜਪਾਨੀ ਭਾਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 67 ਹਜ਼ਾਰ, ਚੀਨੀ ਭਾਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 61 ਹਜ਼ਾਰ ਤੇ ਕੋਰੀਅਨ ਭਾਸ਼ਾ ਦੇ ਵਿਦਿਆਰਥੀਆਂ ਦੀ ਗਿਣਤੀ 12 ਹਜ਼ਾਰ ਤੱਕ ਹੈ। ਮਾਡਰਨ ਲੈਂਗੂਏਜ਼ ਐਸੋਸੀਏਸ਼ਨ ਅਨੁਸਾਰ ਅਮਰੀਕੀ ਵਿਦਿਆਰਥੀਆਂ ਵਲੋਂ ਵਿਦੇਸ਼ੀ ਭਾਸ਼ਾ ਪੜ੍ਹਨ ਬਾਰੇ ਜੇਕਰ ਸਾਰ ਕੱਢਿਆ ਜਾਵੇ ਤਾਂ ਉਹ ਭਾਰਤੀ ਭਾਸ਼ਾਵਾਂ ਨੂੰ ਬਹੁਤ ਘੱਟ ਤਰਜੀਹ ਦਿੰਦੇ ਹਨ। ਅਮਰੀਕਾ ਵਿਚ ਜਿਸ ਵਿਦੇਸ਼ੀ ਭਾਸ਼ਾ ਦੀ ਸਭ ਤੋਂ ਵੱਧ ਪੜ੍ਹਾਈ ਕੀਤੀ ਜਾਂਦੀ ਹੈ ਉਸ ਵਿਚ ਸਭ ਤੋਂ ਅੱਗੇ ਸਪੇਨ ਦੀ ਭਾਸ਼ਾ ਹੈ ਜਿਸ ਦੇ ਵਿਦਿਆਰਥੀਆਂ ਦੀ ਗਿਣਤੀ ਅੱਠ ਲੱਖ ਹੈ ਤੇ ਦੂਸਰੇ ਨੰਬਰ 'ਤੇ ਫਰੈਂਚ ਭਾਸ਼ਾ ਆਉਂਦੀ ਹੈ ਜਿਸ ਦੇ ਵਿਦਿਆਰਥੀਆਂ ਦੀ ਗਿਣਤੀ ਤਕਰੀਬਨ ਦੋ ਲੱਖ ਹੈ।

# ਪਾਕਿਸਤਾਨੀ ਕਿਸ਼ਤੀ ਕੇਸ ਦੇ ਤੱਟ ਰੱਖਿਅਕ ਅਫਸਰ ਨੂੰ ਹਟਾਇਆ

**ਨਵੀਂ ਦਿੱਲੀ:** ਸਰਕਾਰ ਨੇ ਤੱਟ ਰੱਖਿਅਕ ਅਧਿਕਾਰੀ ਬੀ.ਕੇ ਲੋਸ਼ਾਲੀ ਜਿਸ ਨੇ 31 ਦਸੰਬਰ ਦੀ ਰਾਤ ਨੂੰ ਪਾਕਿਸਤਾਨੀ ਅਤਿਵਾਦੀ ਕਿਸ਼ਤੀ ਦੇ ਮਾਮਲੇ ਵਿਚ ਰੱਖਿਆ ਮੰਤਰਾਲੇ ਦੇ ਬਿਆਨ 'ਤੇ ਵਿਵਾਦ ਖੜ੍ਹਾ ਕਰ ਦਿੱਤਾ ਸੀ, ਨੂੰ ਹਟਾ ਦਿੱਤਾ ਹੈ। ਡੀ.ਆਈ.ਜੀ. ਲੋਸ਼ਾਲੀ ਜੋ ਉੱਤਰ-ਪੱਛਮ ਖੇਤਰ ਦੇ ਮੁਖੀ ਸਨ, ਨੂੰ ਉਥੋਂ ਹਟਾ ਕੇ ਤੱਟ ਰੱਖਿਅਕ ਹੈਡਕੁਆਰਟਰ ਬਦਲ ਦਿੱਤਾ ਗਿਆ ਹੈ। ਉਹ ਘਟਨਾ ਸਬੰਧੀ ਆਪਣੀ ਵਿਵਾਦਤ ਟਿੱਪਣੀ ਕਾਰਨ ਜਾਂਚ ਕਮੇਟੀ ਦਾ ਸਾਹਮਣਾ ਕਰ ਰਹੇ ਹਨ।

ਸੂਰਤ 'ਚ ਆਪਣੀ ਡਿਊਟੀ ਦੌਰਾਨ ਲੋਸ਼ਾਲੀ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਹੁਕਮ 'ਤੇ ਸ਼ੱਕੀ ਕਿਸ਼ਤੀ ਨੂੰ ਤਬਾਹ ਕੀਤਾ ਗਿਆ ਸੀ। ਇਸ ਅਧਿਕਾਰੀ ਨੇ ਅਗਲੇ ਹੀ ਦਿਨ ਆਪਣਾ ਬਿਆਨ ਬਦਲ ਲਿਆ ਸੀ ਅਤੇ 'ਕਾਰਨ ਦੱਸੋ ਨੋਟਿਸ' ਦਾ ਜਵਾਬ ਵੀ ਦੇ ਦਿੱਤਾ ਸੀ, ਪਰ ਨੋਟਿਸ ਦਾ ਜਵਾਬ ਤਸੱਲੀਬਖਸ਼ ਨਹੀਂ ਮੰਨਿਆ ਗਿਆ। ਇਸ ਵਿਵਾਦ ਬਾਰੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਕਿਹਾ ਸੀ ਕਿ ਸਰਕਾਰ ਆਪਣੇ ਪਹਿਲੇ ਬਿਆਨ 'ਤੇ ਕਾਇਮ ਹੈ ਕਿ ਸ਼ੱਕੀ ਕਿਸ਼ਤੀ ਨੂੰ ਉਸ ਦੇ ਸਵਾਰਾਂ ਨੇ ਆਪ ਹੀ ਤਬਾਹ ਕਰ ਲਿਆ ਸੀ ਜਦੋਂ ਉਨ੍ਹਾਂ ਨੂੰ ਤੱਟ ਰੱਖਿਅਕ ਦਲ ਨੇ ਘੇਰ ਲਿਆ ਸੀ।

## ਓਬਾਮਾ ਅਯੋਗ ਕਮਾਂਡਰ-ਇਨ-ਚੀਫ: ਜਿੰਦਲ

**ਵਾਸ਼ਿੰਗਟਨ:** ਰਿਪਬਲਿਕਨ ਆਗੂ ਬੌਬੀ ਜਿੰਦਲ ਨੇ ਕਿਹਾ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਦੇਸ਼ ਦੀਆਂ ਫੌਜਾਂ ਦੇ ਕਮਾਂਡਰ-ਇਨ-ਚੀਫ ਬਣਨ ਦੇ ਆਯੋਗ ਹਨ, ਕਿਉਂਕਿ ਉਹ ਕੱਟੜਵਾਦੀ ਇਸਲਾਮਿਕ ਅਤਿਵਾਦੀਆਂ ਨੂੰ ਨਕੇਲ ਪਾਉਣ ਵਿਚ ਅਸਫਲ ਹੋਏ ਹਨ। ਲੂਸੀਆਨਾ ਦੇ ਗਵਰਨਰ ਜਿੰਦਲ ਨੇ ਇਹ ਗੱਲ ਵ੍ਹਾਈਟ ਹਾਊਸ ਵਿਚ ਰਾਸ਼ਟਰਪਤੀ ਨਾਲ ਮੀਟਿੰਗ ਮਗਰੋਂ ਕਹੀ। ਉਨ੍ਹਾਂ ਕਿਹਾ, "ਮੈਨੂੰ ਇਹ ਗੱਲ ਕਹਿ ਕੇ ਕੋਈ ਖੁਸ਼ੀ ਨਹੀਂ ਹੋ ਰਹੀ, ਪਰ ਹਾਲਾਤ ਦੇ ਮੱਦੇਨਜ਼ਰ ਇਹ ਗੱਲ ਕਹਿਣੀ ਪਈ ਹੈ।"

# ਕਾਰਪੋਰੇਟ ਜਾਸੂਸੀ: ਰੱਖਿਆ ਮੰਤਰਾਲੇ ਦੇ ਮੁਲਾਜ਼ਮ ਦਾ ਪੁਲੀਸ ਰਿਮਾਂਡ

**ਨਵੀਂ ਦਿੱਲੀ:** ਰੱਖਿਆ ਮੰਤਰਾਲੇ ਦੇ ਇਕ ਕਰਮਚਾਰੀ ਜਿਸ ਨੂੰ ਕਾਰਪੋਰੇਟ ਜਾਸੂਸੀ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ, ਨੂੰ ਦਿੱਲੀ ਦੀ ਅਦਾਲਤ ਵਲੋਂ ਪੁਲੀਸ ਰਿਮਾਂਡ ਅਤੇ ਪੰਜ ਕਾਰਪੋਰੇਟ ਅਧਿਕਾਰੀਆਂ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਸੀ ਕਿ ਕਰਮਚਾਰੀ ਨੂੰ ਇੰਡੀਅਨ ਡਿਫੈਂਸ ਅਕਾਊਂਟਸ ਸਰਵਿਸ ਦੇ ਇਕ ਲੇਖਾਕਾਰ ਦਾ ਪਛਾਣ ਪੱਤਰ ਚੁਰਾ ਕੇ ਇਕ ਮੁਲਜ਼ਮ ਲਾਲਤਾ ਪ੍ਰਸ਼ਾਦ ਨੂੰ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਰਿਲਾਇੰਸ ਇੰਡਸਟਰੀ ਦੇ ਸੈਲੇਸ਼ ਸਕਸੈਨਾ, ਐਸਾਰ ਦੇ ਵਿਨੈ ਕੁਮਾਰ, ਕੈਰੰਨਜ਼ ਇੰਡੀਆ ਦੇ ਕੇ.ਕੇ. ਨਾਇਕ, ਜੁਬੀਲੈਂਟ ਐਨਰਜੀ ਦੇ ਸੁਭਾਸ਼ ਚੰਦਰ ਅਤੇ ਰਿਲਾਇੰਸ ਏਡੀਏਜੀ ਦੇ ਰਿਸ਼ੀ ਆਨੰਦ ਨੂੰ 5 ਮਾਰਚ ਤੱਕ ਜੇਲ੍ਹ ਭੇਜ ਦਿੱਤਾ ਗਿਆ ਹੈ। ਯਾਦ ਰਹੇ, ਦਸਤਾਵੇਜ਼ ਚੋਰੀ ਵਾਲੇ ਇਸ ਕੇਸ ਵਿਚ ਕਈ ਵਿਭਾਗ ਜਾਂਚ ਦੇ ਘੇਰੇ 'ਚ ਆ ਗਏ ਹਨ।

# ਪੰਥਕ ਆਗੂਆਂ ਕੋਲ ਜੈਤੋ ਮੋਰਚੇ ਦੇ ਸ਼ਹੀਦਾਂ ਨੂੰ ਸਿਜਦਾ ਕਰਨ ਲਈ ਵਕਤ ਨਹੀਂ

**ਜੈਤੋ:** ਸਿੱਖਾਂ ਦੀ ਨੁਮਾਇੰਦਾ ਧਿਰ ਦਾ ਦਾਅਵਾ ਕਰਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਹਲਾ ਅਹੁਦੇਦਾਰਾਂ ਕੋਲ ਮੋਰਚੇ ਦੇ ਸ਼ਹੀਦਾਂ ਨੂੰ ਸਜਦਾ ਕਰਨ ਦੀ ਵਿਹਲ ਨਹੀਂ। ਇਤਿਹਾਸਕ ਜੈਤੋ ਦੇ ਮੋਰਚੇ ਦੀ 91ਵੀਂ ਵਰ੍ਹੇਗੰਢ ਸਮਾਗਮ ਵਿਚ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦਾ ਕੋਈ ਵੀ ਪਹਿਲੀ ਕਤਾਰ ਦਾ ਆਗੂ ਨਾ ਬਹੁੜਿਆ। ਹਾਲਾਂਕਿ ਸਮਾਰੋਹ ਦੇ ਸੱਦੇ ਲਈ ਇਸ਼ਤਿਹਾਰਾਂ ਵਿਚ ਅਵਤਾਰ ਸਿੰਘ ਮੱਕੜ, ਸੁਖਬੀਰ ਸਿੰਘ ਬਾਦਲ, ਕਈ ਵਿਧਾਇਕਾਂ, ਚੇਅਰਮੈਨਾਂ, ਸਾਬਕਾ ਐਮ.ਪੀ. ਸਮੇਤ ਕਈ ਆਹਲਾ ਰਾਜਸੀ ਤੇ ਧਾਰਮਿਕ ਸ਼ਖ਼ਸੀਅਤਾਂ ਦੇ ਪਹੁੰਚਣ ਦੇ ਦਾਅਵੇ ਕੀਤੇ ਹੋਏ ਹਨ।

ਜ਼ਿਕਰਯੋਗ ਹੈ ਕਿ ਡੇਢ ਦਹਾਕਾ ਪਹਿਲਾਂ ਮੁੱਖ ਮੰਤਰੀ ਦੀ ਹੈਸੀਅਤ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਇਹ ਵਰ੍ਹੇਗੰਢ ਸਰਕਾਰੀ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਸੀ ਪਰ ਹੋਇਆ ਇਸ ਦੇ ਉਲਟ। ਰਫ਼ਤਾ-ਰਫ਼ਤਾ ਹਰ ਸਾਲ ਇਹ ਪ੍ਰੋਗਰਾਮ ਮੱਧਮਤਾ ਵੱਲ ਰਸਾਈ ਕਰਦਾ ਗਿਆ। ਜ਼ਿਆਦਾਤਰ ਸਿਆਸੀ ਤੇ ਧਾਰਮਿਕ ਨੁਮਾਇੰਦੇ ਸ਼ਹੀਦਾਂ ਦੀ ਯਾਦਗਾਰ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਘੰਟਿਆਂਬੱਧੀ ਦੇਰੀ ਨਾਲ ਉਦੋਂ ਪੁੱਜੇ ਜਦੋਂ 101 ਅਖੰਡ ਪਾਠਾਂ ਦੀ ਲੜੀ ਦੇ ਭੋਗ ਪੈ ਚੁੱਕੇ ਸਨ। ਸ਼ਰਧਾਲੂਆਂ ਵਲੋਂ ਆਗੂਆਂ ਦੇ ਪਹੁੰਚਣ ਨੂੰ ਰਸਮੀ ਆਮਦ ਆਖ ਕੇ ਟਿੱਪਣੀਆਂ ਕੀਤੀਆਂ ਗਈਆਂ।

ਇਥੇ ਆਏ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਨੇ ਆਪਣੇ ਸੰਖੇਪ ਭਾਸ਼ਣ ਦੌਰਾਨ ਜਵਾਨ ਪੀੜ੍ਹੀ ਵਿਚ ਸਿੱਖੀ ਪਰੰਪਰਾਵਾਂ ਨੂੰ ਲੱਗ ਰਹੀ ਢਾਹ 'ਤੇ ਫ਼ਿਕਰ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਮਾਪਿਆਂ ਦਾ ਹੀ ਫ਼ਰਜ਼ ਹੈ ਕਿ ਉਹ ਵਿਰਾਸਤ ਨੂੰ ਸੰਭਾਲਣ ਲਈ ਨਵੇਂ ਪੋਚ ਦੀ ਅਗਵਾਈ ਕਰਨ। ਜੈਤੋ ਵਿਧਾਨ ਸਭਾ ਹਲਕੇ ਦੇ ਅਕਾਲੀ ਦਲ ਦੇ ਇੰਚਾਰਜ ਪ੍ਰਕਾਸ਼ ਸਿੰਘ ਭੱਟੀ ਨੇ ਚੰਦ ਸ਼ਬਦਾਂ ਵਿਚ ਮੋਰਚੇ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਲਾਸਾਨੀ ਦੱਸਦਿਆਂ ਆਪਣੀ ਤਰਫ਼ੋਂ ਸ਼ਰਧਾਂਜਲੀ ਭੇਟ ਕੀਤੀ।

ਐਸ.ਜੀ.ਪੀ.ਸੀ. ਮੈਂਬਰ ਗੁਰਬਿੰਦਰ ਕੌਰ ਭੋਲੂਵਾਲਾ, ਸਥਾਨਕ ਆਗੂਆਂ ਜਸਵੰਤ ਸਿੰਘ ਰਾਮਗੜੀਆ, ਮੁਕੰਦ ਸਿੰਘ ਸਰਾਵਾਂ, ਡਾ. ਜਲੰਧਰ ਸਿੰਘ, ਜਥੇਦਾਰ ਜਗਤਾਰ ਸਿੰਘ ਜੰਗੀਆਣਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ। ਕਿਸੇ ਸਮੇਂ ਵੱਡੇ ਮੇਲੇ ਦਾ ਰੂਪ ਧਾਰਦੇ ਰਹੇ ਇਸ ਸਾਲਾਨਾ ਸਮਾਗਮ ਵਿਚ ਆਗੂਆਂ ਦਾ ਰੁਖ਼ ਵੇਖ ਕੇ, ਸ਼ਰਧਾਲੂ ਵੀ ਉਨ੍ਹਾਂ ਤੋਂ ਮੂੰਹ ਮੋੜਨ ਲੱਗ ਪਏ ਹਨ। ਕਈ ਸਾਲਾਂ ਦੇ ਤਜਰਬਿਆਂ ਨੇ ਲੋਕਾਂ ਨੂੰ ਸਮਝਾ ਦਿੱਤਾ ਹੈ ਕਿ ਆਗੂ ਸਿਰਫ਼ ਇਸ਼ਤਿਹਾਰਾਂ ਵਿਚ ਆਉਂਦੇ ਹਨ। ਉਂਜ ਤਾਂ ਉਨ੍ਹਾਂ ਇਥੇ ਆਉਣਾ ਨਹੀਂ। ਇਸ ਲਈ ਸ਼ਰਧਾ ਨਾਲ ਸ਼ਹੀਦਾਂ ਨੂੰ ਨਤਮਸਤਕ ਹੋ ਕੇ ਤੇ ਗੁਰੂ ਘਰ ਸਿਰ ਨਿਵਾ ਕੇ ਉਹ ਤੁਰੰਤ ਘਰਾਂ ਨੂੰ ਪਰਤ ਜਾਂਦੇ ਹਨ।

ਸਮਾਗਮ ਵਿਚ ਕੋਈ ਉਘਾ ਅਕਾਲੀ ਆਗੂ ਨਾ ਬਹੁੜਿਆ



# ਤਖਤ ਪਟਨਾ ਸਾਹਿਬ ਕਮੇਟੀ ਵਿਚਲਾ ਵਿਵਾਦ ਖਤਮ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਿਚਾਲੇ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਖਿੱਚੋਤਾਣ ਦੌਰਾਨ ਹੋਈ ਮੱਧਕਾਲੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਧੜਾ ਜੇਤੂ ਰਿਹਾ। ਇਸ ਚੋਣ ਵਿਚ ਜਥੇਦਾਰ ਅਵਤਾਰ ਸਿੰਘ ਮੱਕੜ ਬਿਨਾਂ ਮੁਕਾਬਲਾ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਣ ਗਏ ਹਨ। ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਕੁੱਲ 15 ਮੈਂਬਰਾਂ ਵਿਚੋਂ ਸੱਤ ਮੈਂਬਰ ਚੁਣੇ ਹੋਏ, ਪੰਜ ਮੈਂਬਰ ਨਾਮਜ਼ਦ ਤੇ ਤਿੰਨ ਸਥਾਨਕ ਮੈਂਬਰ ਸ਼ਾਮਲ ਹਨ।

ਜਥੇਦਾਰ ਮੱਕੜ ਤੋਂ ਪਹਿਲਾਂ ਪੰਜਾਬ ਤੋਂ ਮਹਿੰਦਰ ਸਿੰਘ ਰੁਮਾਣਾ ਐਡਵੋਕੇਟ (ਸ਼੍ਰੋਮਣੀ ਕਮੇਟੀ ਮੈਂਬਰ) ਵੀ ਉਥੋਂ ਦੇ ਪ੍ਰਧਾਨ ਰਹਿ ਚੁੱਕੇ ਹਨ। ਪ੍ਰਬੰਧਕੀ ਕਮੇਟੀ ਦੇ 15 ਮੈਂਬਰਾਂ ਦੀ ਚੋਣ ਪੰਜ ਸਾਲਾਂ ਲਈ ਹੁੰਦੀ ਹੈ ਤੇ ਢਾਈ ਸਾਲ ਬਾਅਦ ਮੱਧਕਾਲੀ ਚੋਣ ਵਿਚ ਅਹੁਦੇਦਾਰ ਚੁਣੇ ਜਾਂਦੇ ਹਨ। ਇਹ ਚੋਣ ਜ਼ਿਲ੍ਹਾ ਜੱਜ ਦੀ ਨਿਗਰਾਨੀ ਹੇਠ ਹੋਈ। ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਅੱਠ ਮੈਂਬਰ ਸਨ ਜਦਕਿ ਦੂਜੀ ਧਿਰ ਦੇ ਸੱਤ ਮੈਂਬਰਾਂ ਵਿਚੋਂ ਸਿਰਫ਼ ਪੰਜ ਮੈਂਬਰ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਦੇ ਉਮੀਦਵਾਰ ਵਜੋਂ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਨਾਂ ਪੇਸ਼ ਕੀਤਾ ਗਿਆ ਤੇ ਦੂਜੇ ਪਾਸਿਉਂ ਪ੍ਰਧਾਨ ਦੇ ਉਮੀਦਵਾਰ ਲਈ ਕੋਈ ਨਾਂ ਨਾ ਪੇਸ਼ ਹੋਣ 'ਤੇ ਜਥੇਦਾਰ ਮੱਕੜ ਨੂੰ ਨਿਰਵਿਰੋਧ ਪ੍ਰਧਾਨ ਐਲਾਨ ਦਿੱਤਾ ਗਿਆ। ਮਗਰੋਂ ਸੀਨੀਅਰ ਮੀਤ ਪ੍ਰਧਾਨ ਸ਼ੈਲਿੰਦਰ ਸਿੰਘ ਟਾਟਾ ਨਗਰ, ਜੂਨੀਅਰ ਮੀਤ ਪ੍ਰਧਾਨ ਬੀਬੀ ਕਮਲਜੀਤ ਕੌਰ, ਜਨਰਲ ਸਕੱਤਰ ਤਰਜਿੰਦਰ ਸਿੰਘ ਤੇ ਸਕੱਤਰ ਮਹਿੰਦਰ ਸਿੰਘ ਛਾਬੜਾ ਚੁਣੇ ਗਏ।

ਚੋਣ ਮਗਰੋਂ ਸਾਬਕਾ ਪ੍ਰਧਾਨ ਡਾ. ਆਰ. ਐਸ. ਗਾਂਧੀ ਨੇ ਅਹੁਦੇ ਦਾ ਕਾਰਜਭਾਰ ਜਥੇਦਾਰ ਅਵਤਾਰ ਸਿੰਘ ਨੂੰ ਸੌਂਪਿਆ। ਕੁੱਲ 15 ਮੈਂਬਰਾਂ ਵਿਚੋਂ ਹਰਵਿੰਦਰਪਾਲ ਸਿੰਘ ਸਰਨਾ (ਦਿੱਲੀ) ਸਾਬਕਾ ਪ੍ਰਧਾਨ ਦਿੱਲੀ ਕਮੇਟੀ ਤੇ ਚੀਫ ਖਾਲਸਾ ਦੀਵਾਨ ਵਲੋਂ ਮੈਂਬਰ ਜਸਪਾਲ ਸਿੰਘ ਗ਼ੈਰ ਹਾਜ਼ਰ ਰਹੇ। ਪ੍ਰਧਾਨ ਚੁਣੇ ਜਾਣ ਮਗਰੋਂ ਜਥੇਦਾਰ ਮੱਕੜ ਨੇ ਕਿਹਾ ਕਿ 14 ਮਾਰਚ ਨੂੰ ਪ੍ਰਬੰਧਕੀ ਕਮੇਟੀ ਦੇ ਬਜਟ ਬਾਰੇ ਮੀਟਿੰਗ ਰੱਖੀ ਗਈ ਹੈ ਤੇ ਬਜਟ ਪਾਸ ਕੀਤਾ ਜਾਵੇਗਾ। ਦਿੱਲੀ ਅਕਾਲੀ ਦਲ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਹੋਣ ਨਾਲ ਉਥੇ ਵੀ ਪੰਜਾਬ ਵਰਗੇ ਹਾਲਾਤ ਪੈਦਾ ਹੋਣ ਦਾ ਖ਼ਦਸ਼ਾ ਹੈ।



*ਤਖਤ ਸ੍ਰੀ ਪਟਨਾ ਸਾਹਿਬ ਦੇ ਨਵੇਂ ਚੁਣੇ ਗਏ ਪ੍ਰਧਾਨ, ਅਵਤਾਰ ਸਿੰਘ ਮੱਕੜ ਦੀ ਹੋਰ ਅਹੁਦੇਦਾਰਾਂ ਨਾਲ ਤਸਵੀਰ।*

## ਗਿਆਨੀ ਇਕਬਾਲ ਸਿੰਘ ਦਾ ਸੰਕਟ ਵੀ ਟਲਿਆ

ਜਥੇਦਾਰ ਅਵਤਾਰ ਸਿੰਘ ਦੇ ਸ਼੍ਰੋਮਣੀ ਕਮੇਟੀ ਦੇ ਨਾਲ-ਨਾਲ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਵੀ ਪ੍ਰਧਾਨ ਚੁਣੇ ਜਾਣ ਨਾਲ ਗਿਆਨੀ ਇਕਬਾਲ ਸਿੰਘ ਦੀ ਜਥੇਦਾਰੀ 'ਤੇ ਬਣਿਆ ਸੰਕਟ ਵੀ ਹਾਲ ਦੀ ਘੜੀ ਟਲ ਗਿਆ ਹੈ। ਜ਼ਿਕਰਯੋਗ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਨੂੰ ਲਾਂਭੇ ਕਰਨ ਦੇ ਸਥਾਨਕ ਮੈਂਬਰਾਂ ਵਲੋਂ ਯਤਨਾਂ ਦੌਰਾਨ ਪਿਛਲੇ ਸਾਲ ਉਕਤ ਵਿਵਾਦ ਖੜ੍ਹਾ ਹੋਇਆ ਸੀ ਤੇ ਜਿਥੇ ਕਮੇਟੀ ਵਲੋਂ ਜਥੇਦਾਰ ਨੂੰ ਬਰਖਾਸਤ ਕਰ ਦਿੱਤਾ ਗਿਆ, ਉਥੇ ਜਥੇਦਾਰ ਨੇ ਕਮੇਟੀ ਮੈਂਬਰਾਂ ਦੀ ਜਾਇਜ਼ਤਾ ਨੂੰ ਅਦਾਲਤ ਵਿਚ ਚਣੌਤੀ ਦਿੱਤੀ ਸੀ। ਗਿਆਨੀ ਇਕਬਾਲ ਸਿੰਘ ਦੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨਾਲ ਮੰਚ ਸਾਂਝਾ ਕਰਨ 'ਤੇ ਵੀ ਸਿੱਖ ਹਲਕਿਆਂ ਵਿਚ ਉਨ੍ਹਾਂ ਵਿਰੁਧ ਰੋਸ ਸੀ। ਇਸੇ ਦੌਰਾਨ ਹੀ ਜਥੇਦਾਰ ਮੱਕੜ ਨੇ ਮੈਂਬਰ ਵਜੋਂ ਉਥੇ ਪੁੱਜਦਿਆਂ ਕੋਰਮ ਪੂਰਾ ਕਰ ਕੇ ਜਥੇਦਾਰ ਨੂੰ ਬਹਾਲ ਰੱਖਦਿਆਂ ਮਾਮਲਾ ਨਿਬੇੜ ਦਿੱਤਾ ਸੀ।

## ਫਰਿਜ਼ਨੋ ਵਾਲੀਬਾਲ ਕਮੇਟੀ ਵਲੋਂ ਟੂਰਨਾਮੈਂਟ 4 ਅਤੇ 5 ਅਪਰੈਲ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਵਾਲੀਬਾਲ ਕਮੇਟੀ ਵਲੋਂ ਦੂਸਰਾ ਸਾਲਾਨਾ ਵਾਲੀਬਾਲ ਅਤੇ ਬੱਚਿਆਂ ਦਾ ਸਾਕਰ ਟੂਰਨਾਮੈਂਟ 4 ਅਤੇ 5 ਅਪਰੈਲ ਨੂੰ ਇਥੇ ਬੰਬੇ ਬਿਜਨਸ ਪਾਰਕ (ਬਿਲਮੌਂਟ ਅਤੇ ਹਾਈਵੇਅ 99 ਦੇ ਕਾਰਨਰ 'ਤੇ ਸਥਿਤ) ਵਿਚ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ ਤੇ ਕੁੱਤਿਆਂ ਦੀਆਂ ਦੌੜਾਂ ਵੀ ਕਰਵਾਈਆਂ ਜਾਣਗੀਆਂ।

ਪ੍ਰਬੰਧਕਾਂ ਅਨੁਸਾਰ ਟੂਰਨਾਮੈਂਟ ਵਿਚ ਵਾਲੀਬਾਲ ਅਤੇ ਸਾਕਰ ਦੀਆਂ ਕਈ ਟੀਮਾਂ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਪਹੁੰਚ ਰਹੀਆਂ ਹਨ। ਟੂਰਨਾਮੈਂਟ ਦੀ ਕੋਈ ਟਿਕਟ ਨਹੀਂ ਹੈ। ਹੋਰ ਜਾਣਕਾਰੀ ਲਈ ਫੋਨ: 559-708-9335 ਜਾਂ 408-799-4666 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 25 ਸਾਲ, ਕੱਦ 6 ਫੁੱਟ, ਉਚ ਸਿਖਿਆ ਪ੍ਰਾਪਤ, ਉਚੀ ਬੈਂਕ ਜਾਬ, ਅਮਰੀਕੀ ਸਿਟੀਜ਼ਨ ਲੜਕੇ ਲਈ ਹਾਣ-ਪਰਵਾਣ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-262-7200

5-8


# ਸਿੱਖ ਕਤਲੇਆਮ: ਅਦਾਲਤ ਵਲੋਂ ਕੇਸ ਤਬਦੀਲ ਕਰਨ ਤੋਂ ਨਾਂਹ

**ਨਵੀਂ ਦਿੱਲੀ:** ਸਥਾਨਕ ਅਦਾਲਤ ਨੇ 1984 ਦੇ ਸਿੱਖ ਕਤਲ-ਏ-ਆਮ ਨਾਲ ਸਬੰਧਤ ਇਕ ਮਾਮਲੇ ਵਿਚ ਤਿੰਨ ਮੁਲਜ਼ਮਾਂ ਵਲੋਂ ਕੇਸ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨ ਲਈ ਪਾਈਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਹਨ। ਇਨ੍ਹਾਂ ਨੇ ਕਿਹਾ ਸੀ ਕਿ ਜਿਸ ਅਦਾਲਤ ਵਿਚ ਉਨ੍ਹਾਂ ਦਾ ਕੇਸ ਚੱਲ ਰਿਹਾ ਹੈ, ਉਹ ਕੇਸ ਅਦਾਲਤ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। 1984 ਵਿਚ ਪੱਛਮੀ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਸੁਰਜੀਤ ਸਿੰਘ ਨੂੰ ਮਾਰਨ ਦੇ ਦੋਸ਼ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੀਆ ਤੇ ਵੇਦ ਪ੍ਰਕਾਸ਼ ਖ਼ਿਲਾਫ਼ ਕੜਕੜਡੂਮਾ ਜ਼ਿਲ੍ਹਾ ਅਦਾਲਤ (ਪੂਰਬੀ ਦਿੱਲੀ) ਵਿਚ ਕੇਸ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਗੁਪਤਾ, ਪੀਰੀਆ ਤੇ ਵੇਦ ਪ੍ਰਕਾਸ਼ ਨੇ ਕਿਹਾ ਸੀ ਕਿ ਇਸ ਅਦਾਲਤ ਕੋਲ ਇਹ ਮਾਮਲਾ ਸੁਣਨ ਦਾ ਅਧਿਕਾਰ ਨਹੀਂ ਹੈ, ਇਸ ਲਈ ਕੇਸ ਰੋਹਿਨੀ ਜ਼ਿਲ੍ਹਾ ਅਦਾਲਤ ਵਿਚ ਤਬਦੀਲ ਕੀਤਾ ਜਾਵੇ।

ਜ਼ਿਲ੍ਹਾ ਸੈਸ਼ਨ ਜੱਜ ਰਾਕੇਸ਼ ਸਿਧਾਰਥ ਜਿਨ੍ਹਾਂ ਨੇ ਹਾਲ ਹੀ ਵਿਚ ਅਦਾਲਤ ਦਾ ਕੰਮਕਾਰ ਸੰਭਾਲਿਆ ਹੈ, ਨੇ ਅਰਜ਼ੀਆਂ ਰੱਦ ਕਰ ਦਿੱਤੀਆਂ। ਮੁਲਜ਼ਮਾਂ ਦੇ ਵਕੀਲ ਅਨਿਲ ਕੁਮਾਰ ਸ਼ਰਮਾ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਦਿੱਲੀ ਹਾਈਕੋਰਟ ਦੇ 2013 ਦੇ ਉਸ ਹੁਕਮ ਨੂੰ ਲਾਗੂ ਕੀਤਾ ਜਾਵੇ, ਜਿਸ ਵਿਚ ਸੈਸ਼ਨ ਜੱਜਾਂ ਨੂੰ ਕਿਹਾ ਗਿਆ ਸੀ ਕਿ ਉਹ ਕੇਸਾਂ ਨੂੰ ਅਦਾਲਤਾਂ ਦੇ ਅਧਿਕਾਰ ਖੇਤਰਾਂ ਤਹਿਤ ਦੇ ਦੇਣ।

ਸੀ.ਬੀ.ਆਈ. ਦੇ ਵਕੀਲ ਡੀ.ਪੀ. ਸਿੰਘ ਨੇ ਇਸ ਦਲੀਲ ਦਾ ਵਿਰੋਧ ਕਰਦਿਆਂ ਕਿਹਾ ਕਿ ਸੀ.ਆਰ.ਪੀ.ਸੀ. ਵਿਚ ਵਿਵਸਥਾ ਹੈ ਕਿ ਜ਼ਿਲ੍ਹਾ ਸੈਸ਼ਨ ਜੱਜ ਕੋਲ ਆਪਣੀ ਡਿਵੀਜ਼ਨ ਦਾ ਕੇਸ ਦੂਜੇ ਪਾਸੇ ਤਬਦੀਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਹ ਅਧਿਕਾਰ ਸਿਰਫ ਹਾਈਕੋਰਟ ਕੋਲ ਹੈ।


# ਜ਼ਮੀਨ ਵਿਕਾਊ ਹੈ

**ਪੰਜਾਬ ਵਿਚ ਪਟਿਆਲਾ-ਅੰਬਾਲਾ ਸੜਕ 'ਤੇ ਪਟਿਆਲੇ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਅਸਰਪੁਰ ਸਾਹਮਣੇ ਖੇਤੀਬਾੜੀ ਹੇਠਲੀ 6 ਏਕੜ ਉਪਜਾਊ ਜ਼ਮੀਨ ਵਿਕਾਊ ਹੈ।**

*ਜ਼ਮੀਨ ਨੂੰ ਨਹਿਰੀ ਪਾਣੀ ਲੱਗਦਾ ਹੈ।*

**ਖਰੀਦਣ ਲਈ ਸੰਪਰਕ ਕਰੋ:**

**ਫੋਨ: 408-634-2310**



COVERED CALIFORNIA™

**ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ**

**ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ**

**ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ**

*ਓਪਨ ਇਨਰੋਲਮੈਂਟ ਲਈ ਤਾਰੀਖ ਹੁਣ 30 ਅਪਰੈਲ 2015 ਤੱਕ ਵਧੀ*

*ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ*

**Jarnail Singh Lallria** (License # 0C19939)

**Phone: (408) 728-0795**

Fax: (209) 216-5502

E-mail: Jarnail_lallria@yahoo.com


## ਪਟਨਾ ਸਾਹਿਬ ਵਿਖੇ ਸਮਾਗਮਾਂ ਲਈ ਸੁਖਬੀਰ ਬਾਦਲ ਨਾਲ ਮੁਲਾਕਾਤ

ਚੰਡੀਗੜ੍ਹ (ਬਿਊਰੋ): ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਤਖ਼ਤ ਪਟਨਾ ਸਾਹਿਬ ਦੇ ਪ੍ਰਬੰਧਕੀ ਮੈਂਬਰਾਂ ਦੇ ਉਚ ਪੱਧਰੀ ਵਫਦ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਦੇ ਸਮਾਗਮ ਦੀਆਂ ਤਿਆਰੀਆਂ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਮੰਗ ਕੀਤੀ ਗਈ ਕਿ ਪਟਨਾ ਸਾਹਿਬ ਵਿਖੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਬਿਹਾਰ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਜਾਵੇ।

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਤੇ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੇ ਵਫਦ ਨੇ ਸ. ਬਾਦਲ ਨੂੰ ਇਸ ਅਤਿ ਮਹੱਤਵਪੂਰਨ ਤੇ ਇਤਿਹਾਸਕ ਸਮਾਗਮ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਲੋੜੀਂਦੇ ਪ੍ਰਬੰਧਾਂ ਬਾਰੇ ਜਾਣੂ ਕਰਵਾਇਆ।

ਵਫਦ ਨੇ ਦੱਸਿਆ ਕਿ ਇਸ ਮੌਕੇ ਵਿਸ਼ਵ ਭਰ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਵਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੁੱਜਣ ਦੀ ਸੰਭਾਵਨਾ ਹੈ ਜਿਸ ਨੂੰ ਦੇਖਦਿਆਂ ਸੰਗਤ ਦੇ ਰਹਿਣ, ਖਾਣ-ਪੀਣ ਤੋਂ ਇਲਾਵਾ ਆਵਾਜਾਈ ਤੇ ਸੁਰੱਖਿਆ ਪ੍ਰਬੰਧਾਂ ਨੂੰ ਸਮੇਂ ਸਿਰ ਯਕੀਨੀ ਬਣਾਉਣਾ ਜ਼ਰੂਰੀ ਹੈ। ਉਨ੍ਹਾਂ ਇਸ ਮੁੱਦੇ ਨੂੰ ਸਬੰਧਤ ਕੇਂਦਰੀ ਮੰਤਰਾਲਿਆਂ ਤੇ ਬਿਹਾਰ ਸਰਕਾਰ ਅੱਗੇ ਉਠਾਉਣ ਲਈ ਵੀ ਕਿਹਾ ਹੈ।


**Upgrade your Security Cameras to High Definition at very reasonable prices**




*For more Details, Contact:*

**Balbir S Sidhu**

**209-495-3905 (Cell)**

www.dvrunlimited.com

**Toll Free (888) 233-4566**

**DVRunlimited Inc.** Fax: 209-665-7067



# Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**

**Shop: (510)-505-9605**

*www.princebarbershop.com*

# ਯੂ.ਕੇ. 'ਚ ਸਿੱਖ ਰੈਜੀਮੈਂਟ ਬਣਾਉਣ ਬਾਰੇ ਵਿਚਾਰਾਂ

**ਲੰਡਨ:** ਬਰਤਾਨੀਆ ਸਿੱਖ ਰੈਜੀਮੈਂਟ ਬਣਾਉਣ ਲਈ ਮੁੜ ਵਿਚਾਰ ਕਰ ਰਿਹਾ ਹੈ। ਇਸ ਸਬੰਧੀ ਚੀਫ ਲੈਫਟੀਨੈਂਟ ਜਨਰਲ ਸਰ ਨਿਕੋਲਸ ਕਾਰਟਰ ਨੂੰ ਪ੍ਰਸਤਾਵ ਪੇਸ਼ ਕੀਤਾ ਹੋਇਆ ਹੈ। ਇਹ ਜਾਣਕਾਰੀ ਪਾਰਲੀਮੈਂਟ ਵਿਚ ਰੱਖਿਆ ਮੰਤਰਾਲੇ ਦੇ ਫੌਜ ਸਬੰਧੀ ਮੰਤਰੀ ਮਾਰਕ ਫਰੈਂਕੋਸ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖ ਰੈਜੀਮੈਂਟ ਹੋਂਦ 'ਚ ਆਉਣਾ ਚੰਗੀ ਗੱਲ ਹੈ ਕਿਉਂਕਿ ਫੌਜ ਦੇ ਪਿਛਲੇ ਇਤਿਹਾਸ 'ਚ ਸਿੱਖਾਂ ਦਾ ਚੰਗਾ ਪ੍ਰਭਾਵ ਹੈ।

ਰੱਖਿਆ ਸਬੰਧੀ ਸਵਾਲ ਦੇ ਜਵਾਬ 'ਚ ਸਾਬਕਾ ਰੱਖਿਆ ਮੰਤਰੀ ਸਰ ਨਿਕੋਲਸ ਸੋਮਸ ਨੇ ਕਿਹਾ ਕਿ ਰਾਜਨੀਤੀ ਤੋਂ ਦੂਰ ਰਹਿ ਕੇ ਸਿੱਖ ਰੈਜੀਮੈਂਟ ਹੋਂਦ 'ਚ ਆਉਣੀ ਚਾਹੀਦੀ ਹੈ। ਸਿੱਖਾਂ ਵੱਲੋਂ ਦੇਸ਼ ਲਈ ਮਾਣਮੱਤੀ ਸੇਵਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਰੱਖਿਆ ਮੰਤਰੀ ਕੁਲੀਅਨ ਬਰਾਜ਼ੀਰ ਇਸ ਮਾਮਲੇ ਦੀ ਪੈਰਵੀ ਕਰ ਰਹੇ ਹਨ ਤੇ ਉਹ ਚੀਫ ਆਫ ਜਨਰਲ ਸਟਾਫ (ਸੀ.ਜੀ.ਐਸ.) ਦੇ ਸੰਪਰਕ ਵਿਚ ਹਨ। ਸਿੱਖਾਂ ਵੱਲੋਂ ਸਿੱਖ ਰੈਜੀਮੈਂਟ ਬਣਾਉਣ ਦੀ ਚਿਰਾਂ ਤੋਂ ਕੀਤੀ ਜਾਣ ਵਾਲੀ ਮੰਗ ਨੂੰ 2007 ਵਿਚ ਨਸਲਵਾਦ ਅਤੇ ਬਰਬਰਤਾ ਬਾਰੇ ਕਮਿਸ਼ਨ ਨੇ ਰੱਦ ਕਰ ਦਿੱਤਾ ਸੀ; ਹਾਲਾਂਕਿ ਸਿੱਖ ਰੈਜੀਮੈਂਟ ਦੇ ਮੁੜ ਗਠਨ ਦੀ ਹਮਾਇਤ ਪ੍ਰਿੰਸ ਚਾਰਲਸ ਨੇ ਵੀ ਕੀਤੀ ਸੀ। ਜ਼ਿਕਰਯੋਗ ਹੈ ਕਿ 19ਵੀਂ ਸਦੀ ਵਿਚ ਹਜ਼ਾਰਾਂ ਸਿੱਖਾਂ ਨੇ ਬਰਤਾਨਵੀ ਫੌਜ ਵਿਚ ਸੇਵਾਵਾਂ ਨਿਭਾਈਆਂ ਸਨ ਅਤੇ ਦੋਹਾਂ ਵਿਸ਼ਵ ਯੁੱਧਾਂ ਵਿਚ ਹਿੱਸਾ ਲਿਆ ਸੀ। ਇਸ ਦੌਰਾਨ 10 ਸਿੱਖਾਂ ਨੂੰ ਵਿਕਟੋਰੀਆ ਕਰਾਸ ਵੀ ਮਿਲਿਆ ਸੀ। ਇਸ ਵੇਲੇ ਬਰਤਾਨੀਆ ਦੀ ਹਥਿਆਰਬੰਦ ਫੌਜ 'ਚ ਕੰਮ ਕਰਨ ਵਾਲੇ ਸਿੱਖਾਂ ਦੀ ਗਿਣਤੀ 160 ਹੈ ਜਿਨ੍ਹਾਂ 'ਚੋਂ 130 ਫੌਜ 'ਚ ਹਨ। ਸਮਝਿਆ ਜਾ ਰਿਹਾ ਹੈ ਕਿ ਪਹਿਲਾਂ ਇਕ ਸਿੱਖ ਕੰਪਨੀ ਬਣਾਈ ਜਾਵੇਗੀ ਅਤੇ ਫਿਰ ਸਿੱਖ ਰੈਜੀਮੈਂਟ, ਪਰ ਚੋਣਾਂ ਤੋਂ ਪਹਿਲਾਂ ਇਸ ਬਿਆਨ ਦਾ ਆਉਣਾ ਚਰਚਾ ਦਾ ਵਿਸ਼ਾ ਵੀ ਬਣ ਗਿਆ ਹੈ, ਕਿਉਂਕਿ ਸਿੱਖ ਚੋਣ ਮਨੋਰਥ ਪੱਤਰ ਨੇ ਇਥੋਂ ਦੇ ਸਿਆਸੀ ਹਲਕਿਆ 'ਚ ਨਵੀਂ ਮੁਹਿੰਮ ਛੇੜੀ ਹੋਈ ਹੈ ਅਤੇ ਚੋਣਾਂ ਦੇ ਮੱਦੇਨਜ਼ਰ ਬਰਤਾਨੀਆ ਦੀ ਸਿਆਸੀ ਪਾਰਟੀਆਂ ਘੱਟ-ਗਿਣਤੀ ਲੋਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ਾਂ ਵੀ ਕਰ ਰਹੀਆਂ ਹਨ।



ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ ਨੇ ਸਰਕਾਰ ਦੀ ਇਸ ਕਾਰਵਾਈ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਬਹੁਤ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ, ਪਰ ਵੋਟਾਂ ਤੋਂ ਪਹਿਲਾਂ ਇਹ ਬਿਆਨ ਕਈ ਸਵਾਲ ਪੈਦਾ ਕਰਦਾ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਬਹਾਦਰੀ ਦਾ ਲੋਹਾ ਪੂਰੀ ਦੁਨੀਆਂ ਮੰਨਦੀ ਹੈ ਅਤੇ ਬਰਤਾਨੀਆ ਵੱਲੋਂ ਆਪਣੀ ਫੌਜ 'ਚ ਸਿੱਖਾਂ ਦਾ ਵਿਸ਼ੇਸ਼ ਦਸਤਾ ਸ਼ਾਮਿਲ ਕਰਨ ਦੀ ਯੋਜਨਾ ਫ਼ਖਰਯੋਗ ਕਾਰਵਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਸਿੱਖਾਂ ਦੀ ਵੱਖਰੀ ਪਛਾਣ ਸਬੰਧੀ ਚੱਲ ਰਹੇ ਯਤਨਾਂ ਦੌਰਾਨ ਜੇ ਬ੍ਰਿਟਿਸ਼ ਸਰਕਾਰ ਸਿੱਖ ਰੈਜੀਮੈਂਟ ਬਣਾਉਂਦੀ ਹੈ ਤਾਂ ਇਨ੍ਹਾਂ ਕੋਸ਼ਿਸ਼ਾਂ ਨੂੰ ਹੋਰ ਬਲ ਮਿਲੇਗਾ।

## ਹਿੰਦੂਤਵ ਬ੍ਰਿਗੇਡ ਨੇ ਫਿਰ ਸਰਗਰਮੀ ਫੜੀ

**ਦਿੱਲੀ:** ਸੰਸਦ ਦੇ ਪਿਛਲੇ ਸੈਸ਼ਨ ਵਿਚ ਘੱਟ-ਗਿਣਤੀਆਂ ਬਾਰੇ ਟਿੱਪਣੀਆਂ ਕਰ ਕੇ ਨਰੇਂਦਰ ਮੋਦੀ ਸਰਕਾਰ ਲਈ ਮੁਸੀਬਤ ਖੜ੍ਹੀ ਕਰਨ ਵਾਲੇ ਭਾਜਪਾ ਦੇ ਹਿੰਦੂਤਵ ਬ੍ਰਿਗੇਡ ਨੇ ਬਜਟ ਸੈਸ਼ਨ ਮੌਕੇ ਫਿਰ ਸਰਗਰਮੀ ਫੜ ਲਈ ਹੈ। ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਵੱਲੋਂ ਗੈਰ-ਸਰਕਾਰੀ ਸੰਗਠਨ 'ਅਪਨਾ ਘਰ' ਦੇ ਸਮਾਗਮ ਵਿਚ ਮਦਰ ਟੈਰੇਸਾ ਦੀ ਸੇਵਾ ਪਿੱਛੇ ਧਰਮ ਬਦਲੀ ਦਾ ਉਦੇਸ਼ ਹੋਣ ਦੀ ਗੱਲ ਆਖਣ ਕਾਰਨ ਸੰਸਦ ਵਿਚ ਹੰਗਾਮਾ ਹੋਇਆ। ਉਧਰ ਭਾਜਪਾ ਦੇ ਸੰਸਦ ਮੈਂਬਰ ਯੋਗੀ ਆਦਿੱਤਿਆ ਨਾਥ ਨੇ ਆਖ ਦਿੱਤਾ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਦਾ 'ਘਰ ਵਾਪਸੀ' ਪ੍ਰੋਗਰਾਮ ਉਸ ਸਮੇਂ ਤੱਕ ਜਾਰੀ ਰਹੇਗਾ ਜਦੋਂ ਤੱਕ ਧਰਮ ਬਦਲੀ 'ਤੇ ਪਾਬੰਦੀ ਨਹੀਂ ਲੱਗ ਜਾਂਦੀ। ਵੀ.ਐਚ.ਪੀ. ਵੱਲੋਂ ਕਰਾਏ ਗਏ ਸਮਾਗਮ ਦੌਰਾਨ ਭਾਜਪਾ ਦੇ ਹਿੰਦੂਤਵ ਚਿਹਰੇ ਵਜੋਂ ਜਾਣੇ ਜਾਂਦੇ ਆਦਿੱਤਿਆ ਨਾਥ ਨੇ ਕਿਹਾ ਕਿ ਧਰਮ ਬਦਲੀ ਦੇਸ਼ ਦੇ ਫਿਰਕੂ ਮਾਹੌਲ ਨੂੰ ਨਸ਼ਟ ਕਰ ਦੇਵੇਗੀ ਤੇ ਇਸ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਯੋਗੀ ਆਦਿੱਤਿਆ ਨਾਥ ਦੇ ਇਸ ਬਿਆਨ ਨਾਲ ਫਿਰ ਵਿਵਾਦ ਛਿੜ ਗਿਆ ਹੈ।

## ਬੰਦੀ ਸਿੱਖਾਂ ਦੀ ਰਿਹਾਈ ਲਈ ਮਾਰਚ 3 ਨੂੰ

*(ਸਫਾ ਇਕ ਦੀ ਬਾਕੀ)*

ਗੰਭੀਰ ਮੁੱਦੇ ਉਪਰ ਸਮੂਹ ਸਿੱਖ ਸੰਗਠਨ ਇਕਜੁੱਟ ਹੋ ਕੇ ਸੰਘਰਸ਼ ਕਰਨਗੇ। ਇਸ ਦੇ ਪਹਿਲੇ ਪੜਾਅ ਵਿਚ ਤਿੰਨ ਮਾਰਚ ਨੂੰ ਸਾਂਝੇ ਤੌਰ 'ਤੇ ਦਿੱਲੀ ਵੱਲ ਕੂਚ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਮੀਟਿੰਗ ਤੋਂ ਬਾਅਦ ਭਾਈ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਬਠਿੰਡਾ, ਜਸਵੰਤ ਸਿੰਘ ਮਾਨ, ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭਾਈ ਖਾਲਸਾ ਦੇ ਮੂੰਹ ਨੂੰ ਜਬਰੀ ਅੰਨ ਲਾਉਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਤਿੰਨ ਮਾਰਚ ਨੂੰ ਦਿੱਲੀ ਕੂਚ ਕਰਨ ਦੇ ਨਾਲ ਹੀ ਇਸ ਮੁੱਦੇ ਨੂੰ ਲੋਕ ਲਹਿਰ ਬਣਾਉਣ ਲਈ ਸੋਸ਼ਲ ਮੀਡੀਆ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇਗੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਸ਼੍ਰੋਮਣੀ ਕਮੇਟੀ ਦੇ ਦਾਅਵੇ ਨੂੰ ਚੁਣੌਤੀ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਰਿਆਦਾ ਅਨੁਸਾਰ ਆਪਣੀ ਦਾਅਵੇਦਾਰੀ ਨੂੰ ਕਾਪੀ-ਰਾਈਟ ਐਕਟ ਦੀਆਂ ਵਿਵਸਥਾਵਾਂ ਦੇ ਹਵਾਲੇ ਨਾਲ ਚੁਣੌਤੀ ਦਿੱਤੀ ਗਈ ਹੈ। ਜਿਸ ਨਾਲ ਪਾਵਨ ਸਰੂਪਾਂ ਦੀ ਛਪਾਈ, ਇਧਰ ਉਧਰ ਲਿਜਾਣ ਤੇ ਵਿਤਰਨ ਨੂੰ ਲੈ ਕੇ ਪ੍ਰਚਲਿਤ ਮਰਿਆਦਾ ਦੀ ਪਾਲਣਾ ਹਰ ਹਾਲ ਯਕੀਨੀ ਬਣਾਉਣ ਹਿੱਤ ਕੀਤੇ ਹੋਏ ਉਪਰਾਲਿਆਂ ਦੀ ਕਾਇਮੀ 'ਤੇ ਸਵਾਲ ਖੜ੍ਹਾ ਹੋ ਗਿਆ ਹੈ।



ਵਿਵਾਦ ਭਾਰਤੀ ਮੂਲ ਦੇ ਇਕ ਸਿੱਖ ਅਮਰੀਕੀ ਨਾਗਰਿਕ ਵੱਲੋਂ ਆਪਣੀ ਵੈਬ-ਸਾਇਟ ਦੀ ਮਾਰਫ਼ਤ ਚੀਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਵਾਈ ਕਰਵਾ ਕੇ ਇਨ੍ਹਾਂ ਨੂੰ ਕੋਰੀਅਰ/ਕੰਟੇਨਰ ਰਾਹੀਂ ਅਮਰੀਕਾ ਤੇ ਕੈਨੇਡਾ ਲਿਜਾ ਉਥੇ ਵਿਤਰਣ ਕਰਵਾਉਣ ਦਾ ਹੈ, ਜਿਸ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ 28 ਨਵੰਬਰ 2014 ਨੂੰ ਅੰਮ੍ਰਿਤਸਰ ਪੁਲਿਸ ਕੋਲ ਐਫ.ਆਈ.ਆਰ. ਦਰਜ ਕਰਵਾਈ ਜਾ ਚੁੱਕੀ ਹੈ। ਪੰਜਾਬੀ ਵਿਚ ਲਿਖੀ ਇਸ ਐਫ.ਆਈ.ਆਰ. ਵਿਚ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜਗਤ ਜੋਤ ਗੁਰੂ ਹਨ ਤੇ ਇਨ੍ਹਾਂ ਦੀ ਮਰਿਆਦਾ ਅਨੁਸਾਰ ਛਪਾਈ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਕਮੇਟੀ ਕੋਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਜਗ੍ਹਾ ਤੋਂ ਦੂਜੀ ਥਾਂ ਲਿਜਾਣ ਵਾਸਤੇ ਪੂਰੀ ਮਰਿਆਦਾ ਸਥਾਪਤ ਹੈ ਤੇ ਕੋਰੀਅਰ/ਕੰਟੇਨਰ ਆਦਿਕ ਰਾਹੀਂ ਭੇਜਣਾ ਸਿੱਖ ਮਰਿਆਦਾ ਦੀ ਉਲੰਘਣਾ ਹੈ।

ਇਸ ਐਫ.ਆਈ.ਆਰ. ਤਹਿਤ ਉਕਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਵਾਸੀ ਥਮਿੰਦਰ ਸਿੰਘ ਅਨੰਦ ਪੁੱਤਰ ਹਰਭਜਨ ਸਿੰਘ ਅਨੰਦ ਵੱਲੋਂ ਇਸ ਕੇਸ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਸੀਨੀਅਰ ਐਡਵੋਕੇਟ ਐਮ.ਐੱਸ. ਖਹਿਰਾ ਤੇ ਐਡਵੋਕੇਟ ਬਲਬੀਰ ਸਿੰਘ ਸੇਵਕ ਰਾਹੀਂ ਅਨੰਦ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਬਾਰੇ ਸ਼੍ਰੋਮਣੀ ਕਮੇਟੀ ਕੋਲ ਕੋਈ ਕਾਪੀ-ਰਾਈਟ ਨਹੀਂ ਹੈ। ਉਸਨੇ ਇਤਿਹਾਸਕ ਹਵਾਲਾ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਇਸ ਬਾਰੇ ਹੱਕ ਰਾਖਵੇਂ ਨਹੀਂ ਕੀਤੇ ਗਏ ਸਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਐਕਟ, 1925 ਦੇ ਅਧੀਨ ਹੋਂਦ ਵਿਚ ਆਈ ਹੈ।

## ਹੁਣ ਮੋਦੀ ਦੀਆਂ ਹੀਲ੍ਹਾਂ ਦੀ ਵਾਰੀ

*(ਸਫਾ ਇਕ ਦੀ ਬਾਕੀ)*

ਮਨੋਰਥ ਪੱਤਰਾਂ ਵਿਚ ਕੀਤਾ ਸੀ।

ਕੇਂਦਰ ਸਰਕਾਰ ਹੁਣ ਤੱਕ ਝੋਨੇ-ਕਣਕ ਸਮੇਤ 23 ਜਿਣਸਾਂ ਦਾ ਭਾਅ ਨਿਰਧਾਰਤ ਕਰਦੀ ਹੈ। ਇਨ੍ਹਾਂ ਵਿਚੋਂ ਕਣਕ ਤੇ ਝੋਨੇ ਦੀ ਹੀ ਸਮਰਥਨ ਮੁੱਲ ਉਤੇ ਖ਼ਰੀਦ ਯਕੀਨੀ ਤੌਰ 'ਤੇ ਕੀਤੀ ਜਾ ਰਹੀ ਹੈ। ਭਾਜਪਾ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਨੂੰ ਕਾਰਪੋਰੇਟਾਂ ਦੇ ਹੱਕ ਵਿਚ ਦੱਸਿਆ ਜਾ ਰਿਹਾ ਹੈ। ਤਕਰੀਬਨ ਨੌਂ ਮਹੀਨੇ ਪਹਿਲਾਂ ਸੱਤਾ ਵਿਚ ਆਈ ਮੋਦੀ ਸਰਕਾਰ ਨੂੰ ਇਸ ਦੇਸ਼ ਵਿਆਪੀ ਵਿਰੋਧ ਕਾਰਨ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਗੌਰਤਲਬ ਹੈ ਕਿ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਹੱਥੋਂ ਵੱਡੀ ਹਾਰ ਤੋਂ ਬਾਅਦ ਮੋਦੀ ਸਰਕਾਰ ਦੇ ਅਜੇ ਪੈਰ ਨਹੀਂ ਲੱਗੇ ਹਨ। ਭਾਜਪਾ, ਦਿੱਲੀ ਵਿਚ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੀ ਸੀ ਪਰ ਇਸ ਨੂੰ ਕੁੱਲ 70 ਵਿਚੋਂ ਸਿਰਫ 3 ਸੀਟਾਂ ਉਤੇ ਹੀ ਜਿੱਤ ਮਿਲ ਸਕੀ। ਬਾਕੀਆਂ ਸਾਰੀਆਂ, 67 ਸੀਟਾਂ ਉਤੇ ਆਪ ਦੀ ਜਿੱਤ ਹੋਈ ਸੀ ਅਤੇ ਹੁਣ ਕਿਸਾਨਾਂ ਦੇ ਮਸਲੇ ਉਤੇ ਇਹ ਸੰਸਦ ਦੇ ਅੰਦਰ ਅਤੇ ਬਾਹਰ ਬੁਰੀ ਤਰ੍ਹਾਂ ਘਿਰ ਗਈ ਹੈ।

## ਪਾਕਿਸਤਾਨੀ ਲੇਖਕ ਨੇ ਪਲੇਠੇ ਨਾਵਲ 'ਚ ਪਾਈ ਭਾਰਤ ਵੰਡ ਦੀ ਬਾਤ

**ਨਵੀਂ ਦਿੱਲੀ:** ਦੀ ਲੇਖਕ ਤਾਹਾ ਕੇਹਰ ਦਾ ਜਨਮ ਭਾਰਤ ਦੀ ਵੰਡ ਤੋਂ ਤਕਰੀਬਨ 44 ਸਾਲ ਮਗਰੋਂ ਹੋਇਆ ਹੈ ਪਰ ਇਸ ਪਾਕਿਸਤਾਨੀ ਲੇਖਕ ਨੇ ਆਪਣੇ ਪਹਿਲੇ ਨਾਵਲ ਵਿਚ ਵੰਡ ਦੇ ਦਰਦ ਨੂੰ ਸਮੋਇਆ ਹੈ।



ਇਸ ਨਾਵਲ ਵਿਚ ਦੋਵਾਂ ਮੁਲਕਾਂ ਵਿਚਲੀ ਕੁੜੱਤਣ ਦਾ ਬੜੇ ਸਿਲਸਿਲੇਵਾਰ ਵਰਨਣ ਕੀਤਾ ਗਿਆ ਹੈ। 'ਆਫ ਰਿਫਟ ਐਂਡ ਰਿਵੈਲਰੀ' ਨਾਮਕ ਇਸ ਨਾਵਲ ਵਿਚ ਬਹੁਤ ਸਾਰੇ ਅਜਿਹੇ ਮੌਕੇ ਹਨ ਜਿਹੜੇ ਭਾਵੁਕਤਾ ਦੀ ਸਿਖਰ ਹਨ ਤੇ ਇਨ੍ਹਾਂ ਨੂੰ ਪੜ੍ਹਦਿਆਂ ਅੱਖਾਂ ਵਿਚੋਂ ਹੰਝੂ ਵਹਿਣ ਨਾਲ ਨਾਵਲ ਦੇ ਸਫੇ ਭਿੱਜ ਜਾਂਦੇ ਹਨ। ਕੇਹਰ ਦਾ ਕਹਿਣਾ ਹੈ ਕਿ ਇਹ ਨਾਵਲ ਇਕ ਪਰਿਵਾਰਕ ਸੰਘਰਸ਼ ਤੇ ਪਿਆਰ ਦੀ ਕਹਾਣੀ ਹੈ। ਲੇਖਕ ਮੁਤਾਬਕ, ਇਸ ਨਾਵਲ ਨੂੰ ਲਿਖਣ ਦਾ ਵਿਚਾਰ ਸਾਲ 2009 ਵਿਚ ਉਦੋਂ ਆਇਆ, ਜਦੋਂ ਕਰਾਚੀ ਵਿਚ ਵਰਕਸ਼ਾਪ ਲੱਗੀ।


### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ



**Punjab Times**
**Established in 2000**
**16th Year in Publication**
Published every Saturday
by **A B Publication Inc.**


20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678


**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਗੋਦ ਲਏ ਪਿੰਡਾਂ ਨੂੰ ਹੁਣ ਪੱਲਿਓਂ 'ਆਦਰਸ਼' ਬਣਾਉਣਗੇ ਸੰਸਦ ਮੈਂਬਰ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਹਰ ਸੰਸਦ ਮੈਂਬਰ ਨੂੰ ਇਕ ਆਦਰਸ਼ ਪਿੰਡ ਬਣਾਉਣ ਦਾ ਦਿੱਤਾ ਸੱਦਾ ਮਹਿੰਗਾ ਸਾਬਤ ਹੋਇਆ ਹੈ। ਭਾਰਤ ਸਰਕਾਰ ਨੇ ਐਲਾਨ ਤੋਂ ਕੁਝ ਮਹੀਨੇ ਬਾਅਦ ਹੀ ਸੰਸਦਾਂ ਨੂੰ ਆਦਰਸ਼ ਪਿੰਡਾਂ ਲਈ ਵਿਸ਼ੇਸ਼ ਗਰਾਂਟ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਤੇ ਹੁਣ ਇਸ ਮਕਸਦ ਲਈ ਪਿੰਡਾਂ ਦੇ ਵਸਨੀਕਾਂ ਤੇ ਪੰਚਾਇਤਾਂ ਨੂੰ ਭਾਈਵਾਲ ਬਣਾਉਣ ਲਈ ਕਿਹਾ ਹੈ ਤੇ ਸੰਸਦਾਂ ਨੂੰ ਕੋਟੇ ਵਾਲੀ ਗਰਾਂਟ ਵਿਚੋਂ ਹੀ ਆਦਰਸ਼ ਪਿੰਡਾਂ ਨੂੰ ਪੈਸੇ ਦੇਣ ਦੀ ਗੱਲ ਕਹੀ ਗਈ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਨੇ 26 ਜਨਵਰੀ ਨੂੰ ਦੇਸ਼ ਭਰ ਦੇ ਸੰਸਦਾਂ ਨੂੰ ਆਦੇਸ਼ ਦਿੱਤੇ ਸਨ ਕਿ ਉਹ ਆਪਣੇ ਲੋਕ ਸਭਾ ਹਲਕੇ ਵਿਚ ਇਕ ਪਿੰਡ ਨੂੰ ਆਦਰਸ਼ ਪਿੰਡ ਵਜੋਂ ਵਿਕਸਿਤ ਕਰਨ ਜਿਸ ਵਿਚ ਸਾਰੀਆਂ ਸਹੂਲਤਾਂ ਮੌਜੂਦ ਹੋਣ। ਇਸ ਮਕਸਦ ਲਈ ਭਾਰਤ ਸਰਕਾਰ ਨੇ ਲੋੜੀਂਦੇ ਫੰਡ ਦੇਣ ਦਾ ਭਰੋਸਾ ਦਿੱਤਾ ਸੀ ਪਰ ਹੁਣ ਭਾਰਤ ਸਰਕਾਰ ਨੇ ਸੰਸਦ ਮੈਂਬਰਾਂ ਨੂੰ ਕੋਟੇ ਦੀ ਗਰਾਂਟ ਹੀ ਭੇਜੀ ਹੈ ਜਦੋਂ ਕਿ ਮਾਡਲ ਪਿੰਡਾਂ ਲਈ ਕੋਈ ਪੈਸਾ ਜਾਰੀ ਨਹੀਂ ਹੋਇਆ। ਭਾਰਤ ਸਰਕਾਰ ਦੇ ਵਿੱਤ ਵਿਭਾਗ ਨੇ ਸੰਸਦ ਮੈਂਬਰਾਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਆਦਰਸ਼ ਪਿੰਡਾਂ ਲਈ ਕੋਈ ਵੱਖਰੀ ਗਰਾਂਟ ਜਾਰੀ ਨਹੀਂ ਹੋਵੇਗੀ।

### ਆਦਰਸ਼ ਪਿੰਡਾਂ ਲਈ ਵਿਸ਼ੇਸ਼ ਗਰਾਂਟ ਦੇਣ ਤੋਂ ਨਾਂਹ




ਇਸ ਤੱਥ ਦੀ ਪੁਸ਼ਟੀ ਕਰਦਿਆਂ ਫਰੀਦਕੋਟ ਦੇ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਦਰਸ਼ ਪਿੰਡਾਂ ਲਈ ਮਿਲਣ ਵਾਲੀ ਵਿਸ਼ੇਸ਼ ਗਰਾਂਟ ਤੋਂ ਸਰਕਾਰ ਨੇ ਜਵਾਬ ਦੇ ਦਿੱਤਾ ਹੈ। ਕੋਈ ਵੀ ਸੰਸਦ ਮੈਂਬਰ ਪੂਰੇ ਲੋਕ ਸਭਾ ਹਲਕੇ ਲਈ ਮਿਲਣ ਵਾਲੀ ਪੰਜ ਕਰੋੜ ਦੀ ਰਾਸ਼ੀ ਕਿਸੇ ਇਕ ਪਿੰਡ ਲਈ ਨਹੀਂ ਖਰਚ ਸਕਦਾ। ਹਰੇਕ ਸੰਸਦੀ ਹਲਕੇ ਵਿਚ ਛੇ ਸੌ ਦੇ ਕਰੀਬ ਪਿੰਡ ਹਨ ਤੇ ਹਰ ਪਿੰਡ ਨੂੰ ਸੰਸਦ ਦੇ ਕੋਟੇ ਦੀ ਗਰਾਂਟ ਵਿਚੋਂ ਆਪਣਾ ਹਿੱਸਾ ਲੈਣ ਦਾ ਹੱਕ ਹੈ। ਸੰਸਦ ਮੈਂਬਰਾਂ ਨੇ 2015 ਲਈ ਆਈ ਗਰਾਂਟ ਦਾ ਵੱਡਾ ਹਿੱਸਾ ਖਰਚ ਵੀ ਦਿੱਤਾ ਹੈ। ਸੰਸਦ ਮੈਂਬਰਾਂ ਨੇ ਆਪਣੇ ਕੋਟੇ ਦੀ ਗਰਾਂਟ ਵਿਚੋਂ ਆਦਰਸ਼ ਪਿੰਡਾਂ ਲਈ ਕੋਈ ਵਿਸ਼ੇਸ਼ ਗਰਾਂਟ ਜਾਰੀ ਨਹੀਂ ਕੀਤੀ ਬਲਕਿ ਸਕੂਲਾਂ, ਹਸਪਤਾਲਾਂ, ਸ਼ਮਸ਼ਾਨਘਾਟ, ਧਰਮਸ਼ਾਲਾ ਤੇ ਹੋਰ ਮੁੱਢਲੀਆਂ ਸਹੂਲਤਾਂ ਲਈ ਫੰਡ ਜਾਰੀ ਕੀਤੇ ਗਏ ਹਨ। ਆਦਰਸ਼ ਗਰਾਮ ਯੋਜਨਾ ਲਈ ਤਿਆਰ ਕੀਤੀ ਗਈ ਤਜਵੀਜ਼ ਮੁਤਾਬਕ ਘੱਟੋ-ਘੱਟ ਅੱਠ ਕਰੋੜ ਰੁਪਏ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਆਦਰਸ਼ ਗਰਾਮ ਨੂੰ ਹਰ ਸਾਲ ਬੱਝਵੇਂ ਫੰਡਾਂ ਵਜੋਂ ਇਕ ਕਰੋੜ ਦੀ ਜ਼ਰੂਰਤ ਹੈ ਤਾਂ ਜੋ ਸ਼ੁਰੂ ਕੀਤੇ ਪ੍ਰਾਜੈਕਟ ਨੂੰ ਸਾਂਭਿਆ ਜਾ ਸਕੇ। ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਵਲੋਂ ਆਦਰਸ਼ ਗਰਾਮ ਯੋਜਨਾ ਤਹਿਤ ਗੋਦ ਲਏ ਗਏ ਪਿੰਡ ਫ਼ਤਿਹਗੜ੍ਹ ਬੋਰੇਵਾਲ ਵਿਚ ਯੋਜਨਾ ਤਿਆਰ ਹੋ ਚੁੱਕੀ ਹੈ ਪਰ ਫੰਡ ਨਾ ਹੋਣ ਕਾਰਨ ਪ੍ਰਾਜੈਕਟ ਸ਼ੁਰੂ ਕਰਨ ਵਿਚ ਦੇਰੀ ਹੋ ਰਹੀ ਹੈ। ਪ੍ਰੋ. ਸਾਧੂ ਸਿੰਘ ਨੇ ਕਿਹਾ ਕਿ ਕੋਟੇ ਦੀ ਗਰਾਂਟ ਨਾਲ ਆਦਰਸ਼ ਗਰਾਮ ਬਣਾਉਣੇ ਸੰਭਵ ਨਹੀਂ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਜੇਕਰ ਭਾਰਤ ਸਰਕਾਰ ਨੇ ਆਦਰਸ਼ ਗਰਾਮ ਯੋਜਨਾ ਲਈ ਅਲੱਗ ਤੋਂ ਵਿਸ਼ੇਸ਼ ਫੰਡ ਜਾਰੀ ਨਾ ਕੀਤੇ ਤਾਂ ਆਦਰਸ਼ ਯੋਜਨਾ ਸਫ਼ਲ ਨਹੀਂ ਹੋ ਸਕੇਗੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਆਪਣੇ ਵਾਅਦੇ ਤੋਂ ਕੁਝ ਦਿਨਾਂ ਬਾਅਦ ਹੀ ਪਲਟ ਗਈ ਹੈ।

## ਨਿਤੀਸ਼ ਕੁਮਾਰ ਨੇ ਮੁੜ ਬਿਹਾਰ ਦੀ ਸੱਤਾ ਸੰਭਾਲੀ

**ਪਟਨਾ:** ਜੇਡੀ (ਯੂ) ਦੇ ਆਗੂ ਨਿਤੀਸ਼ ਕੁਮਾਰ ਨੇ ਮੁੜ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਨਿਤੀਸ਼ ਕੁਮਾਰ ਨੇ 9 ਮਹੀਨੇ ਪਹਿਲਾਂ ਬਿਹਾਰ ਦੇ ਮੁੱਖ ਮੰਤਰੀ ਵਜੋਂ ਅਹੁਦਾ ਛੱਡਿਆ ਸੀ ਤੇ ਉਸ ਮਗਰੋਂ ਜੀਤਨ ਰਾਮ ਮਾਂਝੀ ਨੇ ਬਿਹਾਰ ਦੀ ਸੱਤਾ ਦਾ ਕਾਰਜ ਭਾਰ ਸੰਭਾਲਿਆ ਸੀ। 63 ਵਰ੍ਹਿਆਂ ਦੇ ਨਿਤੀਸ਼ ਕੁਮਾਰ ਨੂੰ ਬਿਹਾਰ ਦੇ ਗਵਰਨਰ ਕੇਸਰੀ ਨਾਥ ਤ੍ਰਿਪਾਠੀ ਨੇ ਸਹੁੰ ਚੁਕਾਈ।



ਜ਼ਿਕਰਯੋਗ ਹੈ ਕਿ ਜਦੋਂ ਨਿਤੀਸ਼ ਕੁਮਾਰ ਨੇ ਪਿਛਲੀ ਵਾਰ ਬਤੌਰ ਮੁੱਖ ਮੰਤਰੀ ਅਸਤੀਫਾ ਦਿੱਤਾ ਸੀ ਕਿ ਜੇਡੀ (ਯੂ) ਨੇ ਇਸ ਦਾ ਵਿਰੋਧ ਕੀਤਾ ਸੀ। ਅਸਤੀਫਾ ਦੇਣ ਮਗਰੋਂ ਨਿਤੀਸ਼ ਕੁਮਾਰ ਨੇ ਜੀਤਨ ਮਾਂਝੀ ਨੂੰ ਸੱਤਾ ਸੌਂਪੀ ਸੀ ਤੇ 20 ਮਈ 2014 ਨੂੰ ਮਾਂਝੀ ਨੇ ਬਤੌਰ ਮੁੱਖ ਮੰਤਰੀ ਬਿਹਾਰ ਦੀ ਸੱਤਾ ਸੰਭਾਲੀ ਸੀ। ਇਸ ਮਗਰੋਂ ਹੁਣ ਮੁੜ ਨਿਤੀਸ਼ ਕੁਮਾਰ ਨੇ ਬਤੌਰ ਮੁੱਖ ਮੰਤਰੀ ਬਿਹਾਰ ਦੀ ਸੱਤਾ ਸੰਭਾਲ ਲਈ ਹੈ।

## ਅਮਰੀਕਾ ਦੀ ਜੰਗ ਇਸਲਾਮ ਖਿਲਾਫ ਨਹੀਂ: ਓਬਾਮਾ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਅਮਰੀਕਾ ਦੀ 'ਲੜਾਈ ਇਸਲਾਮ ਨਾਲ ਨਹੀਂ" ਹੈ, ਬਲਕਿ ਉਨ੍ਹਾਂ ਲੋਕਾਂ ਨਾਲ ਹੈ ਜੋ ਧਰਮ ਦੇ ਨਾਂ 'ਤੇ ਕੁਰਾਹੇ ਪਏ ਹੋਏ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਈ.ਐਸ.ਆਈ.ਐਸ. ਤੇ ਅਲ-ਕਾਇਦਾ ਜਿਹੇ ਦਹਿਸ਼ਤਗਰਦ ਸੰਗਠਨ ਇਕ ਅਰਬ ਮੁਸਲਮਾਨਾਂ ਲਈ ਨਹੀਂ ਬੋਲਦੇ, ਜੋ ਉਨ੍ਹਾਂ ਦੀ ਇੰਤਹਾਪਸੰਦੀ ਆਧਾਰਤ ਵਿਚਾਰਧਾਰਾ ਨੂੰ ਨਕਾਰ ਚੁੱਕੇ ਹਨ।

ਹਿੰਸਕ ਇੰਤਹਾਪ੍ਰਸਤੀ ਦੇ ਟਾਕਰੇ ਲਈ ਵਾਈਟ ਹਾਊਸ ਵਿਚ ਹੋਏ ਸੰਮੇਲਨ ਦੌਰਾਨ ਓਬਾਮਾ ਨੇ ਕਿਹਾ ਕਿ ਪੱਛਮੀ ਤੇ ਮੁਸਲਿਮ ਆਗੂਆਂ ਇੰਤਹਾਪਸੰਦੀ ਦੇ ਝੂਠੇ ਲਾਰਿਆਂ ਨੂੰ ਠੁੱਸ ਕਰਨ ਲਈ ਇਕਜੁੱਟ ਹੋਣ" ਤੇ ਇਹ ਧਾਰਨਾ ਰੱਦ ਕਰ ਦੇਣ ਕਿ ਅਤਿਵਾਦੀ ਜਥੇਬੰਦੀਆਂ ਇਸਲਾਮ ਦੀ ਪ੍ਰਤੀਨਿਧਤਾ ਕਰਦੀਆਂ ਹਨ।





24 ਘੰਟੇ ਸੱਤੇ ਦਿਨ ਸੁਣੋ


Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Pinnacle Carriers, Inc

Now Hiring Drivers

ਡਰਾਈਵਰਾਂ ਦੀ ਲੋੜ ਹੈ



Limited availability
Team or Solo
36-38 CPM
$1900 starting to Midwest
$300 quarterly driver safety bonus
$50 dot inspection bonus
$1000 sign in bonus (1 year)

Brand New Trucks & Trailers

Please Contact
Ph: (916) 833-5022

6-9



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ‘ਆਪ’ ਵਲੋਂ ‘ਪੰਜਾਬ ਮਿਸ਼ਨ’ ਲਈ ਪਿੜ ਬੰਨ੍ਹਣ ਦੀ ਤਿਆਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀ ਪਰ ਪਾਰਟੀ ਨੇ ਇਨ੍ਹਾਂ ਚੋਣਾਂ ਦੇ ਬਹਾਨੇ ‘ਮਿਸ਼ਨ 2017’ ਸ਼ੁਰੂ ਕਰ ਦਿੱਤਾ ਹੈ। ਪਾਰਟੀ ਆਗੂਆਂ ਨੇ ਸਾਫ਼-ਸੁਥਰੇ ਅਕਸ ਵਾਲੇ ਆਜ਼ਾਦ ਉਮੀਦਵਾਰਾਂ ਨਾਲ ਸੰਪਰਕ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਦੇ ਆਗੂ ਉਨ੍ਹਾਂ ਉਮੀਦਵਾਰਾਂ ਦੀ ਭਾਲ ਵਿਚ ਲੱਗ ਗਏ ਹਨ ਜਿਹੜੇ ਇਸ ਦੇ ‘ਮਿਸ਼ਨ 2017’ ਦੇ ਸਿਪਾਹੀ ਬਣ ਸਕਦੇ ਹਨ। ‘ਆਪ’ ਨੇ 25 ਫਰਵਰੀ ਤੋਂ ਸੂਬੇ ਵਿਚ ਲੋਕ ਚੇਤਨਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਇਸ ਤਹਿਤ ‘ਹਾਲ ਪੰਜਾਬ ਦਾ’ ਤੇ ‘ਦਰਦ ਪੰਜਾਬ ਦਾ’ ਦੇ ਵਿਸ਼ਿਆਂ ਹੇਠ ਚੇਤਨਾ ਯਾਤਰਾ, ਰੈਲੀਆਂ ਤੇ ਸੈਮੀਨਾਰਾਂ ਦੀ ਲੜੀ ਚਲਾਈ ਗਈ ਹੈ।

ਇਸ ਤੋਂ ਇਲਾਵਾ ਪਾਰਟੀ ਦੀ ਹਰਿਆਣਾ ਯੂਨਿਟ ਨੇ ਸੂਬੇ ਵਿਚ ‘ਜੈ ਕਿਸਾਨ ਅਭਿਆਨ’ ਦੀ ਸ਼ੁਰੂਆਤ ਕੀਤੀ ਹੈ। ਇਹ ਅਭਿਆਨ ਕੇਂਦਰ ਸਰਕਾਰ ਦੇ ਭੂਮੀ ਗ੍ਰਹਿਣ ਆਰਡੀਨੈਂਸ ਵਿਰੁਧ ਸ਼ੁਰੂ ਕੀਤਾ ਗਿਆ ਹੈ। ਪਾਰਟੀ ਵਲੋਂ ਦੋਵਾਂ ਗੁਆਂਢੀ ਸੂਬਿਆਂ ਵਿਚ ਸਥਾਨਕ ਮੁੱਦਿਆਂ ਨੂੰ ਛੋਹਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਨੇ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਦਿੱਲੀ ਵਾਂਗ ਸਿਆਸੀ ਸੁਨਾਮੀ ਲਿਆਉਣ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਹੈ ਕਿ ਕਾਂਗਰਸ ਦੇ ਕਈ ਸਥਾਨਕ ਵੱਡੇ ਆਗੂ ਉਨ੍ਹਾਂ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਤਰਲੋਮੱਛੀ ਹੋ ਰਹੇ ਹਨ। ਕਈ ਸਿਆਸੀ ਧਿਰਾਂ ਵੀ ‘ਆਪ’ ਵਿਚ ਰਲੇਵੇਂ ਦੀਆਂ ਚਾਹਵਾਨ ਹਨ।



ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਅਗਲੀਆਂ ਚੋਣਾਂ ਦੌਰਾਨ ਅਕਾਲੀ ਦਲ-ਭਾਜਪਾ ਸਰਕਾਰ ਦਾ ਭੋਗ ਪੈ ਜਾਵੇਗਾ। ਰਾਜ ਵਿਚ ਕਾਂਗਰਸ ਦਾ ਤਕਰੀਬਨ ਸਫਾਇਆ ਹੋ ਚੁੱਕਾ ਹੈ। ਕਾਂਗਰਸ ਦੇ ਕਈ ਵੱਡੇ ਆਗੂ ‘ਆਪ’ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਕੋਲ ਪਹੁੰਚ ਕਰ ਰਹੇ ਹਨ। ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿਚ ਨਾਕਾਮ ਰਹੀ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ ਸਮੇਤ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੀਆਂ ਅਦਾਇਗੀਆਂ ਦੇਣ ਤੋਂ ਵੀ ਸਰਕਾਰ ਹੱਥ ਖੜ੍ਹੇ ਕਰ ਰਹੀ ਹੈ। ਨਸ਼ਿਆਂ ਨੇ ਰਾਜ ਦਾ ਸੱਤਿਆਨਾਸ ਕਰ ਦਿੱਤਾ ਹੈ ਤੇ ਸਰਕਾਰ ਵਿਚ ਪਰਿਵਾਰਵਾਦ ਤੇ ਧਨਾਢ ਲਾਬੀ ਕਾਬਜ਼ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜਤਿੰਦਰ ਮੋਦਗਿਲ, ਬਾਦਲਾਂ ਵਲੋਂ ਨਿੱਜੀ ਹਿਤਾਂ ਲਈ ਰਾਜ ਦੇ ਸਰਮਾਏ ਦੀ ਕੀਤੀ ਜਾ ਰਹੀ ਲੁੱਟ ਦੇ ਅੰਕੜੇ ਇਕੱਠੇ ਕਰਨਗੇ ਤੇ ਉਸ ਤੋਂ ਬਾਅਦ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕੀਤਾ ਜਾਵੇਗਾ। ਸੰਗਤ ਦਰਸ਼ਨਾਂ ਨੂੰ ਧੋਖਾਧੜੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਰਾਹੀਂ ਆਪਣੇ ਸਿਆਸੀ ਚਹੇਤਿਆਂ ਨੂੰ ਸਰਕਾਰੀ ਬਜਟ ਲੁਟਾ ਰਹੇ ਹਨ। ਸ਼ਹਿਰੀ ਚੋਣਾਂ ਦਾ ਬਾਈਕਾਟ ਨਾ ਕਰਨ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਵਰਕਰਾਂ ਨੂੰ ਸਾਫ਼ ਅਕਸ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਕਿਹਾ ਗਿਆ ਹੈ।

### ਮਨਪ੍ਰੀਤ ਤੇ ਬਰਾੜ ਦੀ ‘ਆਪ’ ਵਿਚ ਰਲੇਵੇਂ ਦੀ ਚਰਚਾ

ਆਮ ਆਦਮੀ ਪਾਰਟੀ ਦੀ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਪਿੱਛੋਂ ਪੰਜਾਬ ਵਿਚ ਸਿਆਸੀ ਧਿਰਾਂ ਨਾਲ ਸਬੰਧਤ ਕਈ ਸੀਨੀਅਰ ਆਗੂ ‘ਆਪ’ ਵਿਚ ਰਲੇਵੇਂ ਲਈ ਕਾਹਲੇ ਪੈ ਗਏ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਤੇ ਜਗਮੀਤ ਬਰਾੜ ਵਲੋਂ ਵੀ ‘ਆਪ’ ਵਿਚ ਸ਼ਾਮਲ ਹੋਣ ਦੀ ਚਰਚਾ ਜ਼ੋਰਾਂ ’ਤੇ ਹੈ। ਹਾਲਾਂਕਿ ਪਾਰਟੀ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਨੂੰ ਫਿਲਹਾਲ ਮਨਪ੍ਰੀਤ ਸਿੰਘ ਬਾਦਲ ਦੇ ‘ਆਪ’ ਵਿਚ ਸ਼ਾਮਲ ਹੋਣ ਦੀ ਕੋਈ ਅਰਜ਼ੀ ਨਹੀਂ ਮਿਲੀ ਹੈ। ਜਦੋਂ ਅਰਜ਼ੀ ਮਿਲੇਗੀ ਤਾਂ ਉਸ ਵੇਲੇ ਹੀ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਬਾਰੇ ਵਿਚਾਰਿਆ ਜਾਵੇਗਾ।

ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਜਗਮੀਤ ਬਰਾੜ ਨੇ ਤਾਂ ਭਾਜਪਾ ਵਿਚ ਸ਼ਾਮਲ ਹੋਣ ਲਈ ਕਾਂਗਰਸ ਛੱਡੀ ਸੀ ਤੇ ਫਿਲਹਾਲ ਉਨ੍ਹਾਂ ਵੀ ‘ਆਪ’ ਕੋਲ ਪਹੁੰਚ ਨਹੀਂ ਕੀਤੀ ਗਈ ਹੈ। ਸ੍ਰੀ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਸੇ ਨੂੰ ਮੁੱਖ ਮੰਤਰੀ ਵਜੋਂ ਉਭਾਰ ਕੇ ਚੋਣ ਨਹੀਂ ਲੜੀ ਜਾਵੇਗੀ ਸਗੋਂ ਚੋਣਾਂ ਤੋਂ ਬਾਅਦ ਲੋਕਤੰਤਰ ਢੰਗ ਨਾਲ ਆਗੂ ਦੀ ਚੋਣ ਕੀਤੀ ਜਾਏਗੀ।

### ਅਕਾਲੀਆਂ ਨੇ ਦਿੱਲੀ ਵਿਚ ਭਾਜਪਾ ਨੂੰ ਡੋਬਿਆ

‘ਆਪ’ ਆਗੂ ਸੁੱਚਾ ਸਿੰਘ ਛੋਟੇਪੁਰ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲੀ ਆਗੂਆਂ ਵਲੋਂ ਕੀਤੇ ਪ੍ਰਚਾਰ ਕਰਨ ਉਥੇ ਭਾਜਪਾ ਨੂੰ ਕਰਾਰੀ ਹਾਰ ਮਿਲੀ ਹੈ ਕਿਉਂਕਿ ਉਥੇ 18 ਅਜਿਹੇ ਹਲਕੇ ਸਨ ਜਿਥੇ ਜਿੱਤ-ਹਾਰ ਦਾ ਦਾਰੋਮਦਾਰ ਪੰਜਾਬੀਆਂ ਦੇ ਹੱਥ ਸੀ। ਉਨ੍ਹਾਂ ਕਿਹਾ ਕਿ ਸ. ਬਾਦਲ ਜਿਸ ਹਲਕੇ ਵਿਚ ਚੋਣ ਪ੍ਰਚਾਰ ਕਰਨ ਜਾਂਦੇ ਸਨ, ਉਥੇ ਚਰਚਾ ਛਿੜ ਜਾਂਦੀ ਸੀ ਕਿ ਅਕਾਲੀ ਸਰਕਾਰ ਪਹਿਲਾਂ ਹੀ ਪੰਜਾਬ ਦਾ ਮੰਦਾ ਹਾਲ ਕਰ ਚੁੱਕੀ ਹੈ ਤੇ ਹੁਣ ਇਨ੍ਹਾਂ ਦੇ ਦਿੱਲੀ ਵਿਚ ਪੈਰ ਨਹੀਂ ਲੱਗਣ ਦਿੱਤੇ ਜਾਣਗੇ।

‘ਆਪ’ ਦੀ ਸੀਨੀਅਰ ਆਗੂ ਪ੍ਰੋ. ਬਲਜਿੰਦਰ ਕੌਰ ਦਾ ਕਹਿਣਾ ਹੈ ਕਿ ਦਿੱਲੀ ਚੋਣਾਂ ਵਿਚ ਪਾਰਟੀ ਦੀ ਜਿੱਤ ਤੋਂ ਬਾਅਦ ਲੋਕ ‘ਆਪ’ ਵੱਲ ਜ਼ਿਆਦਾ ਖਿੱਚੇ ਗਏ ਹਨ। ਪੰਜਾਬ ਦੇ ਲੋਕ ਖ਼ਰਚੀਲੀਆਂ ਚੋਣਾਂ ਤੇ ਦੂਜੀਆਂ ਰਾਜਸੀ ਪਾਰਟੀਆਂ ਅਕਾਲੀ ਦਲ, ਭਾਜਪਾ, ਕਾਂਗਰਸ ਤੋਂ ਅੱਕ ਚੁੱਕੇ ਹਨ। ਲੋਕ ਚਾਹੁੰਦੇ ਹਨ ਕਿ 2017 ਵਿਚ ਅਜਿਹੀ ਪਾਰਟੀ ਪੰਜਾਬ ਦੀ ਵਾਗਡੋਰ ਸੰਭਾਲੇ ਜਿਹੜੀ ਆਮ ਆਦਮੀ ਦੀ ਗੱਲ ਸੁਣੇ ਤੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢੇ। ਉਨ੍ਹਾਂ ਕਿਹਾ ਕਿ ‘ਮਿਸ਼ਨ 2017’ ਲਈ ਆਮ ਆਦਮੀ ਪਾਰਟੀ ਦਾ ਵਰਕਰ ਜੁਟ ਗਿਆ ਹੈ। ਵਿਧਾਨ ਸਭਾ ਚੋਣਾਂ ਵਿਚ ਪੰਜਾਬ ਨਵਾਂ ਇਤਿਹਾਸ ਲਿਖੇਗਾ।

# ਪੰਜਾਬ ਦੇ ਸਿਆਸੀ ਸਮੀਕਰਨ ਬਦਲਣ ਦੇ ਆਸਾਰ

### ਅਕਾਲੀ ਦਲ ਵਲੋਂ ਭਾਜਪਾ ਵੱਲ ਸਖ਼ਤ ਰੁਖ ਦੇ ਸੰਕੇਤ

**ਤਰਨਤਾਰਨ:** ਪੰਜਾਬ ਵਿਚ ਨਗਰ ਕੌਂਸਲ ਚੋਣਾਂ ਪਿੱਛੋਂ ਪੰਜਾਬ ਦੇ ਸਿਆਸੀ ਸਮੀਕਰਨਾਂ ਵਿਚ ਤਬਦੀਲੀ ਦੇ ਆਸਾਰ ਬਣ ਗਏ ਹਨ। ਜ਼ਿਆਦਾਤਰ ਥਾਂਵਾਂ ’ਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਉਮੀਦਵਾਰ ਇਕ ਦੂਜੇ ਦੇ ਸਾਹਮਣੇ ਆਪੋ-ਆਪਣੀ ਪਾਰਟੀ ਦੇ ਚੋਣ ਨਿਸ਼ਾਨ ’ਤੇ ਚੋਣ ਲੜਨ ਨਾਲ ਦੋਵਾਂ ਪਾਰਟੀਆਂ ਦੇ ਗਠਜੋੜ ਵਿਚ ਤਰੇੜਾਂ ਪੈਣੀਆਂ ਸੁਭਾਵਿਕ ਹਨ। ਨਗਰ ਕੌਂਸਲ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਅਚਾਨਕ ਭਾਜਪਾ ਪ੍ਰਤੀ ਅਪਨਾਇਆ ਗਿਆ ਸਖ਼ਤ ਵਤੀਰਾ ਵੀ ਪੰਜਾਬ ਦੀ ਨਵੀਂ ਰਾਜਨੀਤੀ ਦਾ ਸੰਕੇਤ ਦੇ ਰਿਹਾ ਹੈ।

ਚੋਣਾਂ ਵਿਚ ਤਰਨਤਾਰਨ ਤੇ ਬਟਾਲਾ ਵਿਚ ਅਕਾਲੀ ਦਲ ਤੇ ਭਾਜਪਾ ਵਰਕਰਾਂ ਵਿਚ ਹੋਈ ਖ਼ੂਨੀ ਝੜਪ ਵੀ ਗਠਜੋੜ ਦੀ ਕੰਧ ਵਿਚ ਸੰਨ੍ਹ ਲਾਉਂਦੀ ਦਿਖਾਈ ਦੇ ਰਹੀ ਹੈ। ਪੰਜਾਬ ਭਾਜਪਾ ਯੂਨਿਟ ਨੇ ਵੀ ਚੋਣਾਂ ਵਿਚ ਅਕਾਲੀ ਦਲ ਤੇ ਭਾਜਪਾ ਨਾਲ ਵਿਗੜੇ ਸਬੰਧਾਂ ਤੇ ਭਾਜਪਾ ਆਗੂਆਂ ਉਪਰ ਹੋਏ ਹਮਲੇ ਦੀ ਪੂਰੀ ਖ਼ਬਰ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ, ਰਾਜਨਾਥ ਸਿੰਘ ਤੇ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਭੇਜ ਦਿੱਤੀ ਹੈ।

ਸੂਬੇ ਵਿਚ ਜਿਹੜੀਆਂ ਨਗਰ ਕੌਂਸਲਾਂ ਵਿਚ ਅਕਾਲੀ ਦਲ ਤੇ ਭਾਜਪਾ ਦੇ ਉਮੀਦਵਾਰ ਇਕ-ਦੂਜੇ ਖ਼ਿਲਾਫ ਸਿੱਧੇ ਤੌਰ ’ਤੇ ਚੋਣ ਮੈਦਾਨ ਵਿਚ ਹਨ, ਉਥੇ ਭਾਜਪਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਵੀ ਸਿਰ-ਧੜ ਦੀ ਬਾਜ਼ੀ ਲਗਾ ਕੇ ਆਪਣੀ ਤਾਕਤ ਦਿਖਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਨ੍ਹਾਂ ਚੋਣਾਂ ਵਿਚ ਦੋਵੇਂ ਧਿਰਾਂ ਆਪਣੀ ਵਿਰੋਧੀ ਪਾਰਟੀ ਕਾਂਗਰਸ ਖ਼ਿਲਾਫ ਹਮਲੇ ਕਰਨ ਦੀ ਬਜਾਇ ਇਕ-ਦੂਜੇ ਖ਼ਿਲਾਫ ਦੂਸ਼ਣਬਾਜ਼ੀ ਕਰਕੇ ਤਮਾਸ਼ਾ ਬਣੇ ਰਹੇ। ਪੰਜਾਬ ਸਰਕਾਰ ਵਿਚ ਭਾਜਪਾ ਮੰਤਰੀ ਤੇ ਵਿਧਾਇਕ ਲੰਮੇ ਸਮੇਂ ਤੋਂ ਦੋਸ਼ ਲਗਾ ਰਹੇ ਹਨ ਕਿ ਆਪਣੀ ਸਰਕਾਰ ਹੁੰਦੇ ਹੋਏ ਵੀ ਉਨ੍ਹਾਂ ਨੂੰ ਅਕਾਲੀ ਦਲ ’ਤੇ ਨਿਰਭਰ ਹੋਣਾ ਪੈ ਰਿਹਾ ਹੈ। ਭਾਜਪਾ ਦੇ ਆਗੂਆਂ ਅਨੁਸਾਰ ਸਮੁੱਚਾ ਪੁਲਿਸ ਪ੍ਰਸ਼ਾਸਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕਹਿਣ ਅਨੁਸਾਰ ਚੱਲਦਾ ਹੈ। ਤਾਜ਼ਾ ਘਟਨਾਕ੍ਰਮ ਅਨੁਸਾਰ ਤਰਨਤਾਰਨ ਵਿਚ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਭਰਾ ਰਾਜਾ ਜੋਸ਼ੀ ਉਪਰ ਹੋਏ ਹਮਲੇ ਵਿਚ ਸਥਾਨਕ ਪੁਲਿਸ ਵਲੋਂ ਲਗਾਈ ਗਈ ਧਾਰਾ 307 ਨੂੰ ਹਟਾ ਲਿਆ ਗਿਆ ਹੈ, ਜੋ ਭਾਜਪਾ ਦੀ ਕੋਰ ਕਮੇਟੀ ਦੇ ਫ਼ੈਸਲੇ ਦੇ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਗਠਿਤ ਕੀਤੀ ਗਈ ‘ਸਿਟ’ ਵਲੋਂ ਲਗਾਈ ਗਈ ਸੀ। ਇਸ ਦੇ ਨਾਲ ਹੀ ਬਟਾਲਾ ਵਿਚ ਅਕਾਲੀ ਆਗੂਆਂ ਵਲੋਂ ਜ਼ਖ਼ਮੀ ਕੀਤੇ ਗਏ ਦੋ ਭਾਜਪਾ ਉਮੀਦਵਾਰਾਂ ਦੇ ਮਾਮਲੇ ਨੂੰ ਭਾਜਪਾ ਵਲੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

# ਅਨਿਲ ਜੋਸ਼ੀ ਦੇ ਭਰਾ ਵਲੋਂ ਅਕਾਲੀਆਂ ਖਿਲਾਫ ਹਾਈਕੋਰਟ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੀਨੀਅਰ ਆਗੂ ਤੇ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਸਕੇ ਭਰਾ ਨੇ ਆਪਣੀ ਹੀ ਸਰਕਾਰ ਉਤੇ ਨਾਇਨਸਾਫ਼ੀ ਤੇ ਬੇਰਕੋਸਗੀ ਦੇ ਦੋਸ਼ ਲਾਉਂਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਬੂਹਾ ਖੜਕਾ ਦਿੱਤਾ ਹੈ। ਰਾਜਾ ਜੋਸ਼ੀ ਤਰਨਤਾਰਨ ਦੇ ਹੀ ਵਾਰਡ ਨੰਬਰ 14 ਤੋਂ ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਹੈ ਤੇ ਉਸ ਨੇ ਹਾਈਕੋਰਟ ਕੋਲ ਪਹੁੰਚ ਕਰਦਿਆਂ ਖ਼ੁਦ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਦਾ ਦੋਸ਼ ਲਾਇਆ ਹੈ। ਉਸ ਨੇ ਆਪਣੇ ਵਕੀਲ ਐਨ.ਕੇ. ਬਾਂਕਾ ਰਾਹੀਂ ਹਾਈਕੋਰਟ ਕੋਲੋਂ ਮੰਗ ਕੀਤੀ ਹੈ ਕਿ ਤਰਨਤਾਰਨ ਵਿਚ ਨੀਮ ਫ਼ੌਜੀ ਬਲਾਂ ਦੀ ਤਾਇਨਾਤੀ, ਹਰ ਬੂਥ ਦੀ ਵੀਡੀਓਗ੍ਰਾਫ਼ੀ ਤੇ ਕਿਸੇ ਆਈ.ਏ.ਐਸ. ਜਾਂ ਆਈ.ਪੀ.ਐਸ. ਅਧਿਕਾਰੀ ਨੂੰ ਤਰਨਤਾਰਨ ਵਿਚ ਅਬਜ਼ਰਵਰ ਲਾਇਆ ਜਾਵੇ।



ਦੱਸਣਯੋਗ ਹੈ ਕਿ ਇਨ੍ਹੀਂ ਦਿਨੀਂ ਔਖੇ ਦੌਰ ਵਿਚ ਗੁਜ਼ਰ ਰਹੇ ਅਕਾਲੀ-ਭਾਜਪਾ ਸਬੰਧਾਂ ਦੌਰਾਨ ਇਕ ਸੀਨੀਅਰ ਕੈਬਨਿਟ ਮੰਤਰੀ ਦੇ ਭਰਾ ਵਲੋਂ ਹੀ ਆਪਣੀ ਹੀ ਸਰਕਾਰ ਤੇ ਪੁਲਿਸ ਵਿਵਸਥਾ ਵਿਰੁਧ ਅਦਾਲਤ ਦੀ ਸ਼ਰਨ ਵਿਚ ਚੱਲਿਆ ਜਾਣਾ ਆਪਣੇ ਆਪ ਵਿਚ ਕਾਫ਼ੀ ਮਹੱਤਤਾ ਰੱਖਦਾ ਹੈ। ਮੰਤਰੀ ਅਨਿਲ ਜੋਸ਼ੀ ਖ਼ੁਦ ਇਸ ਹਮਲੇ ਦੀ ਤਕਰੀਬਨ 15 ਮਿੰਟ ਦੀ ਵੀਡੀਓ ਕਲਿੱਪ ਜਨਤਕ ਕਰਕੇ ਇਸ ਨੂੰ ਗਿਣੀ-ਮਿਥੀ ਸਾਜ਼ਿਸ਼ ਕਰਾਰ ਦੇ ਚੁੱਕੇ ਹਨ।

# ਮਿਉਂਸਪਲ ਚੋਣਾਂ: ਮੁੱਦਿਆਂ ਦੀ ਥਾਂ ਤਾਕਤ ਦਿਖਾਉਣ ‘ਚ ਉਲਝੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਇਸ ਵਾਰ ਲੋਕ ਮੁੱਦਿਆਂ ਦੀ ਥਾਂ ਸੂਬੇ ਦੀਆਂ ਸਿਆਸੀ ਧਿਰਾਂ ਲਈ ਤਾਕਤ ਵਿਖਾਉਣ ਦਾ ਜ਼ਰੀਆ ਬਣ ਗਈਆਂ ਹਨ। ਸ਼ਹਿਰਾਂ ਅੰਦਰ ਵੱਡਾ ਪ੍ਰਭਾਵ ਹੋਣ ਦਾ ਦਾਅਵਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦਾ ਭੁਲੇਖਾ ਦੂਰ ਕਰਨ ਲਈ ਅਕਾਲੀ ਦਲ ਵਲੋਂ ਹਰ ਹੀਲਾ ਵਰਤਿਆ ਗਿਆ ਜਦਕਿ ਕਾਂਗਰਸ ਵਿਚ ਕੈਪਟਨ ਤੇ ਬਾਜਵਾ ਨਾਲ ਸਬੰਧਤ ਦੋਵੇਂ ਧਿਰਾਂ ਇਕ ਦੂਜੇ ਨੂੰ ਠੁੱਸ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਣ ਵਿਚ ਉਲਝ ਗਈਆਂ।

ਸੂਬੇ ਦੇ ਵੱਖ-ਵੱਖ ਛੇ ਨਗਰ ਨਿਗਮਾਂ ਵਿਚ 300 ਵਾਰਡ ਹਨ ਜਦਕਿ 123 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿਚ 2061 ਵਾਰਡਾਂ ਦੇ ਇਲਾਵਾ 12,581 ਪਿੰਡ ਹਨ।



ਇਨ੍ਹਾਂ ਪਿੰਡਾਂ ਤੇ ਸ਼ਹਿਰਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰਨ ਲਈ ਸਭ ਤੋਂ ਅਹਿਮ ਰੋਲ ਪੰਚਾਇਤ ਮੈਂਬਰਾਂ ਤੇ ਨਗਰ ਕੌਂਸਲਰਾਂ ਦਾ ਹੋ ਸਕਦਾ ਹੈ ਪਰ ਇਸ ਵਾਰ ਚੋਣਾਂ ਵਿਚ ਆਮ ਲੋਕਾਂ ਦੀ ਥਾਂ ਸਿਆਸੀ ਧਿਰਾਂ ਨਾਲ ਸਬੰਧਤ ਉਮੀਦਵਾਰ ਹੀ ਚੋਣ ਲੜ ਰਹੇ ਹਨ। ਹਰ ਵਾਰ ਪੰਚਾਇਤੀ ਤੇ ਨਗਰ ਕੌਂਸਲ ਚੋਣਾਂ ਜਿੱਤਣ ਲਈ ਸੱਤਾਧਾਰੀ ਪਾਰਟੀਆਂ ਵਲੋਂ ਅਪਨਾਏ ਜਾਂਦੇ ਵੱਖ-ਵੱਖ ਹੱਥਕੰਡਿਆਂ ਕਾਰਨ ਬਹੁਤੇ ਥਾਂਈਂ ਹਰੇਕ ਵਾਰ ਸੱਤਾਧਾਰੀਆਂ ਦੀ ਜਿੱਤ ਦਾ ਰੁਝਾਨ ਬਣ ਚੁੱਕਾ ਹੈ ਤੇ ਨਤੀਜੇ ਵਜੋਂ ਆਮ ਲੋਕ ਲੋਕਤੰਤਰਿਕ ਪ੍ਰਣਾਲੀ ਵਿਚ ਹੋਣ ਵਾਲੀਆਂ ਇਨ੍ਹਾਂ ਚੋਣਾਂ ਨੂੰ ਮਹਿਜ਼ ਇਕ ਖ਼ਾਨਾਪੂਰਤੀ ਸਮਝਣ ਲੱਗ ਪਏ ਹਨ।

ਇਸ ਵਾਰ ਅਕਾਲੀ ਦਲ ਆਪਣੀ ਹੀ ਭਾਈਵਾਲ ਪਾਰਟੀ ਭਾਜਪਾ ਨਾਲ ਬਹੁਤੇ ਥਾਂਈਂ ਉਲਝਿਆ ਰਿਹਾ ਹੈ ਤੇ ਕਾਂਗਰਸ ਵੀ ਸੱਤਾਧਾਰੀਆਂ ਨਾਲ ਦੋ ਹੱਥ ਕਰਨ ਦੀ ਬਜਾਏ ਕੈਪਟਨ ਤੇ ਬਾਜਵਾ ਦੇ ਧੜਿਆਂ ਦੀ ਲੜਾਈ ਨਾਲ ਜੂਝਦੀ ਰਹੀ। ਅਜਿਹੀ ਸਥਿਤੀ ਵਿਚ ਇਸ ਵਾਰ ਆਜ਼ਾਦ ਉਮੀਦਵਾਰਾਂ ਦਾ ਵੱਡਾ ਬੋਲਬਾਲਾ ਹੈ, ਜੋ ਕਹਿਣ ਨੂੰ ਤਾਂ ਕਿਸੇ ਪਾਰਟੀ ਦੇ ਚੋਣ ਨਿਸ਼ਾਨ ’ਤੇ ਨਹੀਂ ਲੜ ਰਹੇ ਪਰ ਅਸਲੀਅਤ ਵਿਚ ਇਹ ਗੱਲ ਜੱਗ ਜ਼ਾਹਿਰ ਹੈ ਕਿ ਇਸ ਵਾਰ ਜ਼ਿਆਦਾਤਰ ਆਜ਼ਾਦ ਉਮੀਦਵਾਰ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨਾਲ ਹੀ ਸਬੰਧ ਰੱਖਣ ਵਾਲੇ ਅਜਿਹੇ ਵਰਕਰ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਨੇ ਆਪਣਾ ਵੱਕਾਰ ਬਚਾਉਣ ਲਈ ਆਪਣੇ ਵਿਰੋਧੀਆਂ ਦੇ ਸਾਹਮਣੇ ਖੜ੍ਹਾ ਕੀਤਾ ਹੋਇਆ ਹੈ।

### ਉਮੀਦਵਾਰਾਂ ਨੇ ਖੁੱਲ੍ਹ ਕੇ ਵਰਤਿਆ ‘ਆਪ’ ਦਾ ਨਾਂ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਨੇ ਭਾਵੇਂ ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਲਈ ਚੋਣਾਂ ਵਿਚ ਹਿੱਸਾ ਨਹੀਂ ਲਿਆ ਪਰ ‘ਆਪ’ ਨੂੰ ਦਿੱਲੀ ਵਿਚ ਮਿਲੇ ਭਰਵੇਂ ਹੁੰਗਾਰੇ ਪਿੱਛੋਂ ਇਸ ਵਾਰ ਕਈ ਉਮੀਦਵਾਰਾਂ ਨੇ ਪਾਰਟੀ ਦਾ ਨਾਂ ਵਰਤ ਕੇ ਵੋਟਾਂ ਮੰਗੀਆਂ। ਦੋਸ਼ੀ ਪਾਏ ਜਾਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ‘ਆਪ’ ਦੇ ਪੰਜਾਬ ਵਿਚ ਚਾਰ ਲੱਖ ਤੋਂ ਵੱਧ ਮੈਂਬਰ ਹਨ ਤੇ ਪਾਰਟੀ ਵਲੋਂ ਇਨ੍ਹਾਂ ਸਾਰੇ ਮੈਂਬਰਾਂ ਦੇ ਪਿਛੋਕੜ ਦੀ ਜਾਂਚ ਪੜਤਾਲ ਨਹੀਂ ਕੀਤੀ ਹੋਈ ਹੈ। ਉਨ੍ਹਾਂ ਆਖਿਆ



‘ਆਪ’ ਦੀ ਸੂਬਾ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਨੇ ਅਜਿਹੇ ਉਮੀਦਵਾਰ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਆਖਿਆ ਕਿ ਪਾਰਟੀ ਹਾਈਕਮਾਨ ਪਹਿਲਾਂ ਹੀ ਸਪਸ਼ਟ ਕਰ ਚੁੱਕੀ ਹੈ ਕਿ ‘ਆਪ’ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ। ਇਸ ਲਈ ਅਜਿਹੇ ਮੌਕੇ ਜੇ ਕੋਈ ਵਿਅਕਤੀ ਪਾਰਟੀ ਦੇ ਨਾਂ ਦੀ ਦੁਰਵਰਤੋਂ ਕਰਦੇ ਹੋਏ ਵੋਟਰਾਂ ਨੂੰ ਗੁਮਰਾਹ ਕਰਦਾ ਹੈ ਜਾਂ ਪਾਰਟੀ ਦੇ ਅਕਸ ਨੂੰ ਨੁਕਸਾਨ ਪਹੁੰਚਾਉਂਦਾ ਹੈ, ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਸ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਹਨ ਤੇ ‘ਆਪ’ ਵਲੋਂ ਅਜਿਹੇ ਮਾਮਲਿਆਂ ਦੀ ਜਾਂਚ ਕਰਵਾਈ ਜਾਵੇਗੀ। ਕਿ ਕਿਸੇ ਵਿਅਕਤੀ ਜਾਂ ਮੈਂਬਰ ਦੇ ਪਿਛੋਕੜ ਦੀ ਉਸ ਵੇਲੇ ਹੀ ਜਾਂਚ ਪੜਤਾਲ ਹੁੰਦੀ ਹੈ ਜਦੋਂ ਪਾਰਟੀ ਵਲੋਂ ਚੋਣ ਲੜਨ ਲਈ ਉਸ ਨੂੰ ਪ੍ਰਵਾਨਗੀ ਪੱਤਰ ਤੇ ਚੋਣ ਨਿਸ਼ਾਨ ਦਿੱਤਾ ਜਾਂਦਾ ਹੈ। ਮਾਝੇ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਕਈ ਥਾਂਵਾਂ ’ਤੇ ਅਜਿਹੇ ਉਮੀਦਵਾਰਾਂ ਕਾਰਨ ਸਖ਼ਤ ਮੁਕਾਬਲਾ ਬਣ ਗਿਆ ਸੀ।

# ਹਜ਼ੂਰ ਸਾਹਿਬ ਦੇ ਗੁੰਬਦਾਂ 'ਤੇ ਚੜ੍ਹਾਏ ਜਾਣਗੇ ਸੋਨੇ ਦੇ ਨਵੇਂ ਪੱਤਰੇ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਸ਼ਾਸਕੀ ਕਮੇਟੀ ਨੇ ਗੁਰਦੁਆਰਾ ਸਾਹਿਬ ਦੇ ਗੁੰਬਦਾਂ 'ਤੇ ਸੋਨੇ ਦੀ ਸੇਵਾ ਕਰਵਾਉਣ ਤੇ 300 ਏ.ਸੀ. ਕਮਰਿਆਂ ਦਾ ਯਾਤਰੀ ਨਿਵਾਸ



ਉਸਾਰਨ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਸੁਪਰਡੈਂਟ ਰਣਜੀਤ ਸਿੰਘ ਚਿਰਾਗੀਆ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗੁੰਬਦ 'ਤੇ ਸੋਨੇ ਦੀ ਸੇਵਾ 19ਵੀਂ ਸਦੀ ਵਿਚ ਹੈਦਰਾਬਾਦ ਦੇ ਨਵਾਬ ਦੇ ਸਮੇਂ ਵਿਚ ਹੋਈ ਸੀ।

ਹੁਣ ਤਕਰੀਬਨ 200 ਸਾਲ ਬਾਅਦ ਗੁੰਬਦ 'ਤੇ ਮੁੜ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਹ ਸੇਵਾ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਲੰਗਰ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਆਖਿਆ ਕਿ ਸੋਨੇ ਦੀ ਸੇਵਾ ਦੇ ਨਾਲ ਨਿਕਾਸ਼ੀ ਤੇ ਮੀਨਾਕਾਰੀ ਦਾ ਕੰਮ ਵੀ ਹੋਵੇਗਾ। ਇਸ ਤੋਂ ਇਲਾਵਾ ਦਸਮੇਸ਼ ਹਸਪਤਾਲ ਨੇੜੇ 300 ਏ.ਸੀ. ਕਮਰਿਆਂ ਵਾਲੇ ਯਾਤਰੀ ਨਿਵਾਸ ਨੂੰ ਮਨਜ਼ੂਰੀ ਦਿੱਤੀ ਹੈ। ਇਸੇ ਤਰ੍ਹਾਂ ਗੁਰਦੁਆਰਾ ਬਾਉਲੀ ਸਾਹਿਬ ਨੇੜੇ ਜ਼ਮੀਨ ਵਿਚ ਮਾਰਕੀਟ ਉਸਾਰੀ ਦੀ ਯੋਜਨਾ ਤੇ ਰੇਹੜੀ ਮਾਰਕੀਟ ਵਿਚ ਵਾਧਾ ਕਰਨ ਦੀ ਯੋਜਨਾ ਨੂੰ ਵੀ ਮਨਜ਼ੂਰ ਕੀਤਾ ਹੈ।

ਇਸ ਦੌਰਾਨ ਸ੍ਰੀ ਚਿਰਾਗੀਆ ਦੇ ਅਹੁਦੇ ਨੂੰ ਪੱਕਾ ਕਰਨ ਤੇ ਸਬੰਧਤ ਸਹੂਲਤਾਂ ਦੇਣ, ਪੱਕੇ ਕੀਤੇ ਮੁਲਾਜ਼ਮਾਂ ਦੀ ਕਾਰਵਾਈ ਦੀ ਪ੍ਰੋੜਤਾ ਕੀਤੀ ਗਈ ਹੈ। ਬੋਰਡ ਦੇ ਮੁਲਾਜ਼ਮਾਂ ਨੂੰ ਤਰੱਕੀ ਦੇਣ ਬਾਰੇ ਤਿਆਰ ਕੀਤੀ ਨੀਤੀ ਦੇ ਖਰੜੇ ਨੂੰ ਵੀ ਪ੍ਰਵਾਨ ਕੀਤਾ ਗਿਆ ਹੈ। ਐਨ.ਆਰ.ਆਈ. ਨਿਵਾਸ ਨੇੜੇ ਇਕ ਅਤਿ ਆਧੁਨਿਕ ਲਾਇਬਰੇਰੀ ਤਿਆਰ ਕਰਨ ਦੀ ਯੋਜਨਾ ਨੂੰ ਵੀ ਹਰੀ ਝੰਡੀ ਦਿੱਤੀ ਗਈ ਹੈ।

## ਜੰਮੂ ਕਸ਼ਮੀਰ 'ਚ ਪੀ.ਡੀ.ਪੀ. ਤੇ ਭਾਜਪਾ ਦੀ ਸਾਂਝੀ ਸਰਕਾਰ ਲਈ ਰਾਹ ਸਾਫ਼

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਤੇ ਭਾਜਪਾ ਦੀ ਸਾਂਝੀ ਸਰਕਾਰ ਬਣਨ ਲਈ ਰਸਤਾ ਸਾਫ ਹੋ ਗਿਆ ਹੈ ਤੇ ਸੰਭਾਵਨਾ ਹੈ ਕਿ ਅਗਲੇ ਹਫਤੇ ਤੱਕ ਸਰਕਾਰ ਬਣ ਜਾਵੇਗੀ। ਦੋਹਾਂ ਧਿਰਾਂ ਨੇ ਘੱਟੋ-ਘੱਟ ਸਾਂਝੇ ਪ੍ਰੋਗਰਾਮ 'ਤੇ ਸਹਿਮਤੀ ਜਤਾ ਦਿੱਤੀ ਹੈ ਜਿਨ੍ਹਾਂ ਵਿਚ ਵਿਵਾਦਗ੍ਰਸਤ ਧਾਰਾ 370 ਤੇ ਅਫਸਪਾ ਸ਼ਾਮਲ ਹਨ।

ਸੂਤਰਾਂ ਅਨੁਸਾਰ ਪੀ.ਡੀ.ਪੀ. ਪੈਟਰਨ ਮੁਫਤੀ ਮੁਹੰਮਦ ਸਈਦ ਅਗਲੇ ਛੇ ਸਾਲਾਂ ਲਈ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਹੋਣਗੇ। ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਵਿਚ ਪੀ.ਡੀ.ਪੀ. ਦੇ 28 ਵਿਧਾਇਕ ਹਨ। ਕੁੱਲ 87 ਮੈਂਬਰਾਂ ਦੀ ਇਸ ਵਿਧਾਨ ਸਭਾ ਵਿਚ ਭਾਜਪਾ ਵਿਚ ਸਾਂਝੇ ਘੱਟੋ-ਘੱਟ ਪ੍ਰੋਗਰਾਮ ਬਾਰੇ ਸਹਿਮਤੀ ਕਿਸ ਤਰ੍ਹਾਂ ਹੋਈ, ਇਸ ਬਾਰੇ ਵਧੇਰੇ ਵੇਰਵੇ ਨਹੀਂ ਦਿੱਤੇ ਗਏ।

## ਅਲ-ਕਾਇਦਾ ਦਾ ਨਾਂ ਬਦਲਣਾ ਚਾਹੁੰਦਾ ਸੀ ਲਾਦਿਨ: ਅਮਰੀਕਾ

**ਵਾਸ਼ਿੰਗਟਨ:** ਵਾਈਟ ਹਾਊਸ ਦੇ ਪ੍ਰੈਸ ਸਕੱਤਰ ਨੇ ਕਿਹਾ ਕਿ ਅੰਤਰਰਾਸ਼ਟਰੀ ਅਤਿਵਾਦੀ ਸੰਗਠਨ ਅਲ-ਕਾਇਦਾ ਦੀ ਪਛਾਣ ਤੋਂ ਨਿਰਾਸ਼ ਓਸਾਮਾ ਬਿਨ ਲਾਦਿਨ ਇਸ ਦਾ ਨਾਂ ਬਦਲਣਾ ਚਾਹੁੰਦਾ ਸੀ। ਲਾਦਿਨ ਦੀ ਇਸ ਤਰ੍ਹਾਂ ਕਰਨ ਦੀ ਵਜ੍ਹਾ ਇਸ ਸੰਗਠਨ ਨੂੰ ਇਸਲਾਮ ਦੇ ਹੋਰ ਕਰੀਬੀ ਦੇ ਤੌਰ 'ਤੇ ਪੇਸ਼ ਕਰਨਾ ਸੀ। ਪਾਕਿਸਤਾਨ ਵਿਚ ਅਮਰੀਕੀ ਸੁਰੱਖਿਆ ਬਲ ਨੇ ਇਕ ਵਿਸ਼ੇਸ਼ ਮੁਹਿੰਮ ਵਿਚ ਲਾਦਿਨ ਨੂੰ ਮਾਰ ਦਿੱਤਾ ਸੀ। ਮਿਸਟਰ ਜੋਸ਼ ਅਰਨੇਸਟ ਨੇ ਅਲ-ਕਾਇਦਾ ਲੀਡਰ ਦੇ ਐਬਟਾਬਾਦ ਟਿਕਾਣੇ ਤੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ 'ਤੇ ਇਹ ਗੱਲ ਕਹੀ ਹੈ।


"Ask us about the...
AARP® Auto Insurance Program from The Hartford."

NOW AVAILABLE IN YOUR AREA!

Find out more about the Special Benefits of The Hartford's Program for AARP members and our Competitive Rates!



Satwant Singh

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
-Satwant Singh!

Call today for your FREE, no-obligation quote:
+1-408-771-2438
Satwant Singh: 2774 Aborn Rd, San Jose, CA 95121
satwant@satwantins.com
www.satwantins.com
CA License# 0H11256

AARP | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent. 107792 2nd Rev



Golden State Realty

9912 Kapalua Ln., Elk Grove, CA 95624



Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com

Serving all over California



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL · EQUAL HOUSING OPPORTUNITY · REALTOR®



Gurbans Singh Gill
Realtor
DRE#01227109

15 Years Experiance in Real Estate
e-mail: gurbans@gotracy.com

Fax: 209-836-0706
www.gotracy.com

Gurbans Gill
Office 209-835-4545
Direct 209-815-1869

1486 W 11th Street, Tracy, CA 95376

# ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਗਈ ਕੇਂਦਰ ਸਰਕਾਰ

## ਫਸਲਾਂ ਦੇ ਭਾਅ ਵਿਚ 50 ਫੀਸਦੀ ਵਾਧੇ ਤੋਂ ਦਿੱਤਾ ਕੋਰਾ ਜਵਾਬ

**ਨਵੀਂ ਦਿੱਲੀ:** ਕੇਂਦਰ ਵਿਚਲੀ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਚੋਣਾਂ ਵਿਚ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਭੱਜਦਿਆਂ ਸੁਪਰੀਮ ਕੋਰਟ ਵਿਚ ਆਖ ਦਿੱਤਾ ਹੈ ਕਿ ਉਹ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 50 ਫੀਸਦੀ ਵਾਧਾ ਨਹੀਂ ਕਰ ਸਕਦੀ ਕਿਉਂਕਿ ਅਜਿਹਾ ਕਰਨਾ ਮਾਰਕੀਟ ਲਈ ਘਾਤਕ ਹੋਵੇਗਾ। ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ ਉਹ ਸੱਤਾ ਵਿਚ ਆਉਣ 'ਤੇ ਫਸਲਾਂ ਦੇ ਖਰੀਦ ਮੁੱਲ ਵਿਚ 50 ਫੀਸਦੀ ਵਾਧਾ ਕਰੇਗੀ ਪਰ ਹੁਣ ਉਹ ਇਸ ਤੋਂ ਸਾਫ ਮੁੱਕਰ ਗਈ ਹੈ।

ਚੋਣ ਵਾਅਦੇ ਲਾਗੂ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਇਕ ਜਨਹਿੱਤ ਪਟੀਸ਼ਨ ਪਾਈ ਗਈ ਹੈ ਤੇ ਉਸ ਉਪਰ ਅਦਾਲਤ ਨੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਸੀ। ਉਸ ਨੋਟਿਸ ਦੇ ਜੁਆਬ ਵਿਚ ਸਰਕਾਰ ਨੇ ਹਲਫਨਾਮਾ ਦਾਖਲ ਕਰਕੇ ਕਿਸਾਨਾਂ ਨੂੰ ਕੀਤੇ ਵਾਅਦੇ ਨੂੰ ਲਾਗੂ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਕੇਂਦਰ ਨੇ ਕਿਹਾ ਹੈ ਕਿ ਖੇਤੀਬਾੜੀ ਲਾਗਤ ਤੇ ਮੁੱਲ ਕਮਿਸ਼ਨ ਨੇ 22 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਤੇ ਗੰਨੇ ਲਈ ਵਾਜਬ ਮੁੱਲ ਦੀ ਸਿਫਾਰਸ਼ ਕੀਤੀ ਹੋਈ ਹੈ। ਸਰਕਾਰ ਨੇ ਹਲਫਨਾਮੇ ਵਿਚ ਕਿਹਾ ਕਿ ਜਿਨਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 50 ਫੀਸਦੀ ਵਾਧੇ ਨਾਲ ਮਾਰਕੀਟ ਵਿਚ ਉਥਲ-ਪੁਥਲ ਹੋ ਜਾਵੇਗੀ। ਪਟੀਸ਼ਨਰ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਨੇ ਕਿਹਾ ਹੈ ਕਿ ਭਾਜਪਾ ਨੇ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਉਹ ਸੱਤਾ ਵਿਚ ਆਉਣ ਮਗਰੋਂ ਕਿਸਾਨਾਂ ਬਾਰੇ ਕੌਮੀ ਕਮਿਸ਼ਨ ਤੇ ਕੌਮੀ ਖੇਤੀ ਨੀਤੀ ਲਾਗੂ ਕਰੇਗੀ। ਐਸੋਸੀਏਸ਼ਨ ਵਲੋਂ 2011 ਵਿਚ ਪਾਈ ਇਕ ਜਨਹਿੱਤ ਪਟੀਸ਼ਨ ਵਿਚ ਕਿਹਾ ਸੀ ਕਿ ਫਸਲਾਂ ਦੇ ਪੂਰੇ ਮੁੱਲ ਨਾ ਮਿਲਣ ਕਾਰਨ ਮਹਾਂਰਾਸ਼ਟਰ ਤੇ ਆਂਧਰਾ ਪ੍ਰਦੇਸ਼ ਵਿਚ ਕਿਸਾਨ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਭਾਜਪਾ ਨੇ ਪਿਛਲੇ ਸਾਲ ਲੋਕ ਸਭਾ ਚੋਣਾਂ ਦੌਰਾਨ ਆਪਣੇ ਮੈਨੀਫੈਸਟੋ ਵਿਚ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਫਸਲਾਂ ਉਪਰ ਆਉਂਦੇ ਸਮੁੱਚੇ ਖਰਚ ਵਿਚ 50 ਫੀਸਦੀ ਮੁਨਾਫਾ ਜੋੜ ਕੇ ਭਾਅ ਦਿੱਤੇ ਜਾਇਆ ਕਰਨਗੇ। ਮੌਜੂਦਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਚੋਣ ਪ੍ਰਚਾਰ ਵਿਚ ਰੈਲੀਆਂ ਨੂੰ ਸੰਬੋਧਨ ਕਰਦਿਆਂ ਅਕਸਰ 50 ਫੀਸਦੀ ਮੁਨਾਫੇ ਦੀ ਗੱਲ ਕਹਿ ਕੇ ਕਿਸਾਨਾਂ ਦੀਆਂ ਤਾੜੀਆਂ ਵਜਾਇਆ ਕਰਦੇ ਸਨ।

## ਅਨੰਦਪੁਰ ਸਾਹਿਬ-ਤਲਵੰਡੀ ਸਾਬੋ-ਨਾਂਦੇੜ ਮਾਰਗ ਨੂੰ ਕੌਮੀ ਹਾਈਵੇ ਪ੍ਰਾਜੈਕਟ ਐਲਾਨੇਗਾ ਕੇਂਦਰ

**ਨਵੀਂ ਦਿੱਲੀ:** ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਮੰਤਰਾਲਾ ਸ੍ਰੀ ਅਨੰਦਪੁਰ ਸਾਹਿਬ-ਤਲਵੰਡੀ ਸਾਬੋ-ਨਾਂਦੇੜ ਇਤਿਹਾਸਕ ਮਾਰਗ ਨੂੰ ਛੇਤੀ ਹੀ 'ਕੌਮੀ ਹਾਈਵੇ ਪ੍ਰਾਜੈਕਟ' ਐਲਾਨਣ ਬਾਰੇ ਨੋਟੀਫਿਕੇਸ਼ਨ ਜਾਰੀ ਕਰੇਗਾ ਤੇ ਇਸ ਮਾਰਗ ਨੂੰ ਚਹੁੰ-ਮਾਰਗੀ ਕਰਨ ਵਾਸਤੇ ਸਮੁੱਚਾ ਖਰਚਾ ਕੇਂਦਰ ਸਰਕਾਰ ਹੀ ਸਹਿਣ ਕਰੇਗੀ। ਇਸ ਤੋਂ ਪਹਿਲਾਂ ਸ. ਬਾਦਲ ਨੇ ਸ੍ਰੀ ਗਡਕਰੀ ਨਾਲ ਵਿਚਾਰ-ਚਰਚਾ ਦੌਰਾਨ ਦੱਸਿਆ ਕਿ ਇਸ ਮਾਰਗ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਹੈ ਕਿਉਂਕਿ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਹੁੰਦੇ ਹੋਏ ਤਖ਼ਤ ਸ੍ਰੀ ਨਾਂਦੇੜ ਸਾਹਿਬ ਵਿਖੇ ਇਸ ਮਾਰਗ ਰਾਹੀਂ ਪਹੁੰਚੇ ਸਨ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਇਸ ਮਾਰਗ ਦੀ ਕੁਲ ਲੰਬਾਈ 3080 ਕਿਲੋਮੀਟਰ ਹੈ ਤੇ ਇਹ ਮਾਰਗ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਵਿਚੋਂ ਗੁਜ਼ਰਦਾ ਹੈ। ਸ. ਬਾਦਲ ਨੇ ਇਹ ਵੀ ਦੱਸਿਆ ਕਿ 3080 ਕਿਲੋਮੀਟਰ ਵਾਲੇ ਇਸ ਮਾਰਗ ਵਿਚੋਂ 1305 ਕਿਲੋਮੀਟਰ ਸੜਕ ਪਹਿਲਾਂ ਹੀ ਚਾਰ ਮਾਰਗੀ ਬਣ ਗਈ ਹੈ ਜਦਕਿ ਬਾਕੀ 1775 ਕਿਲੋਮੀਟਰ ਸੜਕ ਨੂੰ ਚਾਰ ਮਾਰਗੀ ਬਣਾਉਣਾ ਅਜੇ ਬਾਕੀ ਹੈ। ਇਸ ਸਮੁੱਚੇ ਮਾਰਗ ਦੇ ਚਾਰ ਮਾਰਗੀ ਬਣਨ ਨਾਲ ਲੱਖਾਂ ਸ਼ਰਧਾਲੂਆਂ ਨੂੰ ਫਾਇਦਾ ਹੋਵੇਗਾ ਤੇ ਉਹ ਬਿਨਾਂ ਕਿਸੇ ਅੜਚਣ ਦੇ ਤਖ਼ਤ ਸ੍ਰੀ ਨਾਂਦੇੜ ਸਾਹਿਬ ਤੋਂ ਇਲਾਵਾ ਇਸ ਮਾਰਗ 'ਤੇ ਸਥਿਤ ਇਤਿਹਾਸਕ ਮਹੱਤਤਾ ਵਾਲੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਜਾ ਕੇ ਦਰਸ਼ਨ ਕਰ ਸਕਣਗੇ।

# ਪੰਜਾਬ ਨੂੰ ਕ੍ਰਿਸ਼ੀ ਕਰਮਨ ਪੁਰਸਕਾਰ



**ਸ੍ਰੀਗੰਗਾਨਗਰ:** ਦੇਸ਼ ਨੂੰ ਅਨਾਜ ਦੇ ਖੇਤਰ ਵਿਚ ਆਤਮ ਨਿਰਭਰ ਬਣਾਉਣ ਲਈ ਪੰਜਾਬ ਵਲੋਂ ਪਾਏ ਅਹਿਮ ਯੋਗਦਾਨ ਬਦਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕ੍ਰਿਸ਼ੀ ਕਰਮਨ ਪੁਰਸਕਾਰ ਨਾਲ ਸਨਮਾਨਤ ਕੀਤਾ। ਇਸ ਸਨਮਾਨ ਵਿਚ ਪੰਜਾਬ ਨੂੰ ਪੰਜ ਕਰੋੜ ਰੁਪਏ ਦੀ ਰਾਸ਼ੀ ਵੀ ਮਿਲੀ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਸੂਬਾ ਸਰਕਾਰ ਦਾ ਹੌਸਲਾ ਵੀ ਵਧਾਇਆ। ਉਨ੍ਹਾਂ ਸ. ਬਾਦਲ ਨੂੰ ਵਧਾਈ ਦਿੰਦਿਆਂ ਕਿਸਾਨੀ ਸਬੰਧੀ ਹੋਰ ਢੁੱਕਵੇ ਕਦਮ ਚੁੱਕਣ ਲਈ ਵੀ ਪ੍ਰੇਰਿਆ। ਸ. ਪ੍ਰਕਾਸ਼ ਸਿੰਘ ਬਾਦਲ ਨੇ ਮਿਲੇ ਸਨਮਾਨ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀਆਂ ਨੇ ਦੇਸ਼ ਦੀ ਹਰ ਲੋੜ ਵਿਚ ਹਮੇਸ਼ਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

# ਓਬਾਮਾ ਵਲੋਂ ਮੋਦੀ ਦੇ ਧਰਮ ਨਿਰਪੱਖਤਾ ਬਾਰੇ ਬਿਆਨ ਦੀ ਸ਼ਲਾਘਾ

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਧਰਮ 'ਤੇ ਆਧਾਰਤ ਹਿੰਸਕ ਘਟਨਾਵਾਂ ਦੀ ਨਿਖੇਧੀ ਕਰਨ ਬਾਰੇ ਬਿਆਨ ਦੀ ਸ਼ਲਾਘਾ ਕੀਤੀ ਹੈ। ਸ੍ਰੀ ਮੋਦੀ ਨੇ ਇਹ ਵੀ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਸਰਕਾਰ ਵਲੋਂ ਸਾਰੇ ਧਰਮਾਂ ਦਾ ਸਨਮਾਨ ਕੀਤਾ ਜਾਵੇਗਾ।

ਵ੍ਹਾਈਟ ਹਾਊਸ ਵਲੋਂ ਮੋਦੀ ਦੀ ਸ਼ਲਾਘਾ ਬਾਰੇ ਬਿਆਨ ਵੈਬਸਾਈਟ 'ਤੇ ਪੋਸਟ ਕੀਤਾ ਗਿਆ। ਇਹ ਵੈਬਸਾਈਟ ਨਿਊ ਯਾਰਕ ਸਥਿਤ 'ਸਿੱਖ ਫਾਰ ਜਸਟਿਸ' ਸੰਸਥਾ ਵਲੋਂ ਲਾਂਚ ਕੀਤਾ ਗਿਆ ਹੈ। ਇਸ ਸੰਸਥਾ ਨੇ ਬਰਾਕ ਓਬਾਮਾ ਦੇ ਭਾਰਤ ਦੌਰੇ ਤੋਂ ਪਹਿਲਾਂ ਆਨਲਾਈਨ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਸ੍ਰੀ ਓਬਾਮਾ ਭਾਰਤ ਦੌਰੇ ਦੌਰਾਨ ਦਿੱਲੀ ਦੰਗਿਆਂ ਦਾ ਮੁੱਦਾ ਸ੍ਰੀ ਮੋਦੀ ਕੋਲ ਉਠਾਉਣ। ਇਸ ਪਟੀਸ਼ਨ 'ਤੇ ਇਕ ਲੱਖ 25 ਹਜ਼ਾਰ ਵਿਅਕਤੀਆਂ ਨੇ ਹਸਤਾਖਰ ਕੀਤੇ ਸਨ। ਵ੍ਹਾਈਟ ਹਾਊਸ ਨੇ ਇਕ ਮਹੀਨੇ ਦੇ ਅੰਦਰ ਇਸ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਸਭ ਤੋਂ ਪਹਿਲਾਂ ਹਸਤਾਖਰ ਕਰਨ ਵਾਲਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸ੍ਰੀ ਓਬਾਮਾ ਨੇ 27 ਜਨਵਰੀ ਨੂੰ ਨਵੀਂ ਦਿੱਲੀ ਦੇ ਸ੍ਰੀ ਫੋਰਟ ਆਡੀਟੋਰੀਅਮ ਵਿਚ ਧਾਰਮਿਕ ਆਜ਼ਾਦੀ ਤੇ ਸਹਿਣਸ਼ੀਲਤਾ ਮੁੱਦੇ ਬਾਰੇ ਭਾਸ਼ਣ ਦਿੱਤਾ ਸੀ।

ਇਸੇ ਦੌਰਾਨ 'ਸਿੱਖ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਪਟੀਸ਼ਨ ਬਾਰੇ ਵ੍ਹਾਈਟ ਹਾਊਸ ਵਲੋਂ ਦਿੱਤੀ ਗਈ ਪ੍ਰਤੀਕਿਰਿਆ ਸ੍ਰੀ ਮੋਦੀ ਵਾਸਤੇ ਇਕ ਯਾਦ ਪੱਤਰ ਵਾਂਗ ਹੈ ਜਿਸ ਵਿਚ ਕਿਹਾ ਗਿਆ ਕਿ ਭਾਰਤ ਦੀ ਤਰੱਕੀ ਤਾਂ ਹੀ ਸੰਭਵ ਹੈ ਜੇਕਰ ਸਾਰੇ ਧਰਮਾਂ ਨੂੰ ਸਮਾਨਤਾ ਤੇ ਆਜ਼ਾਦੀ ਦਾ ਅਧਿਕਾਰ ਦਿੱਤਾ ਜਾਵੇ।

# ਭਾਰਤ ਵਿਚ ਸਵਾਈਨ ਫਲੂ ਦਾ ਕਹਿਰ ਜਾਰੀ

**ਨਵੀਂ ਦਿੱਲੀ:** ਦੇਸ਼ ਵਿਚ ਸਵਾਈਨ ਫਲੂ ਦਾ ਕਹਿਰ ਵਧਦਾ ਜਾ ਰਿਹਾ ਹੈ। ਇਸ ਫਲੂ ਕਾਰਨ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ 833 ਹੋ ਗਈ ਹੈ ਜਦਕਿ ਕੁੱਲ 14,000 ਜਣੇ ਐਚ1-ਐਨ1 ਵਾਇਰਸ ਤੋਂ ਪੀੜਤ ਹਨ। ਪੰਜਾਬ ਵਿਚ ਸਵਾਈਨ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ 33 ਜਦਕਿ ਹਰਿਆਣਾ ਵਿਚ ਇਸ ਸਾਲ ਇਹ ਗਿਣਤੀ 20 ਹੋ ਗਈ ਹੈ। ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ 22 ਫਰਵਰੀ ਤੱਕ ਸਵਾਈਨ ਫਲੂ ਨਾਲ ਦੇਸ਼ ਵਿਚ 833 ਮੌਤਾਂ ਹੋ ਗਈਆਂ ਜਦਕਿ ਸਵਾਈਨ ਫਲੂ ਦੇ ਮਰੀਜ਼ਾਂ ਦੀ ਕੁੱਲ ਗਿਣਤੀ 14,484 ਹੋ ਗਈ ਹੈ। ਸਵਾਈਨ ਫਲੂ ਨਾਲ ਸਭ ਤੋਂ ਜ਼ਿਆਦਾ ਮੌਤਾਂ ਰਾਜਸਥਾਨ ਵਿਚ ਹੋਈਆਂ ਹਨ। ਰਾਜਸਥਾਨ ਵਿਚ ਮੌਤਾਂ ਦੀ ਗਿਣਤੀ 214, ਜਦਕਿ ਗੁਜਰਾਤ ਵਿਚ 207 ਹੋ ਗਈ ਹੈ। ਪੰਜਾਬ ਵਿਚ 140 ਵਿਅਕਤੀ ਸਵਾਈਨ ਫਲੂ ਤੋਂ ਪੀੜਤ ਹਨ। ਹਾਲਾਤ ਦੀ ਗੰਭੀਰਤਾ ਦੇ ਬਾਵਜੂਦ ਦੇਰ ਨਾਲ ਜਾਗੀ ਕੇਂਦਰ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ।

ਪੰਜਾਬ ਵਿਚ ਮੌਤ ਦਰ 33.3 ਫੀਸਦੀ ਹੈ ਤੇ ਇਹ ਦੇਸ਼ ਵਿਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਬਹੁਤ ਹੈ। ਸਵਾਈਨ ਫਲੂ ਬਾਰੇ ਦੇਸ਼ ਭਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਕੇਂਦਰੀ ਕੈਬਨਿਟ ਸਕੱਤਰ ਅਜੀਤ ਸੇਠ ਨੇ ਰਾਜਾਂ ਦੇ ਮੁੱਖ ਸਕੱਤਰਾਂ ਨਾਲ ਵੀਡੀਓ ਕਾਨਫਰੰਸ ਕੀਤੀ। ਹੈਰਾਨੀ ਦੀ ਗੱਲ ਹੈ ਕਿ ਇਸ ਕਾਨਫਰੰਸ ਵਿਚ ਕਈ ਰਾਜਾਂ ਸਣੇ ਪੰਜਾਬ ਵੀ ਗਾਇਬ ਸੀ ਜਦਕਿ ਰਾਜ ਦੇ ਹਾਲਾਤ ਇਸ ਮਾਮਲੇ ਵਿਚ ਬਹੁਤ ਚੰਗੇ ਨਹੀਂ।

ਪੰਜਾਬ ਸਿਹਤ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਵਿੰਨੀ ਮਹਾਜਨ ਨੇ ਇਸ ਕਾਨਫਰੰਸ ਨਾਲ ਨਾ ਜੁੜਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮੁੱਖ ਸਕੱਤਰ ਕਿਧਰੇ ਗਏ ਹੋਏ ਸਨ। ਰਾਜ ਵਿਚ ਫਲੂ ਕਾਰਨ ਮੌਤਾਂ ਦੀ ਗਿਣਤੀ ਵਧਣ ਬਾਰੇ ਉਨ੍ਹਾਂ ਸਪਸ਼ਟ ਜੁਆਬ ਦੇਣ ਦੀ ਥਾਂ ਕਿਹਾ ਕਿ ਇਸ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ। ਇਹ ਫਲੂ ਰਾਜ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਕੇਂਦਰੀ ਕੈਬਨਿਟ ਸਕੱਤਰ ਅਜੀਤ ਸੇਠ ਨੇ ਕੌਮੀ ਸੰਕਟ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੇਸ਼ ਵਿਚ ਸਵਾਈਨ ਫਲੂ ਕਾਰਨ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਵੀਡੀਓ ਕਾਨਫਰੰਸ ਰਾਹੀਂ ਰਾਜਾਂ ਦੇ ਡਰੱਗ



ਕੰਟਰੋਲਾਂ ਨੂੰ ਹੁਕਮ ਦਿੱਤਾ ਕਿ ਉਹ ਜ਼ਰੂਰੀ ਦਵਾਈਆਂ ਤੇ ਟੀਕਿਆਂ ਦੀ ਸਪਲਾਈ ਯਕੀਨੀ ਬਣਾਉਣ। ਰਾਜਸਥਾਨ, ਮਹਾਰਾਸ਼ਟਰ, ਮੱਧ ਪ੍ਰਦੇਸ਼, ਤਿਲੰਗਾਨਾ, ਆਂਧਰਾ ਪ੍ਰਦੇਸ਼, ਹਰਿਆਣਾ ਤੇ ਦਿੱਲੀ ਦੇ ਮੁੱਖ ਸਕੱਤਰਾਂ ਨੇ ਸ੍ਰੀ ਸੇਠ ਨੂੰ ਇਸ ਫਲੂ ਨਾਲ ਨਜਿੱਠਣ ਬਾਰੇ ਆਪਣੀਆਂ ਲੋੜਾਂ ਦੱਸੀਆਂ। ਹਰਿਆਣਾ ਤੇ ਮਹਾਰਾਸ਼ਟਰ ਨੇ ਕੁਝ ਦਵਾਈਆਂ ਦੀ ਮੰਗ ਕੀਤੀ ਹੈ।

# ਜੰਗੀ ਯਾਦਗਾਰ 15 ਅਗਸਤ ਨੂੰ ਕੀਤੀ ਜਾਵੇਗੀ ਸਮਰਪਤ

**ਚੰਡੀਗੜ੍ਹ:** ਅੰਮ੍ਰਿਤਸਰ ਵਿਖੇ ਬਣਾਏ ਜਾ ਰਹੇ ਪੰਜਾਬ ਰਾਜ ਜੰਗੀ ਨਾਇਕ ਯਾਦਗਾਰ-ਕਮ-ਅਜਾਇਬ ਘਰ ਨੂੰ 15 ਅਗਸਤ 2015 ਵਾਲੇ ਦਿਨ ਕੌਮ ਨੂੰ ਸਮਰਪਿਤ ਕੀਤਾ ਜਾਵੇਗਾ। ਇਹ ਸ਼ਾਨਾਂਮੱਤਾ ਪ੍ਰਾਜੈਕਟ 130 ਕਰੋੜ ਰੁਪਏ ਦੀ ਲਾਗਤ ਨਾਲ ਉਸਾਰਿਆ ਜਾ ਰਿਹਾ ਹੈ।

ਇਥੇ ਪੰਜਾਬ ਭਵਨ ਵਿਖੇ ਇਕ ਉਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕ ਨਿਰਮਾਣ ਵਿਭਾਗ ਨੂੰ ਇਸ ਪ੍ਰਾਜੈਕਟ ਦਾ ਨਿਰਮਾਣ ਕਾਰਜ ਨਿਰਧਾਰਤ ਸਮੇਂ ਦੇ ਵਿਚ-ਵਿਚ ਮੁਕੰਮਲ ਕਰਨ ਲਈ ਆਖਿਆ। ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਦੱਸਿਆ ਕਿ ਉਹ ਹਾਲ ਹੀ ਵਿਚ ਕੇਂਦਰੀ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੂੰ ਮਿਲੇ ਹਨ ਤੇ ਉਨ੍ਹਾਂ ਨੂੰ ਇਸ ਯਾਦਗਾਰ-ਕਮ-ਅਜਾਇਬ ਘਰ ਵਿਚ ਪ੍ਰਦਰਸ਼ਿਤ ਜੰਗੀ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣ ਲਈ ਸਮਰਥਨ ਤੇ ਸਹਿਯੋਗ ਦੀ ਮੰਗ ਕੀਤੀ।

# ਹਵਾ ਪ੍ਰਦੂਸ਼ਣ ਕਾਰਨ ਘਟ ਰਹੀ ਹੈ ਭਾਰਤੀਆਂ ਦੀ ਉਮਰ

**ਸ਼ਿਕਾਗੋ (ਬਿਊਰੋ):** ਹਵਾ ਪ੍ਰਦੂਸ਼ਣ ਕਾਰਨ ਜ਼ਿਆਦਾਤਰ ਭਾਰਤੀ ਸਮੇਂ ਤੋਂ ਤਿੰਨ ਸਾਲ ਪਹਿਲਾਂ ਹੀ ਜਹਾਨੋਂ ਕੂਚ ਕਰ ਜਾਂਦੇ ਹਨ। ਭਾਰਤ ਵਿਚ ਹਵਾ ਪ੍ਰਦੂਸ਼ਣ ਦੇ ਵਧਦੇ ਅਸਰ ਬਾਰੇ ਯੂਨੀਵਰਸਿਟੀ ਆਫ਼ ਸ਼ਿਕਾਗੋ, ਹਾਰਵਰਡ ਤੇ ਯੇਲ ਦੇ ਆਰਥਿਕ ਮਾਹਿਰਾਂ ਵਲੋਂ ਕੀਤੇ ਗਏ ਅਧਿਐਨ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਅੱਧੀ ਆਬਾਦੀ 66 ਕਰੋੜ ਉਨ੍ਹਾਂ ਇਲਾਕਿਆਂ ਵਿਚ ਰਹਿੰਦੀ ਹੈ, ਜਿਥੇ ਪ੍ਰਦੂਸ਼ਣ ਦੇ ਬਾਰੀਕ ਕਣ ਪਦਾਰਥ ਸੁਰੱਖਿਅਤ ਮਾਪ ਦੰਡਾਂ ਨਾਲੋਂ ਕਿਤੇ ਵੱਧ ਹਨ।

ਜ਼ਿਕਰਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਭਾਰਤ ਨੂੰ ਸਭ ਤੋਂ ਵੱਧ ਹਵਾ ਪ੍ਰਦੂਸ਼ਣ ਵਾਲੇ ਮੁਲਕਾਂ ਦੀ ਸੂਚੀ ਵਿਚ ਰੱਖਿਆ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਜੇ ਭਾਰਤ ਹਵਾ ਪ੍ਰਦੂਸ਼ਣ 'ਤੇ ਕਾਬੂ ਪਾ ਲੈਂਦਾ ਹੈ ਤਾਂ 66 ਕਰੋੜ ਲੋਕਾਂ ਦੇ ਜੀਵਨ ਦੇ 3 ਸਾਲ 2 ਮਹੀਨੇ ਹੋਰ ਵਧ ਜਾਣਗੇ।



ਯੂਨੀਵਰਸਿਟੀ ਆਫ਼ ਸ਼ਿਕਾਗੋ ਵਿਚ ਐਨਰਜੀ ਪਾਲਿਸੀ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਗਰੀਨਸਟੋਨ ਨੇ ਕਿਹਾ ਕਿ ਭਾਰਤ ਦਾ ਧਿਆਨ ਵਿਕਾਸ 'ਤੇ ਹੈ, ਜਿਸ ਕਾਰਨ ਹਵਾ ਪ੍ਰਦੂਸ਼ਣ ਦੇ ਸਿਹਤ ਉਤੇ ਪੈਂਦੇ ਪ੍ਰਭਾਵ ਨੂੰ ਅਣਗੌਲਿਆਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੋਰ ਅਧਿਐਨ ਦਰਸਾਉਂਦੇ ਹਨ ਕਿ ਹਵਾ ਪ੍ਰਦੂਸ਼ਣ ਨਾਲ ਉਤਪਾਦਕਤਾ ਘਟਦੀ ਹੈ, ਬਿਮਾਰੀ ਦੇ ਦਿਨਾਂ ਵਿਚ ਵਾਧਾ ਹੁੰਦਾ ਹੈ ਤੇ ਸਿਹਤ ਦੇਖਭਾਲ ਦੇ ਖ਼ਰਚੇ ਵਿਚ ਵਾਧੇ ਦਾ ਕਾਰਨ ਬਣਦਾ ਹੈ, ਜਿਸ ਨੂੰ ਹੋਰ ਚੰਗੇ ਲਈ ਵਰਤਿਆ ਜਾ ਸਕਦਾ ਹੈ। ਨਵੇਂ ਅੰਕੜੇ ਵਿਸ਼ਵ ਸਿਹਤ ਸੰਗਠਨ ਦੇ ਉਨ੍ਹਾਂ ਅੰਕੜਿਆਂ ਬਾਅਦ ਆਏ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਵਿਸ਼ਵ ਦੇ ਸਭ ਤੋਂ ਵੱਧ ਪ੍ਰਦੂਸ਼ਿਤ 20 ਸ਼ਹਿਰਾਂ ਵਿਚੋਂ 13 ਭਾਰਤ ਵਿਚ ਹਨ ਤੇ ਦਿੱਲੀ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ।

ਹਾਰਵਰਡ ਕੈਨੇਡੀ ਸਕੂਲ ਵਿਚ ਐਵੀਡੈਂਸ ਫਾਰ ਪਾਲਿਸੀ ਡਿਜ਼ਾਈਨ ਦੀ ਡਾਇਰੈਕਟਰ ਰੋਹਿਣੀ ਪਾਂਡੇ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਕਾਰਨ ਦੋ ਅਰਬ ਤੋਂ ਵੱਧ ਜੀਵਨ ਸਾਲਾਂ ਦਾ ਨੁਕਸਾਨ ਬਹੁਤ ਵੱਡੀ ਕੀਮਤ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ ਨਿਗਰਾਨੀ ਵਧਾਉਣੀ ਚਾਹੀਦੀ ਹੈ ਤੇ ਨਵੀਂ ਤਕਨਾਲੋਜੀ ਦਾ ਸਹਾਰਾ ਲੈ ਕੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨਾ ਚਾਹੀਦਾ ਹੈ। ਪ੍ਰਦੂਸ਼ਣ ਦਾ ਪਤਾ ਲਾਉਣ ਲਈ ਭਾਰਤ ਦੇ ਮਹਾਂਨਗਰ ਕੋਲਕਾਤਾ ਵਿਚ 20 ਸਟੇਸ਼ਨ ਹਨ ਪਰ ਇਸ ਦੇ ਮੁਕਾਬਲੇ ਪੇਇਚਿੰਗ ਵਿਚ 35 ਨਿਗਰਾਨ ਸਟੇਸ਼ਨ ਬਣੇ ਹੋਏ ਹਨ।

# ਰਾਜਾਂ ਲਈ ਕੇਂਦਰੀ ਕਰਾਂ ਦਾ ਕੋਟਾ ਵਧਾਇਆ

**ਨਵੀਂ ਦਿੱਲੀ:** 14ਵੇਂ ਵਿੱਤ ਕਮਿਸ਼ਨ ਨੇ ਕੇਂਦਰੀ ਕਰਾਂ ਵਿਚ ਰਾਜਾਂ ਦਾ ਹਿੱਸਾ 10 ਫੀਸਦੀ ਵਧਾ ਕੇ 42 ਫੀਸਦੀ ਕਰ ਦਿੱਤਾ ਹੈ। ਇਸ ਨਾਲ 2015-16 ਦੌਰਾਨ ਰਾਜਾਂ ਨੂੰ 1.78 ਲੱਖ ਕਰੋੜ ਰੁਪਏ ਦੇ ਵਾਧੂ ਫੰਡ ਮਿਲਣਗੇ। ਵਿੱਤ ਮੰਤਰੀ ਅਰੁਣ ਜੇਤਲੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਕੇਂਦਰ ਨੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਪ੍ਰਵਾਨ ਕਰ ਲਈਆਂ ਹਨ, ਸਰਕਾਰ ਸਹਿਕਾਰੀ ਸੰਘਵਾਦ ਲਈ ਵਚਨਬੱਧਤਾ ਹੈ।

ਆਰ.ਬੀ.ਆਈ. ਦੇ ਸਾਬਕਾ ਗਵਰਨਰ ਵਾਈ.ਵੀ. ਰੈਡੀ ਦੀ ਅਗਵਾਈ ਵਾਲੇ ਕਮਿਸ਼ਨ ਦੀ ਰਿਪੋਰਟ ਵਿਚ ਮਾਲੀਏ ਦੀ ਘਾਟ ਨਾਲ ਜੂਝ ਰਹੇ 11 ਰਾਜਾਂ ਨੂੰ 48906 ਕਰੋੜ ਰੁਪਏ ਦੀ ਇਮਦਾਦੀ ਗਰਾਂਟ ਦੇਣ ਦੀ ਵੀ ਸਿਫਾਰਸ਼ ਕੀਤੀ ਗਈ ਹੈ। 2020 ਤੱਕ ਕੁੱਲ ਮਿਲਾ ਕੇ ਰਾਜਾਂ ਨੂੰ 1.94 ਕਰੋੜ ਰੁਪਏ ਦੀ ਇਮਦਾਦੀ ਗਰਾਂਟ ਦਿੱਤੀ ਜਾਵੇਗੀ।

ਮਾਲੀ ਸਾਲ 2015-16 ਦੌਰਾਨ ਰਾਜਾਂ ਨੂੰ ਕੁੱਲ ਮਿਲਾ ਕੇ 5.26 ਲੱਖ ਕਰੋੜ ਰੁਪਏ ਮਿਲਣਗੇ ਜੋ 2014-15 ਦੌਰਾਨ 3.48 ਲੱਖ ਕਰੋੜ ਰੁਪਏ ਸੀ। ਇਸ ਤਰ੍ਹਾਂ 1.78 ਕਰੋੜ ਰੁਪਏ ਦਾ ਵਾਧਾ ਹੋਇਆ ਹੈ। 2019-20 ਤੱਕ ਪੰਜ ਸਾਲਾਂ ਦੌਰਾਨ ਕੇਂਦਰ ਦੀ ਤਰਫੋਂ ਰਾਜਾਂ ਨੂੰ ਕੁੱਲ ਮਿਲਾ ਕੇ 39.48 ਲੱਖ ਕਰੋੜ ਰੁਪਏ ਦਿੱਤੇ ਜਾਣਗੇ। ਸਾਰੇ ਮੁੱਖ ਮੰਤਰੀਆਂ ਨੂੰ ਲਿਖੇ ਪੱਤਰ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਵਾਧੂ ਰਕਮ ਨਾਲ ਉਨ੍ਹਾਂ ਨੂੰ ਆਪੋ-ਆਪਣੀਆਂ ਲੋੜਾਂ ਮੁਤਾਬਕ ਵਿਕਾਸ ਯੋਜਨਾਵਾਂ ਨੂੰ ਵਿਉਂਤਣ ਦੀ ਸਮਰੱਥਾ ਮਿਲੇਗੀ। ਵਿੱਤ ਕਮਿਸ਼ਨ ਨੇ ਕੇਂਦਰੀ ਟੈਕਸਾਂ ਦੇ ਪੂਲ 'ਚ ਰਾਜਾਂ ਦੀ ਹਿੱਸੇਦਾਰੀ 32% ਤੋਂ ਵਧਾ ਕੇ 42 ਫੀਸਦ ਕਰਨ ਤੋਂ ਇਲਾਵਾ ਪੰਚਾਇਤਾਂ ਤੇ ਮਿਉਂਸਿਪਲੈਟੀਆਂ ਲਈ ਵੀ ਪੰਜ ਸਾਲਾਂ ਦੌਰਾਨ 2.87 ਲੱਖ ਕਰੋੜ ਰੁਪਏ ਦਿੱਤੇ ਜਾਣਗੇ। ਸ੍ਰੀ ਜੇਤਲੀ ਨੇ ਦਾਅਵਾ ਕੀਤਾ ਕਿ ਰਾਜਾਂ ਦੀ ਹਿੱਸਾਪੱਤੀ ਵਿਚ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ ਹੈ। ਕਮਿਸ਼ਨ ਨੇ 2015-16 ਲਈ ਮਾਲੀ ਘਾਟਾ ਟੀਚਾ 3.6 ਫੀਸਦੀ ਰੱਖਣ ਅਤੇ ਉਸ ਤੋਂ ਅਗਲੇ ਸਾਲਾਂ ਲਈ 3% ਰੱਖਣ ਦਾ ਸੁਝਾਅ ਦਿੱਤਾ ਹੈ।

# ਬੀਰੋਕੇ ਖੁਰਦ ਗੋਲੀ ਕਾਂਡ ਦੇ ਕਿਸਾਨ ਆਗੂ ਬਰੀ

**ਮਾਨਸਾ:** ਬੀਰੋਕੇ ਖੁਰਦ ਗੋਲੀ ਕਾਂਡ ਦੇ ਮਾਮਲੇ ਵਿਚ ਫਤਿਆਬਾਦ ਦੀ ਅਦਾਲਤ ਨੇ 7 ਕਿਸਾਨ ਆਗੂਆਂ ਨੂੰ ਬਰੀ ਕਰ ਦਿੱਤਾ, ਜਦੋਂ ਕਿ ਚਾਰ ਆੜ੍ਹਤੀਆਂ ਤੇ ਉਨ੍ਹਾਂ ਦੇ ਦੋ ਹਮਾਇਤੀਆਂ ਨੂੰ ਕਸੂਰਵਾਰ ਠਹਿਰਾਇਆ ਗਿਆ ਹੈ। ਇਹ ਗੋਲੀ ਕਾਂਡ 11 ਅਕਤੂਬਰ 2010 ਨੂੰ ਪਿੰਡ ਬੀਰੋਕੇ ਖੁਰਦ ਵਿਚ ਉਸ ਵੇਲੇ ਵਾਪਰਿਆ ਸੀ, ਜਦੋਂ ਇਕ ਕਿਸਾਨ ਦੀ ਜ਼ਮੀਨ ਦੀ ਕੁਰਕੀ ਕਰਨ ਲਈ ਆੜ੍ਹਤੀਆਂ ਨੇ ਨਿਲਾਮੀ ਆਰਡਰ ਲੈ ਲਏ ਸਨ। ਕੁਰਕੀ ਦੇ ਵਿਰੋਧ ਵਿਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਵਲੋਂ ਪਿੰਡ ਵਿਚ ਰੈਲੀ ਰੱਖੀ ਗਈ ਸੀ। ਕੁਰਕੀ ਦੇ ਇਸ ਰੌਲੇ-ਰੱਪੇ ਵਿਚ ਗੋਲੀ ਚੱਲਣ ਕਾਰਨ ਕਿਸਾਨ ਆਗੂ ਪ੍ਰਿਥੀਪਾਲ ਸਿੰਘ ਦੀ ਮੌਤ ਹੋ ਗਈ ਸੀ।

ਯੂਨੀਅਨ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਦੱਸਿਆ ਕਿ ਦੋਸ਼ੀ ਠਹਿਰਾਏ ਵਿਅਕਤੀਆਂ ਨੂੰ ਅਦਾਲਤ ਵਲੋਂ 27 ਫਰਵਰੀ ਨੂੰ ਸਜ਼ਾ ਸੁਣਾਈ ਜਾਣੀ ਹੈ। ਵਾਰਦਾਤ ਵਾਲੇ ਦਿਨ ਕੁਰਕੀ ਕਰਨ ਲਈ ਗਈ ਡਿਊਟੀ ਮੈਜਿਸਟਰੇਟ ਸੁਭਾਸ਼ ਸਿੰਘ ਮਿੱਤਲ ਵਲੋਂ ਇਸ ਮਾਮਲੇ ਨੂੰ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਲਿਜਾਣ ਕਾਰਨ ਉਸ ਦਾ ਮਾਮਲਾ ਫੈਸਲੇ ਤੋਂ ਬਾਹਰ ਰੱਖਿਆ ਗਿਆ ਹੈ। ਯਾਦ ਰਹੇ ਕਿ ਕਿਸਾਨ ਯੂਨੀਅਨ ਨੇ ਇਸ ਗੋਲੀ ਕਾਂਡ ਬਾਰੇ ਕਾਨੂੰਨੀ ਲੜਾਈ ਦਾ ਮੁੱਢ ਮਾਨਸਾ ਦੀ ਅਦਾਲਤ ਤੋਂ ਬੰਨ੍ਹਿਆ ਸੀ, ਜਦੋਂ ਕਿ ਬਾਅਦ ਵਿਚ ਆੜ੍ਹਤੀ ਇਸ ਕੇਸ ਨੂੰ ਫਤਿਆਬਾਦ ਦੀ ਅਦਾਲਤ ਵਿਚ ਲੈ ਗਏ ਸਨ।

ਥਾਣਾ ਬੁਢਲਾਡਾ ਦੀ ਪੁਲਿਸ ਨੇ 11 ਅਕਤੂਬਰ 2010 ਨੂੰ ਗੋਲੀ ਕਾਂਡ ਦੇ ਮਾਮਲੇ ਵਿਚ ਰਣਜੀਤ ਸਿੰਘ ਜੀਤਾ ਬੀਰੋਕੇ ਕਲਾਂ, ਰਾਮਕ੍ਰਿਸ਼ਨ ਬੁਢਲਾਡਾ, ਜਸ਼ਨਜੀਤ ਸਿੰਘ ਜੱਸੀ ਵਾਸੀ ਜੋਈਆਂ, ਵਿਜੈ ਕੁਮਾਰ ਵਾਸੀ ਬੁਢਲਾਡਾ, ਪ੍ਰਵੀਨ ਕੁਮਾਰ ਬੁਢਲਾਡਾ ਅਤੇ ਸ਼ਾਂਤੀ ਪਾਲ ਉਰਫ਼ ਮਾਘੀ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਮਾਮਲੇ ਵਿਚ ਉਸ ਵੇਲੇ ਦੇ ਤਹਿਸੀਲਦਾਰ ਸੁਭਾਸ਼ ਸਿੰਘ ਮਿੱਤਲ ਨੇ ਪਹਿਲਾਂ ਹੀ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਰਿੱਟ ਪਾਈ ਹੋਈ ਹੈ ਜਿਸ ਦਾ ਫੈਸਲਾ ਹਾਲੇ ਨਹੀਂ ਹੋਇਆ। ਪੁਲਿਸ ਨੇ ਆੜ੍ਹਤੀਆਂ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਇਰਾਦਾ ਕਤਲ ਦੇ ਕੇਸ ਵਿਚ ਕਿਸਾਨ ਕੁਲਵੰਤ ਸਿੰਘ ਵਾਸੀ ਕਿਸ਼ਨਗੜ੍ਹ, ਮਹਿੰਦਰ ਸਿੰਘ ਵਾਸੀ ਦਿਆਲਪੁਰਾ, ਗੋਰਾ ਸਿੰਘ ਵਾਸੀ ਭੈਣੀਬਾਘਾ, ਲਛਮਣ ਸਿੰਘ ਵਾਸੀ ਚੱਕ ਅਲੀਸ਼ੇਰ, ਤਰਸੇਮ ਸਿੰਘ, ਭੋਲਾ ਸਿੰਘ ਤੇ ਸੇਵਕ ਸਿੰਘ ਵਾਸੀ ਬੀਰੋਕੇ ਖੁਰਦ ਨੂੰ ਨਾਮਜ਼ਦ ਕੀਤਾ ਸੀ। ਇਨ੍ਹਾਂ ਕਿਸਾਨਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ।

## ਸਿੱਖ ਨੌਜਵਾਨ 'ਤੇ ਹਮਲਾ ਕਰਨ ਵਾਲੇ ਖਿਲਾਫ ਦੋਸ਼ ਆਇਦ

**ਨਿਊ ਯਾਰਕ:** ਅਮਰੀਕਾ ਵਿਚ 55 ਸਾਲਾ ਜੋਸਫ ਕੈਲੇਕਾ ਖਿਲਾਫ ਜਿਊਰੀ ਨੇ ਨਫ਼ਰਤ ਫੈਲਾਉਣ ਦੇ ਦੋਸ਼ ਆਇਦ ਕੀਤੇ ਹਨ। ਇਸ ਬੰਦੇ ਨੇ ਪਿਛਲੇ ਸਾਲ ਇਕ ਸਿੱਖ ਨੌਜਵਾਨ ਨੂੰ 'ਓਸਾਮਾ' ਆਖਿਆ ਸੀ ਅਤੇ ਆਪਣੇ ਟਰੱਕ ਨਾਲ ਫੇਟ ਮਾਰੀ ਸੀ। ਲੌਂਗ ਆਈਲੈਂਡ ਦੇ ਵਸਨੀਕ ਜੋਸਫ ਕੈਲੇਕਾ ਨੂੰ ਐਕਟਿੰਗ ਕੂਈਨਜ਼ ਕਾਊਂਟੀ ਦੀ ਸੁਪਰੀਟ ਕੋਰਟ ਦੇ ਜਸਟਿਸ ਬੈਰੀ ਕਰੌਨ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਸ ਉਪਰ ਨਫ਼ਰਤੀ ਅਪਰਾਧ, ਹੱਤਿਆ ਦੀ ਕੋਸ਼ਿਸ਼, ਹਥਿਆਰ ਰੱਖਣ ਅਤੇ ਫੇਟ ਮਾਰਨ ਪਿਛੋਂ ਫ਼ਰਾਰ ਹੋਣ ਦੀਆਂ ਕੁੱਲ 9 ਧਾਰਾਵਾਂ ਆਇਦ ਕੀਤੀਆਂ ਗਈਆਂ। ਜੇ ਇਹ ਸਾਰੇ ਦੋਸ਼ ਸਿੱਧ ਹੋ ਗਏ ਤਾਂ ਕੈਲੇਕਾ ਨੂੰ 25 ਸਾਲਾਂ ਦੀ ਕੈਦ ਹੋ ਸਕਦੀ ਹੈ। ਉਹ 29 ਸਾਲਾ ਸੰਦੀਪ ਸਿੰਘ ਨੂੰ ਕਾਫੀ ਦੂਰ ਤੱਕ ਘੜੀਸ ਕੇ ਲੈ ਗਿਆ ਸੀ। ਉਸ ਨੂੰ ਪਿਛਲੇ ਸਾਲ ਅਗਸਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਕੇਸ ਦੀ ਅਗਲੀ ਪੇਸ਼ੀ ਅਪਰੈਲ ਵਿਚ ਹੋਣੀ ਹੈ।

## ਅਯੁੱਧਿਆ ਕੇਸ ਬਾਰੇ ਨਵੀਂ ਤਜਵੀਜ਼ ਦੀ ਚਰਚਾ

**ਅਯੁੱਧਿਆ:** ਬਾਬਰੀ ਮਸਜਿਦ ਮਾਮਲੇ ਵਿਚ ਅਯੁੱਧਿਆ ਵਿਵਾਦ ਨੂੰ ਸੁਲਝਾਉਣ ਲਈ ਇਕ ਨਵੀਂ ਤਜਵੀਜ਼ ਉਪਰ ਮੁੱਖ ਧਿਰ ਹਾਸ਼ਿਮ ਅਨਸਾਰੀ ਨੇ ਅਖਾੜਾ ਪ੍ਰੀਸ਼ਦ ਪ੍ਰਧਾਨ ਮਹੰਤ ਗਿਆਨ ਦਾਸ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਇਸ ਤਜਵੀਜ਼ ਨੂੰ ਸੁਪਰੀਮ ਕੋਰਟ ਵਿਚ ਪੇਸ਼ ਕਰਨ ਦੀ ਯੋਜਨਾ ਹੈ।

ਅਯੁੱਧਿਆ ਦੇ ਮਸ਼ਹੂਰ ਹਨੂਮਾਨ ਗੜ੍ਹੀ ਮੰਦਰ ਦੇ ਮੁੱਖ ਪੁਜਾਰੀ ਗਿਆਨ ਦਾਸ ਮੁਤਾਬਕ ਅਦਾਲਤ ਦੇ ਬਾਹਰ ਮਾਮਲਾ ਸੁਲਝਾਉਣ ਦੇ ਫਾਰਮੂਲੇ ਤਹਿਤ ਕਰੀਬ 70 ਏਕੜ ਵਿਵਾਦਗ੍ਰਸਤ ਕੰਪਲੈਕਸ ਵਿਚ ਮਸਜਿਦ ਤੇ ਮੰਦਰ ਦੋਵਾਂ ਦੀ ਉਸਾਰੀ ਕਰਵਾਈ ਜਾਵੇ ਤੇ ਵਿਚਾਲੇ 100 ਫੁੱਟ ਉੱਚੀ ਕੰਧ ਬਣਾ ਦਿੱਤੀ ਜਾਵੇ। ਅਨਸਾਰੀ ਨੇ ਆਪਣੇ ਪੁੱਤਰ ਇਕਬਾਲ ਅਨਸਾਰੀ ਨਾਲ ਹਨੂਮਾਨ ਗੜ੍ਹੀ ਕੰਪਲੈਕਸ ਵਿਚ ਗਿਆਨ ਦਾਸ ਨਾਲ ਮੁਲਾਕਾਤ ਕੀਤੀ। ਯਾਦ ਰਹੇ ਕਿ ਅਯੁੱਧਿਆ ਮਾਮਲੇ ਵਿਚ 30 ਸਤੰਬਰ 2010 ਨੂੰ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਮਗਰੋਂ ਗੱਲਬਾਤ ਪ੍ਰਕਿਰਿਆ ਸ਼ੁਰੂ ਹੋਈ ਸੀ ਜਿਸ ਦਾ ਸਿਵਲ ਸੁਸਾਇਟੀ ਦੇ ਵੱਖ-ਵੱਖ ਧੜਿਆਂ ਤੇ ਦੋਵਾਂ ਫਿਰਕਿਆਂ ਨੇ ਸਮਰਥਨ ਕੀਤਾ ਸੀ।

ਮਹੰਤ ਗਿਆਨ ਦਾਸ ਨੇ ਮੀਟਿੰਗ ਮਗਰੋਂ ਕਿਹਾ ਕਿ ਗੱਲਬਾਤ ਦੇ ਖਰੜੇ ਦਾ ਅੰਤਿਮ ਰੂਪ ਤਿਆਰ ਕੀਤਾ ਜਾ ਰਿਹਾ ਹੈ ਜਿਸ ਨੂੰ ਛੇਤੀ ਹੀ ਸੁਣਵਾਈ ਸ਼ੁਰੂ ਹੋਣ ਮਗਰੋਂ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਸਹਿਯੋਗ ਮੰਗਣ ਲਈ ਉਨ੍ਹਾਂ ਨਾਲ ਮੁਲਾਕਾਤ ਵੀ ਕੀਤੀ ਜਾਵੇਗੀ।

## ਕਾਲਾ ਧਨ ਕੇਸ 'ਚ 100 ਹੋਰ ਸ਼ਿਕਾਇਤਾਂ ਦਾਖ਼ਲ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਉਨ੍ਹਾਂ 100 ਹੋਰ ਕੰਪਨੀਆਂ ਤੇ ਵਿਅਕਤੀਆਂ ਖ਼ਿਲਾਫ਼ ਅਦਾਲਤ ਵਿਚ ਸ਼ਿਕਾਇਤ ਕਰਨ ਦਾ ਫੈਸਲਾ ਲਿਆ ਹੈ ਜਿਨ੍ਹਾਂ ਦੇ ਨਾਂ ਐਚ.ਐਸ.ਬੀ.ਸੀ., ਜਨੇਵਾ ਦੇ ਬੈਂਕ ਖਾਤਿਆਂ ਦੀ ਸੂਚੀ ਵਿਚ ਸਾਹਮਣੇ ਆਏ ਹਨ।ਸੂਤਰਾਂ ਮੁਤਾਬਕ ਵਿਭਾਗ ਨੂੰ ਇਨ੍ਹਾਂ ਮਾਮਲਿਆਂ ਦੀ ਪੜਤਾਲ ਤੋਂ ਬਾਅਦ ਟੈਕਸ ਤੇ ਜੁਰਮਾਨੇ ਵਜੋਂ 3200 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ 60 ਸ਼ਿਕਾਇਤਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ ਤੇ 100 ਹੋਰ ਮਾਮਲੇ 31 ਮਾਰਚ ਤੱਕ ਦਾਖਲ ਕੀਤੇ ਜਾਣਗੇ। ਸੂਤਰਾਂ ਨੇ ਕਿਹਾ ਕਿ 3200 ਕਰੋੜ ਰੁਪਏ ਇਕੱਤਰ ਹੋਣ ਤੋਂ ਬਾਅਦ ਕੁੱਲ ਸੱਤ ਹਜ਼ਾਰ ਕਰੋੜ ਰੁਪਏ ਸਰਕਾਰ ਨੂੰ ਜਾਂਚ ਮਗਰੋਂ ਮਿਲ ਜਾਣਗੇ।


**Indian Restaurant For Sale**

Well established (since 2003) Indian Restaurant in El Paso, Texas For Sale.
Approximate Annual Sale $500,000

ਐਲ ਪਾਸੋ, ਟੈਕਸਸ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ। ਸਾਲਾਨਾ ਸੇਲ $500,000

Contact: Ashwani Sharma
Ph: 915-422-0085
www.indianpalaceelpaso.com



**Are You Tired Of All Treatments?**
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)





ਪੰਜਾਬ ਟਾਈਮਜ਼

*ਸਨਿਚਰਵਾਰ, 28 ਫਰਵਰੀ 2015*

# *ਹਿੰਦੂਤਵੀ ਹਿੰਡ*

ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਆਪਣੀ ਹਿੰਦੂਤਵੀ ਮੁਹਾਰਨੀ ਜਾਰੀ ਰੱਖਦਿਆਂ ਕਹਿ ਸੁਣਾਇਆ ਹੈ ਕਿ ਮਦਰ ਟੈਰੇਸਾ ਦੀ ਲੋਕ ਸੇਵਾ ਦਾ ਅਸਲ ਮਕਸਦ ਧਰਮ ਤਬਦੀਲੀ ਸੀ। ਭਰਤਪੁਰ (ਰਾਜਸਥਾਨ) ਵਿਚ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) 'ਅਪਨਾ ਘਰ' ਵਲੋਂ ਕਰਵਾਏ ਸਮਾਗਮ ਦੌਰਾਨ ਉਨ੍ਹਾਂ ਸੇਵਾ ਦੀ ਪਰਿਭਾਸ਼ਾ ਸਮਝਾਉਂਦਿਆਂ ਦੱਸਿਆ ਕਿ ਮਦਰ ਟੈਰੇਸਾ ਨੇ ਬੜਾ ਪਰਉਪਕਾਰ ਵਾਲਾ ਕੰਮ ਕੀਤਾ, ਪਰ ਪਰਉਪਕਾਰ ਦੇ ਇਸ ਕਾਰਜ ਦਾ ਇਕ ਖਾਸ ਉਦੇਸ਼ ਸੀ, ਪਰਉਪਕਾਰ ਕਰ ਕੇ ਅਗਲੇ ਦਾ ਧਰਮ ਬਦਲਣਾ, ਇਉਂ ਧਰਮ ਤਬਦੀਲੀ ਨਾਲ ਪਰਉਪਕਾਰ ਦੀ ਅਸਲ ਕਦਰ ਨਹੀਂ ਬਚਦੀ। ਮੋਹਨ ਭਾਗਵਤ ਦੇ ਇਸ ਬਿਆਨ 'ਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਬੜੀ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਯਾਦ ਰਹੇ, ਅਜੇ ਪਿਛਲੇ ਹਫਤੇ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਉਚੇਚੇ ਭਾਸ਼ਨ ਦੌਰਾਨ ਸਾਰੇ ਭਾਰਤ ਵਾਸੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਦੀ ਸਰਕਾਰ ਮੁਕੰਮਲ ਧਾਰਮਿਕ ਆਜ਼ਾਦੀ ਦੇ ਹੱਕ ਵਿਚ ਹੈ ਅਤੇ ਕਿਸੇ ਇਕ ਧਾਰਮਿਕ ਸਮੂਹ ਨੂੰ ਕਿਸੇ ਦੂਜੇ ਧਾਰਮਿਕ ਸਮੂਹ ਖਿਲਾਫ ਨਫਰਤ ਫੈਲਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਂਜ, ਇਹ ਵੀ ਯਾਦ ਰੱਖਣਾ ਪਵੇਗਾ ਕਿ ਨਰੇਂਦਰ ਮੋਦੀ ਦਾ ਇਹ ਬਿਆਨ ਬਹੁਤ ਪਛੜ ਕੇ ਆਇਆ ਸੀ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪਿਛੋਂ ਵ੍ਹਾਈਟ ਹਾਊਸ ਦੇ ਨੁਮਾਇੰਦਿਆਂ ਨੇ ਧਾਰਮਿਕ ਸਹਿਣਸ਼ੀਲਤਾ ਦੇ ਮੁੱਦੇ ਨੂੰ ਵਾਰ-ਵਾਰ ਉਭਾਰਿਆ ਸੀ। ਓਬਾਮਾ ਅਤੇ ਵ੍ਹਾਈਟ ਹਾਊਸ ਦੀਆਂ ਇਹ ਸਲਾਹ ਮੁਖੀ ਟਿੱਪਣੀਆਂ ਉਸ ਵਕਤ ਆਈਆਂ ਸਨ ਜਦੋਂ ਭਾਰਤ ਵਿਚ ਘੱਟ-ਗਿਣਤੀਆਂ ਉਤੇ ਲਗਾਤਾਰ ਹਮਲੇ ਹੋ ਰਹੇ ਸਨ ਅਤੇ ਸ਼ਰਾਰਤੀ ਅਨਸਰਾਂ ਵਲੋਂ ਦਿੱਲੀ ਦੇ ਗਿਰਜਾਘਰਾਂ ਵਿਚ ਲਗਾਤਾਰ ਭੰਨ-ਤੋੜ ਕੀਤੀ ਜਾ ਰਹੀ ਸੀ। ਇਹ ਸੱਚ ਵੀ ਹੈ ਕਿ ਜਦੋਂ ਤੋਂ ਮੋਦੀ ਸਰਕਾਰ ਕਾਇਮ ਹੋਈ ਹੈ, ਹਿੰਦੂਤਵ ਧਾੜਵੀਆਂ ਦੀ ਪੂਰੇ ਮੁਲਕ ਵਿਚ ਚੜ੍ਹ ਮੱਚੀ ਹੋਈ ਹੈ ਅਤੇ ਅੰਕੜਿਆਂ ਅਨੁਸਾਰ ਇਸ ਸਮੇਂ ਦੌਰਾਨ ਘੱਟ-ਗਿਣਤੀਆਂ ਉਤੇ ਹਮਲੇ ਵਧੇ ਹਨ। ਇਹੀ ਨਹੀਂ, ਸਰਕਾਰ ਵਿਚ ਵੀ ਇਨ੍ਹਾਂ ਤਾਕਤਾਂ ਦਾ ਦਖਲ ਚੋਖਾ ਵਧਿਆ ਹੈ; ਖਾਸ ਕਰ ਕੇ ਸਿਖਿਆ ਨੀਤੀ ਦਾ ਸਾਰਾ ਭਾਰ ਆਰ.ਐਸ.ਐਸ. ਨਾਲ ਜੁੜੇ ਸ਼ਖਸਾਂ ਅਤੇ ਸੰਸਥਾਵਾਂ ਨੇ ਸੰਭਾਲ ਲਿਆ ਹੋਇਆ ਹੈ।

ਆਰ.ਐਸ.ਐਸ. ਉਹੀ ਜਥੇਬੰਦੀ ਹੈ ਜਿਹੜੀ ਅੱਜ ਤੱਕ ਧਰਮ ਅਤੇ ਜਾਤ ਦੇ ਆਧਾਰ ਉਤੇ ਲੋਕਾਂ ਉਤੇ 'ਪਰਉਪਕਾਰ' ਕਰਦੀ ਆਈ ਹੈ। ਗੁਰਬਤ ਮਾਰੇ ਆਦਿਵਾਸੀਆਂ ਅਤੇ ਦਲਿਤਾਂ ਲਈ ਇਸ ਜਥੇਬੰਦੀ ਨੇ ਕਦੀ ਕੋਈ ਪਰਉਪਕਾਰ ਨਹੀਂ ਕੀਤਾ। ਆਏ ਦਿਨ ਦਲਿਤਾਂ ਅਤੇ ਈਸਾਈਆਂ ਦੇ ਘਰ ਸਾੜਨ ਦੀਆਂ ਖਬਰਾਂ ਆ ਰਹੀਆਂ ਹਨ ਪਰ ਮੀਡੀਆ ਵਿਚ ਕਦੇ ਦੇਖਿਆ-ਸੁਣਿਆ ਨਹੀਂ ਕਿ ਆਰ.ਐਸ.ਐਸ. ਦੇ ਖਾਕੀ ਵਰਦੀ ਵਾਲੇ ਵਾਲੰਟੀਅਰ ਸਬੰਧਤ ਇਲਾਕਿਆਂ ਵਿਚ ਕੋਈ ਸੇਵਾ ਕਰ ਰਹੇ ਹਨ। ਇਸ ਜਥੇਬੰਦੀ ਨੇ ਤਾਂ 1947 ਦੀ ਵੰਡ ਵੇਲੇ ਹੋਏ ਕਹਿਰ ਦੌਰਾਨ ਸਿਰਫ ਹਿੰਦੂ ਰਿਫਿਊਜੀਆਂ ਦੀ ਹੀ ਮਦਦ ਕੀਤੀ ਸੀ। ਫਿਰ 1984 ਵਿਚ ਜਦੋਂ ਦਿੱਲੀ ਵਿਚ ਸਿੱਖਾਂ ਦਾ ਮਿਥ ਕੇ ਕਤਲੇਆਮ ਕੀਤਾ ਗਿਆ ਤਾਂ ਹਮਲਾਵਰਾਂ ਵਿਚ ਅਨੇਕਾਂ ਆਰ.ਐਸ.ਐਸ. ਵਾਲੰਟੀਅਰ ਵੀ ਸ਼ਾਮਲ ਸਨ। ਇਸ ਕਤਲੇਆਮ ਤੋਂ ਬਾਅਦ ਸ਼ਹਿਰ ਦੇ ਹਰ ਤਬਕੇ ਤੇ ਫਿਰਕੇ ਨੇ ਸਿੱਖਾਂ ਦੀ ਮਦਦ ਕਰਨ ਦਾ ਹੀਲਾ-ਵਸੀਲਾ ਕੀਤਾ ਪਰ ਖਾਕੀ ਵਰਦੀ ਵਾਲੇ ਵਾਲੰਟੀਅਰ ਉਦੋਂ ਵੀ ਗੈਰ-ਹਾਜ਼ਰ ਰਹੇ ਸਨ। ਇਸ ਜਥੇਬੰਦੀ ਦਾ ਬਾਅਦ ਦਾ ਰਿਕਾਰਡ ਤਾਂ ਹੋਰ ਵੀ ਭਿਆਨਕ ਹੈ। ਜਿਨ੍ਹਾਂ ਦਿਨਾਂ ਵਿਚ ਇਹ ਪਾਕਿਸਤਾਨ ਖਿਲਾਫ ਨਫਰਤੀ ਮੁਹਿੰਮ ਜ਼ੋਰ-ਸ਼ੋਰ ਨਾਲ ਚਲਾ ਰਹੀ ਸੀ, ਉਦੋਂ ਇਸ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਚੱਲਦੀ ਸਮਝੌਤਾ ਐਕਸਪ੍ਰੈਸ ਵਿਚ ਬੰਬ ਧਮਾਕੇ ਕਰਵਾ ਕੇ ਦੋਸ਼ ਪਾਕਿਸਤਾਨ ਸਿਰ ਮੜ੍ਹ ਦਿੱਤਾ ਸੀ।

ਖੈਰ! ਲੱਖ ਊਣਤਾਈਆਂ ਦੇ ਬਾਵਜੂਦ ਮਦਰ ਟੈਰੇਸਾ ਨੇ ਕੋਲਕਾਤਾ ਵਿਚ 1952 ਵਿਚ ਨਿਆਸਰਿਆਂ ਲਈ 'ਨਿਰਮਲ ਹਿਰਦਯ ਹੋਮ' ਖੋਲ੍ਹ ਕੇ ਮਿਸਾਲੀ ਕਾਰਜ ਕੀਤਾ। ਇਸ ਕਾਰਜ ਨੂੰ ਸਮਝਣ ਲਈ ਭਗਤ ਪੂਰਨ ਸਿੰਘ ਵਲੋਂ ਅੰਮ੍ਰਿਤਸਰ ਵਿਚ ਸ਼ੁਰੂ ਕੀਤੇ ਪਿੰਗਲਵਾੜੇ ਦਾ ਧਿਆਨ ਧਰਿਆ ਜਾ ਸਕਦਾ ਹੈ। ਭਗਤ ਪੂਰਨ ਸਿੰਘ ਖੁਦ ਇਕ ਹਿੰਦੂ ਪਰਿਵਾਰ ਵਿਚ ਜੰਮੇ-ਪਲੇ ਪਰ ਉਨ੍ਹਾਂ ਨਿਆਸਰਿਆਂ ਨੂੰ ਆਸਰਾ ਦੇ ਕੇ ਜਿਹੜੀ ਮਿਸਾਲ ਕਾਇਮ ਕੀਤੀ, ਉਸ ਵਰਗੀ ਕੋਈ ਮਿਸਾਲ ਲੱਭਣੀ ਮੁਸ਼ਕਿਲ ਹੈ। ਇਸ ਲਈ ਅਜਿਹੀਆਂ ਹਸਤੀਆਂ ਬਾਰੇ ਅਜਿਹੀਆਂ ਟਿੱਪਣੀਆਂ, ਬੇਸ਼ੱਕ, ਸਿਆਸਤ ਤੋਂ ਵੱਧ ਕੁਝ ਵੀ ਨਹੀਂ ਹਨ। ਅਸਲ ਵਿਚ ਅੱਜ ਕੱਲ੍ਹ ਆਰ.ਐਸ.ਐਸ. ਅਤੇ ਇਸ ਦੇ ਸਿਆਸੀ ਵਿੰਗ-ਭਾਰਤੀ ਜਨਤਾ ਪਾਰਟੀ ਦੇ ਇਕ ਧੜੇ ਵਿਚਕਾਰ ਇਕ ਤਰ੍ਹਾਂ ਨਾਲ ਭੇੜ ਚੱਲ ਰਿਹਾ ਹੈ। ਇਕ ਧੜੇ ਦੀ ਰਾਏ ਹੈ ਕਿ ਸਰਕਾਰ ਚਲਾਉਣ ਖਾਤਰ ਹਿੰਦੂਤਵ ਦੇ ਏਜੰਡੇ ਨੂੰ ਨਰਮ ਕਰਨਾ ਪੈਣਾ ਹੈ; ਦੂਜੇ ਧੜੇ ਮੁਤਾਬਕ, ਜੇ ਸਰਕਾਰ ਦੇ ਹੁੰਦਿਆਂ-ਸੁੰਦਿਆਂ ਵੀ ਹਿੰਦੂਤਵ ਏਜੰਡਾ ਲਾਗੂ ਨਹੀਂ ਹੋਣਾ ਤਾਂ ਫਿਰ ਕਦੋਂ ਹੋਣਾ ਹੈ? ਸੰਸਾਰ ਪੱਧਰ 'ਤੇ ਪੈ ਰਿਹਾ ਦਬਾਅ ਹਿੰਦੂਤਵ ਦੇ ਏਜੰਡੇ ਦੀਆਂ ਵਾਗਾਂ ਲਗਾਤਾਰ ਖਿੱਚ ਰਿਹਾ ਹੈ। ਉਂਜ ਵੀ ਭਾਰਤ ਦੀ ਧਾਰਮਿਕ ਵੰਨ-ਸੁਵੰਨਤਾ ਆਰ.ਐਸ.ਐਸ. ਨੂੰ ਲਗਾਤਾਰ ਡੱਕਦੀ ਹੀ ਆਈ ਹੈ। ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਕਾਰਨ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਕੇਂਦਰ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਹੈ, ਆਰ.ਐਸ.ਐਸ. ਨੂੰ ਜਾਪ ਰਿਹਾ ਹੈ ਕਿ ਹਿੰਦੂ ਰਾਸ਼ਟਰ ਦੇ ਏਜੰਡੇ ਦਾ ਵੱਧ ਤੋਂ ਵੱਧ ਪ੍ਰਸਾਰ ਕੀਤਾ ਜਾਵੇ। ਇਨ੍ਹਾਂ ਘੜੀਆਂ ਵਿਚ ਮਨੁੱਖਤਾ ਦੀ ਸਰਬ ਸਾਂਝੀਵਾਲਤਾ ਨੂੰ ਪ੍ਰਨਾਏ ਜਿਊੜਿਆਂ ਲਈ ਇਹ ਪਰਖ ਦੀਆਂ ਘੜੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੱਖ ਧਰਵਾਸਾ ਦੇਈ ਜਾਵੇ ਮੋਦੀ*

ਮਾਸਟਰਾਂ ਨੂੰ ਤਨਖਾਹ ਨਹੀਂ ਮਿਲਦੀ ਰੋਗੀ ਤਾਂਈਂ ਦਵਾਈ,
ਖਾਲੀ ਪਿਆ ਖਜ਼ਾਨਾ ਸਾਰਾ ਪੈਂਦੀ ਰੋਜ਼ ਦੁਹਾਈ।
ਠੇਕੇ ਉਤੇ ਸਾਰਾ ਦਿਨ ਹੀ ਖੂਬ ਧੁਤਕੜਾ ਪੈਂਦਾ,
ਊਂ ਪੰਜਾਬ ਸਾਰੇ ਦਾ ਸਾਰਾ ਹੋਇਆ ਏ ਕਰਜਾਈ।
ਲੀਡਰ ਭਾਣੇ ਸਹੇ ਦੀਆਂ ਤਾਂ ਤਿੰਨ ਹੀ ਹੁੰਦੀਆਂ ਟੰਗਾਂ,
ਉਧਰ ਖੁਸਰਾ ਨੱਚੀ ਜਾਂਦਾ ਪਾ ਸੋਨੇ ਦੀਆਂ ਵੰਗਾਂ।
ਆ ਜਾ ਪੁੱਤਰਾ ਸੋਚੀਏ ਬਹਿ ਕੇ ਸਮਾਂ ਲੰਘਾਉਣ ਦਾ ਢੰਗ,
ਨਹੀਂ, ਗੁੱਸੇ ਦੇ ਵਿਚ ਨਾਗ ਵਾਂਗਰਾ ਲੋਕ ਮਾਰਨਗੇ ਡੰਗ।
ਮਨ ਨਹੀਂ ਖੜਦਾ ਲੱਖ ਧਰਵਾਸਾ ਦੇਈ ਜਾਵੇ ਮੋਦੀ,
ਧੋਤੀ ਬੰਨ੍ਹੇ ਬਾਹਮਣ ਤਾਂ ਕੋਈ ਖਿੱਚ ਕੇ ਭੱਜ ਜਾਏ ਬੋਧੀ।

# ਇਨਸਾਫਪਸੰਦਾਂ ਦਾ ਇਮਤਿਹਾਨ

***ਪਿਛਲੇ ਬਾਰਾਂ ਸਾਲਾਂ ਵਿਚ ਜਦੋਂ ਵੀ ਮੁਕੱਦਮੇ ਦੌਰਾਨ ਕੋਈ ਗੱਲ ਪੀੜਤਾਂ ਦੇ ਹੱਕ 'ਚ ਜਾਂਦੀ ਦਿਖਾਈ ਦਿੱਤੀ, ਉਦੋਂ ਹੀ ਪੁਲਿਸ ਮੋਦੀ ਦੇ ਇਸ਼ਾਰੇ 'ਤੇ ਤੀਸਤਾ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੀ ਹੈ। ਚੇਤੇ ਰਹੇ, ਤੀਸਤਾ ਨੂੰ ਇਨ੍ਹਾਂ ਬਾਰਾਂ ਸਾਲਾਂ ਦੌਰਾਨ ਫਰਜ਼ੀ ਮਾਮਲਿਆਂ 'ਚ ਉਲਝਾਉਣ ਦਾ ਇਹ ਸੱਤਵਾਂ ਮਾਮਲਾ ਹੈ। ਇਸ ਵਕਤ ਮੋਦੀ-ਅਮਿਤ ਸ਼ਾਹ ਦਾ ਸਾਰਾ ਜ਼ੋਰ ਜੱਜਾਂ ਉਪਰ ਸਿਆਸੀ ਦਬਾਓ ਪਾ ਕੇ ਇਸ ਮਾਮਲੇ 'ਚ ਤੀਸਤਾ ਦੀਆਂ ਪੇਸ਼ਗੀ ਜ਼ਮਾਨਤ ਦੀਆਂ ਦਰਖ਼ਾਸਤਾਂ ਨੂੰ ਖਾਰਜ ਕਰਾਉਣ 'ਤੇ ਲੱਗਾ ਹੋਇਆ ਹੈ।***

ਨਰੇਂਦਰ ਮੋਦੀ ਦੇ ਸੱਤਾਧਾਰੀ ਹੁੰਦਿਆਂ ਹੀ ਇਕ ਪਾਸੇ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਦੀ ਜ਼ਿੰਮੇਵਾਰ ਮੁਜਰਮਾਂ ਨੂੰ ਥਾਪੜ 'ਕਲੀਨ ਚਿੱਟ' ਦੇਣ ਦੇ ਅਮਲ ਨੇ ਤੇਜ਼ੀ ਫੜ ਲਈ, ਦੂਜੇ ਪਾਸੇ ਮਜ਼ਲੂਮਾਂ ਨੂੰ ਇਨਸਾਫ ਦਿਵਾਉਣ ਲਈ ਜੂਝ ਰਹੇ ਕਾਰਕੁਨਾਂ ਨੂੰ ਡਰਾ-ਧਮਕਾ ਕੇ ਅਤੇ ਫਰਜ਼ੀ ਮਾਮਲਿਆਂ ਵਿਚ ਉਲਝਾ ਕੇ ਮੁਕੱਦਮਿਆਂ ਦੀ ਪੈਰਵੀ ਬੰਦ ਕਰਾਉਣ ਲਈ ਭਾਰੀ ਦਬਾਅ ਅਤੇ ਬਾਂਹ-ਮਰੋੜੇ ਸ਼ੁਰੂ ਹੋ ਗਏ। ਮੁੰਬਈ ਤੋਂ ਐਡਵੋਕੇਟ ਤੇ ਕਾਰਕੁਨ ਤੀਸਤਾ ਸੀਤਲਵਾੜ ਅਤੇ ਉਸ ਦੇ ਪਤੀ ਜਾਵੇਦ ਆਨੰਦ ਨੂੰ ਧੋਖਾਧੜੀ ਦੇ ਕੇਸ ਵਿਚ ਉਲਝਾ ਕੇ ਜ਼ਲੀਲ ਤੇ ਤੰਗ-ਪ੍ਰੇਸ਼ਾਨ ਕਰਨ ਦਾ ਸਿਲਸਿਲਾ ਇਸ ਵਕਤ ਚਰਚਾ ਵਿਚ ਹੈ। ਦੂਜੇ ਪਾਸੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਅਦਾਲਤ ਨੇ ਦੋਸ਼ ਮੁਕਤ ਕਰਾਰ ਦੇ ਦਿੱਤਾ ਹੈ। ਇਸ਼ਰਤ ਜਹਾਂ ਝੂਠੇ ਪੁਲਿਸ ਮੁਕਾਬਲੇ ਵਾਲੇ ਕੇਸ ਵਿਚ ਜੇਲ੍ਹ ਬੰਦ ਵੱਡੇ ਪੁਲਿਸ ਅਧਿਕਾਰੀ ਪੀ.ਪੀ. ਪਾਂਡੇ ਨੂੰ ਨਾ ਸਿਰਫ ਜ਼ਮਾਨਤ ਦੇ ਕੇ ਉਸ ਦੀ ਨੌਕਰੀ ਬਹਾਲ ਕੀਤੀ ਗਈ, ਉਸ ਨੂੰ ਉਸੇ ਪੁਲਿਸ ਅਫ਼ਸਰ ਸਤੀਸ਼ ਵਰਮਾ ਖਿਲਾਫ ਜਾਂਚ ਦਾ ਮੁਖੀ ਲਾ ਦਿੱਤਾ ਗਿਆ ਜਿਸ ਦੀ ਨਿਰਪੱਖ ਜਾਂਚ ਦੇ ਕਾਰਨ ਪਾਂਡੇ ਅਤੇ ਵੰਜ਼ਾਰਾ ਵਰਗੇ ਕਸਾਈ ਅਫ਼ਸਰਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਸੰਭਵ ਹੋਈ ਸੀ। ਮੋਦੀ ਦੇ 'ਐਨਕਾਊਂਟਰ ਸਪੈਸ਼ਲਿਸਟ' ਪੁਲਿਸ ਡੀ.ਆਈ.ਜੀ. ਡੀ.ਜੀ. ਵੰਜ਼ਾਰਾ ਵੀ ਜ਼ਮਾਨਤ ਮਨਜ਼ੂਰੀ ਤੋਂ ਬਾਅਦ ਜੇਲ੍ਹ ਵਿਚੋਂ ਬਾਹਰ ਆ ਗਿਆ ਹੈ।

ਬੂਟਾ ਸਿੰਘ
ਫੋਨ: 91-94634-74342

ਐਡਵੋਕੇਟ ਤੀਸਤਾ ਉਪਰ ਇਲਜ਼ਾਮ ਲਾਇਆ ਗਿਆ ਹੈ ਕਿ ਉਸ ਨੇ ਗੁਜਰਾਤ ਵਿਚ 2002 ਦੀ ਮੁਸਲਿਮ ਨਸਲਕੁਸ਼ੀ ਦੌਰਾਨ ਗੁਲਬਰਗ ਸੁਸਾਇਟੀ ਕਤਲੋਗਾਰਤ ਵਿਚ ਮਾਰੇ ਜਾਣ ਵਾਲਿਆਂ ਦੀ ਯਾਦ ਵਿਚ ਉਸੇ ਥਾਂ ਬਣਾਏ ਜਾਣ ਵਾਲੇ ਸਮਾਰਕ ਲਈ ਇਕੱਠੇ ਕੀਤੇ ਫੰਡ ਨਿੰਜੀ ਮੁਫ਼ਾਦ ਲਈ ਇਸਤੇਮਾਲ ਕੀਤੇ ਹਨ। ਇਸ ਲਈ ਪੁਲਿਸ ਉਸ ਅਤੇ ਉਸ ਦੇ ਪਤੀ ਨੂੰ 'ਧੋਖਾਧੜੀ' ਦੀ ਜਾਂਚ ਲਈ ਹਿਰਾਸਤ 'ਚ ਲੈਣ ਨੂੰ ਵਾਜਬ ਦੱਸ ਰਹੀ ਹੈ। ਹਕੀਕਤ ਇਹ ਹੈ ਕਿ ਤਫਤੀਸ਼ੀ ਅਧਿਕਾਰੀ ਪਹਿਲਾਂ ਹੀ ਉਸ ਤੋਂ ਦੋ ਦਫਾ ਤਫ਼ਤੀਸ਼ ਕਰ ਚੁੱਕੇ ਹਨ। ਉਸ ਵਲੋਂ ਦਿੱਤੇ ਸਪਸ਼ਟੀਕਰਨ, ਸੰਸਥਾ ਦੇ ਆਡੀਟਰ ਦੀ ਰਿਪੋਰਟ ਅਤੇ ਦਸਤਾਵੇਜ਼ੀ ਸਬੂਤਾਂ ਦੇ ਬਾਵਜੂਦ ਪੁਲਿਸ ਬਜ਼ਿਦ ਹੈ ਕਿ ਉਸ ਨੂੰ ਗ੍ਰਿਫ਼ਤਾਰ ਕਰ ਕੇ ਤਫ਼ਤੀਸ਼ ਕਰਨੀ ਹੈ। ਇਸ ਮਾਮਲੇ ਵਿਚ ਪੁਲਿਸ ਅਸਾਧਾਰਨ ਤੌਰ 'ਤੇ ਸਰਗਰਮ ਹੈ।

ਜਿਹੜੀ ਪੁਲਿਸ ਪੌਣੇ ਦੋ ਲੱਖ ਕਰੋੜ ਰੁਪਏ ਦੇ ਬੇਮਿਸਾਲ ਘੁਟਾਲਿਆਂ ਲਈ ਜ਼ਿੰਮੇਵਾਰ ਮਨਮੋਹਨ ਸਿੰਘ-ਪੀ. ਚਿਦੰਬਰਮ ਵਰਗੇ ਮੁਜਰਮਾਂ ਵੱਲ ਅੱਖ ਚੁੱਕ ਕੇ ਵੀ ਨਹੀਂ ਝਾਕਦੀ, ਉਸ ਦੀ ਮਹਿਜ਼ ਕੁਝ ਕਰੋੜ ਦੀ 'ਧੋਖਾਧੜੀ' ਮਗਰ ਹੱਥ ਧੋ ਕੇ ਪੈ ਜਾਣ ਦੀ ਫੁਰਤੀ ਸਮਝ ਆਉਂਦੀ ਹੈ। ਇਹ ਸਭ ਮੋਦੀ-ਅਮਿਤ ਸ਼ਾਹ ਹਕੂਮਤ ਦੇ ਇਸ਼ਾਰੇ 'ਤੇ ਹੋ ਰਿਹਾ ਹੈ ਜੋ ਚਾਹੁੰਦੇ ਹਨ ਕਿ ਉਨ੍ਹਾਂ ਨੇ ਅਦਾਲਤਾਂ ਦੇ ਜੱਜਾਂ ਤੋਂ ਬੇਕਸੂਰ ਹੋਣ ਦੇ ਸਰਟੀਫਿਕੇਟ ਤਾਂ ਹਾਸਲ ਕਰ ਹੀ ਲਏ ਹਨ, ਲੱਗਦੇ ਹੱਥ ਹੁਣ ਉਨ੍ਹਾਂ ਕਾਰਕੁਨਾਂ ਦੀ ਸੰਘੀ ਵੀ ਨੱਪ ਦਿੱਤੀ ਜਾਵੇ ਜੋ ਇਸ ਕਤਲੇਆਮ ਦੇ ਮੁਕੱਦਮਿਆਂ ਦੀ ਕਾਨੂੰਨੀ ਪੈਰਵੀ ਕਰ ਕੇ ਮਾਮਲਿਆਂ ਨੂੰ ਜਿਊਂਦੇ ਰੱਖ ਰਹੇ ਹਨ। ਪਿਛਲੇ ਬਾਰਾਂ ਸਾਲਾਂ ਵਿਚ ਜਦੋਂ ਵੀ ਮੁਕੱਦਮੇ ਦੌਰਾਨ ਕੋਈ ਗੱਲ ਪੀੜਤਾਂ ਦੇ ਹੱਕ 'ਚ ਜਾਂਦੀ ਦਿਖਾਈ ਦਿੱਤੀ, ਉਦੋਂ ਹੀ ਪੁਲਿਸ ਮੋਦੀ ਦੇ ਇਸ਼ਾਰੇ 'ਤੇ ਤੀਸਤਾ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੀ ਹੈ। ਚੇਤੇ ਰਹੇ, ਤੀਸਤਾ ਨੂੰ ਇਨ੍ਹਾਂ ਬਾਰਾਂ ਸਾਲਾਂ ਦੌਰਾਨ ਫਰਜ਼ੀ ਮਾਮਲਿਆਂ 'ਚ ਉਲਝਾਉਣ ਦਾ ਇਹ ਸੱਤਵਾਂ ਮਾਮਲਾ ਹੈ। ਇਸ ਵਕਤ ਮੋਦੀ-ਅਮਿਤ ਸ਼ਾਹ ਦਾ ਸਾਰਾ ਜ਼ੋਰ ਜੱਜਾਂ ਉਪਰ ਸਿਆਸੀ ਦਬਾਓ ਪਾ ਕੇ ਇਸ ਮਾਮਲੇ 'ਚ ਤੀਸਤਾ ਦੀ ਪੇਸ਼ਗੀ ਜ਼ਮਾਨਤ ਦੀਆਂ ਦਰਖਾਸਤਾਂ ਨੂੰ ਖਾਰਜ ਕਰਾਉਣ 'ਤੇ ਲੱਗਾ ਹੋਇਆ ਹੈ। ਜੁਡੀਸ਼ਰੀ ਉਪਰ ਭਗਵੇਂ ਦਬਾਓ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਜਰਾਤ ਹਾਈ ਕੋਰਟ ਦੇ ਇਕ ਹੀ ਜੱਜ ਨੇ ਤੀਸਤਾ ਦੀ ਪੇਸ਼ਗੀ ਜ਼ਮਾਨਤ ਦੀ ਦਰਖਾਸਤ ਸਰਸਰੀ ਤੌਰ 'ਤੇ ਰੱਦ ਕਰ ਦਿੱਤੀ ਅਤੇ ਉਸ ਨੂੰ ਹਿਰਾਸਤ ਵਿਚ ਲੈ ਕੇ ਤਫਤੀਸ਼ ਕਰਨ ਦਾ ਆਦੇਸ਼ ਦੇ ਦਿੱਤਾ, ਜਦਕਿ ਮੋਦੀ ਦੀ ਸੱਜੀ ਬਾਂਹ ਅਮਿਤ ਸ਼ਾਹ ਨੂੰ ਬਚਾਉਣ ਲਈ ਮੁਕੱਦਮੇ ਦੌਰਾਨ ਤਿੰਨ ਜੱਜ ਬਦਲੇ ਗਏ।

ਐਡਵੋਕੇਟ ਤੀਸਤਾ ਅਤੇ ਐਡਵੋਕੇਟ ਮੁਕੁਲ ਸਿਨਹਾ- ਦੋਹਾਂ ਨੇ ਭਾਰੀ ਮੁਸ਼ਕਿਲਾਂ ਦੇ ਬਾਵਜੂਦ ਇਨਸਾਫ਼ ਦੀ ਲੜਾਈ ਜਾਰੀ ਰੱਖੀ ਹੋਈ ਹੈ। ਤੀਸਤਾ ਗੁਲਬਰਗ ਸੁਸਾਇਟੀ ਕਤਲੋਗਾਰਤ ਦੇ ਮਾਮਲੇ ਨੂੰ ਉਚੇਚਾ ਹੱਥ ਲੈ ਕੇ ਮੁਜਰਿਮਾਂ ਦੇ ਖਿਲਾਫ ਕਾਨੂੰਨੀ ਲੜਾਈ ਲੜ ਰਹੀ ਹੈ। ਗੁਲਬਰਗ ਸੁਸਾਇਟੀ ਅਹਿਮਦਾਬਾਦ ਵਿਚ ਤੀਹ ਕੁ ਘਰਾਂ ਅਤੇ ਦਸ ਅਪਾਰਟਮੈਂਟਾਂ ਵਾਲੀ ਇਮਾਰਤ ਸੀ। ਮੁਸਲਮਾਨਾਂ ਦੀ ਕਤਲੋਗਾਰਤ ਸਮੇਂ ਇਸ ਦੇ ਬਾਸ਼ਿੰਦੇ ਇਸ ਉਮੀਦ ਨਾਲ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਅਹਿਸਾਨ ਜਾਫ਼ਰੀ ਦੇ ਘਰ ਜਾ ਛੁਪੇ ਸਨ ਕਿ ਉਥੇ ਉਸ ਦੀ ਹਿਫ਼ਾਜ਼ਤ ਲਈ ਪੁਲਿਸ ਆ ਜਾਵੇਗੀ ਤੇ ਉਨ੍ਹਾਂ ਦੀਆਂ ਜਾਨਾਂ ਬਚ ਜਾਣਗੀਆਂ। ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਖੁਦ ਮੋਦੀ ਨੇ ਜਾਫ਼ਰੀ ਦੀਆਂ ਫ਼ੋਨ ਕਾਲਾਂ ਸੁਣ ਕੇ ਅਣਸੁਣੀਆਂ ਕਰ ਦਿੱਤੀਆਂ। ਇਨ੍ਹਾਂ ਫ਼ੋਨ ਕਾਲਾਂ ਦਾ ਰਿਕਾਰਡ ਮੌਜੂਦ ਹੈ। ਇਹ ਸਭ ਮੋਦੀ ਦੇ ਨਿਰਦੇਸ਼ 'ਤੇ ਹੋ ਰਿਹਾ ਸੀ ਜਿਸ ਦਾ ਇਕੋ-ਇਕ ਮਨੋਰਥ ਅਹਿਸਾਨ ਜਾਫ਼ਰੀ ਦਾ ਕੰਡਾ ਕੱਢਣਾ (ਜੋ ਉਸ ਦੀ ਹਕੂਮਤ ਦਾ ਤਿੱਖਾ ਆਲੋਚਕ ਸੀ), ਤੇ ਮੁਸਲਮਾਨਾਂ ਨੂੰ ਖ਼ਤਮ ਕਰਨਾ ਸੀ। ਹਿੰਦੂਤਵੀ ਗਰੋਹਾਂ ਨੇ ਸੁਸਾਇਟੀ ਦੇ ਸਾਰੇ ਘਰ ਅੱਗ ਲਾ ਕੇ ਫੂਕ ਦਿੱਤੇ। ਜਾਫ਼ਰੀ ਅਤੇ 69 ਹੋਰ ਲੋਕਾਂ ਨੂੰ ਉਸ ਦੇ ਘਰ ਵਿਚੋਂ ਧੂਹ ਕੇ ਬੇਰਹਿਮੀ ਨਾਲ ਵੱਢ ਸੁੱਟਿਆ ਅਤੇ ਸ਼ਰੇਆਮ ਉਥੇ ਹੀ ਅੱਗ ਲਾ ਕੇ ਸਾੜ ਦਿੱਤਾ ਗਿਆ। ਇਸੇ ਤਰ੍ਹਾਂ ਨਰੋਦਾ ਪਾਟਿਆ (ਮੋਦੀ ਦੀ ਵਜ਼ੀਰ ਮਾਇਆ ਕੋਡਨਾਨੀ ਦੀ ਅਗਵਾਈ ਵਿਚ 96 ਮੁਸਲਮਾਨਾਂ ਦਾ ਕਤਲੇਆਮ) ਅਤੇ ਬੈਸਟ ਬੇਕਰੀ (ਇਥੇ ਛੁਪੇ 14 ਮੁਸਲਮਾਨਾਂ ਨੂੰ ਜ਼ਿੰਦਾ ਸਾੜਨ ਦਾ ਮਾਮਲਾ) ਵਿਚ ਕੀਤਾ ਗਿਆ ਸੀ। ਕਾਂਗਰਸ ਦੀ ਕੇਂਦਰੀ ਹਕੂਮਤ ਨੇ ਗੁਲਬਰਗ ਸੁਸਾਇਟੀ ਤੇ ਹੋਰ ਕਤਲੋਗਾਰਤ ਦੇ ਮੁੱਖ ਮੁਜਰਿਮਾਂ ਦੇ ਖਿਲਾਫ ਠੋਸ ਸਬੂਤ ਅਤੇ ਗਵਾਹੀਆਂ ਹੋਣ ਦੇ ਬਾਵਜੂਦ ਕੋਈ ਕਦਮ ਨਹੀਂ ਚੁੱਕਿਆ। ਇਸ ਨੇ ਆਪਣੇ ਜਾਫ਼ਰੀ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ 'ਚ ਵੀ ਕੋਈ ਦਿਲਚਸਪੀ ਨਹੀਂ ਲਈ। ਜਾਫ਼ਰੀ ਦੀ ਵਿਧਵਾ ਜ਼ਕੀਆ ਜਾਫ਼ਰੀ ਖੁਦ ਹੀ ਕਾਨੂੰਨੀ ਲੜਾਈ ਲੜ ਰਹੀ ਹੈ।

ਜਮਹੂਰੀਅਤ ਦੇ ਨਾਂ ਹੇਠ ਕਿਸੇ ਸਮਾਜ ਨਾਲ ਇਸ ਤੋਂ ਵੱਧ ਕੋਹਜਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਸੁਪਰੀਮ ਕੋਰਟ ਵਲੋਂ ਅਪਰੈਲ 2009 ਵਿਚ ਬਣਾਈ ਐਸ.ਆਈ.ਟੀ. (ਵਿਸ਼ੇਸ਼ ਜਾਂਚ ਟੀਮ) ਵਲੋਂ ਪਹਿਲੇ ਜਾਂਚ ਕਮਿਸ਼ਨਾਂ ਅਤੇ ਨਿਰਪੱਖ ਸ਼ਹਿਰੀਆਂ ਦੀਆਂ ਕਮੇਟੀਆਂ ਵਲੋਂ ਜੁਟਾਏ ਬੇਸ਼ੁਮਾਰ ਤੱਥਾਂ ਤੇ ਗਵਾਹੀਆਂ ਨੂੰ ਹਕਾਰਤ ਨਾਲ ਦਰਕਿਨਾਰ ਕਰਕੇ ਮੋਦੀ ਵਰਗੇ ਕਤਲੋਗਾਰਤ ਦੇ ਸਰਗਨਿਆਂ ਨੂੰ ਬੇਕਸੂਰ ਹੋਣ ਦੇ ਸਰਟੀਫਿਕੇਟ ਦੇ ਦਿੱਤੇ ਗਏ; ਜਦਕਿ ਇਹ ਟੀਮ ਮੋਦੀ ਹਕੂਮਤ ਵਲੋਂ ਮਜ਼ਲੂਮਾਂ ਦੇ ਇਨਸਾਫ ਦੇ ਯਤਨਾਂ ਨੂੰ ਅਸਫ਼ਲ ਬਣਾਉਣ ਲਈ ਵਰਤੇ ਜਾ ਰਹੇ ਹੱਥਕੰਡਿਆਂ ਦੇ ਮੱਦੇਨਜ਼ਰ ਗੁਲਬਰਗ ਸੁਸਾਇਟੀ ਕਾਂਡ ਸਮੇਤ ਕਤਲੋਗਾਰਤ ਦੇ ਨੌਂ ਮੁੱਖ ਕਾਂਡਾਂ ਦੀ ਦੁਬਾਰਾ ਜਾਂਚ ਲਈ ਬਣਾਈ ਸੀ ਕਿਉਂਕਿ ਮੋਦੀ ਹਕੂਮਤ ਨੇ ਗੁਜਰਾਤ ਵਿਚ ਮੁਸਲਮਾਨਾਂ ਉਪਰ ਹਿੰਸਾ ਦੇ 4000 ਮਾਮਲੇ ਵਾਪਸ ਲੈ ਲਏ ਸਨ। ਐਸ.ਆਈ.ਟੀ. ਦੇ ਇਸ ਸਾਜ਼ਿਸ਼ੀ ਰਵੱਈਏ ਖਿਲਾਫ ਰੋਸ ਪ੍ਰਗਟਾਉਂਦਿਆਂ ਸ੍ਰੀਮਤੀ ਜਾਫ਼ਰੀ ਵਲੋਂ ਇਸ ਰਿਪੋਰਟ ਨੂੰ ਰੱਦ ਕਰਨ ਅਤੇ ਮੋਦੀ, ਤਤਕਾਲੀ ਡੀ.ਜੀ.ਪੀ. ਕੇ. ਚੱਕਰਵਰਤੀ, ਤਤਕਾਲੀ ਅਹਿਮਦਾਬਾਦ ਪੁਲਿਸ ਕਮਿਸ਼ਨਰ ਪੀ.ਸੀ. ਪਾਂਡੇ, ਤਤਕਾਲੀ ਵਧੀਕ ਮੁੱਖ ਸਕੱਤਰ (ਗ੍ਰਹਿ) ਸਮੇਤ 59 ਮੰਤਰੀਆਂ ਤੇ ਚੋਟੀ ਦੇ ਅਧਿਕਾਰੀਆਂ ਨੂੰ ਚਾਰਜ ਸ਼ੀਟ ਕਰਨ ਲਈ ਜੋ 514 ਸਫਿਆਂ ਦੀ ਪਟੀਸ਼ਨ ਦਾਇਰ ਕੀਤੀ ਗਈ, ਉਸ ਨਾਲ ਇਨ੍ਹਾਂ ਸਾਰਿਆਂ ਦੀ ਮੁਜਰਮਾਨਾ ਭੂਮਿਕਾ ਦੇ ਤਿੰਨ ਜਿਲਦਾਂ ਵਿਚ ਬੇਸ਼ੁਮਾਰ ਦਸਤਾਵੇਜ਼ੀ ਸਬੂਤ ਅਤੇ 10 ਸੀ.ਡੀ. ਬਤੌਰ ਸਬੂਤ ਨੱਥੀ ਕੀਤੀਆਂ ਗਈਆਂ ਜੋ ਤੀਸਤਾ ਤੇ ਸੀ.ਜੇ.ਐਸ. ਦੀ ਸਮੁੱਚੀ ਕਾਨੂੰਨੀ ਟੀਮ ਦੀ ਦਿਨ-ਰਾਤ ਮਿਹਨਤ ਦਾ ਸਿੱਟਾ ਸੀ। ਦਰਅਸਲ ਅਦਾਲਤ ਵਲੋਂ ਸ੍ਰੀ ਜਾਫ਼ਰੀ ਦੀ ਮਾਮਲੇ ਨਾਲ ਸਬੰਧਤ ਕੁਲ ਦਸਤਾਵੇਜ਼ ਮੁਹੱਈਆ ਕਰਾਏ ਜਾਣ ਦੀ ਦਰਖਾਸਤ ਮਨਜ਼ੂਰ ਹੋਣ ਨਾਲ ਮੋਦੀ ਮੰਡਲੀ ਦੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ। ਹੁਣ ਤਕ ਐਸ.ਆਈ.ਟੀ. ਨੇ ਇਨ੍ਹਾਂ ਕੁਲ ਦਸਤਾਵੇਜ਼ਾਂ, ਰਿਕਾਰਡ ਅਤੇ ਗਵਾਹੀਆਂ ਨੂੰ ਜੱਫਾ ਮਾਰਿਆ ਹੋਇਆ ਸੀ ਜੋ ਤੀਸਤਾ ਦੀ ਮਿਹਨਤ ਨਾਲ ਲੋਕਾਂ ਨੂੰ ਮੁਹੱਈਆ ਹੋ ਗਏ।

ਐਸ.ਆਈ.ਟੀ. ਵਲੋਂ ਕਤਲੋਗਾਰਤ ਦੇ ਨੌਂ ਮਾਮਲਿਆਂ ਦੀ ਦੁਬਾਰਾ ਜਾਂਚ ਦੌਰਾਨ ਹਰ ਮਾਮਲੇ ਵਿਚ ਕਤਲੇਆਮ ਪੀੜਤਾਂ ਦੀ ਮਦਦ ਲਈ ਤੀਸਤਾ ਨੇ ਸਰਗਰਮ ਭੂਮਿਕਾ ਨਿਭਾਈ। ਸ੍ਰੀਮਤੀ ਜਾਫ਼ਰੀ ਨੇ ਤੀਸਤਾ ਦੀ ਕਾਨੂੰਨੀ ਮਦਦ ਨਾਲ ਮੋਦੀ ਸਮੇਤ 59 ਮੁਜਰਮਾਂ ਖਿਲਾਫ 2006 ਵਿਚ ਐਫ.ਆਈ.ਆਰ. ਦਰਜ ਕਰਾਈ ਸੀ। ਗੁਲਬਰਗ ਸੁਸਾਇਟੀ ਸ਼ਾਇਦ ਇਕੋ-ਇਕ ਐਸਾ ਮਾਮਲਾ ਸੀ ਜਿਸ ਵਿਚ ਮੋਦੀ ਨੂੰ ਇਸ ਕਤਲੋਗਾਰਤ ਦੀ ਸਾਜ਼ਿਸ਼ ਦੇ ਸਰਗਨੇ ਵਜੋਂ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਹੀ ਇਹ ਖ਼ਦਸ਼ਾ ਬਣ ਗਿਆ ਸੀ ਕਿ ਤੀਸਤਾ ਨੂੰ ਸਬਕ ਸਿਖਾਉਣ ਲਈ ਕੋਈ ਨਾ ਕੋਈ ਬਹਾਨਾ ਬਣਾਇਆ ਜਾਵੇਗਾ। ਤੀਸਤਾ ਜਿਸ ਐਨ.ਜੀ.ਓ. ਸਿਟੀਜ਼ਨ ਫਾਰ ਜਸਟਿਸ ਐਂਡ ਪੀਸ ਵਿਚ ਕੰਮ ਕਰਦੀ ਹੈ, ਉਸ ਵਲੋਂ ਜਦੋਂ ਗੁਲਬਰਗ ਸੁਸਾਇਟੀ ਕਤਲੇਆਮ ਦੌਰਾਨ ਜ਼ਿੰਦਾ ਬਚੇ ਇਕੋ-ਇਕ ਵਿਅਕਤੀ ਰਾਇਸ ਖਾਨ ਨੂੰ ਸੰਸਥਾ ਵਿਚੋਂ ਕੱਢ ਦਿੱਤਾ ਗਿਆ ਜੋ ਕਾਤਲਾਂ ਨਾਲ ਜਾ ਮਿਲਿਆ ਸੀ, ਤਾਂ ਮੋਦੀ ਹਕੂਮਤ ਨੂੰ ਬਹਾਨਾ ਮਿਲ ਗਿਆ। ਫਿਰ 2012 ਵਿਚ ਰਾਇਸ ਖਾਨ ਨੇ ਇਲਜ਼ਾਮ ਲਾਇਆ ਕਿ ਤੀਸਤਾ ਅਤੇ ਜਾਵੇਦ ਨੇ ਕਤਲੋਗਾਰਤ ਅਤੇ ਤਬਾਹੀ ਦੀਆਂ ਵੀਡੀਓ ਫੁਟੇਜ਼ ਤੇ ਤਸਵੀਰਾਂ ਵੈਬ ਸਾਈਟ ਉਪਰ ਪਾ ਕੇ ਪੀੜਤਾਂ ਦੀ ਮਦਦ ਅਤੇ ਕਾਨੂੰਨੀ ਪੈਰਵੀ ਲਈ ਸੀ.ਜੇ.ਐਸ. ਅਤੇ ਸਬਰੰਗ ਟਰੱਸਟ ਦੇ ਖਾਤਿਆਂ ਵਿਚ ਫੰਡ ਭੇਜਣ ਦੀਆਂ ਅਪੀਲਾਂ ਕੀਤੀਆਂ ਸਨ। ਉਸ ਨੇ ਇਲਜ਼ਾਮ ਲਾਇਆ ਕਿ ਗੁਲਬਰਗ ਸੁਸਾਇਟੀ ਵਾਲੀ ਥਾਂ ਉਪਰ ਅਜਾਇਬ ਘਰ ਬਣਾਉਣ ਦੇ ਨਾਂ ਹੇਠ ਕਰੋੜਾਂ ਰੁਪਏ ਇਕੱਠੇ ਕੀਤੇ ਗਏ। ਫਿਰ ਉਸ ਨੇ ਸੁਸਾਇਟੀ ਦੇ ਮੈਂਬਰਾਂ ਦੇ ਨਾਂ 'ਤੇ ਜਾਅਲੀ ਚਿੱਠੀ ਬਣਾਈ ਜਿਸ ਵਿਚ ਕਿਹਾ ਗਿਆ ਕਿ ਇਸ ਸੰਸਥਾ ਨੇ ਕਤਲੇਆਮ ਪੀੜਤਾਂ ਦੇ ਨਾਂ 'ਤੇ ਇਕੱਠੇ ਕੀਤੇ ਰਾਹਤ ਫੰਡ ਉਨ੍ਹਾਂ ਨੂੰ ਨਹੀਂ ਦਿੱਤੇ। ਇਸ ਦੇ ਆਧਾਰ 'ਤੇ ਉਸ ਕੋਲੋਂ ਪੁਲਿਸ ਕੋਲ ਤੀਸਤਾ ਅਤੇ ਜਾਵੇਦ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਗਈ। 2013 ਵਿਚ ਗੁਲਬਰਗ ਸੁਸਾਇਟੀ ਦੇ ਅਧਿਕਾਰਤ ਨੁਮਾਇੰਦਿਆਂ ਨੇ ਪੁਲਿਸ ਦੇ ਜੁਆਇੰਟ ਕਮਿਸ਼ਨਰ, ਜੁਰਮ ਸ਼ਾਖਾ, ਨੂੰ ਚਿੱਠੀ ਲਿਖ ਕੇ ਸਪਸ਼ਟ ਕੀਤਾ ਕਿ ਖਾਨ ਦੀ ਚਿੱਠੀ ਜਾਅਲੀ ਹੈ ਅਤੇ ਲਾਏ ਗਏ ਇਲਜ਼ਾਮ ਝੂਠੇ ਹਨ ਪਰ ਪੁਲਿਸ ਨੇ ਇਸ ਨੂੰ ਮੰਨਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਸ ਦਾ ਫ਼ੈਸਲਾ ਤਫ਼ਤੀਸ਼ ਪਿਛੋਂ ਕੀਤਾ ਜਾਵੇਗਾ। ਇਸ ਤੋਂ ਇਕ ਵਾਰ ਫਿਰ ਜ਼ਾਹਿਰ ਹੋ ਗਿਆ ਕਿ ਪੁਲਿਸ ਦੀ ਮਨਸ਼ਾ ਫੰਡਾਂ ਦੀ ਧੋਖਾਧੜੀ ਦੇ ਬਹਾਨੇ ਇਸ ਕਾਰਕੁਨ ਜੋੜੇ ਨੂੰ ਬਦਨਾਮ ਤੇ ਜ਼ਲੀਲ ਕਰਨਾ ਹੈ। ਇਹ ਤੀਸਤਾ ਦੇ ਹੱਕ ਵਿਚ ਬੁੱਧੀਜੀਵੀਆਂ ਤੇ ਹੋਰ ਜਮਹੂਰੀ ਤਾਕਤਾਂ ਦੀ ਵਸੀਹ ਆਵਾਜ਼ ਹੀ ਹੈ ਜਿਸ ਦੇ ਦਬਾਅ ਨੇ ਸੁਪਰੀਮ ਕੋਰਟ ਨੂੰ ਉਸ ਦੀ ਗ੍ਰਿਫ਼ਤਾਰ 'ਤੇ ਰੋਕ ਲਾਉਣ ਲਈ ਮਜਬੂਰ ਕੀਤਾ ਹੈ।

# 'ਮੈਂ ਵੀ ਪਾਨਸਰੇ, ਮੈਂ ਵੀ ਦਾਭੋਲਕਰ'

ਗੋਬਿੰਦ ਪਾਨਸਰੇ ਦੇ ਸਸਕਾਰ ਉਤੇ ਲੱਗ ਰਹੇ ਨਾਅਰਿਆਂ ਵਿਚ ਸਭ ਤੋਂ ਅਹਿਮ ਨਾਅਰਾ ਸੀ- 'ਮੈਂ ਵੀ ਪਾਨਸਰੇ, ਮੈਂ ਵੀ ਦਾਭੋਲਕਰ।' ਇਸ ਨਾਅਰੇ ਨੂੰ ਭਾਵੇਂ ਮੀਡੀਆ ਵਿਚ 'ਮੈਂ ਵੀ ਸ਼ਾਰਲੀ ਐਬਦੋ' ਜਿੰਨੀ ਥਾਂ ਨਾ ਮਿਲੇ, ਪਰ ਇਹ ਸਾਡੇ ਦੌਰ ਦੇ ਸੋਗ਼ਵਾਰ ਰੁਝਾਨ ਅਤੇ ਨਾਬਰ ਸੁਰ ਦੀ ਇੱਕੋ ਵੇਲੇ ਨੁਮਾਇੰਦਗੀ ਕਰਦਾ ਹੈ। ਇਨ੍ਹਾਂ ਦੋਵਾਂ ਨਾਅਰਿਆਂ ਵਿਚਕਾਰ ਮੌਜੂਦਾ ਦੌਰ ਦੀ ਸਿਆਸਤ ਦਾ ਦਰਦਮੰਦ ਖਾਸਾ ਹੈ ਜੋ ਕੰਨੀਆਂ ਤੱਕ ਮਹਿਦੂਦ ਹੋ ਗਿਆ ਹੈ। ਇਸੇ ਦਰਦਮੰਦ ਸਿਆਸਤ ਦੇ ਨੁਮਾਇੰਦੇ ਮੌਜੂਦਾ ਨਿਜ਼ਾਮ ਦੇ ਨਿਸ਼ਾਨੇ ਉਤੇ ਹਨ। ਗੋਬਿੰਦ ਪਾਨਸਰੇ ਦਾ ਕਤਲ ਮਹਾਰਾਸ਼ਟਰ ਦੇ ਕੋਲਹਾਪੁਰ ਕਸਬੇ ਵਿਚ ਹੋਇਆ ਹੈ ਜਿੱਥੋਂ ਪੁਣੇ ਦਾ ਫ਼ਾਸਲਾ ਤਕਰੀਬਨ 240 ਕਿਲੋਮੀਟਰ ਹੈ। ਪੁਣੇ ਵਿਚ ਗੋਬਿੰਦ ਪਾਨਸਰੇ ਉਤੇ ਹੋਏ ਜਾਨਲੇਵਾ ਹਮਲੇ ਤੋਂ 545 ਦਿਨ ਪਹਿਲਾਂ ਡਾ. ਨਰਿੰਦਰ ਦਾਭੋਲਕਰ ਦਾ



ਦਲਜੀਤ ਅਮੀ
ਫੋਨ: 91-97811-21873

ਕਤਲ ਕੀਤਾ ਗਿਆ ਸੀ। ਇਨ੍ਹਾਂ ਦੋਵਾਂ ਕਤਲਾਂ ਦੀ ਥਾਂ ਦਾ ਫਾਸਲਾ 240 ਕਿਲੋਮੀਟਰ ਅਤੇ ਸਮੇਂ ਦਾ ਫ਼ਰਕ 545 ਦਿਨਾਂ ਦਾ ਹੈ, ਪਰ ਵਿਚਾਰ ਪੱਖੋਂ ਮਕਤੂਲਾਂ ਦੀ ਨੇੜਤਾ ਗੂੜ੍ਹੀ ਹੈ। ਦੂਜੇ ਪਾਸੇ ਬੇਪਛਾਣ ਕਾਤਲਾਂ ਦੀ ਜ਼ਾਹਰਾ ਸਾਂਝ ਕਤਲ ਕਰਨ ਦੇ ਸਮੇਂ, ਸਥਾਨ ਅਤੇ ਤਰੀਕੇ ਤੋਂ ਸ਼ੁਰੂ ਹੁੰਦੀ ਹੈ ਅਤੇ ਗੌਣ ਪੱਖ ਦੀ ਸਿਧਾਂਤਕ ਪਛਾਣ ਕੋਈ ਜ਼ਿਆਦਾ ਮੁਸ਼ਕਿਲ ਨਹੀਂ ਹੈ।

ਡਾ. ਨਰਿੰਦਰ ਦਾਭੋਲਕਰ ਅਤੇ ਗੋਬਿੰਦ ਪਾਨਸਰੇ ਦੇ ਕਤਲ ਬੇਪਛਾਣ ਕਾਤਲਾਂ ਨੇ ਸਵੇਰ ਦੀ ਸੈਰ ਮੌਕੇ ਘਾਤ ਲਗਾ ਕੇ ਬਹੁਤ ਨੇੜਿਓਂ ਗੋਲੀਆਂ ਮਾਰ ਕੇ ਕੀਤੇ ਹਨ। ਦੋਵੇਂ ਵਾਰ ਕਾਤਲ ਮੋਟਰਸਾਈਕਲਾਂ ਉਤੇ ਫਰਾਰ ਹੋਣ ਵਿਚ ਕਾਮਯਾਬ ਹੋਏ। ਤਕਰੀਬਨ 67 ਸਾਲ ਦੇ ਡਾ. ਨਰਿੰਦਰ ਦਾਭੋਲਕਰ ਅਤੇ 82 ਸਾਲਾ ਗੋਬਿੰਦ ਪਾਨਸਰੇ ਨੂੰ ਕਿਸੇ ਲੁੱਟ-ਖੋਹ ਜਾਂ ਨਿੱਜੀ ਰੰਜਿਸ਼ ਲਈ ਕਤਲ ਨਹੀਂ ਕੀਤਾ ਗਿਆ। ਇਹ ਕਤਲ ਕਿਸੇ ਸ਼ਨਾਖ਼ਤ ਦੀ ਗ਼ਲਤੀ ਨਾਲ ਵੀ ਨਹੀਂ ਹੋਏ। ਇਨ੍ਹਾਂ ਕਤਲਾਂ ਦੀ ਗੁੱਥੀ ਮਕਤੂਲਾਂ ਦੀ ਕਾਰਗੁਜ਼ਾਰੀ ਅਤੇ ਕਾਤਲਾਂ ਦੀ ਸੋਚ ਵਿਚ ਪਈ ਜਾਪਦੀ ਹੈ। ਗੋਬਿੰਦ ਪਾਨਸਰੇ ਆਪਣੀ ਜੀਵਨ ਸਾਥਣ ਉਮਾ ਨਾਲ ਸਵੇਰ ਦੀ ਸੈਰ ਤੋਂ ਪਰਤ ਰਹੇ ਸਨ।

ਗੋਬਿੰਦ ਪਾਨਸਰੇ ਦਾ ਜਨਮ 26 ਨਵੰਬਰ 1933 ਨੂੰ ਮਹਾਂਰਾਸ਼ਟਰ ਸੂਬੇ ਦੇ ਅਹਿਮਦਨਗਰ ਜ਼ਿਲ੍ਹੇ ਦੇ ਪਿੰਡ ਕੋਲਹਾਰ ਵਿਚ ਹੋਇਆ ਸੀ। ਉਚੇਰੀ ਪੜ੍ਹਾਈ ਲਈ ਕੋਲਹਾਪੁਰ ਪਹੁੰਚੇ ਗੋਬਿੰਦ ਪਾਨਸਰੇ ਨੇ ਇਸੇ ਕਸਬੇ ਨੂੰ ਆਪਣੀ ਕਰਮਭੂਮੀ ਬਣਾ ਲਿਆ। ਉਨ੍ਹਾਂ ਦੀ ਜ਼ਿੰਦਗੀ ਨਿੱਜੀ ਅਤੇ ਸਮਾਜਕ ਪੱਧਰ ਉਤੇ ਸੰਘਰਸ਼ ਦੀ ਗਾਥਾ ਹੈ। ਉਨ੍ਹਾਂ ਅਖ਼ਬਾਰ ਦੀ ਪਰਚੂਨ ਵੰਡ ਤੋਂ ਸ਼ੁਰੂ ਕਰ ਕੇ ਮਿਉਂਸਪਲ ਕਮੇਟੀ ਵਿਚ ਚਪੜਾਸੀ ਦੀ ਨੌਕਰੀ ਕੀਤੀ। ਫਿਰ ਪ੍ਰਾਇਮਰੀ ਸਕੂਲ ਵਿਚ ਪੜ੍ਹਾਇਆ ਅਤੇ 1966 ਵਿਚ ਵਕਾਲਤ ਸ਼ੁਰੂ ਕੀਤੀ। ਉਹ ਕਈ ਸਾਲ ਕੋਲਹਾਪੁਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਇਹ ਉਨ੍ਹਾਂ ਦੀ ਜ਼ਿੰਦਗੀ ਦਾ ਰੋਜ਼ੀ-ਰੋਟੀ ਕਮਾਉਣ ਵਾਲਾ ਪੇਸ਼ੇਵਰ ਪੱਖ ਹੈ।

ਪਾਨਸਰੇ ਕਮਿਉਨਿਸਟ ਪਾਰਟੀ ਆਫ ਇੰਡੀਆ (ਸੀ.ਪੀ.ਆਈ.) ਦੇ ਸਰਗਰਮ ਕਾਰਕੁਨ ਸਨ। ਪਾਨਸਰੇ ਨੇ ਮਾਰਕਸਵਾਦੀ ਵਿਚਾਰਧਾਰਾ ਦੀ ਦਲੀਲ ਆਪਣੀ ਪਾਰਟੀ ਸਮੇਤ ਸਮਾਜ ਉਤੇ ਲਾਗੂ ਕੀਤੀ। ਨਤੀਜੇ ਵਜੋਂ ਉਨ੍ਹਾਂ ਨੂੰ ਮਰਾਠੀ ਮੂਲ ਦੇ ਅਹਿਮ ਮਾਰਕਸਵਾਦੀ ਲੇਖਕਾਂ ਵਿਚ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਵੀਹ ਤੋਂ ਜ਼ਿਆਦਾ ਕਿਤਾਬਾਂ ਲਿਖੀਆਂ। ਇਹ ਕਿਤਾਬਾਂ ਮੁਕਾਮੀ ਇਤਿਹਾਸ ਤੋਂ ਸ਼ੁਰੂ ਹੋ ਕੇ ਸਮਾਜ, ਜਾਤ, ਜਮਾਤ ਅਤੇ ਘੱਟ-ਗਿਣਤੀਆਂ ਦੇ ਸਮਕਾਲੀ ਮਸਲਿਆਂ ਨੂੰ ਮੁਖਾਤਬ ਹੁੰਦੀਆਂ ਹਨ। ਮਰਾਠੀ ਵਿਚ ਲਿਖੀਆਂ ਇਨ੍ਹਾਂ ਕਿਤਾਬਾਂ ਵਿਚ ਕਾਮਾ ਮੇਲ ਦੀ ਬੰਦਖ਼ਲਾਸੀ ਅਤੇ ਖੁੱਲ੍ਹਨਜ਼ਰੀ ਦੀ ਵਕਾਲਤ ਲਗਾਤਾਰ ਕੀਤੀ ਗਈ ਹੈ। ਇਸ ਤੋਂ ਇਲਾਵਾ ਪਾਨਸਰੇ ਮਹਾਂਰਾਸ਼ਟਰ ਦੀ ਤਰਕਸ਼ੀਲ ਲਹਿਰ ਦੇ ਸਰਗਰਮ ਕਾਰਕੁਨ ਸਨ। ਮਹਾਂਰਾਸ਼ਟਰ ਵਿਚ ਤਰਕਸ਼ੀਲ ਜਥੇਬੰਦੀਆਂ ਦਾ ਮੂਲਵਾਦੀ ਜਥੇਬੰਦੀਆਂ ਨਾਲ ਸਿੱਧਾ ਟਕਰਾਅ ਹੈ। ਡਾ. ਦਾਭੋਲਕਰ ਦੀ ਜਥੇਬੰਦੀ ਅੰਧ-ਸ਼ਰਧਾ ਨਿਰਮੂਲਨ ਸਮਿਤੀ, ਮੂਲਵਾਦੀ ਜਥੇਬੰਦੀਆਂ ਦੀ ਆਲੋਚਨਾ ਦਾ ਲਗਾਤਾਰ ਸ਼ਿਕਾਰ ਰਹੀ ਹੈ। ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲਦੀਆਂ ਰਹੀਆਂ ਹਨ ਅਤੇ ਅੰਤ ਨੂੰ ਦਾਭੋਲਕਰ ਦਾ ਕਤਲ ਵੀ ਕੀਤਾ ਗਿਆ। ਇਹ ਕਤਲ ਕੋਈ ਅਚੰਭਾ ਨਹੀਂ ਸੀ ਸਗੋਂ ਇਸ ਦਾ ਖ਼ਦਸ਼ਾ ਲਗਾਤਾਰ ਮਹਿਸੂਸ ਕੀਤਾ ਜਾ ਰਿਹਾ ਸੀ। ਡਾ. ਦਾਭੋਲਕਰ ਨੇ ਪੁਲਿਸ ਸੁਰੱਖਿਆ ਲੈਣ ਤੋਂ ਇਨਕਾਰ ਕਰਦਿਆਂ ਬਿਆਨ ਦਿੱਤਾ ਸੀ, "ਜੇ ਮੈਨੂੰ ਆਪਣੇ ਹੀ ਮੁਲਕ 'ਚ ਆਪਣੇ ਹੀ ਲੋਕਾਂ ਤੋਂ ਸੁਰੱਖਿਆ ਲੈਣੀ ਪੈਂਦੀ ਹੈ ਤਾਂ ਮੇਰੇ ਵਿਚ ਕੋਈ ਕਮੀ ਹੈ। ਮੈਂ ਕਿਸੇ ਦੇ ਖਿਲਾਫ ਲੜਨ ਦੀ ਥਾਂ ਸੰਵਿਧਾਨ ਦੇ ਘੇਰੇ ਅੰਦਰ ਆਵਾਮ ਲਈ ਲੜ ਰਿਹਾ ਹਾਂ।" ਦਾਭੋਲਕਰ ਦੇ ਕਤਲ ਤੋਂ ਬਾਅਦ ਤਤਕਾਲੀ ਕਾਂਗਰਸ-ਨੈਸ਼ਨਲ ਕਾਂਗਰਸ ਪਾਰਟੀ ਗੱਠਜੋੜ ਸਰਕਾਰ ਨੇ ਕਈ ਬਿਆਨ ਦਿੱਤੇ ਸਨ। ਅੰਧ-ਸ਼ਰਧਾ ਨਿਰਮੂਲਨ ਸਮਿਤੀ ਵਲੋਂ ਤਿਆਰ ਕੀਤੇ ਗਏ 'ਅੰਧ-ਵਿਸ਼ਵਾਸ ਅਤੇ ਕਾਲੇ ਜਾਦੂ ਖਿਲਾਫ ਕਾਨੂੰਨ' ਦਾ ਖਰੜਾ ਸੱਤ ਵਿਧਾਨ ਸਭਾ ਇਜਲਾਸਾਂ 'ਚ ਪੇਸ਼ ਹੋਣ ਪਿਛੋਂ ਵੀ ਪ੍ਰਵਾਨ ਨਹੀਂ ਹੋਇਆ ਸੀ, ਪਰ ਦਾਭੋਲਕਰ ਦੇ ਕਤਲ ਤੋਂ ਅਗਲੇ ਦਿਨ ਇਸ ਨੂੰ ਮੰਤਰੀ ਮੰਡਲ ਨੇ ਆਰਡੀਨੈਂਸ ਵਜੋਂ ਪ੍ਰਵਾਨ ਕੀਤਾ ਸੀ। ਇਸ ਨੂੰ ਵਿਧਾਨ ਸਭਾ ਅਤੇ ਬਾਅਦ ਵਿਚ ਲੋਕ ਸਭਾ ਲੋੜੀਂਦੀ ਪ੍ਰਵਾਨਗੀ ਨਹੀਂ ਮਿਲ ਸਕੀ। ਇਸ ਕਾਨੂੰਨ ਦਾ ਵਿਰੋਧ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੀਆਂ ਹੁਣ ਮਹਾਂਰਾਸ਼ਟਰ ਸੂਬੇ ਅਤੇ ਕੇਂਦਰ ਵਿਚ ਸਰਕਾਰਾਂ ਹਨ।

ਦਾਭੋਲਕਰ ਦੇ ਕਤਲ ਦੀ ਸਾਜ਼ਿਸ਼ ਵਾਲਾ ਚੌਖਟਾ ਪਾਨਸਰੇ ਉਤੇ ਲਾਗੂ ਹੁੰਦਾ ਹੈ। ਪਾਨਸਰੇ ਸੜਕਾਂ ਉਤੇ ਟੋਲ ਪਲਾਜ਼ਾ ਲਗਾਉਣ ਖਿਲਾਫ ਸੰਘਰਸ਼ ਦੀ ਅਗਵਾਈ ਕਰ ਰਹੇ ਸਨ। ਇਸ ਧੰਦੇ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 'ਨੈਚੂਰਲੀ ਕੁਰੱਪਟ ਪਾਰਟੀ' ਗਰਦਾਨੀ ਗਈ ਨੈਸ਼ਨਲ ਕਾਂਗਰਸ ਪਾਰਟੀ ਦੇ ਆਗੂਆਂ ਦੀ ਵੱਡੀ ਹਿੱਸੇਦਾਰੀ ਹੈ। ਪਾਨਸਰੇ ਨੇ 1984 ਵਿਚ ਸ਼ਿਵਾਜੀ ਮਰਾਠੇ ਉਤੇ 'ਸ਼ਿਵਾਜੀ ਕੌਨ ਹੋਤਾ?' (ਸ਼ਿਵਾਜੀ ਕੌਣ ਸਨ?) ਨਾਮ ਦੀ ਕਿਤਾਬ ਲਿਖੀ ਸੀ ਜਿਸ ਦਾ ਤਰਜਮਾ ਹਿੰਦੀ, ਅੰਗਰੇਜ਼ੀ, ਕੰਨੜ, ਉਰਦੂ ਅਤੇ ਗੁਜਰਾਤੀ ਵਿਚ ਹੋਇਆ ਹੈ। ਇਹ ਕਿਤਾਬ ਮਰਾਠੀ ਵਿਚ 24 ਵਾਰ ਛਪ ਕੇ ਡੇਢ ਲੱਖ ਤੋਂ ਜ਼ਿਆਦਾ ਗਿਣਤੀ ਵਿਚ ਵਿਕ ਚੁੱਕੀ ਹੈ। ਮਹਾਂਰਾਸ਼ਟਰ ਵਿਚ ਸ਼ਿਵਾਜੀ ਉਤੇ ਦਾਅਵੇਦਾਰੀ ਸ਼ਿਵ ਸੈਨਾ ਅਤੇ ਮਹਾਂਰਾਸ਼ਟਰ ਨਵ-ਨਿਰਮਾਣ ਸੈਨਾ ਦੀ ਰਹੀ ਹੈ ਜਿਨ੍ਹਾਂ ਦੀ ਹਮਲਾਵਰ ਸਿਆਸਤ ਖੱਬੇ ਪੱਖੀਆਂ ਅਤੇ ਗ਼ੈਰ-ਮਰਾਠੀਆਂ ਦੇ ਵਿਰੋਧ ਉਤੇ ਟਿਕੀ ਹੋਈ ਹੈ।

ਪਾਨਸਰੇ ਦੀ ਕਿਤਾਬ ਵਿਚ ਪੇਸ਼ ਹੋਇਆ ਸ਼ਿਵਾਜੀ ਦਾ ਅਕਸ ਉਨ੍ਹਾਂ ਦੀ ਮੂਲਵਾਦੀ ਸਿਆਸਤ ਦਾ ਭਾਂਡਾ ਭੰਨ੍ਹਣ ਵਾਲਾ ਹੈ। ਪਾਨਸਰੇ ਦੀ ਦਲੀਲ ਸੀ ਕਿ ਸ਼ਿਵ ਸੈਨਾ-ਭਾਜਪਾ ਵਰਗੀਆਂ ਪਾਰਟੀਆਂ ਅਤੇ ਇਨ੍ਹਾਂ ਦੀਆਂ ਜਥੇਬੰਦੀਆਂ ਨੇ ਸ਼ਿਵਾਜੀ ਨੂੰ ਮੁਸਲਮਾਨ ਵਿਰੋਧੀ ਬਿੰਬ ਵਜੋਂ ਪੇਸ਼ ਕੀਤਾ ਹੈ ਜੋ ਇਤਿਹਾਸ ਦੀ ਗ਼ਲਤਬਿਆਨੀ ਹੈ। ਇਸ ਕਿਤਾਬ ਦੇ ਅਸਰ ਦਾ ਅੰਦਾਜ਼ਾ ਪੱਤਰਕਾਰ ਆਤਿਸ਼ ਨਾਗਪੁਰੇ ਦੇ ਲੇਖ ਤੋਂ ਲਗਾਇਆ ਜਾ ਸਕਦਾ ਹੈ। ਗੋਬਿੰਦ ਪਾਨਸਰੇ ਦੇ ਸ਼ਰਧਾਂਜਲੀ ਲੇਖ ਵਿਚ ਆਤਿਸ਼ ਨੇ ਲਿਖਿਆ ਹੈ, "ਬਚਪਨ ਵਿਚ ਬੱਚੇ 'ਸ਼ਿਵਾਜੀ ਮਹਾਨਾਤੋ' (ਸ਼ਿਵਾਜੀ ਕਹਿੰਦੈ) ਨਾਮ ਦੀ ਖੇਡ ਖੇਡਦੇ ਸੀ ਜਿਸ ਵਿਚ ਸ਼ਿਵਾਜੀ ਬਣਿਆ ਬੱਚਾ ਦੂਜਿਆਂ ਨੂੰ ਕੋਈ ਵੀ ਹੁਕਮ ਦੇ ਸਕਦਾ ਸੀ। ਬਿਨਾਂ ਕਿਸੇ ਰੋਕ-ਟੋਕ ਤੋਂ 'ਸ਼ਿਵਾਜੀ' ਨੂੰ ਹਰ ਹੁਕਮ ਦੇਣ ਦੀ ਖੁੱਲ੍ਹ ਸੀ। ਉਂਜ ਤਾਂ ਇਹ ਵੀ ਬੱਚਿਆਂ ਦੀਆਂ ਦੂਜੀਆਂ ਖੇਡਾਂ ਵਰਗੀ ਖੇਡ ਸੀ ਪਰ ਇਸ ਤੋਂ ਮਹਾਂਰਾਸ਼ਟਰ ਵਿਚ ਸ਼ਿਵਾਜੀ ਦੀ ਪ੍ਰਵਾਨਗੀ ਦਾ ਅੰਦਾਜ਼ਾ ਹੁੰਦਾ ਹੈ। ਮੈਂ ਜ਼ਿੰਦਗੀ ਵਿਚ 'ਸ਼ਿਵਾਜੀ' ਨੂੰ ਬਹੁਤ ਵਾਰ ਮਿਲਿਆ ਹਾਂ। ਉਹ ਬਹਾਦਰ ਅਤੇ ਨਿਧੜਕ ਹਿੰਦੂਵਾਦੀ ਰਾਜਾ ਸੀ ਜੋ ਗਊ ਅਤੇ ਬ੍ਰਾਹਮਣ ਦੀ ਰਾਖੀ ਕਰਦਾ ਸੀ। ਜਦੋਂ ਮੈਂ ਗੋਬਿੰਦ ਪਾਨਸਰੇ ਦੀ ਕਿਤਾਬ 'ਸ਼ਿਵਾਜੀ ਕੌਨ ਹੋਤਾ?' ਪੜ੍ਹੀ, ਤਾਂ ਮੈਂ ਹੈਰਾਨ ਰਹਿ ਗਿਆ। ਉਸ ਦਿਨ ਮੈਂ ਸ਼ਿਵਾਜੀ ਨੂੰ ਨਵੇਂ ਸਿਰੇ ਤੋਂ ਪਛਾਣਿਆ। ਦਰਅਸਲ ਇਸ ਨਾਲ ਮੇਰੇ ਆਪਣੇ-ਆਪ ਨਾਲ ਸੰਵਾਦ ਸ਼ੁਰੂ ਹੋਇਆ। ਇਸ ਨਾਲ ਮੇਰੀ ਇਤਿਹਾਸ, ਸਮਾਜ ਅਤੇ ਜ਼ਿੰਦਗੀ ਬਾਰੇ ਸੋਚ ਬਦਲ ਗਈ।"

ਕਤਲ ਤੋਂ ਦੋ ਹਫ਼ਤੇ ਪਹਿਲਾਂ ਪਾਨਸਰੇ ਨੇ ਸ਼ਿਵਾਜੀ ਯੂਨੀਵਰਸਿਟੀ ਵਿਚ ਆਪਣੀ ਤਕਰੀਰ ਦੌਰਾਨ ਦਲੀਲ ਦਿੱਤੀ ਸੀ ਕਿ ਨਾਥੂਰਾਮ ਗੋਡਸੇ ਦੀ ਨਾਇਕ ਵਜੋਂ ਪੇਸ਼ਕਾਰੀ ਸਮਾਜ ਲਈ ਘਾਤਕ ਹੈ। ਭਾਜਪਾ ਦੇ ਆਗੂ ਸਾਕਸ਼ੀ ਮਹਾਰਾਜ ਨਾਥੂਰਾਮ ਗੋਡਸੇ ਨੂੰ ਦੇਸ਼ ਭਗਤ ਵਜੋਂ ਪੇਸ਼ ਕਰਦੇ ਰਹਿੰਦੇ ਹਨ। ਪਾਨਸਰੇ ਦੀ ਇਸ ਦਲੀਲ ਦਾ ਭਾਜਪਾ ਨਾਲ ਜੁੜੀ ਵਿਦਿਆਰਥੀ ਜਥੇਬੰਦੀ ਦੇ ਕਾਰਕੁਨਾਂ ਨੇ ਵਿਰੋਧ ਕੀਤਾ ਸੀ। ਇਸੇ ਤਰ੍ਹਾਂ ਕਤਲ ਤੋਂ ਤਕਰੀਬਨ ਇੱਕ ਹਫ਼ਤਾ ਪਹਿਲਾਂ ਉਨ੍ਹਾਂ ਨੇ '26 ਨਵੰਬਰ' ਦੇ ਅਤਿਵਾਦੀ ਹਮਲੇ ਉਤੇ ਹੋਏ ਸਮਾਗਮ ਵਿਚ ਆਪਣੀ ਤਕਰੀਰ ਵਿਚ ਉਸ ਵੇਲੇ ਮਾਰੇ ਗਏ 'ਐਂਟੀ-ਟੈਰਰਿਸਟ ਸਕੁਐਡ' ਦੇ ਮੁਖੀ ਹੇਮੰਤ ਕਰਕਰੇ ਬਾਰੇ ਟਿੱਪਣੀਆਂ ਕੀਤੀਆਂ ਸਨ। ਅਖ਼ਬਾਰਾਂ ਵਿਚ ਸੂਤਰਾਂ ਦੇ ਹਵਾਲੇ ਨਾਲ ਖ਼ਬਰਾਂ ਛਪੀਆਂ ਹਨ ਕਿ ਇਸ ਤਕਰੀਰ ਤੋਂ ਬਾਅਦ ਉਨ੍ਹਾਂ ਨੂੰ ਧਮਕੀਆਂ ਮਿਲੀਆਂ ਸਨ। ਹੇਮੰਤ ਕਰਕਰੇ ਬਾਰੇ ਲਿਖੀ ਗਈ ਕਿਤਾਬ 'ਹੂ ਕਿਲਡ ਕਰਕਰੇ' ਹਿੰਦੂ ਮੂਲਵਾਦੀ ਜਥੇਬੰਦੀਆਂ ਅਤੇ ਕਾਰਕੁਨਾਂ



*ਗੋਬਿੰਦ ਪਾਨਸਰੇ ਦਾ ਜਨਮ 26 ਨਵੰਬਰ 1933 ਨੂੰ ਮਹਾਂਰਾਸ਼ਟਰ ਸੂਬੇ ਦੇ ਅਹਿਮਦਨਗਰ ਜ਼ਿਲ੍ਹੇ ਦੇ ਪਿੰਡ ਕੋਲਹਾਰ ਵਿਚ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਨਿੱਜੀ ਅਤੇ ਸਮਾਜਕ ਪੱਧਰ ਉਤੇ ਸੰਘਰਸ਼ ਦੀ ਗਾਥਾ ਹੈ। ਉਨ੍ਹਾਂ ਅਖ਼ਬਾਰ ਦੀ ਪਰਚੂਨ ਵੰਡ ਤੋਂ ਸ਼ੁਰੂ ਕਰ ਕੇ ਮਿਉਂਸਿਪਲ ਕਮੇਟੀ ਵਿਚ ਚਪੜਾਸੀ ਦੀ ਨੌਕਰੀ ਕੀਤੀ। ਫਿਰ ਪ੍ਰਾਇਮਰੀ ਸਕੂਲ ਵਿਚ ਪੜ੍ਹਾਇਆ ਅਤੇ 1966 ਵਿਚ ਵਕਾਲਤ ਸ਼ੁਰੂ ਕੀਤੀ।*

ਦੀਆਂ ਅੱਖਾਂ ਵਿਚ ਲਗਾਤਾਰ ਰੜਕਦੀ ਹੈ। ਇਹ ਕਿਤਾਬ ਮਹਾਂਰਾਸ਼ਟਰ ਦੇ ਸਾਬਕਾ ਪੁਲਿਸ ਅਫ਼ਸਰ ਐਸ.ਐਮ. ਮੁਸ਼ਰਿਫ਼ ਨੇ ਲਿਖੀ ਹੈ।

ਪਾਨਸਰੇ ਖਿਲਾਫ ਸਨਾਤਨ ਸੰਸਥਾ ਨੇ ਅਦਾਲਤ ਵਿਚ ਮਾਨਹਾਨੀ ਦੇ ਮੁਕੱਦਮੇ ਦਰਜ ਕੀਤੇ ਹੋਏ ਹਨ। ਇਸ ਸੰਸਥਾ ਖਿਲਾਫ ਥਾਣੇ ਅਤੇ ਗੋਆ ਵਿਚ ਬੰਬ ਧਮਾਕੇ ਕਰਨ ਦੇ ਇਲਜ਼ਾਮ ਤਹਿਤ ਅਦਾਲਤ ਵਿਚ ਦੋਸ਼ ਪੱਤਰ ਦਰਜ ਕੀਤੇ ਜਾ ਚੁੱਕੇ ਹਨ। ਪਾਨਸਰੇ ਨੇ ਲਿਖਿਆ ਸੀ ਕਿ ਇਸ ਸੰਸਥਾ ਦਾ ਖ਼ਾਸਾ ਅਤਿਵਾਦੀ ਵਾਲਾ ਹੈ ਅਤੇ ਇਹ ਹਿੰਦੂ ਨੌਜਵਾਨਾਂ ਨੂੰ ਮੂਲਵਾਦ ਨਾਲ ਜੋੜਦੀ ਹੈ। ਦਾਭੋਲਕਰ ਦੇ ਕਤਲ ਤੋਂ ਕੁਝ ਮਹੀਨੇ ਬਾਅਦ ਪਾਨਸਰੇ ਨੂੰ ਧਮਕੀ ਮਿਲੀ ਸੀ ਕਿ 'ਤੁਮਚਾ ਦਾਭੋਲਕਰ ਕਾਰੂ' (ਤੇਰੇ ਨਾਲ ਦਾਭੋਲਕਰ ਵਾਲੀ ਹੋਵੇਗੀ)। ਇਨ੍ਹਾਂ ਹਾਲਾਤ ਵਿਚ ਪਾਨਸਰੇ ਦੇ ਕਤਲ ਦਾ ਖ਼ਦਸ਼ਾ ਲਗਾਤਾਰ ਮੰਡਰਾ ਰਿਹਾ ਸੀ। ਸੁਆਲ ਇਸ ਵੇਲੇ ਸਿਰਫ਼ ਕਾਤਲਾਂ ਦੀ ਪਛਾਣ ਦਾ ਨਹੀਂ ਹੈ, ਸਗੋਂ ਇਸ ਮਾਹੌਲ ਦਾ ਹੈ ਜਿੱਥੇ ਸਮਾਜ ਦੇ 'ਦਾਭੋਲਕਰ-ਪਾਨੇਸਰ ਖ਼ਾਸੇ' ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਦਾਭੋਲਕਰ-ਪਾਨੇਸਰ ਜੋਟੀ ਇੱਕ ਪਾਸੇ ਇਨਸਾਫ਼ ਤੇ ਮਾਣ-ਸਨਮਾਨ ਦੇ ਹਵਾਲੇ ਨਾਲ ਕਾਨੂੰਨ ਨੂੰ ਵਿਗਿਆਨਕ ਸੋਚ ਨਾਲ ਜੋੜ ਕੇ ਲਾਗੂ ਕਰਨ ਦੀ ਦਲੀਲ ਪੇਸ਼ ਕਰ ਰਹੀ ਹੈ। ਦੂਜੇ ਪਾਸੇ ਇਹ ਜੋਟੀ ਸਰਕਾਰੀ ਸਰਪ੍ਰਸਤੀ ਵਿਚ ਨਿੱਜੀ ਮੁਨਾਫ਼ਾਖੋਰਾਂ ਨੂੰ ਲੁੱਟ ਮਚਾਉਣ ਦੀ ਦਿੱਤੀ ਛੋਟ ਉਤੇ ਸੁਆਲ ਕਰ ਰਹੀ ਹੈ। ਤੀਜੇ ਪਾਸੇ ਸ਼ਰਧਾ ਦੇ ਧੰਦੇ ਨੂੰ ਦਲੀਲ ਦੇ ਹਵਾਲੇ ਨਾਲ ਬੇਪਰਦ ਕਰਦੀ ਹੈ। ਇਉਂ ਦਾਭੋਲਕਰ-ਪਾਨੇਸਰ ਰੁਝਾਨ ਬੇਇਨਸਾਫ਼ੀ, ਮੁਨਾਫ਼ਾਖੋਰੀ ਅਤੇ ਅੰਧ-ਵਿਸ਼ਵਾਸ ਦੇ ਜਮ੍ਹਾਂਜੋੜ ਉਤੇ ਸਿੱਧਾ ਸੁਆਲ ਕਰਦਾ ਹੈ। ਇਸ ਰੁਝਾਨ ਉਤੇ ਮੋੜਵਾਂ ਹਮਲਾ ਧਰਮ ਅਤੇ ਆਸਥਾ ਦੇ ਨਾਮ ਉਤੇ ਕੀਤਾ ਜਾਂਦਾ ਹੈ। ਵਿਗਿਆਨਕ ਸੋਚ ਅਤੇ ਰੱਬ ਉਤੇ ਸੁਆਲਾਂ ਨੂੰ ਜ਼ਿਆਦਾਤਰ ਧਾਰਮਿਕ ਅਦਾਰੇ ਅਤੇ ਜਥੇਬੰਦੀਆਂ ਬਰਦਾਸ਼ਤ ਨਹੀਂ ਕਰਦੇ। ਇਸੇ ਤੰਗਨਜ਼ਰੀ ਅਤੇ ਤੰਗਦਿਲੀ ਦੇ ਮਾਹੌਲ ਵਿਚ ਦਾਭੋਲਕਰ ਅਤੇ ਪਾਨੇਸਰ ਦੇ ਕਤਲਾਂ ਦੀ ਸਾਜ਼ਿਸ਼ ਰਲੀ ਹੋਈ ਹੈ। ਇਸ ਸਾਜ਼ਿਸ਼ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਮਿਸਾਲ ਵਜੋਂ ਪ੍ਰਧਾਨ ਮੰਤਰੀ ਵਲੋਂ ਪ੍ਰਸਾਰ ਭਾਰਤੀ ਦੇ ਮੁਖੀ ਬਣਾਏ ਗਏ ਸੂਰਯਾ ਪ੍ਰਕਾਸ਼ ਦਾ 25 ਸਤੰਬਰ 2007 ਨੂੰ ਛਪਿਆ ਲੇਖ ਧਿਆਨ ਦੀ ਮੰਗ ਕਰਦਾ ਹੈ। ਲੇਖ ਵਿਚ ਦਰਜ ਹੈ, "ਇਹ ਕਹਿਣ ਦੀ ਲੋੜ ਨਹੀਂ ਕਿ ਤਰਕਸ਼ੀਲ ਹਰ ਤਰ੍ਹਾਂ ਦੀ ਆਜ਼ਾਦੀ ਭਾਲਦੇ ਹਨ। ਭਾਰਤੀ ਲੋਕ ਧਾਰਮਿਕ ਲੋਕ ਹਨ, ਪਰ ਕੁਝ ਕਾਫ਼ਰ ਆਪਣੀਆਂ ਬੇਹੂਦਾ ਟਿੱਪਣੀਆਂ ਨਾਲ ਸਾਡੀ ਕੌਮੀ ਜ਼ਿੰਦਗੀ ਵਿਚ ਖਲਲ ਪਾਉਣਾ ਚਾਹੁੰਦੇ ਹਨ। ਇਨ੍ਹਾਂ ਕਾਫ਼ਰਾਂ ਦੀ ਗਿਣਤੀ ਮੁੱਠੀ ਭਰ ਹੈ। ਸੰਨ 1991 ਦੀ ਮਰਦਮਸ਼ੁਮਾਰੀ ਦਾ ਅੰਕੜਾ ਦਰਸਾਉਂਦਾ ਹੈ ਕਿ ਭਾਰਤ ਵਿਚ 1783 ਕਾਫ਼ਰ ਅਤੇ 101 ਨਾਸਤਿਕ ਹਨ।...ਇਸ ਤੋਂ ਪਹਿਲਾਂ ਕਿ ਇਹ ਨਿਗੂਣੀ ਜਿਹੀ ਗਿਣਤੀ ਕੋਈ ਤਬਾਹੀ ਕਰੇ, ਸਾਨੂੰ ਇਸ ਕਰੂਰਤਾ ਦਾ ਅੰਤ ਕਰ ਦੇਣਾ ਚਾਹੀਦਾ ਹੈ।"

ਪਾਨਸਰੇ ਦੇ ਕਤਲ ਬਾਰੇ ਅਦਾਲਤੀ ਕਾਰਵਾਈ ਜਾਂ ਕਾਨੂੰਨੀ ਚਾਰਾਜੋਈ ਕਿਸੇ ਵੀ ਨਤੀਜੇ ਉਤੇ ਪਹੁੰਚੇ, ਪਰ ਦਾਭੋਲਕਰ-ਪਾਨੇਸਰ ਰੁਝਾਨ ਲਈ ਮੌਜੂਦਾ ਮਾਹੌਲ ਅਤੇ ਇਸ ਦੀਆਂ ਸਮਾਜਕ, ਧਾਰਮਿਕ ਅਤੇ ਸਿਆਸੀ ਤੰਦਾਂ ਨੂੰ ਮੁਖ਼ਾਤਬ ਹੋਣਾ ਜ਼ਰੂਰੀ ਹੈ। ਵਿਗਿਆਨਕ ਸੋਚ ਦੇ ਪਸਾਰੇ ਨੂੰ ਹੁਣ ਤੋਂ ਵਧੇਰੇ ਖ਼ਤਰਾ ਕਦੇ ਨਹੀਂ ਸੀ ਕਿਉਂਕਿ 'ਵੈਦਿਕ ਵਿਗਿਆਨ' ਦੇ ਦਾਅਵੇਦਾਰ ਮੌਜੂਦਾ ਵਿਗਿਆਨ ਦੇ ਖ਼ਤਰਨਾਕ ਸੰਦਾਂ ਦਾ ਜ਼ਸ਼ਨ ਮਨਾ ਰਹੇ ਹਨ ਪਰ ਵਿਚਾਰ ਪੱਖੋਂ ਇਸ ਨੂੰ ਜੜ੍ਹੋਂ ਪੁੱਟ ਦੇਣਾ ਚਾਹੁੰਦੇ ਹਨ। ਪਣਡੁੱਬੀਆਂ ਅਤੇ ਇਸਰੋ ਦੀਆਂ ਕਾਮਯਾਬੀਆਂ ਦੇ ਜ਼ਸ਼ਨ ਮਨਾਉਣ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮਾਜ ਵਿਗਿਆਨ ਵਿਚ ਮਿਥਿਹਾਸ ਦਾ ਮਿਲਗੋਭਾ ਕਰਨ ਲਈ ਦੀਨਾ ਨਾਥ ਬਤਰਾ ਵਰਗਿਆਂ ਦੀ ਪਿੱਠ ਥਾਪੜ ਰਹੇ ਹਨ। ਉਨ੍ਹਾਂ ਨੂੰ ਮਾਰੂ ਤੇ ਗ਼ਲਬਾ ਮੁਖੀ ਤਾਕਤ ਆਧੁਨਿਕ ਗਿਆਨ-ਵਿਗਿਆਨ ਦੀ ਚਾਹੀਦੀ ਹੈ, ਪਰ ਆਵਾਮ ਸ਼ਰਧਾਮਈ ਅਤੇ ਸੀਲ ਖ਼ਪਤਕਾਰ ਚਾਹੀਦਾ ਹੈ। ਇਸ ਦੌਰ ਵਿਚ ਰੱਬ, ਪੈਗੰਬਰ, ਗ੍ਰੰਥ, ਮੰਦਿਰ ਅਤੇ ਮੱਠ ਸੁਆਲਾਂ ਦੇ ਘੇਰੇ ਵਿਚ ਹਨ। ਸਿਆਸੀ ਨਿਜ਼ਾਮ ਇਨ੍ਹਾਂ ਦੀ ਸਰਪ੍ਰਸਤੀ ਵਿਚ ਆਪਣੇ ਦੰਦ ਫਾਲਿਆਂ ਤੋਂ ਤਿੱਖੇ ਕਰ ਰਿਹਾ ਹੈ।

ਦਾਭੋਲਕਰ ਤੋਂ ਬਾਅਦ ਪਾਨੇਸਰ ਦੀ ਸ਼ਹਾਦਤ ਮਨੁੱਖ ਨੂੰ ਆਪਣੀ ਸਮਰੱਥਾ ਦਾ ਜ਼ਸ਼ਨ ਮਨਾਉਣ ਅਤੇ ਆਪਣੀ ਵਿਰਾਸਤ ਉਤੇ ਦਾਅਵੇਦਾਰੀ ਕਰਨ ਦਾ ਸੱਦਾ ਦਿੰਦੀ ਹੈ। ਇਹ 'ਖਿਆਲਾਂ ਦੀ ਆਜ਼ਾਦੀ' ਵਾਲੀ ਬਹਿਸ ਬਾਰੇ ਸੁਆਲ ਖੜ੍ਹਾ ਕਰਦੀ ਹੈ। 'ਖਿਆਲ ਦੀ ਆਜ਼ਾਦੀ' ਦੀ ਬਹਿਸ ਵਿਚ 'ਮੈਂ ਵੀ ਸ਼ਾਰਲੀ' ਦਾ ਹੋਕਾ ਦੇਣ ਵਾਲਿਆਂ ਨੂੰ 'ਮੈਂ ਵੀ ਪਾਨਸਰੇ, ਮੈਂ ਵੀ ਦਾਭੋਲਕਰ' ਕਹਿਣਾ ਔਖਾ ਕਿਉਂ ਲੱਗਦਾ ਹੈ? ਇਸ ਸਪਸ਼ਟ ਹੋ ਗਿਆ ਹੈ ਕਿ ਮੌਜੂਦਾ ਦੌਰ ਵਿਚ ਸਰਕਾਰ, ਸ਼ਰਧਾ ਅਤੇ ਮੁਨਾਫ਼ੇ ਦੇ ਗੱਠਜੋੜ ਨੇ ਰੱਬ ਨੂੰ ਨਾ ਮੰਨਣ ਵਾਲੇ ਸਮਾਜਵਾਦੀ ਦੀ ਸ਼ਨਾਖ਼ਤ ਸਭ ਤੋਂ ਖ਼ਤਰਨਾਕ ਮਨੁੱਖ ਵਜੋਂ ਕਰ ਲਈ ਹੈ। ਜੇ ਇਹੋ ਦਸਤੂਰ ਹੈ ਤਾਂ ਮੈਨੂੰ ਵੀ ਇਨ੍ਹਾਂ ਵਿਚੋਂ ਗਿਣਿਆ ਜਾਵੇ। 'ਮੈਂ ਵੀ ਪਾਨਸਰੇ, ਮੈਂ ਵੀ ਦਾਭੋਲਕਰ।'

## ਤਰੱਕੀਪਸੰਦ ਸੋਚ ਦਾ ਮੁਜੱਸਮਾ ਪਾਨਸਰੇ

16 ਫਰਵਰੀ ਨੂੰ ਕੋਲਹਾਪੁਰ, ਮਹਾਰਾਸ਼ਟਰ ਵਿਚ ਆਪਣੇ ਘਰ ਦੇ ਨਜ਼ਦੀਕ ਅਣਪਛਾਤੇ ਹਮਲਾਵਰਾਂ ਦੇ ਕਾਤਲਾਨਾ ਹਮਲੇ ਵਿਚ ਗੰਭੀਰ ਜ਼ਖ਼ਮੀ ਹੋਏ ਉਘੇ ਕਮਿਊਨਿਸਟ ਆਗੂ ਕਾਮਰੇਡ ਗੋਵਿੰਦ ਪਾਨਸਰੇ 20 ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ। ਗੋਲੀਆਂ ਦੀ ਬੁਛਾੜ ਨਾਲ ਉਨ੍ਹਾਂ ਦੀ ਪਤਨੀ ਉਮਾ ਵੀ ਗੰਭੀਰ ਜ਼ਖ਼ਮੀ ਹੋ ਗਈ ਸੀ। ਇਕ ਮਕਬੂਲ ਆਵਾਮੀ ਆਗੂ ਵਜੋਂ ਕਾਮਰੇਡ ਪਾਨਸਰੇ ਦੀ ਹਰਮਨਪਿਆਰਤਾ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਕੋਲਹਾਪੁਰ ਦੇ ਆਮ ਲੋਕ ਵੱਡੇ ਹਜੂਮ ਦੀ ਸ਼ਕਲ 'ਚ ਉਨ੍ਹਾਂ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਏ ਅਤੇ ਪੂਰਾ ਸ਼ਹਿਰ ਆਪ-ਮੁਹਾਰੇ ਬੰਦ ਹੋ ਗਿਆ।

ਕਾਤਲਾਂ ਦੀ ਸੋਚ ਦੇ ਉਲਟ ਮਹਾਂਰਾਸ਼ਟਰ ਦੇ ਅਗਾਂਹਵਧੂ ਲੋਕਾਂ ਨੇ ਸਹਿਮ ਕੇ ਘਰਾਂ ਵਿਚ ਦੜ ਵੱਟ ਲੈਣ ਦੀ ਥਾਂ ਵਿਚਾਰਾਂ ਦੀ ਆਜ਼ਾਦੀ ਦੀ ਰਵਾਇਤ ਉਪਰ ਦ੍ਰਿੜਤਾ ਦਿਖਾਈ ਅਤੇ ਬੁਜ਼ਦਿਲ ਕਾਤਲਾਂ ਤੇ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਵਾਲੀਆਂ ਤਾਕਤਾਂ ਨੂੰ ਫਿਟਕਾਰ ਪਾਈ। ਹੁਕਮਰਾਨ ਧਿਰ ਦੀ ਡਾ. ਦਾਭੋਲਕਰ ਦੇ ਕਤਲ ਵਿਚ ਮਿਲੀਭੁਗਤ ਹੋਣ ਕਾਰਨ ਕਤਲ ਦੀ ਤਫਤੀਸ਼ ਅਜੇ ਤੱਕ ਕਿਸੇ ਤਣ-ਪੱਤਣ ਨਹੀਂ ਲੱਗੀ। ਮਹਾਂਰਾਸ਼ਟਰ ਹਕੂਮਤ ਨੇ ਇਹ ਕਹਿ ਕੇ ਉਸ ਕਤਲ ਦੀ ਜਾਂਚ ਕੌਮੀ ਜਾਂਚ ਏਜੰਸੀ ਤੋਂ ਕਰਵਾਉਣੋਂ ਨਾਂਹ ਕਰ ਦਿੱਤੀ ਸੀ ਕਿ ਇਹ ਦਹਿਸ਼ਤਵਾਦ ਦੇ ਜੁਮਰੇ ਵਿਚ ਨਹੀਂ ਆਉਂਦਾ। ਡੇਢ ਸਾਲ ਬਾਅਦ ਹੀ ਸਮਾਜੀ ਤਰੱਕੀ ਦਾ ਰਾਹ ਰੋਕੀ ਖੜ੍ਹੀਆਂ ਤਾਕਤਾਂ ਨੇ ਪਾਨਸਰੇ ਨੂੰ ਕਤਲ ਕਰਵਾ ਦਿੱਤਾ। ਪਾਨਸਰੇ ਨੂੰ ਵੀ ਐਨ ਡਾ. ਦਾਭੋਲਕਰ ਦੇ ਕਤਲ ਦੇ ਨਮੂਨੇ 'ਤੇ ਹੀ ਗੋਲੀਆਂ ਮਾਰੀਆਂ ਗਈਆਂ।

ਪਿਛਲੇ ਸਮੇਂ 'ਚ ਗੋਵਿੰਦ ਪਾਨਸਰੇ ਨੂੰ ਮਿਲੀਆਂ ਧਮਕੀਆਂ ਤੋਂ ਇਹ ਨਿਸ਼ਚਿਤ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਸੀ। ਸਵਾਲ ਇਹ ਹੈ ਕਿ ਉਨ੍ਹਾਂ ਕਤਲ ਕਰਵਾਉਣ ਪਿੱਛੇ ਕਿਨ੍ਹਾਂ ਤਾਕਤਾਂ ਦੇ ਹਿੱਤ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਪਾਨਸਰੇ ਦੇ ਕਤਲ ਪਿੱਛੇ ਵੀ ਡਾ. ਨਰਿੰਦਰ ਦਾਭੋਲਕਰ ਦਾ ਕਤਲ ਕਰਵਾਉਣ ਵਾਲੀਆਂ ਹਿੰਦੂਤਵੀ ਰੂੜ੍ਹੀਵਾਦੀ ਕਾਰਪੋਰੇਟ ਪੱਖੀ ਤਾਕਤਾਂ ਦਾ ਹੀ ਹੱਥ ਹੈ। ਪਹਿਲ-ਪ੍ਰਿਥਮੇ ਉਨ੍ਹਾਂ ਰੂੜ੍ਹੀਵਾਦੀ ਹਿੰਦੂਤਵੀ ਤਾਕਤਾਂ ਦਾ ਇਸ ਪਿੱਛੇ ਹਿੱਤ ਹੈ ਜਿਨ੍ਹਾਂ ਨੂੰ ਵਿਗਿਆਨਕ ਤਰੱਕੀਪਸੰਦ ਖਿਆਲ ਮਨਜ਼ੂਰ ਨਹੀਂ। ਪਾਨਸਰੇ ਅਗਾਂਹਵਧੂ ਖਿਆਲਾਂ ਦਾ ਨਿਧੜਕ ਤਰਜਮਾਨ ਸੀ। ਉਸ ਦੀ ਮਰਾਠੀ ਵਿਚ ਲਿਖੀ ਕਿਤਾਬ 'ਸ਼ਿਵਾਜੀ ਕੌਨ ਹੋਤਾ?' ਵਿਚ ਪੇਸ਼ ਕੀਤਾ ਇਤਿਹਾਸਕ ਵਿਸ਼ਲੇਸ਼ਣ ਐਨਾ ਚਰਚਿਤ ਅਤੇ ਮਕਬੂਲ ਹੋਇਆ ਕਿ 27 ਸਾਲਾਂ ਵਿਚ ਇਸ ਦੀ ਮੂਲ ਮਰਾਠੀ ਛਾਪ ਅਤੇ ਅੰਗਰੇਜ਼ੀ ਤਰਜਮੇ ਦੀਆਂ ਦੋ ਲੱਖ ਕਾਪੀਆਂ ਵਿਕ ਗਈਆਂ। ਇਸ ਵਿਸ਼ਲੇਸ਼ਣ ਨੇ ਸ਼ਿਵਾਜੀ ਦੀ ਸ਼ਖਸੀਅਤ ਨਾਲ ਜੋੜੀਆਂ ਮਿੱਥਾਂ ਤੋੜ ਕੇ ਉਸ ਦਾ ਅਕਸ ਇਕ ਪਰਜਾ ਹਿਤੈਸ਼ੀ ਰਾਜੇ ਵਜੋਂ ਸਥਾਪਤ ਕੀਤਾ। ਉਹ ਹਿੰਦੂਤਵੀ ਫਾਸ਼ੀਵਾਦ ਦੀ ਉਠਾਣ ਦਾ ਤਿੱਖਾ ਆਲੋਚਕ ਸੀ, ਖ਼ਾਸ ਕਰ ਕੇ ਹਾਲ ਹੀ ਵਿਚ ਇਨ੍ਹਾਂ ਤਾਕਤਾਂ ਵਲੋਂ ਸੱਤਾਧਾਰੀ ਹੋ ਕੇ ਨਾਥੂਰਾਮ ਗੋਡਸੇ ਨੂੰ ਮਹਾਨ ਦੇਸ਼ਭਗਤ ਬਣਾ ਕੇ ਉਸ ਦੇ ਬੁੱਤ ਤੇ ਮੰਦਰ ਬਣਾਏ ਜਾਣ ਦਾ ਉਸ ਨੇ ਤਿੱਖਾ ਵਿਰੋਧ ਕੀਤਾ। ਉਸ ਨੇ ਕੋਲਹਾਪੁਰ ਵਿਚ ਕੀਤੇ ਜਾਂਦੇ ਹਿੰਦੂ 'ਯੱਗ' ਵਿਰੁਧ ਵੀ ਆਵਾਜ਼ ਉਠਾਈ ਜਿਸ ਵਿਚ ਮਣਾਂ ਦੇ ਹਿਸਾਬ ਨਾਲ ਘਿਓ ਅਤੇ ਹੋਰ ਹਵਨ ਸਮੱਗਰੀ ਸਾੜ ਕੇ ਪ੍ਰਦੂਸ਼ਨ ਫੈਲਾਇਆ ਜਾਂਦਾ ਸੀ। ਉਹ ਹਿੰਦੂ ਕਰਮ-ਕਾਂਡਾਂ ਦੇ ਸਖ਼ਤ ਖਿਲਾਫ ਸੀ ਅਤੇ ਵਿਗਿਆਨਕ ਸੋਚ ਦਾ ਝੰਡਾਬਰਦਾਰ ਸੀ। ਉਹ ਉਦਾਰੀਕਰਨ-ਨਿੱਜੀਕਰਨ-ਆਲਮੀਕਰਨ ਦੀਆਂ ਨੀਤੀਆਂ ਵਿਰੁਧ ਲੋਕਾਂ ਦੇ ਵੱਖ-ਵੱਖ ਹਿੱਸਿਆਂ ਨੂੰ ਲਾਮਬੰਦ ਕਰਨ 'ਚ ਹਮੇਸ਼ਾ ਅੱਗੇ ਹੁੰਦਾ ਸੀ। ਹਾਲ ਹੀ ਵਿਚ ਉਸ ਦੀ ਅਗਵਾਈ ਵਿਚ ਕੋਲਹਾਪੁਰ ਵਿਚ ਟੋਲ ਲਗਾਏ ਜਾਣ ਦੇ ਖਿਲਾਫ ਜੋ ਅੰਦੋਲਨ ਕੀਤਾ ਗਿਆ ਉਸ ਕਾਰਨ ਆਵਾਮ ਦੀਆਂ ਜੇਬਾਂ ਕੱਟਣ ਦਾ ਇਹ ਧੰਦਾ ਬੰਦ ਕਰਨਾ ਪਿਆ। ਇਨ੍ਹਾਂ ਸਾਰੇ ਸੰਘਰਸ਼ਾਂ ਦੀਆਂ ਕੜੀਆਂ ਓੜਕ ਉਸ ਦੇ ਕਤਲ ਨਾਲ ਜਾ ਜੁੜਦੀਆਂ ਹਨ।

ਪਿਛਾਖੜੀ ਤਾਕਤਾਂ ਨੂੰ ਬਹੁਤ ਵੱਡਾ ਭੁਲੇਖਾ ਹੈ ਕਿ ਚਾਰਵਾਕ, ਗਲੈਲੀਓ, ਕਾਪਰਨੀਕਸ, ਰਾਮਾਸਵਾਮੀ ਸਵਾਮੀ ਪੇਰੀਆਰ, ਭਗਤ ਸਿੰਘ ਦੀ ਤਰਕ ਦੀ ਪਰੰਪਰਾ ਨੂੰ ਅੱਗੇ ਵਧਾਉਣ ਵਾਲਿਆਂ ਨੂੰ ਜਿਸਮਾਨੀ ਤੌਰ 'ਤੇ ਕਤਲ ਕਰਕੇ ਵਿਗਿਆਨਕ ਸੋਚ ਨੂੰ ਖ਼ਤਮ ਕਰ ਦੇਣਗੇ। ਇਸ ਤਰ੍ਹਾਂ ਦੇ ਅਜ਼ਮਾਇਸ਼ੀ ਵਕਤਾਂ ਨਾਲ ਮੱਥਾ ਲਾ ਕੇ ਤਰੱਕੀਪਸੰਦ ਤਾਕਤਾਂ ਦੀ ਹਮੇਸ਼ਾ ਜਿੱਤ ਹੋਈ ਹੈ। ਹੁਣ ਵੀ ਸਮੇਂ ਦਾ ਪਹੀਆ ਪਿੱਛੇ ਜਹਾਲਤ ਦੇ ਯੁੱਗ ਵੱਲ ਵਾਪਸ ਮੋੜਨ ਵਾਲੀਆਂ ਤਾਕਤਾਂ ਨੂੰ ਮੂੰਹ ਦੀ ਖਾਣੀ ਪਵੇਗੀ ਅਤੇ ਡਾ. ਦਾਭੋਲਕਰ, ਪਾਨਸਰੇ ਵਾਰ-ਵਾਰ ਚੁਣੌਤੀ ਦਿੰਦੇ ਰਹਿਣਗੇ।

*-ਬੂਟਾ ਸਿੰਘ*

ਅੰਮ੍ਰਿਤਾ ਪ੍ਰੀਤਮ-1

# ਦਿੱਲੀ ਦੀਆਂ ਪਹਿਲੀਆਂ ਨਜ਼ਦੀਕੀਆਂ



ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

ਮਈ 1967 ਵਿਚ ਮੈਂ ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ ਦੀ ਲੈਕਚਰਾਰੀ ਛੱਡ ਕੇ ਦਿੱਲੀ ਪਹੁੰਚਿਆ। ਮੈਨੂੰ ਸੋਵੀਅਤ ਸੂਚਨਾ ਵਿਭਾਗ ਵਿਚ ਅਨੁਵਾਦਕ ਦੀ ਨੌਕਰੀ ਮਿਲ ਗਈ ਸੀ। ਪਿੰਡ ਪਿੱਥੋ ਤੋਂ ਵਾਇਆ ਬਠਿੰਡਾ ਸਿੱਧਾ ਮਹਾਂਨਗਰ ਦਿੱਲੀ! ਰਾਹ ਵਿਚ ਕੋਈ ਲੁਧਿਆਣਾ, ਅੰਮ੍ਰਿਤਸਰ, ਚੰਡੀਗੜ੍ਹ ਨਹੀਂ। ਦਿੱਲੀ ਮੇਰੇ ਲਈ ਉਕਾ ਹੀ ਓਪਰਾ ਸ਼ਹਿਰ ਸੀ। ਕਿਸੇ ਨਾਲ ਵੀ ਕੋਈ ਜਾਣ ਨਾ ਪਛਾਣ। ਮੈਂ ਰਾਹ ਵਿਚ ਸੋਚਦਾ ਆਇਆ, ਬਿਗਾਨੇ ਲੋਕਾਂ ਦੀ ਭੀੜ ਵਿਚ ਕੌਣ ਹੋਵੇਗਾ ਜਿਸ ਤੋਂ ਅਪਣੱਤ ਮਿਲ ਸਕੇਗੀ! ਪਰ ਖ਼ੁਸ਼ਕਿਸਮਤੀ ਨੂੰ ਪਹਿਲੇ ਕੁਝ ਦਿਨਾਂ ਵਿਚ ਹੀ ਇਕ ਨਹੀਂ, ਦੋ ਨਹੀਂ, ਤਿੰਨ ਨਜ਼ਦੀਕੀਆਂ ਅਜਿਹੀਆਂ ਬਣੀਆਂ ਜੋ ਬਹੁਤ ਲੰਮਾ ਸਮਾਂ ਨਿਭੀਆਂ ਅਤੇ ਜਿਨ੍ਹਾਂ ਨੇ ਮੇਰੇ ਸਾਹਿਤਕ ਸਫ਼ਰ ਉਤੇ ਡੂੰਘਾ ਪ੍ਰਭਾਵ ਪਾਇਆ। ਸਬੱਬ ਨਾਲ ਪਹਿਲੀ ਨਜ਼ਦੀਕੀ ਨੇ ਦੂਜੀ ਪੈਦਾ ਕੀਤੀ ਅਤੇ ਦੂਜੀ ਨੇ ਤੀਜੀ ਦਾ ਮੁੱਢ ਬੰਨ੍ਹਿਆ।

ਪਹਿਲੀ ਸਾਂਝ ਗੱਡੀ ਤੋਂ ਉਤਰਦਿਆਂ ਹੀ ਬਣ ਗਈ। ਜਦੋਂ ਮੈਂ ਪੇਂਡੂਆਂ ਵਾਂਗ ਐਡੀ ਵੱਡੀ ਦਿੱਲੀ ਵਿਚ ਗੁਆਚ ਜਾਣ ਦੇ ਡਰੋਂ ਸੂਚਨਾ ਵਿਭਾਗ ਵਾਲੇ ਪੰਜਾਬੀਆਂ ਤੋਂ ਦਫ਼ਤਰ ਦਾ ਰਾਹ ਪੁੱਛਿਆ ਸੀ, ਉਨ੍ਹਾਂ ਨੇ ਪੈਦਲ ਤੁਰ ਕੇ ਜਾਂ ਰਿਕਸ਼ਾ ਫੜ ਕੇ ਲਾਲ ਕਿਲੇ ਦੇ ਨੇੜੇ ਭਾਪਾ ਪ੍ਰੀਤਮ ਸਿੰਘ ਕੋਲ ਆਰਸੀ-ਨਵਯੁਗ ਪਹੁੰਚ ਜਾਣ ਲਈ ਕਹਿ ਦਿੱਤਾ। ਭਾਪਾ ਜੀ ਨੇ ਚਾਹ ਪਿਆਈ, 'ਆਰਸੀ' ਵਿਚ ਛਪੀਆਂ ਮੇਰੀਆਂ ਰਚਨਾਵਾਂ ਚੇਤੇ ਕੀਤੀਆਂ ਅਤੇ ਸਾਹਮਣਿਉਂ ਚਲਦੇ ਫਿਟਫਿਟੀਏ ਉਤੇ ਚੜ੍ਹਾ ਕੇ ਦਫ਼ਤਰ ਪੁਜਦਾ ਕਰ ਦਿੱਤਾ। ਮਗਰੋਂ ਮੇਰੀਆਂ ਬਹੁਤੀਆਂ ਰਚਨਾਵਾਂ 'ਆਰਸੀ' ਵਿਚ ਹੀ ਛਪੀਆਂ ਅਤੇ ਪੁਸਤਕਾਂ ਨਵਯੁਗ ਤੋਂ ਹੀ ਪ੍ਰਕਾਸ਼ਿਤ ਹੋਈਆਂ।

ਭਾਪਾ ਜੀ ਨੇ ਕੁਝ ਸਾਲ ਪਹਿਲਾਂ 'ਆਰਸੀ' ਕੱਢਿਆ ਸੀ ਤਾਂ ਉਹਦੀ ਸੰਪਾਦਕ ਅੰਮ੍ਰਿਤਾ ਪ੍ਰੀਤਮ ਨੂੰ ਬਣਾਇਆ ਸੀ। ਗੱਲ ਇਹ ਬਣੀ ਕਿ ਬਹੁਤੇ ਪਾਠਕ ਤੇ ਮੇਰੇ ਵਰਗੇ ਨਵੇਂ ਲੇਖਕ, ਜੋ ਉਹਦੇ ਨਿੱਜੀ ਜੀਵਨ ਤੋਂ ਜਾਣੂ ਨਹੀਂ ਸਨ, ਭਾਪਾ ਪ੍ਰੀਤਮ ਸਿੰਘ ਨੂੰ ਹੀ ਅੰਮ੍ਰਿਤਾ ਪ੍ਰੀਤਮ ਦੇ ਅੱਧੇ ਨਾਂ ਵਾਲਾ ਪ੍ਰੀਤਮ ਸਿੰਘ ਸਮਝਣ ਲੱਗ ਪਏ। ਇਹ ਭਰਮ ਖਾਸਾ ਚਿਰ ਬਣਿਆ ਰਿਹਾ। ਪਰ ਜਦੋਂ ਮੈਂ ਦਿੱਲੀ ਪਹੁੰਚਿਆ, ਇਹ ਭਰਮ ਮੇਰੇ ਮਨ ਵਿਚੋਂ ਨਿਕਲ ਚੁੱਕਿਆ ਸੀ। ਮੈਂ ਜਾਣ ਗਿਆ ਸੀ ਕਿ ਉਹ ਪ੍ਰੀਤਮ ਸਿੰਘ ਕੋਈ ਹੋਰ ਹੈ।

ਤੀਜੇ ਦਿਨ ਦਫ਼ਤਰੀ ਕੰਮ ਦੇ ਸਿਲਸਿਲੇ ਵਿਚ ਮੈਂ ਨਵਯੁਗ ਗਿਆ ਤਾਂ ਉਥੇ ਇਕ ਨੌਜਵਾਨ ਹੋਰ ਬੈਠਾ ਸੀ। ਭਾਪਾ ਜੀ ਬੋਲੇ, "ਆਓ, ਭੁੱਲਰ ਜੀ, ਤੁਹਾਡੇ ਭਵਿੱਖੀ ਦੋਸਤ ਨਾਲ ਮਿਲਾਵਾਂ। ਇਕੋ ਇਲਾਕੇ ਦੇ ਹੋ, ਦੋਸਤੀ ਹੋ ਵੀ ਜਾਣੀ ਹੈ, ਨਿਭ ਵੀ ਜਾਣੀ ਹੈ।" ਉਹ ਗੁਰਦੇਵ ਸਿੰਘ ਰੁਪਾਣਾ ਸੀ। ਭਾਪਾ ਜੀ ਦੀ ਭਵਿੱਖਵਾਣੀ ਸੱਚੀ ਹੋਈ। ਨਵੇਂ ਨਿੱਖਰੇ ਕਹਾਣੀਕਾਰਾਂ ਵਜੋਂ ਸਾਡਾ ਸਫ਼ਰ ਬਹੁਤ ਤੇਜ਼-ਕਦਮ ਰਿਹਾ। ਇਸ ਤੇਜ਼ਕਦਮੀ ਵਿਚ ਸਾਡੀ ਦੋਸਤੀ ਦਾ ਬਿਨਾਂ-ਸ਼ੱਕ ਬਹੁਤ ਵੱਡਾ ਹੱਥ ਸੀ। ਸਾਡੀਆਂ ਪਹਿਲੀਆਂ ਕਿਤਾਬਾਂ, ਮੇਰੀ 'ਓਪਰਾ ਮਰਦ' ਤੇ ਗੁਰਦੇਵ ਦੀ 'ਇਕ ਟੋਟਾ ਔਰਤ', ਨਵਯੁਗ ਤੋਂ ਇਕੱਠੀਆਂ ਛਪੀਆਂ ਤੇ ਖ਼ੂਬ ਸਲਾਹੀਆਂ ਗਈਆਂ। ਹਾਲਤ ਇਹ ਬਣ ਗਈ ਕਿ ਲੋਕ ਸਾਡੇ ਵਿਚੋਂ ਇਕ ਨੂੰ ਦੂਜਾ ਸਮਝ ਕੇ ਬੁਲਾਉਣ ਲੱਗੇ ਅਤੇ ਸਾਡੀਆਂ ਕਹਾਣੀਆਂ ਇਕ ਦੂਜੇ ਦੇ ਨਾਂ ਨਾਲ ਜੋੜਨ ਲੱਗੇ। ਉਹ ਇਹ ਵੀ ਆਖਦੇ, ਇਕ ਨੇ ਮਰਦ ਦਾ ਸਾਰਾ ਵਹੀ-ਖਾਤਾ ਤੇ ਹੀਜ-ਪਿਆਜ ਖੋਲ੍ਹ ਦਿੱਤਾ, ਦੂਜੇ ਨੇ ਔਰਤ ਦਾ; ਦੋਵਾਂ ਨੇ ਮਿਲ ਕੇ ਸਾਰੀ ਦੁਨੀਆ ਘੇਰ ਲਈ! ਉਥੋਂ ਬਾਹਰ ਆਏ ਤਾਂ ਰੁਪਾਣਾ ਬੋਲਿਆ, "ਏਸ ਐਤਵਾਰ ਅੰਮ੍ਰਿਤਾ ਦੀ 'ਨਾਗਮਣੀ ਸ਼ਾਮ' ਹੈ, ਤੂੰ ਵੀ ਚੱਲੀਂ।"

ਮੈਂ ਕਿਹਾ, "ਯਾਰ, ਨਾ ਮੇਰੇ ਕੋਲ ਸੱਦਾ-ਪੱਤਰ, ਨਾ ਕੋਈ ਜਾਣ-ਪਛਾਣ। ਮੈਂ ਐਵੇਂ ਹੀ ਕਿਵੇਂ ਚਲਿਆ ਚੱਲਾਂ? ਜੇ ਉਹ ਕਹਿ ਦੇਵੇ, ਸੱਦਿਆ ਨਾ ਬੁਲਾਇਆ, ਤੂੰ ਕੌਣ ਹੈਂ ਬਈ!"

ਰੁਪਾਣਾ ਹੱਸਿਆ, "ਓਇ ਨਹੀਂ, ਉਹ ਕੋਈ ਸੱਦਾ-ਪੱਤਰ ਨਹੀਂ ਭੇਜਦੀ। ਬੱਸ ਸਭ ਆਉਣ ਵਾਲਿਆਂ ਲਈ ਬਾਰ ਖੋਲ੍ਹ ਰਖਦੀ ਹੈ। ਸਭ ਨੂੰ ਜੀਅ-ਆਇਆਂ! ਨਾਲੇ ਉਹ ਕਿਸੇ ਨੂੰ ਵੀ ਇਉਂ ਰੁੱਖਾ ਨਹੀਂ ਬੋਲਦੀ। ਬਹੁਤ ਚੰਗੀ ਔਰਤ ਹੈ ਉਹ, ਮਿੱਠ-ਬੋਲੜੀ ਤੇ ਮੋਹਖੋਰੀ! ਦੇਖੀਂ ਤਾਂ ਸਹੀ ਚੱਲ ਕੇ। ਮੇਰੇ ਆਉਂਦੇ ਨੂੰ ਤੂੰ ਤਿਆਰ ਰਹੀਂ, ਆਪਾਂ ਥੋੜ੍ਹਾ ਜਿਹਾ ਪਹਿਲਾਂ ਪਹੁੰਚਾਂਗੇ।" ਉਹਨੂੰ ਦਿੱਲੀ ਆਇਆਂ ਖਾਸਾ ਸਮਾਂ ਹੋ ਗਿਆ ਸੀ। ਲਗਦਾ ਸੀ, ਉਹਨੇ ਅੰਮ੍ਰਿਤਾ ਨਾਲ ਵਾਹਵਾ ਜਾਣ-ਪਛਾਣ, ਸਗੋਂ ਨੇੜਤਾ ਬਣਾ ਲਈ ਸੀ।

ਮੈਨੂੰ 'ਨਾਗਮਣੀ ਸ਼ਾਮ' ਅਤੇ ਅੰਮ੍ਰਿਤਾ ਦਾ ਬਹੁਤ ਚਾਅ ਚੜ੍ਹਿਆ। ਵੱਡੇ ਲੇਖਕ ਮੈਂ ਦਰਸ਼ਕ-ਸਰੋਤੇ ਵਜੋਂ ਸਾਹਿਤਕ ਕਾਨਫ਼ਰੰਸਾਂ ਵਿਚ ਹੀ ਦੇਖੇ-ਸੁਣੇ ਸਨ। ਲੇਖਕ ਵਜੋਂ ਅਜੇ ਮੈਂ ਏਨੇ ਜੋਗਾ ਨਹੀਂ ਸੀ ਹੋਇਆ ਕਿ ਆਪਣਾ ਨਾਂ ਦੱਸ ਕੇ ਜਾਣ-ਪਛਾਣ ਕਰਵਾ ਸਕਾਂ। ਮੇਰੀਆਂ ਕੁਝ ਕਵਿਤਾਵਾਂ-ਕਹਾਣੀਆਂ ਭਾਵੇਂ 'ਪ੍ਰੀਤਲੜੀ', 'ਪੰਜ ਦਰਿਆ', 'ਆਰਸੀ' ਆਦਿ ਵਿਚ ਛਪ ਚੁੱਕੀਆਂ ਸਨ ਪਰ ਕਿਤਾਬ ਕੋਈ ਨਹੀਂ ਸੀ ਛਪੀ। ਅੱਜ ਵੀ ਮੇਰਾ



*ਅੰਮ੍ਰਿਤਾ ਪ੍ਰੀਤਮ*

ਮੰਨਣਾ ਹੈ, ਲੇਖਕ ਆਪਣਾ ਨਾਂ ਦੱਸਣ ਜੋਗਾ ਕਿਤਾਬ ਛਪੀ ਤੋਂ ਹੀ ਹੁੰਦਾ ਹੈ। 'ਆਰਸੀ' ਵਿਚ ਅੰਮ੍ਰਿਤਾ ਦੀ ਨਿਗਰਾਨੀ ਹੇਠ ਮੇਰੀਆਂ ਜੋ ਰਚਨਾਵਾਂ ਛਪੀਆਂ ਸਨ, ਉਹ ਪਤਾ ਨਹੀਂ ਉਹਨੂੰ ਚੇਤੇ ਸਨ ਜਾਂ ਨਹੀਂ। ਖਾਸ ਕਰਕੇ ਹੁਣ, ਜਦੋਂ ਉਹ 'ਆਰਸੀ' ਨੂੰ ਪਿੱਛੇ ਛੱਡ ਆਈ ਸੀ ਅਤੇ ਆਪਣਾ ਮਾਸਕ 'ਨਾਗਮਣੀ' ਕੱਢ ਲਿਆ ਸੀ। ਇਕ ਬਰੀਕ ਜਿਹੀ ਤੰਦ ਮੈਨੂੰ ਜ਼ਰੂਰ ਦਿਖਾਈ ਦਿੱਤੀ। ਇਕ ਵਾਰ ਉਹਨੇ 'ਆਰਸੀ' ਦਾ ਚੇਤਰ ਅੰਕ ਕੱਢਿਆ ਸੀ। ਉਸ ਅੰਕ ਵਾਸਤੇ ਭੇਜੀ ਮੇਰੀ ਕਵਿਤਾ ਦੀ ਉਹਨੇ ਪਰਵਾਨਗੀ ਹੀ ਨਹੀਂ ਸੀ ਭੇਜੀ, ਵਡਿਆਈ ਦੇ ਸ਼ਬਦ ਵੀ ਲਿਖੇ ਸਨ। ਮੈਂ ਸੋਚਿਆ, ਹੋਰ ਕੋਈ ਰਚਨਾ ਨਹੀਂ ਤਾਂ ਸ਼ਾਇਦ ਚੇਤੇ ਕਰਵਾਇਆਂ ਉਹ ਹੀ ਉਹਨੂੰ ਯਾਦ ਆ ਜਾਵੇ!

ਅੰਮ੍ਰਿਤਾ ਓਦੋਂ ਤੱਕ ਵੱਡੀ ਲੇਖਿਕਾ ਹੀ ਨਹੀਂ, ਪੰਜਾਬੀ ਸਾਹਿਤ ਦੀ ਮਿੱਥ ਬਣ ਚੁੱਕੀ ਸੀ। ਪਹਿਲਾਂ ਜਾਂ ਪਿੱਛੋਂ ਪੰਜਾਬੀ ਦੇ ਕਿਸੇ ਹੋਰ ਲੇਖਕ ਦੇ ਨਾਂ ਦੁਆਲੇ ਉਸ ਆਭਾ-ਮੰਡਲ ਦਾ ਪ੍ਰਕਾਸ਼ ਨਹੀਂ ਹੋਇਆ ਜੋ ਅੰਮ੍ਰਿਤਾ ਦਾ ਨਸੀਬ ਬਣਿਆ। ਉਹਦਾ ਨਾਂ ਤਾਂ ਪਾਠ-ਪੁਸਤਕਾਂ ਵਿਚ ਸ਼ਾਮਲ ਉਹਦੀਆਂ ਕਾਵਿਤਾਵਾਂ ਨੇ ਹੀ ਚੇਤੇ ਕਰਵਾ ਦਿੱਤਾ ਸੀ ਪਰ ਲੇਖਿਕਾ ਵਜੋਂ ਮੇਰੇ ਮਨ ਵਿਚ ਉਹਦੀ ਵਿਸ਼ੇਸ਼ ਥਾਂ, ਹੋਰ ਲੱਖਾਂ ਲੋਕਾਂ ਵਾਂਗ, ਇਪਟਾ ਅਤੇ ਅਮਨ ਲਹਿਰ ਦੀਆਂ ਸਟੇਜਾਂ ਤੋਂ ਪੇਸ਼ ਹੁੰਦੀਆਂ ਉਹਦੀਆਂ ਰਚਨਾਵਾਂ ਨੇ ਬਣਾਈ। ਅੰਮ੍ਰਿਤਾ ਤੇ 'ਨਾਗਮਣੀ' ਦੇ ਮਗਰਲੇ, ਜੋਤਿਸ਼, ਅਗਲੇ-ਪਿਛਲੇ ਜਨਮ, ਯੰਤਰ-ਮੰਤਰ-ਤੰਤਰ, ਕੁੰਡਾਲਿਨੀ ਆਦਿ ਵਾਲੇ ਦੌਰ ਨਾਲ ਜੁੜੇ ਲੇਖਕਾਂ-ਪਾਠਕਾਂ ਨੂੰ ਸ਼ਾਇਦ ਇਹ ਗੱਲ ਹੈਰਾਨ ਕਰੇ ਕਿ ਉਹਦੀਆਂ ਰਚਨਾਵਾਂ ਨੂੰ ਉਨ੍ਹਾਂ ਅਗਾਂਹਵਧੂ ਖੱਬੇ-ਪੱਖੀ ਲੋਕ-ਹਿਤੈਸ਼ੀ ਸਟੇਜਾਂ ਉਤੇ ਬੜਾ ਆਦਰਜੋਗ ਸਥਾਨ ਹਾਸਲ ਰਿਹਾ। ਇਹਦੀ ਇਕ ਮਿਸਾਲ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਹੈ।

ਮੇਰਾ ਮੰਨਣਾ ਹੈ, ਅੰਮ੍ਰਿਤਾ ਦੀਆਂ ਅਨੇਕ ਕਵਿਤਾਵਾਂ ਕਾਵਿਕ ਗੁਣਾਂ ਦੇ ਪੱਖੋਂ ਇਸ ਕਵਿਤਾ ਨਾਲੋਂ ਚੰਗੇਰੀਆਂ ਹਨ ਪਰ ਉਹਦਾ ਨਾਂ ਘਰ ਘਰ ਪੁਜਦਾ ਕਰਨ ਦਾ ਮਾਣ ਜਿਸ ਰਚਨਾ ਨੂੰ ਮਿਲਿਆ, ਉਹ ਇਹੋ ਕਵਿਤਾ ਸੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਇਸ ਨੇ ਉਸ ਦੌਰ ਦੀ ਵਿਕਰਾਲ ਚੰਦਰੀ ਘਟਨਾ, ਦੇਸ ਦੀ ਆਦਮਖੋਰ ਵੰਡ ਦਾ ਦਿਲ-ਚੀਰਵਾਂ ਦਰਦ ਖ਼ੂਬ ਜਜ਼ਬਾਤੀ ਰੰਗ ਵਿਚ ਪੇਸ਼ ਕੀਤਾ ਅਤੇ ਦੂਜੇ, ਉਸ ਦੌਰ ਦੇ ਲੋਕ-ਹਿਤੈਸ਼ੀ ਗਾਇਕਾਂ ਨੇ ਇਹਨੂੰ ਹਰ ਮੰਚ ਤੋਂ ਪੂਰੀ ਭਾਵੁਕਤਾ ਨਾਲ ਗਾਇਆ। ਇਉਂ ਇਹ ਕਵਿਤਾ ਉਨ੍ਹਾਂ ਲੋਕਾਂ ਤੱਕ ਵੀ ਸਿਰਫ਼ ਪੁੱਜੀ ਹੀ ਨਹੀਂ ਸਗੋਂ ਉਨ੍ਹਾਂ ਦੀ ਜ਼ਬਾਨ ਉਤੇ ਵੀ ਚੜ੍ਹ ਗਈ ਜਿਨ੍ਹਾਂ ਦਾ ਸਾਹਿਤ ਨਾਲ ਕੋਈ ਬਹੁਤਾ ਵਾਹ-ਵਾਸਤਾ ਨਹੀਂ ਸੀ ਜਾਂ ਜੋ ਚੱਜ ਨਾਲ ਅੱਖਰ ਉਠਾਲਣ ਵੀ ਨਹੀਂ ਸਨ ਜਾਣਦੇ।


ਇਹ ਸ਼ੁਰੂ ਦੇ 1950ਵਿਆਂ ਦੀ ਗੱਲ ਹੈ ਜਦੋਂ ਮੈਂ ਪਹਿਲੀ ਵਾਰ ਇਹ ਕਵਿਤਾ ਇਕ ਅਮਨ ਕਾਨਫ਼ਰੰਸ ਦੇ ਮੰਚ ਤੋਂ ਸੁਣੀ ਅਤੇ ਮੇਰੇ ਅਰੰਭਿਕ ਸਾਹਿਤਕ ਚੇਤੇ ਦਾ ਹਿੱਸਾ ਬਣ ਗਈ। ਭਾਵੇਂ ਇਸ ਕਵਿਤਾ ਜਿੰਨੇ ਤਾਂ ਨਹੀਂ, ਅੰਮ੍ਰਿਤਾ ਦੇ ਕੁਝ ਗੀਤ ਵੀ ਇਪਟਾ ਤੇ ਅਮਨ ਲਹਿਰ ਦੀਆਂ ਤੇ ਹੋਰ ਸਭਿਆਚਾਰਕ ਸਟੇਜਾਂ ਸਦਕਾ ਬਹੁਤ ਮਕਬੂਲ ਹੋਏ। ਤੇਰਾ ਸਿੰਘ ਚੰਨ ਦੇ ਨਿਰਦੇਸ਼ਨ ਹੇਠ ਪ੍ਰੋ. ਮਾਨ, ਅਮਰਜੀਤ ਗੁਰਦਾਸਪੁਰੀ, ਜੋਗਿੰਦਰ ਬਾਹਰਲਾ, ਰਾਜਵੰਤ ਮਾਨ 'ਪ੍ਰੀਤ', ਓਮਾ ਗੁਰਬਖ਼ਸ਼ ਸਿੰਘ ਤੇ ਹੋਰ 'ਕਣਕਾਂ ਦਾ ਗੀਤ' ਨਾਟਕੀ ਰੰਗ ਵਿਚ ਪੇਸ਼ ਕਰਦੇ ਤਾਂ ਪੂਰੀ ਕਾਇਨਾਤ ਹੀ ਜਿਵੇਂ ਦੇਖਣ-ਸੁਣਨ ਲਈ ਖਲੋ ਜਾਂਦੀ: ਹੋ ਕਣਕਾਂ ਜੰਮੀਆਂ...ਰਾਹੇ ਰਾਹੇ ਜਾਂਦਿਆ, ਓ ਸੁਣਦਿਆ-ਸੁਣਾਂਦਿਆ...ਕਹਾਣੀਆਂ ਨੇ ਦੁੱਖਾਂ ਦੀਆਂ, ਦੁੱਖਾਂ ਤੋਂ ਵੀ ਲੰਮੀਆਂ...ਹੋ ਕਣਕਾਂ ਜੰਮੀਆਂ...! ਸਵਰਨ ਸਿੰਘ ਤੇ ਗੁਰਚਰਨ ਸਿੰਘ ਬੋਪਾਰਾਏ ਨੇ ਅਨੇਕ ਮੰਚਾਂ ਤੋਂ ਮਿਲ ਕੇ ਗਾਉਂਦਿਆਂ 'ਸਾਨੂੰ ਮਿਲੀ ਜਾਣਾ ਹੋ' ਲੋਕਾਂ ਦੀ ਜ਼ਬਾਨ ਉਤੇ ਚਾੜ੍ਹ ਦਿੱਤਾ: ਚੰਨਾ ਤਾਰਿਆਂ ਦੀ ਰਾਤ, ਸਾਨੂੰ ਮਿਲੀ ਜਾਣਾ ਹੋ...ਸਾਂਝੀ ਧਰਤੀ ਦੇ ਗੀਤ, ਸਾਂਝੇ ਪਾਣੀਆਂ ਦੀ ਪ੍ਰੀਤ, ਹੀਰ ਰਾਂਝੇ ਦੀ ਸਹੁੰ, ਲਾਜ ਰੱਖਣੀ ਜੇ ਹੋ...ਸਾਨੂੰ ਮਿਲੀ ਜਾਣਾ ਹੋ...ਵੇ ਕੀ ਕਹਿੰਦੀਆਂ ਨੇ ਉਹ, ਰੁੱਤਾਂ ਫਿਰੀਆਂ ਨੇ ਜੋ, ਸਾਡੇ ਊਣੇ ਨੇ ਹਾੜ੍ਹ, ਸਾਡੇ ਸੱਖਣੇ ਨੇ ਪੋਹ...ਸਾਨੂੰ ਮਿਲੀ ਜਾਣਾ ਹੋ...।

ਇਉਂ ਮੇਰੇ ਉਨ੍ਹਾਂ ਮੁੱਢਲੇ ਸਾਹਿਤਕ ਦਿਨਾਂ ਵਿਚ ਹੀ ਅੰਮ੍ਰਿਤਾ ਇਕ ਲੇਖਕ ਵਜੋਂ ਮੈਨੂੰ ਆਪਣੇ ਨੇੜੇ-ਨੇੜੇ ਲਗਦੀ ਸੀ ਅਤੇ ਮੇਰੇ ਮਨ ਵਿਚ ਉਸ ਦਾ ਸਾਹਿਤਕ ਕੱਦ-ਬੁੱਤ ਬਹੁਤ ਉਚਾ ਬਣ ਗਿਆ ਸੀ। ਮੰਚਾਂ ਤੋਂ ਗਾਇਕਾਂ ਦੇ ਮੂੰਹੋਂ ਸੁਣ ਕੇ ਲਗਦਾ, ਜਿਨ੍ਹਾਂ ਲੋਕਾਂ ਵਾਸਤੇ ਉਹਨੇ ਇਹ ਗੀਤ-ਕਵਿਤਾਵਾਂ ਲਿਖੇ ਹਨ, ਉਨ੍ਹਾਂ ਵਿਚ ਮੈਂ ਵੀ ਜ਼ਰੂਰ ਸ਼ਾਮਲ ਹਾਂ! ਪਰ ਇਕ ਵਿਅਕਤੀ ਵਜੋਂ ਮੈਂ ਉਹਨੂੰ ਅੱਜ ਮਿਲਣਾ ਸੀ। ਗੁਰਦੇਵ ਨੇ ਮੇਰਾ ਨਾਂ ਦੱਸਿਆ ਤਾਂ ਉਹ ਹੱਸ ਕੇ ਬੋਲੀ, ਮੈਂ ਤੇਰੇ ਇਸ ਦੋਸਤ ਦੀਆਂ ਰਚਨਾਵਾਂ ਪੜ੍ਹੀਆਂ ਹੀ ਨਹੀਂ, ਛਾਪੀਆਂ ਵੀ ਹੋਈਆਂ ਨੇ।

ਉਹਦੇ ਵਿਚ ਵੱਡਾ ਗੁਣ ਸੀ ਕਿ ਉਹ ਇਕ ਵੱਡੀ ਲੇਖਿਕਾ ਹੀ ਨਹੀਂ ਸਗੋਂ ਇਕ ਮਿੱਥ ਬਣ ਚੁੱਕੀ ਹੋਣ ਦੇ ਬਾਵਜੂਦ ਪਹਿਲੀ ਮਿਲਣੀ ਵਿਚ ਹੀ ਦੂਜੇ ਨਾਲ, ਭਾਵੇਂ ਉਹ ਕੋਈ ਨਵਾਂ, ਛੋਟਾ ਲੇਖਕ ਹੀ ਕਿਉਂ ਨਾ ਹੋਵੇ, ਵਿੱਥ ਨਹੀਂ ਸੀ ਰਹਿਣ ਦਿੰਦੀ। ਉਹਦੇ ਕੋਲ ਬੈਠਿਆਂ ਕਿਸੇ ਵੱਡੀ ਸਾਹਿਤਕ ਹਸਤੀ ਕੋਲ ਬੈਠੇ ਹੋਣ ਦਾ ਸੁਖਾਵਾਂ ਅਸਰ ਤਾਂ ਮਹਿਸੂਸ ਹੁੰਦਾ ਪਰ ਵੱਡਿਆਂ ਕੋਲ ਬੈਠਿਆਂ ਆਪਣੇ-ਆਪ ਬਣ ਜਾਣ ਵਾਲੀ ਵਿੱਥ ਨਹੀਂ ਸੀ ਬਣਦੀ। ਜਦੋਂ ਉਹਦੀ ਪੁੱਛ ਦੇ ਜਵਾਬ ਵਿਚ ਮੈਂ ਦੱਸਿਆ ਕਿ ਮੈਂ ਦਿੱਲੀ ਆ ਗਿਆ ਹਾਂ, ਉਹ ਬੋਲੀ, "ਤੇਰਾ ਇਹ ਦੋਸਤ ਤਾਂ ਆਉਂਦਾ ਹੀ ਹੈ, ਤੂੰ ਵੀ ਹਰ ਮਹੀਨੇ ਆਇਆ ਕਰ 'ਨਾਗਮਣੀ ਸ਼ਾਮ' ਵਿਚ।" ਇਉਂ 'ਨਾਗਮਣੀ ਸ਼ਾਮ' 'ਤੇ ਅੰਮ੍ਰਿਤਾ ਪ੍ਰੀਤਮ ਨਾਲ ਮੇਰਾ ਨੇੜਲਾ ਤੇ ਲੰਮਾ ਨਾਤਾ ਜੁੜ ਗਿਆ।

***(ਚਲਦਾ)***

# ਮੋਦੀ ਦਾ ਸਵਾ ਚਾਰ ਕਰੋੜੀ ਸੂਟ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਸਵਾ ਸੌ ਕਰੋੜ ਦੇ ਲਗਭਗ ਆਬਾਦੀ ਵਾਲੇ ਮੁਲਕ ਭਾਰਤ ਵਿਚੋਂ ਕਿਸੇ ਇਕ ਆਦਮੀ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬਿਰਜਮਾਨ ਹੋਣਾ ਕੁਦਰਤ ਦੇ ਕ੍ਰਿਸ਼ਮੇ ਤੋਂ ਘੱਟ ਨਹੀਂ, ਪਰ ਇਹ ਰੁਤਬਾ ਪਾ ਕੇ ਆਪਣਾ ਸੰਤੁਲਨ ਬਰਕਰਾਰ ਰੱਖਣਾ ਵੀ ਖਾਲਾ ਜੀ ਦਾ ਵਾੜਾ ਨਹੀਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਹੀ ਲੈ ਲਓ। ਐਤਕੀਂ 26 ਜਨਵਰੀ ਦੇ ਦਿਨ ਉਨ੍ਹਾਂ ਜਿਹੜਾ ਅਨੋਖਾ ਸੂਟ ਪਹਿਨ ਕੇ ਦੇਸ਼ ਨੂੰ ਸੰਬੋਧਨ ਕੀਤਾ, ਉਹ ਚਾਰ ਕਰੋੜ ਇਕੱਤੀ ਲੱਖ ਰੁਪਏ ਵਿਚ ਨਿਲਾਮ ਹੋਇਆ ਹੈ।

ਨਰੇਂਦਰ ਮੋਦੀ ਦੇ ਇਸ ਸੂਟ ਦੀ ਕੀਮਤ ਪਹਿਲਾਂ ਦਸ ਲੱਖ ਰੁਪਏ ਦੱਸੀ ਜਾ ਰਹੀ ਸੀ ਅਤੇ ਇਹਦੀਆਂ ਧਾਰੀਆਂ ਵਿਚ ਨਰੇਂਦਰ ਦਮੋਦਰਭਾਈ ਮੋਦੀ ਸ਼ਬਦ ਉਕਰੇ ਹੋਏ ਸਨ। ਇਸ ਸੂਟ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਦੁਨੀਆਂ ਦੇ ਸਭ ਤੋਂ ਤਾਕਤਵਰ ਮੁਲਕ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਉਸ ਦਿਨ ਭਾਰਤ ਫੇਰੀ 'ਤੇ ਸਨ ਅਤੇ ਮੋਦੀ ਜੀ ਨੂੰ ਇਹ ਦਸ ਲੱਖੀਆ ਸੂਟ ਪਹਿਨ ਕੇ ਬਰਾਕ ਓਬਾਮਾ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਜਦੋਂ ਇਸ ਦਸ ਲੱਖੀਏ ਸੂਟ ਦੀ ਚਰਚਾ ਹਰ ਗਲੀ-ਮੁਹੱਲੇ ਵਿਚ ਜ਼ੋਰ ਫੜਨ ਲੱਗੀ, ਤੇ ਨਾਲ ਹੀ ਮੋਦੀ ਦੀ ਤਿੱਖੀ ਨੁਕਤਾਚੀਨੀ ਹੋਣ ਲੱਗੀ, ਤਾਂ ਮੋਦੀ ਅਤੇ ਉਸ ਦੀ ਮੰਡਲੀ ਨੇ ਨੁਕਤਾਚੀਨੀ ਦਾ ਅਸਰ ਖਤਮ ਕਰਨ ਲਈ ਮੋਦੀ ਨੂੰ ਮਿਲੇ ਤੋਹਫਿਆਂ ਦੀ ਨਿਲਾਮੀ ਵਿਚ ਇਹ ਸੂਟ ਵੀ ਸ਼ਾਮਲ ਕਰ ਲਿਆ। ਨਾਲ ਹੀ ਐਲਾਨ ਕਰ ਦਿੱਤਾ ਕਿ ਇਸ ਸੂਟ ਤੋਂ ਪ੍ਰਾਪਤ ਹੋਈ ਸਾਰੀ ਰਕਮ ਗੰਗਾ ਦੀ ਸਫ਼ਾਈ ਮਹਿੰਮ ਉਤੇ ਖਰਚੀ ਜਾਵੇਗੀ।

ਨਿਲਾਮੀ ਵਿਚ ਇਹ ਦਸ ਲੱਖੀਆ ਸਪੈਸ਼ਲ ਸੂਟ ਚਾਰ ਕਰੋੜ ਇਕੱਤੀ ਲੱਖ ਰੁਪਏ ਦਾ ਗੁਜਰਾਤੀ ਬਿਜ਼ਨਸਮੈਨ ਹਿਤੇਸ਼ ਪਟੇਲ ਨੇ ਖਰੀਦ ਲਿਆ। ਇਹਨੂੰ ਆਖਦੇ ਨੇ ਚਤੁਰਾਈ! ਗਰੀਬ ਮੁਲਕ ਦੇ ਅਮੀਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਹਿਲਾਂ ਦਸ ਲੱਖ ਰੁਪਏ ਦਾ ਅਤਿਅੰਤ ਮਹਿੰਗਾ ਸੂਟ ਪਾ ਕੇ ਬਰਾਕ ਓਬਾਮਾ ਨਾਲ ਗਲਵੱਕੜੀਆਂ ਪਾ ਲਈਆਂ ਤੇ ਤਸਵੀਰਾਂ ਵੀ ਖਿਚਵਾ ਲਈਆਂ, ਪਰ ਜਦੋਂ ਇਸ ਮਹਿੰਗੇ ਤੇ ਅਦਭੁੱਤ ਸੂਟ ਬਾਰੇ ਚੁੰਜ-ਚਰਚਾ ਚੱਲੀ ਤਾਂ ਵੇਲੇ ਸਿਰ ਸੰਭਾਲੀ ਗਈ ਗੱਲ ਵਾਂਗ ਇਹਨੂੰ ਵੇਚ ਕੇ ਮਾਇਆ 'ਗੰਗਾ ਮੱਈਆ' ਦੀ ਸੇਵਾ ਵਿਚ ਅਰਪਣ ਕਰ ਕੇ ਆਪਣਾ ਧਾਰਮਿਕਤਾ ਤੇ ਤਿਆਗ ਵਾਲਾ ਚਿਹਰਾ ਲੋਕਾਂ ਨੂੰ ਵਿਖਾਉਣ ਵਿਚ ਜ਼ਰਾ ਵੀ ਢਿੱਲ ਨਾ ਵਿਖਾਈ।

ਭਾਰਤ ਦੀ ਜਿਸ ਜਨਤਾ ਨੇ ਕਾਂਗਰਸ ਦੀਆਂ ਖੁਨਾਮੀਆਂ ਤੋਂ ਉਕਤਾ ਕੇ ਬੀ.ਜੇ.ਪੀ. 'ਤੇ ਭਰੋਸਾ ਕੀਤਾ, ਹਰ ਪਾਸੇ ਮੋਦੀ ਹੀ ਮੋਦੀ ਦਾ ਤੂਫ਼ਾਨ ਲੈ ਆਂਦਾ, ਮੋਦੀ ਦੇ ਜਾਦੂਮਈ ਭਾਸ਼ਨ ਸੁਣ-ਸੁਣ ਕੇ ਉਸ ਉਤੇ ਇਤਬਾਰ ਕੀਤਾ, ਉਹਨੂੰ ਹੀਰੋ ਬਣਾ ਕੇ ਦੁਨੀਆਂ ਦੇ ਰੰਗ-ਮੰਚ 'ਤੇ ਲਿਆ ਖੜ੍ਹਾ ਕੀਤਾ, ਉਹ ਕੱਟੜ ਤੇ ਫ਼ਿਰਕੂ ਤਾਕਤਾਂ ਦੇ ਸਹਿਯੋਗ ਨਾਲ ਸਿੰਘਾਸਨ ਉਤੇ ਬਿਰਾਜਮਾਨ ਤਾਂ ਹੋ ਗਏ, ਪਰ ਜੋ ਜਨਤਾ ਮੰਗ ਰਹੀ ਸੀ, ਜਾਂ ਜਨਤਾ ਨਾਲ ਜੋ ਕੁਝ ਦੇਣ ਦੇ ਵਾਅਦੇ ਕੀਤੇ ਸਨ, ਉਹ ਸਿੰਘਾਸਨ 'ਤੇ ਬੈਠਦਿਆਂ ਹੀ ਕੰਨਾ-ਮੰਨਾ-ਕੁਰਰ...ਹੋ ਗਏ।

ਬਚਪਨ ਤੋਂ ਸੁਣਦੇ ਆਏ ਹਾਂ ਕਿ ਪਾਪ ਜਾਂ ਬੇਈਮਾਨੀ ਦਾ ਬੇੜਾ ਭਰ ਕੇ ਡੁੱਬਦਾ ਹੈ। ਜਿਥੇ ਕਾਂਗਰਸ ਦਾ ਬੇੜਾ ਜ਼ਰਾ ਆਹਿਸਤਾ-ਆਹਿਸਤਾ ਡੁੱਬਿਆ, ਉਥੇ ਬੀ.ਜੇ.ਪੀ. ਦਾ ਬੇੜਾ ਜਿਸ ਦੇ ਮਲਾਹ ਮੋਦੀ ਸਨ, ਨੂੰ ਦਿੱਲੀ ਦੀ ਜਨਤਾ ਨੇ ਐਸਾ ਮੰਝਧਾਰ ਦੇ ਹਵਾਲੇ ਕੀਤਾ ਕਿ ਦੁਨੀਆਂ ਭਰ ਦੇ ਲੋਕ ਦੇਖ ਕੇ ਦੰਗ ਰਹਿ ਗਏ। ਜਨਤਾ ਵੀ 9 ਮਹੀਨਿਆਂ ਵਿਚ ਕੱਟੜਵਾਦ ਅਤੇ ਫਿਰਕੂਪੁਣੇ ਦਾ ਅਸਲੀ ਭਿਆਨਕ ਚਿਹਰਾ ਦੇਖ ਚੁੱਕੀ ਸੀ, ਸੋ ਜਨਤਾ ਨੇ ਦਿੱਲੀ ਵਿਚ ਉਹ ਕਰ ਵਿਖਾਇਆ ਜਿਸ ਦੀ ਕਿਸੇ ਨੂੰ ਵੀ ਆਸ ਨਹੀਂ ਸੀ। ਇਕ ਮਾੜਕੂ ਜਿਹਾ ਬੇਹੱਦ ਸਾਦਾ-ਸਵੱਛ ਇਨਸਾਨ ਅਰਵਿੰਦ ਕੇਜਰੀਵਾਲ ਦਿੱਲੀ ਦੇ ਰੰਗ-ਮੰਚ 'ਤੇ ਐਸਾ ਪ੍ਰਕਾਸ਼ਮਾਨ ਹੋਇਆ ਕਿ ਹਰ ਪਾਸੇ ਰੌਸ਼ਨੀ ਦਿਖਾਈ ਦੇਣ ਲੱਗ ਪਈ। ਦਿੱਲੀ ਦੇ ਲੋਕਾਂ ਨੇ ਸਵੈਟਰ ਤੇ ਮਫ਼ਲਰ ਵਾਲੇ ਇਸ ਆਦਮੀ ਨੂੰ ਗਜ਼ਬ ਦਾ ਮਾਣ ਤੇ ਸਤਿਕਾਰ ਦਿੱਤਾ। ਕੁੱਲ 70 ਸੀਟਾਂ ਵਿਚੋਂ 67 'ਤੇ ਜਿਤਾ ਕੇ ਲੋਕਾਂ ਨੇ ਕੇਜਰੀਵਾਲ ਨੂੰ ਮੋਦੀ ਦੀ '56 ਇੰਚ ਚੌੜੀ ਛਾਤੀ' ਉਤੇ ਬਿਠਾ ਦਿੱਤਾ।



*ਸਵਾ ਚਾਰ ਕਰੋੜੀ ਕੋਟ ਪਾਈ ਮੋਦੀ ਬਰਾਕ ਓਬਾਮਾ ਨਾਲ*

ਹੁਣ ਸੋਚਣ ਅਤੇ ਧਿਆਨ ਦੇਣ ਵਾਲੀ ਗੱਲ ਹੈ ਕਿ ਕੇਜਰੀਵਾਲ ਨੇ ਨਾ ਤਾਂ ਮੋਦੀ ਵਾਂਗ ਲੱਛੇਦਾਰ ਭਾਸ਼ਨ ਦਿੱਤੇ, ਨਾ ਉਹਦੇ ਕੋਲ ਕੋਈ ਹੋਰ ਤਾਕਤ ਸੀ, ਪਰ ਕੇਜਰੀਵਾਲ ਕੋਲ ਤਿਆਗ ਦੀ ਉਹ ਸ਼ਕਤੀ ਸੀ ਜੋ ਉਹਨੇ ਬੇਈਮਾਨ ਲੋਕਾਂ ਦੀ ਭਾਈਵਾਲੀ ਠੁਕਰਾ ਕੇ ਪ੍ਰਾਪਤ ਕੀਤੀ ਸੀ। ਕਾਂਗਰਸ ਵਿਚਾਰੀ ਦਾ ਤਾਂ ਪਹਿਲਾਂ ਹੀ ਫ਼ਾਤਿਹਾ ਪੜ੍ਹਿਆ ਜਾ ਚੁੱਕਾ ਸੀ, ਬੀ.ਜੇ.ਪੀ. ਨੇ ਵੀ ਸਮੇਤ ਦਸ ਲੱਖੀਏ ਮੋਦੀ ਸਾਹਿਬ ਦੇ, ਆਪਣੀ ਸਮੁੱਚੀ ਤਾਕਤ ਦਾਅ 'ਤੇ ਲਾ ਦਿੱਤੀ। ਕੇਜਰੀਵਾਲ ਦਾ ਪੁਰਾਣਾ ਸਵੈਟਰ ਤੇ ਘਸਿਆ ਹੋਇਆ ਮਫ਼ਲਰ ਜਦ ਮੋਦੀ ਦੇ ਦਸ ਲੱਖੀਏ ਸੂਟ ਉਤੇ ਭਾਰੀ ਪਿਆ, ਤਾਂ ਉਹ ਸੂਟ 4 ਕਰੋੜ 31 ਲੱਖ ਦਾ ਵੇਚ ਕੇ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੀ ਕਸਰ ਨਹੀਂ ਛੱਡੀ ਗਈ।

ਹੁਣ ਕੇਜਰੀਵਾਲ ਤੇ ਉਹਦੇ ਸਾਥੀਆਂ ਦਾ ਰੁਖ ਪੰਜਾਬ ਵੱਲ ਹੈ। ਪੰਜਾਬ ਵਿਚ ਪਹਿਲਾਂ ਹੀ ਆਪ ਦੇ ਚਾਰ ਐਮ.ਪੀ. ਹਨ ਅਤੇ ਪੰਜਾਬ ਦੇ ਲੋਕ ਵੀ ਪੱਬਾਂ ਭਾਰ ਹੋ ਕੇ 'ਆਪ' ਦੀਆਂ ਰਾਹਾਂ ਦੇਖ ਰਹੇ ਹਨ ਕਿਉਂਕਿ ਦਰਿਆ ਸੁੱਕ ਗਏ ਹਨ, ਪਰ ਨਸ਼ਿਆਂ ਦੇ ਦਰਿਆ ਕਿਨਾਰੇ ਤੋੜ ਰਹੇ ਹਨ। ਕਾਂਗਰਸ ਦੀ ਧੜੇਬੰਦੀ ਨੇ ਇਸ ਦਾ ਬੇੜਾ ਇੰਨਾ ਡੂੰਘਾ ਜਾ ਡੋਬਿਆ ਹੈ ਜਿਥੋਂ ਹੁਣ ਬਚ ਨਿਕਲਣਾ ਸੌਖਾ ਨਹੀਂ। ਜੇ ਕੋਈ ਉਮੀਦ ਹੈ, ਤਾਂ ਉਹ ਕੇਜਰੀਵਾਲ ਦੀ 'ਆਪ' ਹੈ। ਜਨਤਾ ਸੋਚ ਰਹੀ ਹੈ ਕਿ ਉਨ੍ਹਾਂ ਨੂੰ ਕੇਜਰੀਵਾਲ ਵਰਗੇ ਲੀਡਰਾਂ ਦੀ ਲੋੜ ਹੈ; ਕੱਟੜ ਤੇ ਦਸ-ਦਸ ਲੱਖ ਦੇ ਸੂਟ ਪਾਉਣ ਵਾਲੇ ਆਗੂਆਂ ਦੀ ਨਹੀਂ। ਮੋਦੀ ਜੀ ਨੂੰ ਸਲਾਹ ਹੈ ਕਿ ਜੇ ਹਰ ਹਫ਼ਤੇ ਨਹੀਂ, ਤਾਂ ਹਰ ਮਹੀਨੇ ਦਸ ਲੱਖੀਏ ਜਾਂ ਵੀਹ ਲੱਖੀਏ ਸੂਟ ਬਣਵਾ ਕੇ ਇਕ ਵਾਰੀ ਪਾ ਕੇ ਫਿਰ ਵੇਚ ਦਿਆ ਕਰਨ, ਤਾਂ ਦੇਸ਼ ਨੂੰ ਬਹੁਤ ਫਾਇਦਾ ਹੋ ਸਕਦਾ ਹੈ।

# ਭਾਜਪਾ ਸੱਚ ਦਾ ਸਾਹਮਣਾ ਕਰੇ ਜਾਂ ਆਪਣੀ ਕਮਜ਼ੋਰੀ ਮੰਨੇ

## ਸਿਆਸਤ ਦਾ ਪਿੜ




■ ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਨੀਤੀ ਹੁਣ ਇੱਕ ਨਵੇਂ ਮੋੜ ਉਤੇ ਆਣ ਪਹੁੰਚੀ ਹੈ। ਇਥੇ ਆ ਕੇ ਰਾਜ ਕਰਦੀ ਭਾਰਤੀ ਜਨਤਾ ਪਰਟੀ ਦੀ ਲੀਡਰਸ਼ਿਪ ਨੂੰ ਕੁਝ ਗੱਲਾਂ ਦੇਸ਼ ਦੇ ਲੋਕਾਂ ਸਾਹਮਣੇ ਮੰਨ ਲੈਣੀਆਂ ਬਣਦੀਆਂ ਹਨ, ਜਿਨ੍ਹਾਂ ਬਾਰੇ ਉਹ ਲੋਕਾਂ ਨੂੰ ਫੋਕੇ ਦਾਅਵੇ ਕਰ ਕੇ ਗੁੰਮਰਾਹ ਕਰ ਕੇ ਵੋਟਾਂ ਲੈਂਦੀ ਤੇ ਅੱਗੇ ਵਧਦੀ ਰਹੀ ਹੈ। ਉਸ ਦੇ ਕਈ ਦਾਅਵੇ ਅਸਲੋਂ ਹੀ ਖੋਖਲੇ ਨਿਕਲੇ ਹਨ। ਜਿਹੜੀਆਂ ਗੱਲਾਂ ਭਾਜਪਾ ਕਹਿੰਦੀ ਸੀ, ਉਨ੍ਹਾਂ ਉਤੇ ਅਮਲ ਨਹੀਂ ਸੀ ਹੋ ਸਕਦਾ। ਕੁਝ ਗੱਲਾਂ ਹੁਣ ਉਸ ਦੀ ਲੀਡਰਸ਼ਿਪ ਦੇ ਆਪਣੇ ਕੁਝ ਲੋਕ ਜਨਤਕ ਤੌਰ ਉਤੇ ਵੀ ਮੰਨਣ ਲੱਗੇ ਹਨ ਕਿ ਉਨ੍ਹਾਂ ਨੂੰ ਇਹ ਕਹਿਣ ਵੇਲੇ ਵੀ ਪਤਾ ਸੀ ਕਿ ਇਹ ਕੁਝ ਕੀਤਾ ਨਹੀਂ ਜਾ ਸਕਣਾ, ਪਰ ਅਸੀਂ ਚੋਣਾਂ ਵਿਚ ਵੋਟਾਂ ਲੈਣ ਲਈ ਕਹਿੰਦੇ ਰਹੇ ਸਾਂ।

ਇੱਕ ਉਭਰਵੀਂ ਮਿਸਾਲ ਇਹ ਹੈ ਕਿ ਭਾਜਪਾ ਦੇ ਮੁੱਖ ਪ੍ਰਚਾਰਕ ਤੇ ਪ੍ਰਧਾਨ ਮੰਤਰੀ ਪਦਵੀ ਦੇ ਉਮੀਦਵਾਰ ਨਰਿੰਦਰ ਮੋਦੀ ਨੇ ਖੁਦ ਕਿਹਾ ਸੀ ਕਿ ਵਿਦੇਸ਼ ਵਿਚ ਏਨਾ ਕਾਲਾ ਧਨ ਪਿਆ ਹੈ ਕਿ ਜਦੋਂ ਅਸੀਂ ਉਹ ਪੈਸਾ ਵਾਪਸ ਲਿਆਵਾਂਗੇ ਤਾਂ ਹਰ ਨਾਗਰਿਕ ਦੇ ਹਿੱਸੇ ਤਿੰਨ-ਤਿੰਨ ਲੱਖ ਰੁਪਏ ਆਉਣਗੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਹ ਪੈਸੇ ਸਿਰਫ ਸੌ ਦਿਨਾਂ ਵਿਚ ਲੈ ਆਵਾਂਗੇ ਤੇ ਜਿਸ ਭਾਰਤੀ ਪਰਿਵਾਰ ਦੇ ਪੰਜ ਜੀਅ ਹੋਣਗੇ, ਉਨ੍ਹਾਂ ਦੇ ਬੈਂਕ ਖਾਤੇ ਵਿਚ ਸਿੱਧੇ ਪੰਦਰਾਂ ਲੱਖ ਰੁਪਏ ਜਮ੍ਹਾਂ ਕਰ ਦਿਆਂਗੇ। ਸੌ ਦਿਨ ਦੀ ਥਾਂ ਹੁਣ ਕਰੀਬ ਪੌਣੇ ਤਿੰਨ ਸੌ ਦਿਨ ਲੰਘ ਗਏ ਹਨ, ਪੈਸੇ ਨਹੀਂ ਆ ਸਕੇ, ਅਤੇ ਨਾ ਆਉਣੇ ਹਨ। ਇਹ ਗੱਲ ਕਈ ਲੋਕ ਪੁੱਛ ਚੁੱਕੇ ਹਨ, ਜਿਨ੍ਹਾਂ ਵਿਚ ਸਮਾਜ ਸੇਵੀ ਅੰਨਾ ਹਜ਼ਾਰੇ ਵੀ ਹਨ। ਦਿੱਲੀ ਚੋਣਾਂ ਲਈ ਵੋਟਾਂ ਪੈਣ ਤੋਂ ਅਗਲੇ ਦਿਨ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਇੱਕ ਟੀ.ਵੀ. ਚੈਨਲ ਦੀ ਇੰਟਰਵਿਊ ਦੇ ਰਹੇ ਸਨ। ਉਥੇ ਉਨ੍ਹਾਂ ਨੂੰ ਇਸ ਬਾਰੇ ਦੋ ਸਵਾਲ ਪੁੱਛੇ ਗਏ। ਪਹਿਲਾ ਇਹ ਕਿ ਕਾਲਾ ਧਨ ਸੌ ਦਿਨਾਂ ਦੇ ਵਿਚ ਵਾਪਸ ਕਿਉਂ ਨਹੀਂ ਆਇਆ? ਦੂਸਰਾ ਇਹ ਕਿ ਹੁਣ ਤੁਹਾਡੀ ਸਰਕਾਰ ਕਹਿੰਦੀ ਹੈ ਕਿ ਸਾਨੂੰ ਇਹੋ ਪਤਾ ਨਹੀਂ ਕਿ ਵਿਦੇਸ਼ ਵਿਚ ਕਾਲਾ ਧਨ ਕਿੰਨਾ ਫਸਿਆ ਹੈ? ਜਦੋਂ ਇਹ ਪਤਾ ਨਹੀਂ ਸੀ ਕਿ ਕਿੰਨਾ ਹੈ ਤਾਂ ਤੁਸੀਂ ਹਰ ਨਾਗਰਿਕ ਦੇ ਹਿੱਸੇ ਤਿੰਨ-ਤਿੰਨ ਲੱਖ ਆਉਣ ਦਾ ਹਿਸਾਬ ਕਿੱਦਾਂ ਲਾਇਆ ਸੀ? ਭਾਜਪਾ ਦਾ ਕੌਮੀ ਪ੍ਰਧਾਨ ਫਸ ਗਿਆ ਤੇ ਸਿੱਧਾ ਹੀ ਕਹਿਣ ਲੱਗ ਪਿਆ ਕਿ ਇਹੋ ਜਿਹਾ ਕੋਈ ਖਾਤਾ ਨਹੀਂ ਅਤੇ ਕੋਈ ਗਿਣਤੀ ਵੀ ਨਹੀਂ ਕਿ ਕਿੱਥੇ ਕਿੰਨਾ ਪੈਸਾ ਪਿਆ ਹੈ, ਚੋਣਾਂ ਵਿਚ ਕਈ ਗੱਲਾਂ ਚੋਣ-ਟੋਟਕੇ ਦੇ ਤੌਰ ਉਤੇ ਕਹਿਣੀਆਂ ਪੈਂਦੀਆਂ ਹਨ, ਉਹ ਅਸੀਂ ਲੋਕ ਵੀ ਕਹਿੰਦੇ ਰਹੇ ਸਾਂ। ਉਨ੍ਹਾਂ ਐਲਾਨਾਂ ਨੂੰ ਚੋਣਾਂ ਤੋਂ ਬਾਅਦ ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ।

ਸਾਨੂੰ ਯਾਦ ਹੈ ਕਿ ਪਿਛਲੀ ਸਰਕਾਰ ਦੇ ਵਕਤ ਚੋਣਾਂ ਵਿਚ ਕਹੀਆਂ ਕੁਝ ਗੱਲਾਂ 'ਤੇ ਚੋਣ ਮੈਨੀਫੈਸਟੋ ਵਿਖਾ ਕੇ ਅਦਾਲਤਾਂ ਵਿਚ ਕੇਸ ਕੀਤੇ ਗਏ ਸਨ ਕਿ ਸਰਕਾਰ ਆਪਣੇ ਐਲਾਨ ਉਤੇ ਅਮਲ ਨਹੀਂ ਕਰਦੀ। ਅਦਾਲਤਾਂ ਦਾ ਰੁਖ ਵੀ ਇਹੋ ਸੀ ਕਿ ਕੋਈ ਪਾਰਟੀ ਇਹ ਕਹਿ ਕੇ ਖਹਿੜਾ ਨਹੀਂ ਛੁਡਾ ਸਕਦੀ ਕਿ ਇਹ ਗੱਲਾਂ ਚੋਣਾਂ ਵਿਚ ਕਹਿਣ ਲਈ ਕਹੀਆਂ ਸਨ, ਇਨ੍ਹਾਂ ਵਾਸਤੇ ਕੋਈ ਠੋਸ ਜਵਾਬ ਚਾਹੀਦਾ ਹੈ। ਭਾਜਪਾ ਦਾ ਪ੍ਰਧਾਨ ਅਮਿਤ ਸ਼ਾਹ ਆਰਾਮ ਨਾਲ ਇਹ ਕਹਿਣ ਲੱਗ ਪਿਆ ਕਿ ਇਹ ਸਿਰਫ ਚੋਣ-ਟੋਟਕੇ ਸਨ, ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ। ਉਦੋਂ ਲੋਕ ਇਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਨਾ ਲੈਂਦੇ ਤੇ ਸਿਰਫ ਚੋਣ ਟੋਟਕੇ ਸਮਝਦੇ ਤਾਂ ਨਰਿੰਦਰ ਮੋਦੀ ਦੀ ਸਰਕਾਰ ਨਹੀਂ ਸੀ ਬਣ ਸਕਦੀ। ਜਿਨ੍ਹਾਂ ਲੋਕਾਂ ਨੇ ਉਦੋਂ ਇਹ ਗੱਲਾਂ ਪੂਰੀ ਗੰਭੀਰਤਾ ਨਾਲ ਲਈਆਂ ਸਨ, ਹੁਣ ਉਹ ਗੰਭੀਰਤਾ ਨਾਲ ਕਿਉਂ ਨਾ ਲੈਣਗੇ? ਭਾਜਪਾ ਕੁਝ ਕਰ ਕੇ ਨਹੀਂ ਵਿਖਾ ਸਕਦੀ ਤਾਂ ਉਸ ਨੂੰ ਇਸ ਦੀ ਮੁਆਫੀ ਮੰਗ ਲੈਣੀ ਬਣਦੀ ਹੈ।

ਉਨ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਬੀਤੇ ਸਮੇਂ ਵਿਚ ਰਾਜਸੀ ਪੱਖੋਂ ਉਛਾਲਣ ਪਿੱਛੋਂ ਖੋਖਲੀਆਂ ਨਿਕਲਦੀਆਂ ਰਹੀਆਂ ਹਨ। ਫਿਰ ਵੀ ਭਾਜਪਾ ਏਦਾਂ ਦੀਆਂ ਚਾਲਾਂ ਚੱਲੀ ਜਾਂਦੀ ਹੈ। ਹੁਣੇ ਬਿਹਾਰ ਵਿਚ ਨਿਤੀਸ਼ ਕੁਮਾਰ ਨਾਲ ਆਢਾ ਲਾਉਣ ਲਈ ਉਸ ਨੇ ਉਥੋਂ ਦੇ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਨੂੰ ਉਕਸਾਇਆ ਤਾਂ ਇਹ ਰੌਲਾ ਬਹੁਤ ਜ਼ੋਰ ਨਾਲ ਪਾਇਆ ਕਿ ਉਹ ਮਹਾਂ-ਦਲਿਤ ਹੈ, ਕਹਿਣ ਤੋਂ ਭਾਵ ਕਿ ਦਲਿਤਾਂ ਵਿਚੋਂ ਵੀ ਹੇਠਲੇ ਦਰਜੇ ਦਾ ਦਲਿਤ ਹੈ। ਇਸ ਤੋਂ ਪ੍ਰਭਾਵ ਇਹ ਪਿਆ ਕਿ ਭਾਜਪਾ ਦਲਿਤਾਂ ਨੂੰ ਬਹੁਤ ਉਭਾਰਨਾ ਚਾਹੁੰਦੀ ਹੈ। ਬਿਹਾਰ ਤੋਂ ਭਾਜਪਾ ਦੇ ਤਿੰਨ ਪਾਰਲੀਮੈਂਟ ਮੈਂਬਰ ਦਲਿਤ ਜਿੱਤ ਕੇ ਆਏ ਹਨ, ਉਨ੍ਹਾਂ ਲਈ ਭਾਜਪਾ ਨੂੰ ਕੋਈ ਅਹੁਦਾ ਹੀ ਨਹੀਂ ਲੱਭ ਸਕਿਆ।



*ਭਾਜਪਾ ਪ੍ਰਧਾਨ ਅਮਿਤ ਸ਼ਾਹ*

ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਆਖਰੀ ਪੜਾਅ ਆ ਚੁੱਕਾ ਸੀ, ਉਦੋਂ ਇਹ ਖਬਰ ਉਛਾਲੀ ਗਈ ਕਿ ਆਮ ਆਦਮੀ ਪਾਰਟੀ ਨੂੰ ਵਿਦੇਸ਼ਾਂ ਤੋਂ ਜਿਹੜੇ ਚੰਦੇ ਮਿਲਦੇ ਹਨ, ਉਨ੍ਹਾਂ ਦੇ ਲੈਣ-ਦੇਣ ਕਰਨ ਵੇਲੇ ਵਿਦੇਸ਼ੀ ਸਿੱਕਾ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੈ। ਅਰਵਿੰਦ ਕੇਜਰੀਵਾਲ ਨਾਲ ਕੁਝ ਸਮਾਂ ਰਹਿ ਕੇ ਉਸ ਨੂੰ ਛੱਡ ਆਏ ਕੁਝ ਬੰਦੇ ਅੱਗੇ ਲਾ ਕੇ ਉਸ ਉਤੇ ਇਹ ਦੋਸ਼ ਲਾਇਆ ਗਿਆ ਕਿ ਉਸ ਦੀ ਪਾਰਟੀ ਕਾਲੇ ਧਨ ਨੂੰ ਚਿੱਟਾ ਕਰਨ ਦਾ ਧੰਦਾ ਕਰਦੀ ਹੈ। ਫਿਰ ਇਹ ਗੱਲ ਮੁੱਦਾ ਬਣਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੀ ਰੈਲੀ ਵਿਚ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਿਲਾਫ ਲੜਨ ਦੀ ਦੁਹਾਈ ਦੇਣ ਵਾਲੇ ਲੀਡਰ ਚਿੱਟੇ ਦਿਨ ਕਾਲਾ ਕਾਰੋਬਾਰ ਕਰਨ ਤੱਕ ਦਾ ਕੰਮ ਕਰ ਰਹੇ ਹਨ। ਜਦੋਂ ਦਿੱਲੀ ਦੀਆਂ ਚੋਣਾਂ ਲੰਘ ਗਈਆਂ ਤਾਂ ਸਰਕਾਰ ਨੇ ਅਦਾਲਤ ਵਿਚ ਇਹ ਗੱਲ ਮੰਨ ਲਈ ਕਿ ਇਸ ਵਿਚ ਗਲਤ ਕੁਝ ਹੋਇਆ ਹੀ ਨਹੀਂ। ਮੁਆਫੀ ਤਾਂ ਇਸ ਝੂਠੇ ਪ੍ਰਚਾਰ ਦੀ ਵੀ ਮੰਗਣੀ ਬਣਦੀ ਹੈ।

ਦੋ ਗੱਲਾਂ ਏਦਾਂ ਦੀਆਂ ਹੋਰ ਹਨ, ਜਿਨ੍ਹਾਂ ਬਾਰੇ ਪਿਛਲੇ ਸਮੇਂ ਵਿਚ ਭਾਰਤੀ ਜਨਤਾ ਪਾਰਟੀ ਪ੍ਰਚਾਰ ਕਰਦੀ ਅਤੇ ਲੋਕਾਂ ਨੂੰ ਉਕਸਾਉਂਦੀ ਰਹੀ ਕਿ ਸੱਚ ਲੁਕਾਇਆ ਗਿਆ ਹੈ, ਜਦੋਂ ਅਸੀਂ ਜਿੱਤ ਗਏ ਤਾਂ ਪਰਦਾ ਚੁੱਕ ਦਿਆਂਗੇ। ਜਦੋਂ ਉਹ ਚੋਣ ਜਿੱਤ ਗਏ ਅਤੇ ਉਨ੍ਹਾਂ ਗੱਲਾਂ ਬਾਰੇ ਕੁਝ ਲੋਕਾਂ ਵਲੋਂ ਪੁੱਛਿਆ ਗਿਆ ਤਾਂ ਭਾਜਪਾ ਦੀ ਸਰਕਾਰ ਵਲੋਂ ਲਿਖਤੀ ਜਵਾਬ ਦਿੱਤਾ ਗਿਆ ਹੈ ਕਿ ਇਹ ਗੱਲਾਂ ਦੱਸੀਆਂ ਨਹੀਂ ਜਾ ਸਕਦੀਆਂ। ਇਹ ਗੱਲਾਂ ਕਾਲਾ ਧਨ ਮੁੱਦੇ ਦੇ ਨਾਲ ਸਬੰਧਤ ਨਹੀਂ, ਜਿਸ ਬਾਰੇ ਮੋਦੀ ਸਰਕਾਰ ਨੇ ਪਹਿਲਾਂ ਨਾਂਹ ਕੀਤੀ ਤੇ ਫਿਰ ਅਦਾਲਤ ਨੂੰ ਦੱਸਣਾ ਪਿਆ ਸੀ। ਇੱਕ ਮੁੱਦਾ ਇਨ੍ਹਾਂ ਵਿਚ ਸੁਭਾਸ਼ ਚੰਦਰ ਬੋਸ ਦਾ ਅਤੇ ਦੂਸਰਾ ਹਿੰਦ-ਚੀਨ ਜੰਗ ਵਾਲੀ ਜਾਂਚ ਰਿਪੋਰਟ ਦਾ ਹੈ।

ਭਾਜਪਾ ਨੇ ਕਈ ਸਾਲਾਂ ਤੱਕ ਇਹ ਪ੍ਰਚਾਰ ਕੀਤਾ ਕਿ ਹਿੰਦ-ਚੀਨ ਜੰਗ ਵਿਚ ਭਾਰਤ ਦੀ ਫੌਜ ਇਸ ਲਈ ਹਾਰ ਗਈ ਸੀ ਕਿ ਉਸ ਵੇਲੇ ਸਿਆਸੀ ਲੀਡਰਸ਼ਿਪ, ਖਾਸ ਕਰ ਕੇ ਪੰਡਤ ਜਵਾਹਰ ਲਾਲ ਨਹਿਰੂ, ਦੀ ਰਣਨੀਤੀ ਹੀ ਠੀਕ ਨਹੀਂ ਸੀ। ਉਸ ਜੰਗ ਦੇ ਬਾਅਦ ਉਚ ਪੱਧਰੀ ਜਾਂਚ ਕਰਵਾ ਕੇ ਰਿਪੋਰਟ ਗੁਪਤ ਰੱਖੀ ਗਈ ਸੀ। ਚੋਣ ਪ੍ਰਚਾਰ ਦੌਰਾਨ ਭਾਜਪਾ ਵਾਲਿਆਂ ਨੇ ਇਹ ਕਿਹਾ ਕਿ ਅਸੀਂ ਜਦੋਂ ਸਰਕਾਰ ਬਣਾਵਾਂਗੇ ਤਾਂ ਰਿਪੋਰਟ ਜਾਰੀ ਕਰ ਦਿਆਂਗੇ। ਉਸ ਜੰਗ ਦੇ ਬਾਅਦ ਲੈਫਟੀਨੈਂਟ ਜਨਰਲ ਹੈਂਡਰਸਨ ਬਰੁਕਸ ਅਤੇ ਬ੍ਰਿਗੇਡੀਅਰ ਜਨਰਲ ਪ੍ਰਮਿੰਦਰ ਸਿੰਘ ਭਗਤ ਦੀ ਕਮੇਟੀ ਵਲੋਂ ਬਣਾਈ ਉਹ ਰਿਪੋਰਟ ਲੰਮਾ ਸਮਾਂ ਗੁਪਤ ਰਹੀ ਸੀ ਪਰ ਇੱਕ ਆਸਟਰੇਲੀਅਨ ਪੱਤਰਕਾਰ ਨੇਵਿਲ ਮੈਕਸਵੈਲ ਵਲੋਂ ਬ੍ਰਿਟਿਸ਼ ਅਖਬਾਰ ਨੂੰ ਦਿੱਤੀ ਇੰਟਰਵਿਊ ਨਾਲ ਪਿਛਲੇਰੇ ਸਾਲ ਜ਼ਾਹਰ ਹੋ ਗਈ ਸੀ। ਮੈਕਸਵੈਲ ਉਸ ਜੰਗ ਦੇ ਵਕਤ ਭਾਰਤ ਵਿਚ ਹੁੰਦਾ ਸੀ ਤੇ ਉਸ ਦਾ ਕਹਿਣਾ ਸੀ ਕਿ ਉਹ ਸਿਰ ਵਿਚ ਸੱਚ ਲੁਕਾ ਕੇ ਦੁਨੀਆਂ ਤੋਂ ਨਹੀਂ ਜਾਣਾ ਚਾਹੁੰਦਾ। ਰੌਲਾ ਪਿਆ ਤਾਂ ਭਾਜਪਾ ਨੇ ਕਹਿ ਦਿੱਤਾ ਕਿ ਅਸੀਂ ਉਹ ਰਿਪੋਰਟ ਜਾਰੀ ਕਰ ਦਿਆਂਗੇ। ਜਦੋਂ ਨਰਿੰਦਰ ਮੋਦੀ ਸਰਕਾਰ ਬਣ ਗਈ ਤਾਂ ਉਸੇ ਭਾਜਪਾ ਨੇ ਇਹ ਪੈਂਤੜਾ ਲੈ ਲਿਆ ਕਿ ਉਹ ਰਿਪੋਰਟ ਇਸ ਲਈ ਜਾਰੀ ਨਹੀਂ ਕੀਤੀ ਜਾ ਸਕਦੀ ਕਿ ਉਸ ਵਿਚ ਬੜਾ ਕੁਝ ਇਹੋ ਜਿਹਾ ਹੈ, ਜਿਹੜਾ ਵਰਤਮਾਨ ਹਾਲਾਤ ਉਤੇ ਅਸਰ ਪਾ ਸਕਦਾ ਹੈ। ਚੋਣ ਪ੍ਰਚਾਰ ਵੇਲੇ ਵੀ ਭਾਜਪਾ ਆਗੂਆਂ ਨੂੰ ਇਸ ਗੱਲ ਦਾ ਓਹਲਾ ਨਹੀਂ ਸੀ, ਉਹ ਵਾਜਪਾਈ ਸਰਕਾਰ ਵਿਚ ਹੁੰਦਿਆਂ ਇਸ ਬਾਰੇ ਜਾਣ ਚੁੱਕੇ ਸਨ। ਇਸ ਦੇ ਬਾਵਜੂਦ ਸਿਰਫ ਲੋਕਾਂ ਨੂੰ ਮਾਨਸਿਕ ਪੱਖ ਤੋਂ ਉਕਸਾਉਣ ਲਈ ਉਨ੍ਹਾਂ ਨੇ ਉਹ ਪ੍ਰਚਾਰ ਅਤੇ ਦਾਅਵੇ ਕੀਤੇ, ਜਿਨ੍ਹਾਂ ਨੂੰ ਅਮਲ ਵਿਚ ਉਹ ਲਾਗੂ ਨਹੀਂ ਸਨ ਕਰ ਸਕਦੇ।

ਦੂਸਰਾ ਮੁੱਦਾ ਆਜ਼ਾਦੀ ਲਹਿਰ ਦੇ ਹੀਰੋ ਸੁਭਾਸ਼ ਚੰਦਰ ਬੋਸ ਦੀ ਹੋਣੀ ਨਾਲ ਸਬੰਧਤ ਗੁਪਤ ਦਸਤਾਵੇਜ਼ ਲੋਕਾਂ ਸਾਹਮਣੇ ਰੱਖਣ ਦਾ ਹੈ। ਸੁਭਾਸ਼ ਦਾ ਅੰਤ ਕਿਨ੍ਹਾਂ ਹਾਲਾਤ ਵਿਚ ਹੋਇਆ, ਅਤੇ ਹੋਇਆ ਵੀ ਸੀ ਜਾਂ ਨਹੀਂ, ਇਸ ਬਾਰੇ ਲੋਕਾਂ ਵਿਚ ਕਈ ਤਰ੍ਹਾਂ ਦੇ ਭਰਮ ਹਨ। ਇਹੋ ਜਿਹੇ ਕਈ ਲੋਕ ਵੀ ਸਾਹਮਣੇ ਆਏ, ਜਿਨ੍ਹਾਂ ਨੇ ਇਹ ਕਿਹਾ ਕਿ ਹਵਾਈ ਹਾਦਸੇ ਵਿਚ ਸੁਭਾਸ਼ ਚੰਦਰ ਬੋਸ ਦੀ ਮੌਤ ਨਹੀਂ ਸੀ ਹੋਈ ਅਤੇ ਉਹ ਸਮਾਂ ਪਾ ਕੇ ਸਾਧੂ ਬਣ ਗਏ ਸਨ। ਕੁਝ ਲੋਕਾਂ ਨੇ ਇੱਕ ਜਾਂ ਦੂਸਰੇ ਸਾਧੂ ਨੂੰ ਵੀ ਇਹ ਕਹਿ ਕੇ ਪ੍ਰਚਾਰਿਆ ਕਿ ਉਹ ਸੁਭਾਸ਼ ਚੰਦਰ ਬੋਸ ਹੈ, ਜਿਹੜਾ ਭੇਸ ਵਟਾ ਕੇ ਰਹਿ ਰਿਹਾ ਹੈ। ਇਹੋ ਜਿਹੀਆਂ ਸਾਰੀਆਂ ਗੱਲਾਂ ਨੂੰ ਸੁਭਾਸ਼ ਦੇ ਪਰਿਵਾਰ ਨੇ ਰੱਦ ਕੀਤਾ ਹੋਇਆ ਹੈ। ਫਿਰ ਵੀ ਇਹ ਪਰਿਵਾਰ ਸੁਭਾਸ਼ ਦੇ ਅੰਤ ਬਾਰੇ ਕਿਸੇ ਸਿੱਟੇ ਉਤੇ ਨਹੀਂ ਸੀ ਪਹੁੰਚ ਸਕਿਆ ਤੇ ਲਗਾਤਾਰ ਮੰਗ ਕਰਦਾ ਰਿਹਾ ਕਿ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਪਿਛਲੇ ਸਾਲ ਇਹ ਮੰਗ ਉਠੀ ਕਿ ਸੁਭਾਸ਼ ਨੂੰ 'ਭਾਰਤ ਰਤਨ' ਨਾਲ ਸਨਮਾਨਤ ਕੀਤਾ ਜਾਵੇ ਪਰ ਨਾਲ ਇਹ ਮੁੱਦਾ ਉਠ ਪਿਆ ਕਿ ਸਨਮਾਨਤ ਵਿਅਕਤੀ ਨੂੰ ਇਹ ਇਨਾਮ ਲੈਣ ਲਈ ਖੁਦ ਆਉਣਾ ਪੈਂਦਾ ਹੈ ਜਾਂ ਫਿਰ ਉਸ ਦੇ ਨਾਂ ਨਾਲ 'ਮਰਨ ਉਪਰੰਤ' ਲਿਖਣਾ ਪੈਂਦਾ ਹੈ। ਉਦੋਂ ਇਹ ਪਰਿਵਾਰ ਦੋਵਾਂ ਵਿਚੋਂ ਕੋਈ ਗੱਲ ਚੁਣਨ ਦੇ ਸਵਾਲ ਉਤੇ ਸਰਕਾਰ ਦਾ ਰਾਹ ਰੋਕ ਖੜੋਤਾ ਕਿ ਸਨਮਾਨਤ ਕਰਨ ਤੋਂ ਪਹਿਲਾਂ ਸਰਕਾਰ ਇਹ ਦੱਸੇ ਕਿ ਸੁਭਾਸ਼ ਦੀ ਮੌਤ ਹੋਈ ਜਾਂ ਨਹੀਂ, ਤੇ ਇਸ ਦਾ ਨਿਪਟਾਰਾ ਹੋਣ ਤੱਕ ਇਨਾਮ ਨਹੀਂ ਚਾਹੀਦਾ। ਸਰਕਾਰ ਨੇ ਸੁਭਾਸ਼ ਚੰਦਰ ਬੋਸ ਦੇ ਨਾਂ ਇਹੋ ਜਿਹਾ ਕੋਈ ਐਵਾਰਡ ਦੇਣ ਦੀ ਗੱਲ ਮੁੜ ਕੇ ਨਾ ਤਾਂ ਕਹੀ, ਨਾ ਹੀ ਰੱਦ ਕੀਤੀ, ਸਗੋਂ ਪਰਿਵਾਰ ਦੇ ਸਵਾਲ ਦਾ ਜਵਾਬ ਦੇਣ ਦੀ ਥਾਂ 'ਇੱਕ ਚੁੱਪ ਤੇ ਸੌ ਸੁੱਖ' ਦਾ ਫਾਰਮੂਲਾ ਅਪਨਾ ਲਿਆ।

ਹੁਣ ਇਹੋ ਸਵਾਲ ਇੱਕ ਸੂਚਨਾ ਅਧਿਕਾਰ ਕਾਰਕੁਨ ਨੇ ਕੇਂਦਰ ਸਰਕਾਰ ਤੋਂ ਪੁੱਛ ਲਿਆ ਹੈ। ਅੱਗੋਂ ਸਰਕਾਰ ਨੇ ਜਵਾਬ ਵਿਚ ਕਿਹਾ ਹੈ ਕਿ ਕੁਝ ਫਾਈਲਾਂ ਮੌਜੂਦ ਹਨ। ਨਾਲ ਇਹ ਕਿਹਾ ਹੈ ਕਿ ਉਨ੍ਹਾਂ ਬਾਰੇ ਵੀ ਦੱਸਿਆ ਨਹੀਂ ਜਾ ਸਕਦਾ। ਅਗਲੀ ਗੱਲ ਇਹ ਕਹਿ ਦਿੱਤੀ ਹੈ ਕਿ ਇਹ ਫਾਈਲਾਂ ਇਹੋ ਜਿਹੀਆਂ ਹਨ, ਜਿਨ੍ਹਾਂ ਬਾਰੇ ਕੁਝ ਦੱਸ ਸਕਣ ਦਾ ਅਧਿਕਾਰ ਪ੍ਰਧਾਨ ਮੰਤਰੀ ਕੋਲ ਵੀ ਨਹੀਂ ਹੈ, ਕਿਉਂਕਿ ਮਾਮਲਾ ਬੜਾ ਸੰਵੇਦਨਸ਼ੀਲ ਹੈ।

ਕੀ ਇਹ ਗੱਲਾਂ ਭਾਜਪਾ ਲੀਡਰਾਂ ਨੂੰ ਪਹਿਲਾਂ ਪਤਾ ਨਹੀਂ ਸਨ? ਜਦੋਂ ਵਾਜਪਾਈ ਸਰਕਾਰ ਹੁੰਦੀ ਸੀ, ਕੀ ਉਦੋਂ ਤੋਂ ਉਹ ਇਸ ਬਾਰੇ ਸਾਰੀ ਸਥਿਤੀ ਜਾਣਦੇ ਨਹੀਂ ਸਨ? ਜੇ ਜਾਣਦੇ ਸਨ ਤਾਂ ਬਾਹਰ ਬਿਆਨਬਾਜ਼ੀ ਕਿਉਂ ਕਰਦੇ ਰਹੇ? ਕੀ ਇਹ ਸਾਰਾ ਕੁਝ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਨਹੀਂ ਸੀ? ਹੁਣ ਭਾਜਪਾ ਨੂੰ ਸੱਚ ਦਾ ਸਾਹਮਣਾ ਕਰਨਾ ਜਾਂ ਫਿਰ ਆਪਣੀ ਕਮਜ਼ੋਰੀ ਮੰਨ ਲੈਣੀ ਚਾਹੀਦੀ ਹੈ, ਤਾਂ ਕਿ ਲੋਕਾਂ ਨੂੰ ਸਥਿਤੀ ਸਪੱਸ਼ਟ ਹੋ ਸਕੇ।

US Rave Inc.
ਟਰੱਕ ਡਰਾਈਵਰਾਂ ਦੀ ਲੋੜ ਹੈ
■ ਸਾਡੇ ਕੋਲ ਬਰੈਂਡ ਨਿਊ ਟਰੱਕ ਅਤੇ ਟਰੇਲਰ ਹਨ
■ ਸਾਨੂੰ ਡਿਸਪੈਚਰ ਵੀ ਚਾਹੀਦੇ ਹਨ
■ ਓਨਰ ਅਪਰੇਟਰ ਵੀ ਸੰਪਰਕ ਕਰ ਸਕਦੇ ਹਨ
Truck Drivers Wanted
■ We are looking for Truck Drivers & Dispatchers.
■ Brand New Truck & Trailer.
■ Also contact Owner Operator.

ਗੁਰਵਿੰਦਰ ਸਿੰਘ, ਫੋਨ: 972-442-5991
8-9


10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਦਿੱਲੀ ਚੋਣ 'ਸੁਨਾਮੀ' ਦੀਆਂ ਪੰਜਾਬ ਲਈ ਸੰਭਾਵਨਾਵਾਂ

***ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਹਾਸਲ ਕਰਨ ਪਿਛੋਂ ਆਮ ਆਦਮੀ ਪਾਰਟੀ ਤੋਂ ਲੋਕਾਂ ਦੀਆਂ ਆਸਾਂ ਬਹੁਤ ਵਧ ਗਈਆਂ ਹਨ। ਇਸੇ ਲੜੀ ਵਿਚ ਪੰਜਾਬ ਦੇ ਲੋਕ ਖਾਸ ਕਰ ਪਰਵਾਸੀ ਪੰਜਾਬੀ ਜਿਨ੍ਹਾਂ ਨੇ ਇਸ ਪਾਰਟੀ ਦੀ ਮਾਲੀ ਮਦਦ ਵੀ ਕੀਤੀ ਅਤੇ ਸੋਸ਼ਲ ਮੀਡੀਆ 'ਤੇ ਮੁਹਿੰਮ ਵੀ ਚਲਾਈ, ਉਤਸੁਕ ਹਨ ਕਿ ਹੋਰ ਦੋ ਸਾਲਾਂ ਨੂੰ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਕੋਈ ਰਾਜਸੀ ਪਲਟਾ ਲਿਆ ਸਕੇਗੀ ਜਾਂ ਨਹੀਂ, ਖਾਸ ਕਰਕੇ ਇਸ ਤੱਥ ਨੂੰ ਮੁੱਖ ਰੱਖਦਿਆਂ ਕਿ ਹੁਕਮਰਾਨ ਪਾਰਟੀਆਂ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਅੰਦਰੋ-ਅੰਦਰੀ ਖਿੱਚੋਤਾਣ ਚੱਲ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਕਾਂਗਰਸ ਵੀ ਪਾਟੋਧਾੜ ਹੈ। ਪ੍ਰੌਢ ਪੱਤਰਕਾਰ ਅਤੇ ਵਿਚਾਰਵਾਨ ਗੁਰਦਿਆਲ ਸਿੰਘ ਬੱਲ ਨੇ ਇਨ੍ਹਾਂ ਨੁਕਤਿਆਂ ਦੀ ਹੀ ਆਪਣੇ ਇਸ ਲੇਖ ਵਿਚ ਪੁਣ-ਛਾਣ ਕੀਤੀ ਹੈ। ਸਾਡਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਲੇਖ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪਿਆ ਜਾ ਰਿਹਾ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ (ਆਪ) ਨੂੰ ਜਿੱਡੀ ਵੱਡੀ ਜਿੱਤ ਹਾਸਲ ਹੋਈ ਹੈ, ਉਸ ਨੇ ਦੁਨੀਆਂ ਭਰ ਵਿਚ ਰਾਜਸੀ ਦਰਸ਼ਕਾਂ ਨੂੰ ਚਕ੍ਰਿਤ ਕੀਤਾ ਹੈ; ਕਿਸੇ ਨੇ ਇਨ੍ਹਾਂ ਨੂੰ ਰਾਜਨੀਤਕ ਭੁਚਾਲ, ਕਿਸੇ ਨੇ ਭਾਰਤੀ ਰਾਜਨੀਤੀ ਅੰਦਰ ਕੂਹਣੀ ਮੋੜ ਅਤੇ ਕਿਸੇ ਹੋਰ ਨੇ ਕੌਤਿਕ ਕਰਾਰ ਦਿਤਾ ਹੈ। ਅਸੀਂ ਸੁਣਦੇ ਆ ਰਹੇ ਹਾਂ ਕਿ ਅੱਜ ਕਾਰਪੋਰੇਟ ਜਗਤ ਦਾ ਮੀਡੀਆ ਉਪਰ ਮੁਕੰਮਲ ਕਬਜਾ ਹੈ ਅਤੇ ਸ਼ਕਤੀ ਸੰਸਥਾਵਾਂ 'ਤੇ ਕਾਬਜ ਇਨ੍ਹਾਂ ਧਿਰਾਂ ਦੀ ਮਰਜੀ ਤੋਂ ਬਗੈਰ ਕਿਧਰੇ ਪੱਤਾ ਹਿੱਲਣਾ ਵੀ ਸੰਭਵ ਨਹੀਂ ਹੈ। ਪਰ ਦਿੱਲੀ ਦੀਆਂ ਚੋਣਾਂ ਵਿਚ ਪੱਤੇ ਹਿੱਲਣੇ ਤਾਂ ਕੀ, ਹਨੇਰੀਆਂ ਹੀ ਆ ਗਈਆਂ। ਇਹ ਭਾਣਾ ਕਿੰਜ

**ਗੁਰਦਿਆਲ ਸਿੰਘ ਬੱਲ, ਟੋਰਾਂਟੋ**
**ਫੋਨ: 647-982-6091**

ਵਾਪਰਿਆ ਅਤੇ ਕਿਉਂ ਵਾਪਰਿਆ? ਇਸ ਬਾਰੇ ਮਾਹਰਾਂ ਦੀਆਂ ਆਪੋ-ਆਪਣੀਆਂ ਰਾਵਾਂ ਹਨ।

ਦੁਨੀਆਂ ਭਰ ਦੇ ਵੱਖ ਵੱਖ ਦੇਸ਼ਾਂ ਵਿਚ ਵਸੇ ਹੋਏ ਭਾਰਤੀ ਮੂਲ ਦੇ ਲੋਕਾਂ ਵਲੋਂ ਇਹ ਸਵਾਲ ਪੁਛੇ ਜਾ ਰਹੇ ਹਨ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਮੋਹਤਬਰ ਲੋਕ ਕੌਣ ਹਨ? ਉਨ੍ਹਾਂ ਦਾ ਵਿਜ਼ਨ ਕਿਸ ਤਰ੍ਹਾਂ ਦਾ ਹੈ? ਕੇਂਦਰ ਵਿਚ ਭਾਜਪਾ ਦੀ ਤਾਕਤਵਰ ਸਰਕਾਰ ਹੈ, ਦਿੱਲੀ ਨੂੰ ਵੱਖਰੇ ਰਾਜ ਦਾ ਦਰਜਾ ਵੀ ਪ੍ਰਾਪਤ ਨਹੀਂ ਹੈ; ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਪੂਰੇ ਕਰਨ ਲਈ ਵਸੀਲੇ ਕਿੱਥੋਂ ਆਉਣਗੇ? ਨਵੇਂ ਵਜ਼ੀਰਾਂ ਦਾ ਆਦਰਸ਼ਵਾਦ ਕਿੰਨਾ ਕੁ ਟਿਕਾਊ ਸਾਬਤ ਹੋਵੇਗਾ ਅਤੇ ਉਹ ਚੋਣ ਵਾਅਦੇ ਕਿਵੇਂ ਪੂਰੇ ਕਰ ਸਕਣਗੇ? ਇਸ ਰਾਜਸੀ ਸੁਨਾਮੀ ਦਾ ਅਸਰ ਬਿਹਾਰ ਦੀਆਂ ਅਹਿਮ ਅਸੈਂਬਲੀ ਚੋਣਾਂ ਉਪਰ ਕਿੰਨਾ ਕੁ ਪਵੇਗਾ ਅਤੇ ਇਸ ਤੋਂ ਵੀ ਵੱਧ ਇਹ ਕਿ ਪੰਜਾਬ ਅੰਦਰ ਜਿਥੇ ਕਿ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਅਤੇ ਕਾਂਗਰਸ ਨੂੰ ਹੱਥਾਂ ਪੈਰਾਂ ਦੀ ਪਾਈ ਰੱਖੀ, ਕੀ ਡੇਢ-ਦੋ ਵਰ੍ਹਿਆਂ ਤਕ 'ਆਪ' ਉਸੇ ਕਾਰਕਰਦਗੀ ਨੂੰ ਦੁਹਰਾ ਸਕੇਗੀ। ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦਾ ਮੁਖ ਸਰੋਕਾਰ ਪੰਜਾਬ ਨਾਲ ਹੀ ਹੈ। ਇਸ ਲਈ ਇਥੇ ਅਸੀਂ ਆਪਣੇ ਆਪ ਨੂੰ ਵਿੱਤ ਮੁਤਾਬਕ ਪੰਜਾਬੀਆਂ ਨਾਲ ਗੱਲਬਾਤ ਕਰਨ ਤਕ ਹੀ ਸੀਮਤ ਰਖਣ ਦੀ ਕੋਸ਼ਿਸ਼ ਕਰਾਂਗੇ।

ਮਹੀਨਾ ਕੁ ਪਹਿਲਾਂ ਤਕ ਵੀ ਇਨ੍ਹਾਂ ਚੋਣਾਂ ਵਿਚ ਮੇਰੀ ਜ਼ਿਆਦਾ ਦਿਲਚਸਪੀ ਨਹੀਂ ਸੀ। ਕਾਰਨ ਕੁਝ ਵੀ ਹੋਣ; ਅਰਵਿੰਦ ਕੇਜਰੀਵਾਲ ਨੇ ਮਹਿਜ਼ 49 ਦਿਨ ਸਰਕਾਰ ਚਲਾਉਣ ਪਿਛੋਂ ਜਿਸ ਤੱਤ-ਭੜੱਤੇ ਢੰਗ ਨਾਲ ਅਸਤੀਫਾ ਦਿਤਾ ਸੀ; ਬਿਨਾ ਕਿਸੇ ਸੰਗਠਨ ਜਾਂ ਵਿਉਂਤਬੰਦੀ ਦੇ ਸਮੁੱਚੇ ਦੇਸ਼ ਵਿਚ ਉਮੀਦਵਾਰ ਖੜੇ ਕਰ ਦਿਤੇ ਸਨ ਅਤੇ ਪੰਜਾਬ ਤੋਂ ਬਿਨਾ ਸਭ ਪਾਸੇ ਜਿਸ ਤਰ੍ਹਾਂ ਉਨ੍ਹਾਂ ਦੀ ਹਾਰ ਹੋਈ, ਉਸ ਤੋਂ ਜ਼ਾਹਿਰ ਸੀ ਕਿ ਅਜਿਹੇ ਵੱਡੇ ਕੈਨਵਸ 'ਤੇ ਰਾਜਨੀਤੀ ਖਾਲਾ ਜੀ ਦਾ ਵਾੜਾ ਨਹੀਂ ਹੈ; ਕੇਜਰੀਵਾਲ ਅਤੇ ਉਸ ਦੇ ਨਾਤਜ਼ਰਬੇਕਾਰ ਸਾਥੀਆਂ ਦੇ ਵਸ ਦੀ ਖੇਡ ਕਤੱਈ ਨਹੀਂ ਹੈ। ਫਿਰ ਵੀ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਹੋਈਆਂ ਸਨ।

ਨਿਜੀ ਤੌਰ 'ਤੇ ਮੇਰੀ ਆਪਣੀ ਪਹੁੰਚ ਵਿਚ ਦਿੱਲੀ ਜਾਂ ਪੰਜਾਬ ਅੰਦਰ ਸਮਝਦਾਰ/ਭਰੋਸੇਯੋਗ ਅਜੀਜ ਸਾਡਾ ਪਟਿਆਲਾ ਯੂਨੀਵਰਸਿਟੀ ਵਿਚ ਨਾਗਰ ਸਿੰਘ ਮਾਨ ਹੀ ਸੀ ਅਤੇ ਚੋਣਾਂ ਤੋਂ ਪੂਰੇ ਦੋ ਹਫਤੇ ਪਹਿਲਾਂ ਮੈਂ ਉਸੇ ਨੂੰ ਹੀ ਫੋਨ ਕੀਤਾ। ਉਸ ਨੇ ਪਹਿਲੀ ਗੱਲ ਹੀ ਇਹ ਕੀਤੀ ਕਿ ਚੋਣਾਂ ਦੇ ਨਤੀਜੇ ਬੇਹੱਦ ਦਿਲਚਸਪ ਰਹਿਣ ਵਾਲੇ ਹਨ। ਅਖੇ ਪਹਿਲੀ ਗੱਲ ਤਾਂ ਕੇਜਰੀਵਾਲ ਦੀ ਪਾਰਟੀ ਲਾਜ਼ਮੀ ਬਹੁਗਿਣਤੀ ਲੈ ਜਾਵੇਗੀ ਅਤੇ ਜੇਕਰ ਇੱਕ-ਅੱਧ ਸੀਟ 'ਤੇ ਬਹੁਗਿਣਤੀ ਰਹਿ ਵੀ ਗਈ ਤਾਂ ਉਹ ਨਰੇਂਦਰ ਮੋਦੀ ਦੇ ਪਸੀਨੇ ਜ਼ਰੂਰ ਹੀ ਛੁਟਵਾ ਦੇਣਗੇ। ਮੇਰੀ ਇਸ ਪੁੱਛ-ਪੜਤਾਲ ਤੋਂ 2-4 ਦਿਨ ਬਾਅਦ ਤਾਂ ਮੀਡੀਆ ਵਿਚ ਕਈ ਪਾਸਿਆਂ ਤੋਂ ਇਸ ਤਰ੍ਹਾਂ ਦੇ ਸੰਕੇਤ ਆਉਣੇ ਸ਼ੁਰੂ ਹੋ ਗਏ ਪਰ ਇਸ ਤੋਂ ਪਹਿਲਾਂ ਅਜਿਹੀ ਕਨਸੋਅ ਮੇਰੇ ਕੰਨਾਂ ਵਿਚ ਨਹੀਂ ਪਈ ਸੀ। ਹਾਂ, ਇਹ ਗੱਲ ਨਾਗਰ ਸਿੰਘ ਵੀ ਨਹੀਂ ਦਸ ਸਕਿਆ ਸੀ ਕਿ ਕੇਜਰੀਵਾਲ ਦਾ 'ਹਰੀਕੇਨ' ਦੇਸ਼ ਦੀ ਰਾਜਧਾਨੀ ਦੀਆਂ ਵੱਕਾਰੀ ਚੋਣਾਂ ਵਿਚ ਭਾਜਪਾ ਦਾ ਪੂਰਨ ਸਫਾਇਆ ਹੀ ਕਰ ਜਾਵੇਗਾ। ਪਰ ਇਹ ਕਹਿਣ ਦੀ ਜੁਅੱਰਤ ਤਾਂ ਚੋਣ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਰਿਹਾ ਯੋਗੇਂਦਰ ਯਾਦਵ ਵਰਗਾ ਜਾਣਕਾਰ ਆਦਮੀ ਵੋਟਾਂ ਪੈ ਜਾਣ ਤੋਂ ਬਾਅਦ ਤਕ ਖੁਦ ਵੀ ਕਰਨ ਲਈ ਤਿਆਰ ਨਹੀਂ ਸੀ। ਉਹ 50-52 ਜਾਂ ਹੱਦ 57 ਸੀਟਾਂ ਦੇ ਅੰਕੜੇ 'ਤੇ ਹੀ ਜਾ ਰਿਹਾ ਸੀ।

ਦਿੱਲੀ ਚੋਣਾਂ ਦੇ ਨਤੀਜੇ ਪਿਛੋਂ 'ਆਪ' ਦੇ ਹਮਾਇਤੀ ਪੂਰੀ ਤਰ੍ਹਾਂ ਖੁਸ਼ ਸਨ। ਭਾਰਤੀ ਚੋਣਾਂ ਦੇ ਕਿਸੇ ਵੀ ਨਤੀਜੇ ਤੋਂ ਇਸ ਤਰ੍ਹਾਂ ਦੀ ਖੁਸ਼ੀ ਐਮਰਜੈਂਸੀ ਪਿਛੋਂ, ਸਾਲ 1977 ਦੀਆਂ ਚੋਣਾਂ ਤੋਂ ਬਾਅਦ ਪਹਿਲੀ ਵਾਰੀ ਨਜ਼ਰੀਂ ਆ ਰਹੀ ਸੀ। ਦਿੱਲੀ ਦੇ ਚੋਣ ਨਤੀਜਿਆਂ ਪਿਛੋਂ ਪੰਜਾਬ ਨਾਲ ਵਾਬਸਤਾ ਲੋਕਾਂ ਦਾ ਸਵਾਲ ਹੈ ਕਿ ਹੁਣ ਪੰਜਾਬ ਦਾ ਕੀ ਬਣੇਗਾ? 'ਆਮ ਆਦਮੀ ਪਾਰਟੀ' ਕੀ ਪੰਜਾਬ ਵਿਚ ਵੀ ਆਪਣੀ ਇਹੋ ਕਾਰਗੁਜ਼ਾਰੀ ਦਿਖਾ ਸਕੇਗੀ? ਇਨ੍ਹਾਂ ਸਵਾਲਾਂ ਨੂੰ ਮੁਖਾਤਬ ਹੋਣ ਲਈ ਜ਼ਰੂਰੀ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਕੇਜਰੀਵਾਲ ਦੀ ਪਾਰਟੀ ਦੇ ਤਾਣੇ-ਬਾਣੇ ਅਤੇ ਇਸ ਦੇ ਉਮੀਦਵਾਰਾਂ ਨੂੰ ਮਿਲੇ ਬੇਮਿਸਾਲ ਹੁੰਗਾਰੇ ਦੇ ਵਰਤਾਰੇ 'ਤੇ ਜ਼ਰਾ ਤਰਦੀ ਤਰਦੀ ਝਾਤੀ ਮਾਰੀ ਜਾਵੇ।

ਸਾਨੂੰ ਪਤਾ ਹੈ ਕਿ ਆਮ ਆਦਮੀ ਪਾਰਟੀ ਦੇ ਪਿਛੋਕੜ ਅਤੇ ਉਸ ਦੀਆਂ ਤੰਦਾਂ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਵਲੋਂ ਸਾਲ 2011 ਦੇ ਅਪਰੈਲ ਮਹੀਨੇ ਵਿਚ ਅਰੰਭੇ ਭ੍ਰਿਸ਼ਟਾਚਾਰ ਵਿਰੋਧੀ ਜਨ ਅੰਦੋਲਨ ਨਾਲ ਜੁੜੀਆਂ ਹੋਈਆਂ ਹਨ। ਅਰਵਿੰਦ ਕੇਜਰੀਵਾਲ, ਉਸ ਦਾ ਸਭ ਤੋਂ ਨੇੜਲਾ ਸਾਥੀ ਮਨੀਸ਼ ਸਿਸੋਧੀਆ, ਸੰਜੈ ਸਿੰਘ, ਪੰਜਾਬ ਵਿਚ ਭੁਪਿੰਦਰ ਬਾਂਸਲ, ਪਾਰਟੀ ਦੀ ਪੰਜਾਬ ਇਕਾਈ ਦਾ ਮੁਢਲਾ ਕਨਵੀਨਰ ਸੁਮੇਲ ਸਿੰਘ ਸਿੱਧੂ ਅਤੇ ਬਾਅਦ ਵਿਚ ਉਭਰੇ ਕਾਰਕੁੰਨ/ਆਗੂ ਮੁਖ ਰੂਪ ਵਿਚ ਅੰਨਾ ਹਜ਼ਾਰੇ ਅੰਦੋਲਨ ਦੀ ਹੀ ਪੈਦਾਵਾਰ ਹਨ। ਇਸ ਮੁਕਾਮ 'ਤੇ ਹਾਲੇ ਅੰਦੋਲਨ ਦਾ ਰਾਜਸੀ ਤਾਕਤ ਵੱਲ ਜਾਣ ਦਾ ਕੋਈ ਏਜੰਡਾ ਨਹੀਂ ਸੀ, ਨੌਜਵਾਨ ਜ਼ਿਆਦਾਤਰ ਆਦਰਸ਼ਵਾਦੀ ਸਨ-ਤਾਕਤ ਹਥਿਆਉਣ ਦੇ ਲਾਲਚ ਲਈ



***ਚੋਣ ਨਤੀਜੇ ਆਉਣ ਪਿਛੋਂ ਆਮ ਆਦਮੀ ਪਾਰਟੀ ਦੇ ਬਾਗੋਬਾਗ ਹੋਏ ਵਰਕਰ***

ਜ਼ਾਹਿਰਾ ਤੌਰ 'ਤੇ ਕੋਈ ਮਾਰੋ ਮਾਰ ਨਹੀਂ ਸੀ। ਪੰਜਾਬ ਦੇ ਵੱਖ ਵੱਖ ਹਿੱਸਿਆਂ ਅੰਦਰ ਸ਼ੁਰੂਆਤੀ ਦੌਰ ਵਿਚ ਜਿਨ੍ਹਾਂ ਲੋਕਾਂ ਨੇ ਇਸ ਪਾਸੇ ਹੁੰਗਾਰਾ ਭਰਿਆ, ਉਹ ਜ਼ਿਆਦਾਤਰ ਬੇਗਰਜ਼ ਅਤੇ ਸਾਦਾ ਲੋਕ ਸਨ, ਕੋਈ ਰੌਲਾ ਹੀ ਨਹੀਂ ਸੀ।

ਸਾਲ 2013 ਤਕ ਆ ਕੇ ਅੰਨਾ ਹਜ਼ਾਰੇ ਦਾ ਅੰਦੋਲਨ ਕਈ ਮੋੜਾਂ-ਘੋੜਾਂ 'ਚੋਂ ਲੰਘਣ ਤੋਂ ਬਾਅਦ ਕੌਮੀ ਸੀਨ ਤੋਂ ਪਾਸੇ ਹੋ ਗਿਆ। ਪ੍ਰੰਤੂ ਇਸ ਸਮੇਂ ਤਕ ਅਰਵਿੰਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੇ ਪਾਰਟੀ ਵੀ ਬਣਾ ਲਈ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਵੀ ਕਰ ਲਿਆ। ਚੋਣਾਂ ਤੋਂ ਪਹਿਲਾਂ ਪਾਰਟੀ ਨੇ ਜੋ ਚੋਣ ਮੈਨੀਫੈਸਟੋ ਕਮੇਟੀ ਬਣਾਈ, ਉਸ ਦਾ ਚੇਅਰਮੈਨ ਅਨੁਭਵੀ ਰਾਜਸੀ ਮਾਹਰ ਯੋਗੇਂਦਰ ਯਾਦਵ ਨੂੰ ਬਣਾਇਆ ਗਿਆ।

ਦਿੱਲੀ ਚੋਣਾਂ 'ਚ ਜਿੱਤ ਤੋਂ ਬਾਅਦ ਪੰਜਾਬ ਵਿਚ ਵੀ 'ਆਪ' ਦੀ ਸਰਗਰਮੀ ਤੇਜ ਹੋ ਗਈ। ਪਰ ਸਵਾਲ ਇਹ ਸੀ ਕਿ ਪੰਜਾਬ ਦਾ ਆਪਣਾ 'ਕੇਜਰੀਵਾਲ' ਕਿੱਥੋਂ ਲਿਆਂਦਾ ਜਾਵੇ ਅਤੇ ਵੱਖ ਵੱਖ ਇਕਾਈਆਂ ਵਿਚ ਜਿਹੜੇ ਲੋਕ ਅੱਗੇ ਆ ਰਹੇ ਸਨ, ਉਨ੍ਹਾਂ ਨੂੰ ਜ਼ਿੰਮੇਵਾਰੀਆਂ ਵੰਡਣ ਲਈ ਮਾਪਦੰਡ ਕਿਸ ਤਰ੍ਹਾਂ ਦੇ ਬਣਾਏ ਜਾਣ ਅਤੇ ਉਹ ਨਿਰਧਾਰਤ ਕੌਣ ਕਰੇ?

ਇਸ ਜ਼ਿੰਮੇਵਾਰੀ ਦਾ ਗੁਣਾ ਮੁੜ ਯੋਗੇਂਦਰ ਯਾਦਵ 'ਤੇ ਹੀ ਆ ਪਿਆ ਅਤੇ ਪਿਛਲੇ ਵਰ੍ਹੇ ਫਰਵਰੀ 'ਚ ਉਨ੍ਹਾਂ ਨੂੰ ਪੰਜਾਬ ਵਿਚ ਪਾਰਟੀ ਦਾ ਸੁਚੱਜਾ ਢਾਂਚਾ ਖੜਾ ਕਰਨ ਲਈ ਪੰਜਾਬ ਵੱਲ ਰਵਾਨਾ ਕਰ ਦਿਤਾ ਗਿਆ। ਯੋਗੇਂਦਰ ਯਾਦਵ ਖ਼ਾਲਸਾ ਸਕੂਲ ਗੰਗਾ ਨਗਰ 'ਚ ਪੜ੍ਹਦਾ ਰਿਹਾ ਹੋਣ ਕਰਕੇ ਅਤੇ ਪਿਛੋਂ ਲੰਮਾ ਸਮਾਂ ਚੰਡੀਗੜ੍ਹ ਰਹਿਣ ਕਰਕੇ ਪੰਜਾਬੀ ਭਾਈਚਾਰੇ ਦੀ ਨਬਜ਼ ਤੋਂ ਵਾਕਫ ਵੀ ਸੀ। ਪੰਜਾਬ ਦੇ ਬੁੱਧੀਜੀਵੀ ਹਲਕਿਆਂ ਨਾਲ ਪਿਛਲੇ ਲੰਮੇ ਸਮੇਂ ਤੋਂ ਉਹ ਸੰਪਰਕ ਵਿਚ ਵੀ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਵੀ ਉਹ ਪੜ੍ਹਦਾ ਰਿਹਾ ਸੀ ਅਤੇ ਸੈਂਟਰ ਫਾਰ ਸਟੱਡੀ ਆਫ ਡੀਵੈਲਪਿੰਗ ਸੁਸਾਇਟੀਜ਼ ਨਾਂ ਦੇ ਅਦਾਰੇ ਨਾਲ ਸਬੰਧਤ ਪ੍ਰੋਫੈਸਰ ਹੋਣ ਕਰਕੇ ਮੁੱਦਿਆਂ ਦੀ ਉਸ ਨੂੰ ਚੰਗੀ ਸੋਝੀ ਵੀ ਸੀ।

ਯੋਗੇਂਦਰ ਯਾਦਵ ਨੇ ਪੰਜਾਬ ਦੀ ਜ਼ਿੰਮੇਵਾਰੀ ਮਿਲਦਿਆਂ ਹੀ ਪੂਰੀ ਸੁਹਿਰਦਤਾ ਨਾਲ ਪਾਰਟੀ ਦਾ ਢਾਂਚਾ ਉਸਾਰਨ ਦਾ ਕੰਮ ਸ਼ੁਰੂ ਕਰ ਦਿਤਾ। 14 ਫਰਵਰੀ ਨੂੰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਦਿੱਲੀ ਸਰਕਾਰ ਨੇ ਬਾਹਰੋਂ ਰਹਿ ਕੇ ਉਸ ਦੀ ਹਮਾਇਤ ਕਰ ਰਹੇ ਕਾਂਗਰਸੀ ਮੈਂਬਰਾਂ ਦੀਆਂ ਲਿਚ ਗੜਿਚੀਆਂ ਤੋਂ ਅੱਕ ਕੇ ਅਸਤੀਫਾ ਦੇ ਦਿੱਤਾ ਅਤੇ ਲੋਕ ਸਭਾਈ ਚੋਣਾਂ ਦੀ ਸੂਰਤ ਵਿਚ ਲਾਮਬੰਦੀ ਲਈ ਉਸੇ ਦਿਨ ਹੀ ਕੰਪੇਨ ਕਮੇਟੀ ਕਾਇਮ ਕਰ ਲਈ। ਸੂਬਾਈ ਪੱਧਰ 'ਤੇ ਕੰਪੇਨ ਕਮੇਟੀ ਬਣਾਉਣ ਲਈ 20 ਫਰਵਰੀ ਨੂੰ ਜਲੰਧਰ ਵਿਖੇ ਪਾਰਟੀ ਹਮਦਰਦਾਂ ਅਤੇ ਕਾਰਕੁੰਨਾਂ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਹਾਜ਼ਰ ਲੋਕਾਂ ਨੇ ਸਰਬ ਸੰਮਤੀ ਨਾਲ ਸੁਮੇਲ ਸਿੰਘ ਸਿੱਧੂ ਨੂੰ ਕਨਵੀਨਰ ਚੁਣ ਲਿਆ ਜੋ ਕਿ ਨਿਸਚੇ ਹੀ ਸ਼ੁਭ ਸ਼ੁਰੂਆਤ ਸੀ। ਸੁਮੇਲ ਨਿਸ਼ਕਪਟ, ਬੇਗਰਜ਼, ਪੜ੍ਹਿਆ ਲਿਖਿਆ, ਮੂਲ ਰੂਪ ਵਿਚ ਸਾਧੂ ਸੁਭਾਅ ਆਦਮੀ ਹੈ।

ਕੁਝ ਸੁਹਿਰਦ ਸਿਆਸੀ ਦਰਸ਼ਕਾਂ ਨੇ ਹੀ ਖਦਸ਼ਾ ਪ੍ਰਗਟਾ ਦਿਤਾ ਕਿ ਸੁਮੇਲ ਠੀਕ ਹੈ, ਪਰ ਰਾਜਨੀਤੀ ਬੜੀ ਕਸੂਤੀ ਗੇਮ ਹੈ, ਉਸ ਕੋਲੋਂ ਖੇਡੀ ਜਾਣੀ ਨਹੀਂ। "ਹਾਂ, ਸੁਮੇਲ ਇਹ ਗੇਮ ਖੇਡ ਸਕਦਾ ਹੈ; ਪੰਜਾਬ ਦਾ ਭਲਾ ਵੀ ਤਦ ਹੀ ਸੰਭਵ ਹੋ ਸਕਦਾ ਹੈ ਬਸ਼ਰਤੇ ਖੁਦ ਅਰਵਿੰਦ ਕੇਜਰੀਵਾਲ ਉਸ ਦੀ ਪਿੱਠ 'ਤੇ ਹੋਵੇ। ਤੇ ਜੇ ਇਹ ਹੋ ਗਿਆ ਤਾਂ ਕਮਾਲ ਹੋ ਜਾਵੇਗੀ।"

ਮੈਂ ਪਿਛਲੇ 47-48 ਵਰ੍ਹਿਆਂ ਦੌਰਾਨ ਸਦਾ ਹੀ ਰਾਜਸੀ ਕਿਸਮ ਦੇ ਲੋਕਾਂ ਤੋਂ ਤ੍ਰਹਿੰਦਾ ਰਿਹਾ ਹਾਂ ਅਤੇ ਵਾਹ ਲਗਦਿਆਂ ਸੰਪਰਕ ਵਿਚ ਆਏ ਹਰ ਨੌਜਵਾਨ ਬਸ਼ਰ ਨੂੰ ਇਸ ਗੇਮ ਵੱਲ ਜਾਣ ਤੋਂ



***ਅਰਵਿੰਦ ਕੇਜਰੀਵਾਲ***

ਪੂਰੀ ਦਲੀਲ ਨਾਲ ਵਰਜਣ ਦੀ ਕੋਸ਼ਿਸ਼ ਵੀ ਕੀਤੀ ਹੈ। ਮੇਰੇ ਇਸ ਰਵੱਈਏ ਦਾ ਇਕ ਕਾਰਨ ਮੇਰਾ ਮੁਢਲੇ ਦਿਨਾਂ ਦਾ ਨਿਜੀ ਅਨੁਭਵ ਵੀ ਸੀ। ਕਾਲਜ ਦੇ ਦਿਨਾਂ 'ਚ ਸਾਡਾ ਕਥਿਤ ਕਮਿਊਨਿਸਟ ਸੋਚ ਜਾਂ ਰੁਝਾਨ ਵਾਲੇ ਮੁੰਡਿਆਂ ਦਾ ਗਰੁਪ ਕਾਫੀ ਤਕੜਾ ਸੀ ਜਿਨ੍ਹਾਂ ਦੇ ਸੰਗ ਸਾਲ 1966 ਤੋਂ 1968 ਕੁ ਤਕ ਮੈਨੂੰ ਰਹਿਣ ਦਾ ਮੌਕਾ ਮਿਲਿਆ। ਕਮਿਊਨਿਸਟ ਹੋਣ ਜਾਂ ਬਣਨ ਦਾ ਜੋ ਤਸੱਵਰ ਮੇਰੇ ਮਨ ਵਿਚ ਉਨ੍ਹਾਂ ਦਿਨਾਂ 'ਚ ਉਭਰਦਾ ਸੀ, ਮੈਨੂੰ ਉਨ੍ਹਾਂ ਵਿਚੋਂ ਬਾਹਲੇ 'ਕਾਮਰੇਡਾਂ' ਵਿਚ ਨਜ਼ਰ ਆਉਂਦਾ ਨਹੀਂ ਸੀ। ਜਲਦੀ ਹੀ ਲੱਗਣ ਇਹ ਲਗ ਪਿਆ ਸੀ ਕਿ ਇਹ ਲੋਕ ਕਮਿਊਨਿਸਟ ਬਣਨ ਦਾ ਜੋਖ਼ਮ ਉਠਾਉਣ ਦੀ ਬਜਾਏ ਬੁਚੜ ਬਣਨ ਲਈ ਚਾਰਾ ਕਰਨ ਤਾਂ ਕਿੰਨਾ ਚੰਗਾ ਰਹੇ। ਉਂਜ ਕਾਮਰੇਡ ਤੇ ਜਾਂ ਵੱਖ ਵੱਖ ਰੰਗਾਂ ਦੇ ਜਹਾਦੀ ਜਦੋਂ ਬੱਚਿਆਂ ਜਾਂ ਅਲ੍ਹੜ ਕਿਸਮ ਦੇ ਯੁਵਕਾਂ ਦੀ ਸਕੂਲਿੰਗ ਕਰਕੇ ਮਾਨਸਿਕਤਾ ਤੇ ਕਿਸੇ ਸੰਕੁਚਿਤ ਵਿਚਾਰਧਾਰਾ ਦੀਆਂ ਪਿੜੀਆਂ ਪਾਉਣ ਦੀ ਵਿਧੀ ਅਪਨਾਉਂਦੇ ਸਨ ਤਾਂ ਮੈਨੂੰ ਸਦਾ ਹੀ ਇਹ ਵਰਤਾਰਾ ਉਨ੍ਹਾਂ ਦੀ ਮਾਸੂਮੀਅਤ ਦਾ ਰੇਪ ਕਰਨ ਹਾਰ ਲਗਦਾ ਰਿਹਾ ਹੈ।

ਰਾਜਨੀਤੀ ਬੇਹਦ ਔਖਾ, ਗੁੰਝਲਦਾਰ ਅਤੇ ਜ਼ਿੰਮੇਵਾਰੀ ਵਾਲਾ ਕਰਮ ਹੈ। ਆਦਰਸ਼ ਤੌਰ 'ਤੇ ਇਸ ਵਿਚ ਜਾਣ ਲਈ ਆਦਮੀ ਦੀ ਸ਼ਖਸੀਅਤ ਵਿਚ ਵਿਸ਼ੇਸ਼ ਕਿਸਮ ਦੀ ਰਾਜਨੀਤਕ ਸੂਝ, ਇਖਲਾਕੀ ਤਵਾਜ਼ਨ, ਇਰਾਦੇ ਦੀ ਇਕਾਗਰਤਾ ਅਤੇ ਇੱਛਾ ਸ਼ਕਤੀ ਦੀ ਜ਼ਰੂਰਤ ਦਰਕਾਰ ਹੁੰਦੀ ਹੈ। ਮੇਰੀ ਪੜ੍ਹਤ ਅਨੁਸਾਰ ਇਹ ਲੋੜੀਂਦੀਆਂ ਸਾਰੀਆਂ ਸਿਫਤਾਂ ਪਹਿਲਾਂ ਨਾਗਰ ਸਿੰਘ ਮਾਨ ਅਤੇ ਫਿਰ ਤੇਗਿੰਦਰ ਕੁਮਾਰ- ਦੋਵਾਂ ਵਿਚ ਮੌਜੂਦ ਹਨ। ਇਨ੍ਹਾਂ ਸੁਲਝੇ ਹੋਏ ਮਿੱਤਰਾਂ ਨੇ ਮੇਰੇ ਇਕ 'ਨਜ਼ਰੀਆਤੀ ਵਿਰੋਧਾਭਾਸ' ਵੱਲ ਸਦਾ ਹੀ ਸੰਕੇਤ ਕੀਤਾ ਕਿ ਮੈਂ ਕੇਵਲ ਉਨ੍ਹਾਂ ਨੂੰ ਹੀ ਰਾਜਨੀਤੀ ਵੱਲ ਜਾਣ ਲਈ ਕਿਉਂ ਆਖੀ ਜਾਂਦਾ ਸਾਂ ਤੇ ਉਹ ਇਸ ਪਾਸੇ ਗਏ ਵੀ ਨਾ। ਰਾਜਨੀਤੀ ਮਾਨਵੀ ਜੀਵਨ ਦਾ ਨਿਸਚੇ ਹੀ ਬੜਾ ਅਹਿਮ ਖੇਤਰ ਹੈ। ਇਸ ਦੀ ਆਭਾ ਸੰਵਾਰਨ ਲਈ ਇਸ ਵਿਚ ਨਾਗਰ ਸਿੰਘ, ਤੇਗਿੰਦਰ ਅਤੇ ਸੁਮੇਲ ਸਿੰਘ ਵਰਗੇ ਲੋਕ ਆਉਣੇ ਚਾਹੀਦੇ ਵੀ ਹਨ।


ਤੇ ਫਿਰ ਅੱਗੋਂ ਹੋਇਆ ਉਹੋ ਜਿਸ ਗੱਲ ਦਾ ਤੌਖਲਾ ਨਾਗਰ ਸਿੰਘ ਪ੍ਰਗਟਾ ਰਿਹਾ ਸੀ। ਪੰਜਾਬ ਵਿਚ ਸੁਮੇਲ ਸਿੱਧੂ, ਯੋਗੇਂਦਰ ਯਾਦਵ ਤੇ ਉਨ੍ਹਾਂ ਦੇ ਸਾਥੀ ਲੋਕ ਸਭਾ ਚੋਣਾਂ ਲਈ ਪੂਰੇ ਜੋਸ਼ੋ-ਖਰੋਸ਼ ਅਤੇ ਉਤਸ਼ਾਹ ਨਾਲ ਸਕਰੀਨਿੰਗ ਕਰ ਰਹੇ ਸਨ ਕਿ ਇਨ੍ਹਾਂ ਦੋਵਾਂ ਸੱਜਣਾਂ ਨੂੰ ਸਭ ਕੰਮ ਵਿਚਾਲੇ ਛੱਡ ਛਡਾ ਕੇ ਤੁਰਤ ਦਿੱਲੀ ਪੁਜ ਜਾਣ ਲਈ ਸੁਨੇਹਾ ਮਿਲ ਗਿਆ। ਉਨ੍ਹਾਂ ਦੇ ਦਿੱਲੀ ਪੁੱਜਣ 'ਤੇ ਆਮ ਆਦਮੀ ਪਾਰਟੀ ਦੇ ਰਹਿਨੁਮਾਵਾਂ ਨੇ ਹੰਗਾਮੀ ਮੀਟਿੰਗ ਕੀਤੀ। ਉਥੇ ਭਗਵੰਤ ਮਾਨ ਤਾਂ ਚਲੋ ਠੀਕ ਸੀ। ਉਸ ਦਾ ਸੰਗਰੂਰ ਤੋਂ ਉਮੀਦਵਾਰੀ ਲਈ ਨਾਮ ਸ਼ਾਇਦ ਉਹ ਪਾਸ ਕਰ ਹੀ ਬੈਠੇ ਸਨ। ਪਰ ਬਾਕੀ ਸੀਟਾਂ ਲਈ ਕੋਈ ਜਗਮੀਤ ਬਰਾੜ ਦੀ ਗੱਲ ਕਰੀ ਜਾਂਦਾ ਸੀ। ਸਵਿਤਾ ਭੱਟੀ, ਸਤਿੰਦਰ ਸੱਤੀ ਅਤੇ ਜਸਪਿੰਦਰ ਨਰੂਲਾ ਦੇ ਪਾਰਟੀ ਉਮੀਦਵਾਰਾਂ ਵਜੋਂ ਪੂਰੇ ਜ਼ੋਰ-ਸ਼ੋਰ ਨਾਲ ਨਾਂ ਲਏ ਜਾ ਰਹੇ ਸਨ। ਇਥੇ ਹੀ ਬਸ ਨਹੀਂ-ਕੁਝ ਹੋਰ ਅਜਿਹੇ ਨਾਂ ਵੀ ਸਾਹਮਣੇ ਆ ਰਹੇ ਸਨ ਜਿਨ੍ਹਾਂ ਬਾਰੇ ਸੋਚਿਆਂ ਆਦਮੀ ਥੋੜ੍ਹਾ ਜਿਹਾ ਹੈਰਾਨ ਤਾਂ ਹੁੰਦਾ ਹੀ ਹੈ ਕਿ ਭਲਾਂ ਅਰਵਿੰਦ ਕੇਜਰੀਵਾਲ ਹੋਰਾਂ ਲਈ ਉਨ੍ਹਾਂ ਦੀ ਰਾਜਸੀ/ਸਮਾਜਕ ਸੂਝ ਦਾ ਪੈਮਾਨਾ ਕੀ ਸੀ?

ਉਸ ਹੰਗਾਮੀ ਮੀਟਿੰਗ ਪਿਛੋਂ ਯੋਗੇਂਦਰ ਯਾਦਵ ਨੂੰ ਪੰਜਾਬ ਵਿਚੋਂ ਵਾਪਸ ਬੁਲਾ ਲਿਆ ਗਿਆ। ਮਾੜੀ ਗੱਲ ਇਹ ਵੀ ਹੋਈ ਕਿ ਗੁੜਗਾਓਂ ਤੋਂ ਖੁਦ ਚੋਣ ਲੜਨ ਲਗ ਗਿਆ। ਸੁਮੇਲ ਸਿੱਧੂ ਦਾ ਨਾਂ ਚੋਣਾਂ ਦੌਰਾਨ ਲਗਾਤਾਰ ਆਉਂਦਾ ਤਾਂ ਰਿਹਾ ਪਰ ਉਸ ਦਾ ਕੰਮ ਕੀ ਸੀ ਅਤੇ ਪਾਰਟੀ ਦੇ 'ਕਨਵੀਨਰ' ਵਜੋਂ ਉਸ ਦੇ ਅਧਿਕਾਰ ਕੀ ਸਨ? ਉਹ ਕਨਵੀਨਰ ਰਿਹਾ ਵੀ ਕਿ ਨਾ? ਇਹ ਸਭ ਸਪੱਸ਼ਟ ਹੋਣ ਦੀ ਥਾਂ ਅਸਪਸ਼ਟ ਹੁੰਦਾ ਚਲਾ ਗਿਆ। ਪਾਰਟੀ ਉਮੀਦਵਾਰਾਂ ਦੀ ਜਿਹੜੀ ਸਕਰੀਨਿੰਗ ਉਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉਹ ਵਿਚਾਲੇ ਹੀ ਰਹਿ ਗਈ ਅਤੇ ਫਿਰ ਪਾਰਟੀ ਉਮੀਦਵਾਰਾਂ ਦੀ ਚੋਣ ਦੇ ਸਿਲਸਿਲੇ ਵਿਚ ਸਭ ਤੋਂ ਮੰਦਭਾਗੀ ਖਬਰ ਉਸ ਸਮੇਂ ਆਈ ਜਦੋਂ ਲੁਧਿਆਣਾ ਚੋਣ ਹਲਕੇ ਲਈ ਆਮ ਆਦਮੀ ਪਾਰਟੀ ਦੀ ਟਿਕਟ ਐਚ. ਐਸ. ਫੂਲਕਾ ਵਰਗੇ ਉਘੇ ਵਕੀਲ ਨੂੰ ਦੇ ਦਿਤੀ ਗਈ।

ਨਿਰਸੰਦੇਹ ਸ. ਫੂਲਕਾ ਨੇ ਬਦਨਾਮ ਦਿੱਲੀ ਦੰਗਿਆਂ ਦੇ ਪੀੜਤ ਪਰਿਵਾਰਾਂ ਦੇ ਕੇਸਾਂ ਦੀ ਪੈਰਵੀ ਤਨਦੇਹੀ ਨਾਲ ਕੀਤੀ ਪਰ ਉਹ ਜ਼ਮੀਨੀ ਪੱਧਰ ਉਤੇ ਲੋਕਾਂ ਵਿਚ ਚੋਣਾਂ ਲੜਨ ਲਈ ਲੋੜੀਂਦਾ ਰਸੂਖ ਨਾ ਬਣਾ ਸਕੇ।

ਪ੍ਰੰਤੂ ਮੈਂ ਖੁਦ ਬਤੌਰ ਪੱਤਰਕਾਰ ਦੰਗਾ ਪੀੜਤ ਵਿਧਵਾਵਾਂ ਦੀਆਂ ਕਲੋਨੀਆਂ ਵਿਚ ਜਦੋਂ ਗਿਆ ਅਤੇ ਉਥੇ ਕੁਝ ਵਿਧਵਾ ਔਰਤਾਂ ਨੇ ਆਪਣੇ ਦੁੱਖ ਜਿਵੇਂ ਸੁਣਾਏ, ਉਹ ਕਹਾਣੀਆਂ ਸਨਸਨੀਖੇਜ ਹੋਣ ਦੇ ਨਾਲ ਨਾਲ ਕੁਝ ਅਲੱਗ ਤਰ੍ਹਾਂ ਦੀ ਤਸਵੀਰ ਵੀ ਪੇਸ਼ ਕਰਦੀਆਂ ਸਨ। ਰਾਜਸਥਾਨੀ ਮੂਲ ਦੇ ਵਣਜਾਰਾ ਸਿੱਖ ਪਰਿਵਾਰ ਦੀ ਇਕ ਲੰਮੀ ਝੰਮੀ ਵਿਧਵਾ ਨੇ ਸ਼ੁਰੂ ਵਿਚ ਤਾਂ ਵਾਰ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਮੇਰੇ ਨਾਲ ਜ਼ੁਬਾਨ ਸਾਂਝੀ ਕਰਨ ਤੋਂ ਹੀ ਨਾਂਹ ਕਰੀ ਰਖੀ ਅਤੇ ਫਿਰ ਥੋੜ੍ਹਾ ਸਹਿਜ ਹੋਣ ਤੇ ਜਦੋਂ ਉਹ ਬੋਲੀ ਤਾਂ ਉਸ ਨੇ ਉਨ੍ਹਾਂ ਕਲੋਨੀਆਂ ਦੇ ਦੁੱਖਾਂ ਦੇ ਨਾਂ ਤੇ 'ਰਾਜਨੀਤੀ ਕਰਕੇ ਭੱਲ ਬਣਾਉਣ' ਵਾਲੇ ਲੋਕਾਂ ਨੂੰ ਸਿੱਧੇ ਹੀ ਸਰਾਪ ਦੇਣੇ ਸ਼ੁਰੂ ਕਰ ਦਿਤੇ। ਦੰਗਿਆਂ ਦੌਰਾਨ ਪੁਲਿਸ ਨੇ ਇਸ ਪਰਿਵਾਰ ਦੇ ਮਰਦਾਂ ਨੂੰ ਧੋਖਾ ਦਿਤਾ। ਇਸ ਦੇ ਪਿਛੋਂ ਫਸਾਦੀਆਂ ਨੇ ਇਸ ਦੇ ਸ਼ੇਰਾਂ ਵਰਗੇ ਚਾਰ ਪੁੱਤਰਾਂ, ਇੱਕ ਜੁਆਈ ਅਤੇ ਨਾਲ ਹੀ ਉਸ ਦੇ ਸਿਰ ਦੇ ਸਾਈਂ ਦਾ ਘਾਤ ਕਰ ਦਿਤਾ ਸੀ। ਉਸ ਨੇ ਦਸਿਆ ਕਿ ਉਨ੍ਹਾਂ ਦੀ ਕਲੋਨੀ ਵਿਚ ਗੁਰਚਰਨ ਸਿੰਘ ਬੱਬਰ ਨਾਂ ਦਾ ਕੋਈ ਕਥਿਤ 'ਮਾਨਵ ਅਧਿਕਾਰੀ' ਪਹਿਲੀ ਵਾਰ ਟੁੱਟੇ ਜਿਹੇ ਸਾਈਕਲ ਉਪਰ ਆਇਆ ਸੀ ਅਤੇ ਕੈਂਚੀ ਚੱਪਲਾਂ ਉਸ ਦੇ ਪੈਰੀਂ ਸਨ। ਤੇ ਫਿਰ ਦਿਨਾਂ ਵਿਚ ਹੀ ਉਹ ਕਲੋਨੀ ਵਿਚ ਕਾਰਾਂ 'ਤੇ ਚੜ੍ਹ ਕੇ ਆਉਣ ਲਗ ਗਿਆ ਸੀ। ਉਹ ਔਰਤ ਫਸਾਦੀ ਕਾਤਲਾਂ ਦੇ ਨਾਲ ਨਾਲ ਖਾਹ-ਮਖਾਹ ਮੋਰਚੇ ਲਗਾਉਣ ਵਾਲੇ ਪੰਜਾਬ ਦੇ ਅਕਾਲੀ ਆਗੂਆਂ ਨੂੰ ਵੀ ਕੋਸ ਰਹੀ ਸੀ, ਉਨ੍ਹਾਂ ਦੀ ਜਾਨ ਨੂੰ ਰੋ ਰਹੀ ਸੀ-ਜਿਨ੍ਹਾਂ ਨੇ ਉਸ ਦੇ ਪਰਿਵਾਰ ਦੀ ਅਜਿਹੀ ਬਰਬਾਦੀ ਦਾ ਮੁੱਢ ਬੱਧਾ। ਫਸਾਦੀਆਂ ਹੱਥੋਂ ਪੁੱਤਰ ਮਰਵਾਈ ਬੈਠੀਆਂ ਉਥੇ ਇਕ ਨਹੀਂ ਬਲਕਿ ਤਿੰਨ-ਚਾਰ ਵਿਧਵਾਵਾਂ ਸਨ, ਤੇ ਹਰਿੰਦਰ ਸਿੰਘ ਖ਼ਾਲਸਾ ਨੂੰ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਥਾਪੇ ਜਾਣ ਨਾਲ ਤਾਂ ਧੰਨ ਧੰਨ ਹੀ ਹੋ ਗਈ। ਇਸ ਨੂੰ ਮੈਂ ਲੁਧਿਆਣਾ ਵਿਖੇ ਡੀ. ਐਸ. ਗਿੱਲ ਹੋਰਾਂ ਦੀ ਇਕ ਮੀਟਿੰਗ ਵਿਚ ਸਾਲ 1992 ਦੀਆਂ ਬਾਈਕਾਟ ਦੇ ਬਾਵਜੂਦ ਹੋਈਆਂ ਚੋਣਾਂ ਤੋਂ ਪਹਿਲਾਂ ਸਿਰੇ ਦਾ ਭੜਕਾਹਟ ਪੂਰਨ ਭਾਸ਼ਣ

*(ਬਾਕੀ ਸਫਾ 24 'ਤੇ)*


ਬਸੰਤੁ ਚੜਿਆ ਫੂਲੀ ਬਨਰਾਇ ॥
GURU TEG BAHADUR MISSION SAHARA's
VISMAAD ACADEMY
Presents
BASANT KIRTAN DARBAR
Kirtani Jathe
(1) Bhai Tajwinder Singh (Hazoori Ragi, Sri Darbar Sahib)
(2) Bhai Harlove Singh (Vismaad Academy, Sacramento
(3) Bhai Harbaljit Singh (Pippli Wale)
(4) Bhai Atamjit Singh (Yuba City)
(5) Bhai Manjiv Singh (Fremont)
(6) Bhai Bikram Singh (San Jose)
(7) Bibi Pooja Kaur (Fremont)
(8) Bibi Preetvir Kaur (Vismaad Academy)
(9) Bhai Fateh Singh (Sacramento)
WHEN: 3/1/2015, 10am-3pm
Where: Guru Nanak Sat Sangat of California
8132 Elsie Ave , Sacramento, California 958234
CONTACT US: -916-997-3366
-916-496-3359
-617-653-0887
-Vismaadacademy@gmail.com
-Info@Missionsahara.org
Facebook.com/Vismaadacademy


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


Surveillance Camera
Systems
2 Year Warranty
Vista
Full HD 1080P
Now Sell & Install
UP GRADE YOUR SECURITY SYSTEM
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
Call Sukhpal
1-661-586-5080
Email: commvision@sbcglobal.net

# ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਦਾ 15ਵਾਂ ਗਦਰੀ ਮੇਲਾ 29 ਮਾਰਚ ਨੂੰ



**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਦਾ 15ਵਾਂ ਸਾਲਾਨਾ ਗਦਰੀ ਮੇਲਾ 29 ਮਾਰਚ, ਐਤਵਾਰ ਨੂੰ ਰੀਜੈਂਸੀ ਹਾਲ, ਕਲੋਵਿਸ ਵਿਚ ਕਰਵਾਇਆ ਜਾਵੇਗਾ। ਇਹ ਮੇਲਾ ਸ਼ਹੀਦ ਮੇਵਾ ਸਿੰਘ ਲੋਪੋਕੇ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸ਼ਹੀਦ ਸਾਥੀਆਂ ਦੀ ਸ਼ਹੀਦੀ ਦੀ ਸੌਵੀਂ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ।

ਸੰਸਥਾ ਦੀ ਸਥਾਨਕ ਰੈਸਟੋਰੈਂਟ ਤਾਜ ਆਫ ਇੰਡੀਆ ਵਿਚ ਹੋਈ ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਮੈਂਬਰਾਂ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਆਪਣੇ ਵਿਚਾਰ ਰੱਖੇ। ਸੰਸਥਾ ਦੇ ਸਕੱਤਰ ਸੁਰਿੰਦਰ ਮੰਡਾਲੀ ਨੇ ਸਭਨਾਂ ਨੂੰ ਜੀ ਆਇਆਂ ਆਖਿਆ ਅਤੇ ਲੇਖਕ ਹਰਕੇਸ਼ ਕਹਿਲ ਦੀ ਅਚਨਚੇਤ ਮੌਤ 'ਤੇ ਦੁਖ ਦਾ ਪ੍ਰਗਟਾਵਾ ਕੀਤਾ। ਸੰਸਥਾ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਅਣਖੀ ਨੇ ਮੇਲੇ ਦੀਆਂ ਤਿਆਰੀਆਂ ਸਬੰਧੀ ਸਭਨਾਂ ਤੋਂ ਸਹਿਯੋਗ ਮੰਗਿਆ। ਇਸ ਮੌਕੇ ਨਨਕਾਣਾ ਸਾਹਿਬ ਦੇ ਮੋਰਚੇ ਦੇ ਸ਼ਹੀਦਾਂ ਨੂੰ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਸੰਸਥਾ ਦੇ ਸਹਾਇਕ ਸਕੱਤਰ ਹਰਜਿੰਦਰ ਢੇਸੀ ਨੇ ਮੇਲੇ ਦੇ ਪ੍ਰੋਗਰਾਮ ਅਤੇ ਪਹੁੰਚ ਰਹੇ ਮੁੱਖ ਮਹਿਮਾਨ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਥੇ ਸਥਾਨਕ ਕਲਾਕਾਰ ਇਸ ਮੇਲੇ ਦੌਰਾਨ ਸ਼ਹੀਦਾਂ ਦੀਆਂ ਵਾਰਾਂ ਗਾਉਣਗੇ, ਉਥੇ ਪੰਜਾਬ ਤੋਂ ਉਚੇਚੇ ਤੌਰ 'ਤੇ ਪਹੁੰਚ ਰਹੇ ਸੀਨੀਅਰ ਪੱਤਰਕਾਰ ਅਤੇ ਕਾਲਮਨਵੀਸ ਜਤਿੰਦਰ ਪੰਨੂੰ ਮੁਖ ਬੁਲਾਰੇ ਹੋਣਗੇ। ਮੰਚ ਸੰਚਾਲਨ ਆਸ਼ਾ ਸ਼ਰਮਾ ਕਰੇਗੀ। ਹੁਸ਼ਿਆਰ ਬੱਚਿਆਂ ਨੂੰ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੇ ਬੱਚੇ ਵੀ ਆਪਣੀ ਕਲਾ ਦੇ ਜੌਹਰ ਵਿਖਾਉਣਗੇ। ਸੰਸਥਾ ਦੀ ਇਸਤਰੀ ਵਿੰਗ ਦੀ ਬੁਲਾਰੀ ਸ਼ਰਨਜੀਤ ਧਾਲੀਵਾਲ ਨੇ ਕਿਹਾ ਕਿ ਚਾਰ ਪੁਆਇੰਟ ਜਾਂ ਇਸ ਤੋਂ ਵੱਧ ਜੀਪੀਏ ਲੈਣ ਵਾਲੇ ਹੁਸ਼ਿਆਰ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ। ਉਹ ਮੇਲੇ ਤੋਂ ਇੱਕ ਹਫਤਾ ਪਹਿਲਾਂ ਆਪਣੀ ਰਜਿਸਟਰੇਸ਼ਨ ਈ-ਮੇਲ iahforum@gmail.com ਰਾਹੀਂ ਆਨ ਲਾਈਨ ਕਰਵਾ ਲੈਣ ਤਾਂ ਕਿ ਬਾਅਦ ਵਿਚ ਕੋਈ ਮੁਸ਼ਕਲ ਨਾ ਆਵੇ। ਰੇਡੀਓ ਹੋਸਟ ਅਰਜਨ ਸਿੰਘ ਜੋਸ਼ਨ, ਕੇਵਲ ਬਾਸੀ, ਜਸਵੰਤ ਸਿੰਘ ਮਾਨ, ਸੁਖਦੇਵ ਸਿੰਘ ਚੀਮਾ ਅਤੇ ਗੁਰਰੀਤ ਬਰਾੜ ਨੇ ਵੀ ਆਪਣੇ ਵਿਚਾਰ ਰੱਖੇ।

# 'ਈਕੋ ਸਿੱਖ' ਵਲੋਂ ਸਿੱਖ ਵਾਤਾਵਰਣ ਦਿਵਸ ਮਨਾਉਣ ਦਾ ਫੈਸਲਾ



**ਵਾਸ਼ਿੰਗਟਨ, ਡੀ ਸੀ:** ਰਾਜਧਾਨੀ ਵਾਸ਼ਿੰਗਟਨ ਤੋਂ ਸਰਗਰਮ ਗ਼ੈਰ-ਸਰਕਾਰੀ ਸੰਸਥਾ 'ਈਕੋ ਸਿੱਖ' ਵਲੋਂ ਵਾਤਾਵਰਣ ਬਾਰੇ ਚੇਤਨਾ ਪੈਦਾ ਕਰਨ ਹਿੱਤ ਇਸ ਵਰ੍ਹੇ 14 ਮਾਰਚ ਨੂੰ 'ਸਿੱਖ ਵਾਤਾਵਰਣ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਸੰਸਥਾ ਸਾਲ 2011 ਤੋਂ ਹਰ ਸਾਲ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਹਰਿਰਾਏ ਜੀ ਦੇ ਗੁਰਤਾਗੱਦੀ ਦਿਹਾੜੇ ਨੂੰ ਸਮਰਪਿਤ ਇਹ ਦਿਵਸ ਕੌਮਾਂਤਰੀ ਪੱਧਰ 'ਤੇ ਮਨਾਉਂਦੀ ਆ ਰਹੀ ਹੈ। ਸੰਸਥਾ ਇਸ ਦਿਹਾੜੇ 'ਤੇ ਜਲਵਾਯੂ ਵਿਚ ਹੋ ਰਹੀਆਂ ਤਬਦੀਲੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਏਗੀ ਤੇ ਸਿੱਖ ਭਾਈਚਾਰੇ ਨੂੰ ਇਹ ਮਿਸ਼ਨ ਗੁਰਦੁਆਰਿਆਂ ਤੋਂ ਚਲਾਉਣ ਦੀ ਅਪੀਲ ਕਰੇਗੀ।

ਇਹ ਸੰਸਥਾ ਹੁਣ ਤੱਕ ਵਿਸ਼ਵ ਭਰ ਵਿਚ 2200 ਦੇ ਲਗਪਗ ਗੁਰਦੁਆਰਿਆਂ, ਸਕੂਲਾਂ ਤੇ ਸੰਗਠਨਾਂ ਨੂੰ ਸਿੱਖ ਵਾਤਾਵਰਣ ਦਿਹਾੜੇ ਨਾਲ ਜੋੜ ਚੁੱਕੀ ਹੈ। ਆਪਣੀ ਵੈਬਸਾਈਟ ਰਾਹੀਂ ਵੀ ਲੋਕਾਂ, ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਨੂੰ ਵਾਤਾਵਰਣ ਬਚਾਉਣ ਬਾਰੇ ਚੇਤਨਾ ਤੇ ਅਗਵਾਈ ਪ੍ਰਦਾਨ ਕਰ ਰਹੀ ਹੈ। ਸਿੱਖ ਵਾਤਾਵਰਣ ਦਿਵਸ ਮੌਕੇ ਇਸ ਸੰਸਥਾ ਵਲੋਂ ਸਿੱਖ ਸੰਗਤਾਂ ਨੂੰ ਗੁਰਦੁਆਰਿਆਂ, ਨਗਰ ਕੀਰਤਨਾਂ ਤੇ ਲੰਗਰਾਂ ਵਿਚ ਸਫਾਈ ਦਾ ਧਿਆਨ ਰੱਖਣ, ਪਾਣੀ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਨੂੰ ਅਜਾਈਂ ਜਾਣ ਤੋਂ ਰੋਕਣ ਤੇ ਦਰਖਤ ਲਗਾਉਣ ਜਿਹੇ ਵਾਤਾਵਰਣ ਨਾਲ ਸਬੰਧਤ ਮੁੱਦਿਆਂ ਬਾਰੇ ਜਾਗ੍ਰਿਤ ਕੀਤੇ ਜਾਣ ਦਾ ਪ੍ਰੋਗਰਾਮ ਹੈ।

ਇਥੇ ਈਕੋ ਸਿੱਖ ਸੰਸਥਾ ਦੇ ਪ੍ਰਧਾਨ ਡਾ. ਰਾਜਵੰਤ ਸਿੰਘ ਵਾਸ਼ਿੰਗਟਨ ਨੇ ਦੱਸਿਆ ਕਿ ਸਿੱਖ ਵਾਤਾਵਰਨ ਦਿਹਾੜਾ ਸਿੱਖਾਂ ਦੇ ਸੱਤਵੇਂ ਗੁਰੂ ਹਰਿ ਰਾਏ ਜੀ ਦੇ ਗੁਰਤਾਗੱਦੀ ਦਿਹਾੜੇ ਨੂੰ ਸਮਰਪਿਤ ਹੈ। ਇਹ ਸੰਸਥਾ ਸਾਲ 2011 ਤੋਂ ਕੌਮਾਂਤਰੀ ਪੱਧਰ 'ਤੇ ਇਹ ਦਿਹਾੜਾ ਮਨਾਉਂਦੀ ਆ ਰਹੀ ਹੈ, ਜਿਸ ਦਾ ਮੁੱਖ ਮਕਸਦ ਲੋਕਾਂ ਨੂੰ ਵਾਤਾਵਰਣ ਤੋਂ ਜਾਣੂ ਕਰਵਾਉਣਾ ਹੈ। ਇਸ ਮੁਹਿੰਮ ਤਹਿਤ ਸਮਾਜ ਨੂੰ ਕੁਦਰਤ ਦੀ ਮਹੱਤਤਾ ਤੇ ਉਸ ਦੀ ਹਿਫਾਜ਼ਤ ਕਰਨ ਦਾ ਗਿਆਨ ਵੀ ਦਿੱਤਾ ਜਾਂਦਾ ਹੈ। ਇਸ ਵਰ੍ਹੇ ਵਾਤਾਵਰਣ ਦਿਹਾੜੇ ਮੌਕੇ ਸੰਸਥਾ ਜਲਵਾਯੂ ਵਿਚ ਵੱਡੇ ਪੱਧਰ 'ਤੇ ਹੋ ਰਹੀ ਤਬਦੀਲੀ ਜਿਹੇ ਗੰਭੀਰ ਮੁੱਦਿਆਂ ਨੂੰ ਉਭਾਰੇਗੀ ਤੇ ਸਿੱਖ ਭਾਈਚਾਰੇ ਨੂੰ ਇਸ ਮਿਸ਼ਨ ਨੂੰ ਗੁਰਦੁਆਰਿਆਂ ਤੋਂ ਚਲਾਉਣ ਦੀ ਅਪੀਲ ਕਰੇਗੀ। ਪਹਿਲਾਂ 2200 ਦੇ ਕਰੀਬ ਗੁਰਦੁਆਰਿਆਂ, ਸਕੂਲਾਂ ਤੇ ਸੰਗਠਨਾਂ ਨੂੰ ਸਿੱਖ ਵਾਤਾਵਰਣ ਦਿਹਾੜੇ ਨਾਲ ਜੋੜਿਆ ਗਿਆ ਸੀ। ਨਗਰ ਕੀਰਤਨਾਂ ਵਿਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਤੇ ਪਾਣੀ ਦੀ ਖਪਤ ਘਟਾਉਣ ਜਿਹੇ ਮੁੱਦੇ ਵੀ ਇਸ ਮੁਹਿੰਮ ਵਿਚ ਉਭਾਰੇ ਜਾਣਗੇ। ਗੁਰਦੁਆਰਿਆਂ ਵਿਚ ਲੰਗਰਾਂ ਨੂੰ ਆਰਗੈਨਿਕ ਖਾਣ-ਪੀਣ ਦੇ ਸਾਮਾਨ ਨਾਲ ਜੋੜਨ ਉਪਰ ਵੀ ਜ਼ੋਰ ਦਿੱਤਾ ਜਾਵੇਗਾ। ਇਸ ਮੁਹਿੰਮ ਤਹਿਤ ਜਿਥੇ ਗੁਰਦੁਆਰਿਆਂ ਵਿਚ ਵਿਆਪਕ ਪੱਧਰ 'ਤੇ ਦਰਖਤ ਲਾਉਣ ਦੀ ਮੁਹਿੰਮ ਚੱਲੀ ਹੈ, ਉਥੇ ਬੂਟੇ ਵੰਡਣ ਦਾ ਰੁਝਾਨ ਵੀ ਬਣਿਆ ਹੈ।

ਵਾਤਾਵਰਣ ਬਚਾਉਣ ਲਈ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਅਨੇਕਾਂ ਉਪਰਾਲੇ ਹੋ ਰਹੇ ਹਨ ਪਰ ਈਕੋ ਸਿੱਖ ਸੰਸਥਾ ਦੀ ਵਿਲੱਖਣਤਾ ਇਸੇ ਗੱਲ ਵਿਚ ਹੋਵੇਗੀ ਜੇ ਉਹ ਵਾਤਾਵਰਣ ਨੂੰ ਸਾਫ਼ ਸੁਥਰਾ ਬਣਾਉਣ ਲਈ ਗੁਰਬਾਣੀ ਦੀ ਰੌਸ਼ਨੀ ਵਿਚ ਸਾਰਥਕ ਯਤਨ ਕਰੇ। ਦੱਸਣਯੋਗ ਹੈ ਕਿ ਸੰਯੁਕਤ ਰਾਸ਼ਟਰ ਨੇ ਕੌਮਾਂਤਰੀ ਪੱਧਰ 'ਤੇ ਵਾਤਾਵਰਣ ਦਿਵਸ, ਧਰਤ ਦਿਵਸ ਤੇ ਪਾਣੀ ਬਚਾਓ ਦਿਵਸ ਐਲਾਨੇ ਹੋਏ ਹਨ ਤੇ ਇਹ ਦਿਵਸ ਮਨਾਏ ਵੀ ਜਾ ਰਹੇ ਹਨ ਪਰ ਇਨ੍ਹਾਂ ਯਤਨਾਂ ਦੇ ਕੋਈ ਬਹੁਤੇ ਸੰਤੁਸ਼ਟੀਜਨਕ ਸਿੱਟੇ ਸਾਹਮਣੇ ਨਹੀਂ ਆ ਰਹੇ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਕੀਤੇ ਜਾ ਰਹੇ ਯਤਨ ਕੁਦਰਤੀ ਵਿਕਾਸ ਨਾਲ ਇਕਸੁਰ ਨਹੀਂ ਹਨ।


ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ !

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।

ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ ਫੋਨ: 209-910-9731

# ਗੁਰੂ ਨਾਨਕ ਖਾਲਸਾ ਸਕੂਲ ਸੈਨ ਹੋਜ਼ੇ ਦੇ ਪ੍ਰਿੰਸੀਪਲ ਅਤੇ ਹੋਰਨਾਂ ਦਾ ਸਨਮਾਨ







**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਗੁਰੂ ਨਾਨਕ ਖਾਲਸਾ ਸਕੂਲ ਦੇ ਪ੍ਰਿੰਸੀਪਲ ਡਾ. ਗੁਰਿੰਦਰਪਾਲ ਸਿੰਘ, ਉਨ੍ਹਾਂ ਦੀ ਧਰਮ ਪਤਨੀ ਬੀਬੀ ਪੁਸ਼ਪਿੰਦਰ ਕੌਰ ਅਤੇ ਹੋਰ ਸਕੂਲ ਪ੍ਰਬੰਧਕਾਂ- ਕੁਲਦੀਪ ਕੌਰ ਪਾਹਵਾ, ਹਰਸੁਰਿੰਦਰਪਾਲ ਕੌਰ, ਮਨਮੋਹਨ ਸਿੰਘ, ਹਰਪਾਲ ਕੌਰ, ਗੁਰਮੁਖ ਸਿੰਘ ਟਿਵਾਣਾ, ਅਨੀਤਾ ਕੌਰ ਟਿਵਾਣਾ, ਰੋਬਿੰਦਰ ਸਿੰਘ, ਗੁਰਪ੍ਰੀਤ ਸਿੰਘ, ਹਰਸ਼ਦੀਪ ਸਿੰਘ, ਨਰਿੰਦਰਪਾਲ ਸਿੰਘ ਅਤੇ ਰਾਜਿੰਦਰ ਸਿੰਘ ਮੰਘਰ ਨੂੰ ਗੁਰਦੁਆਰਾ ਕਮੇਟੀ ਦੀ ਤਰਫੋਂ ਸਕੂਲ ਦੀ 25ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ।

ਯਾਦ ਰਹੇ, ਇਹ ਸਕੂਲ ਗੁਰਦੁਆਰਾ ਪ੍ਰਬੰਧਕਾਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ ਅਤੇ ਕਰੀਬ 700 ਬੱਚੇ ਗੁਰਮਤਿ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ, ਕਥਾ ਅਤੇ ਪੰਜਾਬੀ ਬੋਲੀ ਦਾ ਗਿਆਨ ਹਾਸਲ ਕਰ ਰਹੇ ਹਨ। ਡਾ. ਗੁਰਿੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਪੁਸ਼ਪਿੰਦਰ ਕੌਰ ਦੀ ਵੱਡੀ ਦੇਣ ਹੈ ਕਿਉਂਕਿ ਅਮਰੀਕਾ ਵਿਚ ਬਹੁਤੇ ਖਾਲਸਾ ਸਕੂਲਾਂ ਵਿਚ ਉਨ੍ਹਾਂ ਵਲੋਂ ਤਿਆਰ ਕੀਤਾ ਸਿਲੇਬਸ ਹੀ ਪੜ੍ਹਾਇਆ ਜਾ ਰਿਹਾ ਹੈ।

# ਪਰਵਾਸੀ ਭਾਰਤੀਆਂ ਲਈ 'ਮਦਦ' ਪੋਰਟਲ ਸ਼ੁਰੂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਲਈ 'ਮਦਦ' ਪੋਰਟਲ ਸ਼ੁਰੂ ਕੀਤਾ ਹੈ, ਜਿਸ ਨਾਲ ਐਨ. ਆਰ. ਆਈਜ਼. ਆਨਲਾਈਨ ਆਪਣੀਆਂ ਸਮੱਸਿਆਵਾਂ ਸਰਕਾਰ ਤੱਕ ਪਹੁੰਚਾ ਸਕਣਗੇ।

ਇਹ ਪੋਰਟਲ ਵਿਦੇਸ਼ ਮੰਤਰਾਲੇ ਦੇ ਹੈਡ-ਕੁਆਰਟਰ ਵਿਖੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸ਼ੁਰੂ ਕੀਤਾ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



GLOBAL FREIGHT EXPERTS



1950 E Miner Ave. Stockton, CA

ਡਰਾਈਵਰਾਂ ਅਤੇ Owner Operators ਦੀ ਲੋੜ ਹੈ। ਡਰਾਈਵਰਾਂ ਨੂੰ Dry VAN ਲਈ ਘੱਟੋ ਘੱਟ ਤਨਖ਼ਾਹ 38cents/mile


- ਹੁੱਕ ਡਰਾਪ ਅਤੇ ਲਾਈਵ ਲੋਡ
- ਸਮੇਂ ਸਿਰ ਅਦਾਇਗੀ
- Fuel Advance
- ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ
- CA ਤੋਂ AB, BC, OR ਅਤੇ WA ਅਤੇ ਵਾਪਸ CA
- ਸੌਖਾ ਕੰਮ ਤੇ ਚੰਗੇ ਪੈਸੇ

ਸੰਪਰਕ ਕਰੋ
ਰਾਜ
(209) 547-9210
ਲਖਵੀਰ
(209) 922-9696

GLOBAL FREIGHT EXPERTS INC
Email : raj@gfbontime.com, Web : www.gfbontime.com



H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ

ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


# ਭਾਰਤ ਰੰਗ ਮਹਾਉਤਸਵ

## 12 ਮੁਲਕ, 82 ਨਾਟਕ, ਪਰ ਪਾਕਿਸਤਾਨ ਗਾਇਬ



### ਕਲਾ ਪਰਿਕਰਮਾ

ਦਿੱਲੀ ਦੀ ਵੱਕਾਰੀ ਨਾਟ ਸੰਸਥਾ ਨੈਸ਼ਨਲ ਸਕੂਲ ਆਫ਼ ਡਰਾਮਾ (ਐਨ.ਐਸ.ਡੀ.) ਦਾ '17ਵਾਂ ਭਾਰਤ ਰੰਗ ਮਹਾਉਤਸਵ' ਪੂਰੇ ਰੰਗ ਵਿਚ ਖੇਡਿਆ ਗਿਆ। ਇਸ ਨਾਟ-ਉਤਸਵ ਵਿਚ ਐਤਕੀਂ 12 ਦੇਸ਼ਾਂ ਦੀਆਂ 125 ਨਾਟ-ਮੰਡਲੀਆਂ ਵਲੋਂ ਕੁੱਲ 82 ਨਾਟਕ ਪੇਸ਼ ਕੀਤੇ ਗਏ। 23 ਭਾਸ਼ਾਵਾਂ ਵਿਚ ਤਿਆਰ ਕੀਤੇ ਗਏ ਇਹ ਨਾਟਕ ਆਪਣੇ ਆਪ ਵਿਚ ਅਜੂਬਾ ਸਨ। ਐਤਕੀਂ ਪਹਿਲੀ ਵਾਰ ਇਸ ਰੰਗ ਮਹਾਉਤਸਵ ਲਈ ਕੁਝ ਹੋਰ ਸੰਸਥਾਵਾਂ ਨੇ ਵੀ ਸਹਿਯੋਗ ਦਿੱਤਾ ਜਿਨ੍ਹਾਂ ਵਿਚ ਲਲਿਤ ਕਲਾ ਅਕੈਡਮੀ, ਸਾਹਿਤ ਅਕੈਡਮੀ, ਸੰਗੀਤ ਨਾਟਕ ਅਕੈਡਮੀ ਅਤੇ



ਔਰਤ ਦੀ ਦਸ਼ਾ ਬਿਆਨ ਕਰਦੇ ਇਕ ਨਾਟਕ ਦਾ ਦ੍ਰਿਸ਼।

ਸਰਕਾਰ ਨਾਲ ਸਬੰਧਤ ਕੁਝ ਹੋਰ ਸੰਸਥਾਵਾਂ ਸ਼ਾਮਲ ਸਨ। ਇਹ ਮਹਾਉਤਸਵ ਸ਼ੰਭੂ ਮਿੱਤਰਾ ਅਤੇ ਬੇਗਮ ਅਖਤਰ ਨੂੰ ਸਮਰਪਿਤ ਸੀ, ਪਰ ਇਸ ਵਾਰ ਪਾਕਿਸਤਾਨ ਦੀ ਕਿਸੇ ਨਾਟਕ ਮੰਡਲੀ ਨੂੰ ਇਸ ਮਹਾਉਤਸਵ ਵਿਚ ਬੁਲਾਇਆ ਨਹੀਂ ਗਿਆ। ਐਨ.ਐਸ.ਡੀ. ਦੇ ਡਾਇਰੈਕਟਰ ਵਾਮਨ ਕੇਂਦਰੇ ਨੇ ਭਾਵੇਂ ਇਸ ਬਾਰੇ ਸਫ਼ਾਈ ਦਿੰਦਿਆਂ ਕਿਹਾ ਕਿ ਐਤਕੀਂ ਕਿਸੇ ਵੀ ਮਿਆਰੀ ਪਾਕਿਸਤਾਨੀ ਨਾਟਕ ਦੀ ਐਂਟਰੀ ਨਹੀਂ ਆਈ। ਉਨ੍ਹਾਂ ਮੁਤਾਬਕ, ਇਸ ਮਹਾਉਤਸਵ ਲਈ ਕੁੱਲ 500 ਐਂਟਰੀਆਂ ਆਈਆਂ ਅਤੇ ਇਨ੍ਹਾਂ ਵਿਚੋਂ ਕੁਝ ਐਂਟਰੀਆਂ ਪਾਕਿਸਤਾਨ ਤੋਂ ਵੀ ਸਨ, ਪਰ ਤਿੰਨ ਪੜਾਵੀ ਚੋਣ ਤੋਂ ਬਾਅਦ ਕੋਈ ਵੀ ਪਾਕਿਸਤਾਨੀ ਨਾਟਕ 'ਪਾਸ' ਨਹੀਂ ਹੋ ਸਕਿਆ।

ਯਾਦ ਰਹੇ ਕਿ ਪਿਛਲੇ ਸਾਲ ਪਾਕਿਸਤਾਨੀ ਨਾਟ-ਮੰਡਲੀਆਂ ਦੇ 2 ਨਾਟਕ ਇਸ ਮਹਾਉਤਸਵ ਲਈ ਚੁਣੇ ਗਏ ਸਨ ਪਰ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣ ਕਾਰਨ ਇਹ ਪਾਕਿਸਤਾਨੀ ਨਾਟਕ ਖੇਡੇ ਨਹੀਂ ਗਏ। ਮਾਹਿਰਾਂ ਨੇ ਪਾਕਿਸਤਾਨ ਦੀ ਐਤਕੀਂ ਵਾਲੀ ਗੈਰ-ਹਾਜ਼ਰੀ ਨੂੰ ਵੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਖਰਾਬ ਹੋਏ ਰਿਸ਼ਤਿਆਂ ਨਾਲ ਹੀ ਜੋੜਿਆ ਹੈ। ਇਨ੍ਹਾਂ ਮਾਹਿਰਾਂ ਦਾ ਸਪਸ਼ਟ ਕਹਿਣਾ ਸੀ ਕਿ ਪਾਕਿਸਤਾਨ ਨੂੰ ਜਾਣ-ਬੁੱਝ ਕੇ ਇਸ ਮਹਾਉਤਸਵ ਵਿਚੋਂ ਬਾਹਰ ਰੱਖਿਆ ਗਿਆ। ਇਹ ਸਾਜ਼ਿਸ਼ ਭਾਰਤ ਸਰਕਾਰ ਵਲੋਂ ਚੁੱਪ-ਚਪੀਤੇ ਕੀਤੀ ਗਈ ਅਤੇ ਮਿਆਰੀ, ਗੈਰ-ਮਿਆਰੀ ਨਾਟਕਾਂ ਦਾ ਬਹਾਨਾ ਲਾ ਕੇ ਪਾਕਿਸਤਾਨ ਤੋਂ ਆਈਆਂ ਐਂਟਰੀਆਂ ਇਕ-ਇਕ ਕਰ ਕੇ ਪਿਛਾਂਹ ਸੁੱਟ ਦਿੱਤੀਆਂ ਗਈਆਂ।

ਮਹਾਉਤਸਵ ਵਿਚ ਇੰਗਲੈਂਡ, ਜਰਮਨੀ, ਚੀਨ, ਅਮਰੀਕਾ, ਪੋਲੈਂਡ, ਸਵਿਟਜ਼ਰਲੈਂਡ, ਸ੍ਰੀ ਲੰਕਾ, ਬੰਗਲਾਦੇਸ਼, ਨੇਪਾਲ ਸਣੇ 12 ਦੇਸ਼ਾਂ ਨੇ ਹਿੱਸਾ ਲਿਆ। ਗੌਰਤਲਬ ਹੈ ਕਿ ਇਹ ਮਹਾਉਤਸਵ ਹੈ ਤਾਂ ਭਾਵੇਂ ਸਰਕਾਰੀ, ਪਰ ਇਹ ਸੰਸਾਰ ਭਰ ਵਿਚ ਬੜਾ ਮਿਆਰੀ ਮੰਨਿਆ ਜਾਂਦਾ ਹੈ ਅਤੇ ਪਿਛਲੇ ਸਾਲਾਂ ਦੌਰਾਨ ਪਾਕਿਸਤਾਨੀ ਟੀਮਾਂ ਇਸ ਵਿਚ ਹੁੰਮ-ਹੁਮਾ ਕੇ ਪੁੱਜਦੀਆਂ ਰਹੀਆਂ ਹਨ। ਕਨਸੋਅ ਹੈ ਕਿ ਇਸ ਵਾਰ ਕੇਂਦਰ ਵਿਚ ਸੱਤਾ ਤਬਦੀਲੀ ਦਾ ਅਸਰ ਇਸ ਮਹਾਉਤਸਵ ਉਤੇ ਵੀ ਪਿਆ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ ਜਥੇਬੰਦੀ ਆਰ.ਐਸ.ਐਸ. ਹਰ ਖੇਤਰ ਵਿਚ ਵੱਡੇ ਪੱਧਰ ਉਤੇ ਘੁਸਪੈਠ ਕਰ ਰਹੀਆਂ ਹਨ। ਸਿੱਖਿਆ ਅਤੇ ਕਲਾ ਦੇ ਖੇਤਰਾਂ ਨੂੰ ਇਨ੍ਹਾਂ ਜਥੇਬੰਦੀਆਂ ਨੇ ਆਪਣਾ ਮੁੱਖ ਨਿਸ਼ਾਨਾ ਬਣਾਇਆ ਹੋਇਆ ਹੈ। ਇਨ੍ਹਾਂ ਜਥੇਬੰਦੀਆਂ ਦਾ ਟੀਚਾ ਇਹੀ ਹੈ ਕਿ ਦੋਵਾਂ ਖੇਤਰਾਂ ਵਿਚ ਹਿੰਦੂਤਵ ਦੇ ਹੱਕ ਵਿਚ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀ ਵਿਚਾਰਧਾਰਾ ਭਾਰੂ ਕੀਤੀ ਜਾਵੇ। ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਪਾਕਿਸਤਾਨ ਪ੍ਰਤੀ ਪਹੁੰਚ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਇਹ ਜਥੇਬੰਦੀਆਂ ਸਦਾ ਹੀ ਹਿੰਦੂਆਂ ਦੇ ਮਨਾਂ ਵਿਚ ਮੁਸਲਮਾਨਾਂ ਦੇ ਖਿਲਾਫ਼ ਜ਼ਹਿਰ ਭਰਦੀਆਂ ਆ ਰਹੀਆਂ ਹਨ। ਪਾਕਿਸਤਾਨ ਸਦਾ ਹੀ ਇਨ੍ਹਾਂ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਰਿਹਾ ਹੈ। ਇਸ ਮਹਾਉਤਸਵ ਵਿਚ ਪਾਕਿਸਤਾਨ ਨੂੰ ਬਾਹਰ ਰੱਖਣਾ ਵੀ ਇਸ ਮਾਨਸਿਕਤਾ ਵਿਚੋਂ ਨਿਕਲਿਆ ਹੈ।


ਦੇਸ਼ ਦੀਆਂ ਕੁਝ ਅਹਿਮ ਸ਼ਖਸੀਅਤਾਂ ਅਤੇ ਸੰਸਥਾਵਾਂ ਨੇ ਮਹਾਉਤਸਵ ਦੇ ਪ੍ਰਬੰਧਕਾਂ ਦੀ ਇਸ



ਕਲਾ ਦੀ ਸਿਖਰ ਛੂਹ ਰਹੇ ਇਕ ਨਾਟਕ ਦੀ ਤਸਵੀਰ।

ਕਾਰਵਾਈ ਨੂੰ ਸ਼ਰਾਰਤਪੂਰਨ ਅਤੇ ਹੋਛੀ ਕਰਾਰ ਦਿੱਤਾ ਹੈ। ਸੰਸਾਰ ਪੱਧਰ ਦੇ ਅਜਿਹੇ ਮਹਾਉਤਸਵ ਵਿਚ ਇਸ ਤਰ੍ਹਾਂ ਦਾ ਛੋਟਾਪਣ ਸੋਭਾ ਨਹੀਂ ਦਿੰਦਾ। ਇਸ ਨਾਲ ਅਜਿਹੇ ਮਿਆਰੀ ਮਹਾਉਤਸਵ ਦੀ ਭਰੋਸੇਯੋਗਤਾ ਉਤੇ ਹੀ ਸਵਾਲੀਆ ਨਿਸ਼ਾਨ ਲਗਦਾ ਹੈ। ਨਾਲੇ ਕਲਾ ਅਤੇ ਕਲਾਕਾਰਾਂ ਦਾ ਤਾਂ ਕੋਈ ਮਜ਼ਹਬ, ਜਾਤ ਜਾਂ ਨਸਲ ਨਹੀਂ ਹੁੰਦੀ। ਕਲਾ ਅਤੇ ਕਲਾਕਾਰ ਤਾਂ ਸਭ ਦੇ ਸਾਂਝੇ ਹੁੰਦੇ ਹਨ ਅਤੇ ਇਨ੍ਹਾਂ ਦਾ ਇਕੋ ਇਕ ਸੁਨੇਹਾ ਮਨੁੱਖੀ ਜ਼ਿੰਦਗੀ ਨੂੰ ਸੋਹਣਾ, ਸੁਨੱਖਾ ਤੇ ਸੌਖਾ ਬਣਾਉਣਾ ਹੁੰਦਾ ਹੈ।

**-ਸਨੋਬਰ ਸਾਰਾ**



ਭਾਰਤ ਰੰਗ ਮਹਾਉਤਸਵ ਵਿਚ ਖੇਡੇ ਨਾਟਕ 'ਗਮ ਸੇਰੇਂਗ' ਦੀ ਝਲਕ।



## ਪੰਜਾਬ ਦੀਆਂ ਨਕਲਾਂ ਦਾ ਰੰਗ

*ਨਾਟ ਮਹਾਉਤਸਵ ਵਿਚ ਪੰਜਾਬੀ ਦੀ ਨੁਮਾਇੰਦਗੀ 'ਕਲਹਿਰੀ ਆਰਟ ਐਂਡ ਕਲਚਰ ਅਕੈਡਮੀ ਮਾਨਸਾ' ਨੇ ਕੀਤੀ ਅਤੇ ਪੰਜਾਬ ਦੀ ਪ੍ਰਸਿੱਧ ਲੋਕ ਕਲਾ 'ਨਕਲਾਂ' ਪੇਸ਼ ਕੀਤੀ। ਇਹ ਨਕਲਾਂ ਅਕੈਡਮੀ ਦੇ ਡਾਇਰੈਕਟਰ ਤਰਸੇਮ ਚੰਦ ਕਲਹਿਰੀ ਦੀ ਅਗਵਾਈ ਹੇਠ ਪੇਸ਼ ਕੀਤੀਆਂ ਗਈਆਂ। ਡੇਢ ਘੰਟੇ ਦੇ ਇਸ ਪ੍ਰੋਗਰਾਮ ਵਿਚ ਕਲਾਕਾਰਾਂ ਨੇ ਪੂਰਾ ਰੰਗ ਬੰਨ੍ਹਿਆ। ਇਸ ਦੌਰਾਨ ਪੇਸ਼ ਵਿਅੰਗ ਦੇ ਬਾਣ ਵੇਖਣ ਵਾਲੇ ਹੀ ਸਨ। ਯਾਦ ਰਹੇ ਕਿ ਇਹ ਲੋਕ ਕਲਾ ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਹੈ ਅਤੇ ਪਿੰਡਾਂ ਵਿਚ ਇਸ ਦਾ ਰੰਗ ਗਾਹੇ-ਬਗਾਹੇ ਅੱਜ ਵੀ ਦੇਖਣ ਨੂੰ ਮਿਲ ਜਾਂਦਾ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਮਾਰਚ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-158



**ਫਰਸ਼ ਦੇ ਉਤੇ ਇੱਟ ਪਈ, ਇੱਟ ਉਤੇ ਸਰਦਾਰ।**
**ਚੁੱਲ੍ਹੇ ਮੂਹਰੇ ਬਹਿ ਕੇ ਖਾ'ਲਾਂ, ਲਾਹ ਦੇ ਫੁਲਕੇ ਚਾਰ।**
**ਕੋਠੀਆਂ ਭਾਵੇਂ ਪਾ ਲਈਆਂ ਨੇ, ਨਹੀਂ ਭੁੱਲੀ ਉਹ ਰੁੱਤ।**
**ਭੁੰਜੇ ਬਹਿ ਕੇ ਕਿਥੇ ਖਾਂਦਾ, ਤੇਰਾ ਜਗੀਰੋ ਪੁੱਤ।**

## ਕੈਪਸ਼ਨ ਮੁਕਾਬਲਾ-156



ਲੱਗਦਾ ਹੈ ਕਿਤੇ ਮੇਲੇ ਜਾਣਾ
ਜਾਂ ਵਿਆਹ ਦੀ ਖਿੱਚੀ ਤਿਆਰੀ।
ਪੈਰੀਂ ਝਾਂਜਰਾਂ, ਲਾ ਰੰਗਦਾਰ ਫੂੰਦੇ
ਬੋਤੀ ਉਪਰ ਦਿੱਤੀ ਫੁਲਕਾਰੀ।
ਸ਼ੌਕੀਨ ਗੱਭਰੂ ਨੇ ਲਾ ਕੇ ਰੀਝਾਂ
ਗੱਡੀ ਵਾਂਗ ਦੁਲਹਨ ਸ਼ਿੰਗਾਰੀ।
ਵਿਚ ਟਿੱਬਿਆਂ ਦੇਖੋ ਪੈਲਾਂ ਪਾਊ
ਹੁਣ ਮਿੱਤਰਾਂ ਦੀ ਸਵਾਰੀ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਡੋਲੀ ਦੇ ਨਾਲ ਬੋਤੇ ਦੇ ਵੀ
ਲਾਇਆ ਹਾਰ ਸ਼ਿੰਗਾਰ।
ਲੱਗ ਜਾਣਗੇ ਭਾਗ ਏਸ ਨੂੰ
ਵਿਚ ਬੈਠੀ ਜਦ ਮੁਟਿਆਰ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਦੇਖੋ ਕਿੰਨੀ ਸੋਹਣੀ ਡੋਲੀ ਲੱਗੇ
ਰੰਗਾਂ ਨਾਲ ਖੂਬ ਸ਼ਿੰਗਾਰੀ।
ਬੋਤੀ ਵੀ ਨਾ ਪਿੱਛੇ ਰਹਿੰਦੀ।
ਪਾਈਆਂ ਝਾਂਜਰਾਂ, ਲਈ ਫੁਲਕਾਰੀ।

**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**

---

ਗੱਲਾਂ ਵਕਤ ਵਕਤ ਦੀਆਂ
ਜੋ ਸੀ ਸ਼ਿੰਗਾਰ ਬੀਤੇ ਦਾ
ਡੋਲੀ ਊਠ ਖਿੱਚਣਾ।
ਸਮੇਂ ਨਾਲ ਦੁਨੀਆਂ ਬਦਲੀ
ਬਦਲੇ ਸਭ ਰਿਵਾਜ਼।
ਖਿੱਚਦਾ ਅੱਜ ਵੀ ਸਭ ਦੀਆਂ ਨਿਗਾਹਾਂ
ਊਠ ਮੇਲੇ ਵਿਚ ਜਦੋਂ ਧੌਣ ਚੁੱਕਦਾ।
ਹੈ ਰੇਗੀਸਤਾਨ ਦਾ ਜਹਾਜ਼,
ਜਾਂ ਫਿਰ ਵਡਮੁੱਲਾ ਤੋਹਫਾ
ਅਰਬ ਇਸਲਾਮਿਕ ਈਦ ਦਾ।

**-ਦਰਸ਼ਨ ਪਾਲ ਦੋਸਾਂਝ**

## ਕਾਵਿ-ਵਿਅੰਗ

### ਰਾਜ ਤਾਜ

ਜਿਹੜੇ ਬਣੇ ਲਾੜਾ ਉਹਨੂੰ ਮਿਲੀ ਲਾੜੀ, ਲਾੜੀ ਨਾਲ ਹੈ ਹੋਰ ਵੀ ਦਾਜ ਮਿਲਦਾ।
ਮਿੰਨਤਾਂ ਤਰਲਿਆਂ ਨਾਲ ਹੈ ਭੀਖ ਮਿਲਦੀ, ਬਾਹੂ ਬਲ ਦੇ ਬਿਨਾਂ ਨਾ ਰਾਜ ਮਿਲਦਾ।
ਚੰਗੀ ਸਾਨੂੰ ਆਜ਼ਾਦੀ ਨਸੀਬ ਹੋਈ, ਵਿਹਲੇ ਫਿਰਦੇ ਹਾਂ-ਕੰਮ ਨਾ ਕਾਜ ਮਿਲਦਾ।
ਸਾਨੂੰ ਆਪਣੀ ਪੱਗ ਦਾ ਫਿਕਰ ਲੱਗਾ, ਤੂੰ ਕਹਿਨਾ ਏਂ ਕੈਲਵੀ ਤਾਜ ਮਿਲਦਾ।

**-ਜਸਵੰਤ ਸਿੰਘ ਕੈਲਵੀ**

# ਸਰਕਾਰ ਨੇ ਬੱਚਿਆਂ ਨੂੰ ਮੁਫਤ ਰਾਸ਼ਨ ਦੇਣ ਤੋਂ ਵੀ ਪੱਲਾ ਝਾੜਿਆ

**ਬਠਿੰਡਾ:** ਪੰਜਾਬ ਸਰਕਾਰ ਨੇ ਅੱਧੀ ਛੁੱਟੀ ਵੇਲੇ ਸਕੂਲਾਂ ਵਿਚ ਵਰਤਾਏ ਜਾਂਦੇ ਦੁਪਹਿਰ ਦੇ ਭੋਜਨ (ਮਿਡ-ਡੇਅ ਮੀਲ) ਤੇ ਆਂਗਣਵਾੜੀ ਸੈਂਟਰਾਂ ਵਿਚ ਆਉਣ ਵਾਲੇ ਬੱਚਿਆਂ ਨੂੰ ਰਾਸ਼ਨ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਪਿਛਲੇ ਕਈ ਮਹੀਨਿਆਂ ਤੋਂ ਇਨ੍ਹਾਂ ਸਕੀਮਾਂ ਨੂੰ ਜਾਰੀ ਰੱਖਣ ਲਈ ਇਕ ਪੈਸਾ ਵੀ ਜਾਰੀ ਨਹੀਂ ਹੋਇਆ। ਫੰਡ ਜਾਰੀ ਨਾ ਹੋਣ ਕਾਰਨ ਸਕੂਲਾਂ ਵਿਚਲੇ ਚੁੱਲ੍ਹੇ ਠੰਢੇ ਹੋਣ ਕੰਢੇ ਹਨ। ਵੇਰਵਿਆਂ ਮੁਤਾਬਕ ਇਸ ਵੇਲੇ ਲਗਾਤਾਰ ਮਿਡ-ਡੇਅ ਮੀਲ ਸਕੀਮ ਨੂੰ ਜਾਰੀ ਰੱਖਣ ਲਈ ਹਰ ਸਕੂਲ 25 ਤੋਂ ਲੈ ਕੇ 50 ਹਜ਼ਾਰ ਦਾ ਕਰਜ਼ਈ ਹੋ ਗਿਆ ਹੈ। ਜਿਹੜੇ ਸਕੂਲਾਂ ਵੱਲ ਜ਼ਿਆਦਾ ਉਧਾਰ ਖੜੀ ਹੈ, ਉਨ੍ਹਾਂ ਨੇ ਮਾਮਲੇ ਬਾਰੇ ਸਿੱਖਿਆ ਅਧਿਕਾਰੀਆਂ ਰਾਹੀਂ ਇਕ ਵਿਸ਼ੇਸ਼ ਰਿਪੋਰਟ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜ ਦਿੱਤੀ ਹੈ।

ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ ਹਨ ਕਿ ਸਮੁੱਚੇ ਦੇਸ਼ ਵਿਚ ਚਲਾਏ ਜਾ ਰਹੇ ਆਂਗਣਵਾੜੀ ਸੈਂਟਰਾਂ ਵਿਚ ਆਉਣ ਵਾਲੇ ਬੱਚਿਆਂ ਨੂੰ ਇਕ ਸਾਲ ਵਿਚ ਘੱਟੋ-ਘੱਟ 300 ਦਿਨ ਰਾਸ਼ਨ ਦੇਣਾ ਜ਼ਰੂਰੀ ਹੈ ਪਰ ਪੰਜਾਬ ਵਿਚ ਅਜਿਹਾ ਨਹੀਂ ਹੋ ਰਿਹਾ। ਇਥੇ ਤਾਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਕਾਨੂੰਨ ਦੀਆਂ ਧੱਜੀਆਂ ਉਡਾ ਰਿਹਾ ਹੈ ਤੇ ਪੁੱਛਣ ਵਾਲਾ ਕੋਈ ਨਹੀਂ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਦੀ ਸਕੀਮ ਆਈ.ਸੀ.ਡੀ.ਐਸ. ਤਹਿਤ ਪੰਜਾਬ ਦੇ 22 ਜ਼ਿਲ੍ਹਿਆਂ ਵਿਚ 26 ਹਜ਼ਾਰ 700 ਆਂਗਣਵਾੜੀ ਸੈਂਟਰ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਆਉਣ ਵਾਲੇ ਨਿੱਕੇ ਨਿਆਣਿਆ ਦੇ ਖਾਣ ਲਈ ਪੰਜੀਰੀ, ਖੰਡ, ਚਾਵਲ, ਕਣਕ, ਘਿਉ ਆਦਿ ਭੇਜਿਆ ਜਾਂਦਾ ਹੈ। ਇਹ ਸਾਮਾਨ ਖਰੀਦਣ ਵਾਸਤੇ ਕੇਂਦਰ ਸਰਕਾਰ 90 ਫੀਸਦੀ ਪੈਸਾ ਪੰਜਾਬ ਸਰਕਾਰ ਨੂੰ ਭੇਜਦੀ ਹੈ। ਕੇਂਦਰ ਵਲੋਂ ਤਾਂ ਇਹ ਪੈਸਾ ਸਮੇਂ ਸਿਰ ਭੇਜ ਦਿੱਤਾ ਜਾਂਦਾ ਹੈ ਪਰ ਅੱਗੋਂ ਪੰਜਾਬ ਸਰਕਾਰ ਸਾਮਾਨ ਖਰੀਦਣ ਵਿਚ ਦੇਰੀ ਕਰ ਦਿੰਦੀ ਹੈ ਜਿਸ ਕਰਕੇ ਕਈ-ਮਹੀਨੇ ਆਂਗਣਵਾੜੀ ਸੈਂਟਰਾਂ ਤੱਕ ਰਾਸ਼ਨ ਨਹੀਂ ਪੁੱਜਦਾ ਤੇ ਸੈਂਟਰਾਂ ਵਿਚ ਆਉਣ ਵਾਲੇ ਬੱਚੇ ਭੁੱਖੇ ਬੈਠ ਕੇ ਵਾਪਸ ਆਪਣੇ ਘਰਾਂ ਨੂੰ ਜਾ ਮੁੜਦੇ ਹਨ।

ਜੇਕਰ ਬੀਤੇ ਵਰ੍ਹੇ 2014 ਵੱਲ ਝਾਤ ਮਾਰੀਏ ਤਾਂ ਸੂਬੇ ਭਰ ਵਿਚ ਚੱਲ ਰਹੇ ਇਨ੍ਹਾਂ ਆਂਗਣਵਾੜੀ ਸੈਂਟਰਾਂ ਵਿਚ ਮਸਾ ਛੇ ਕੁ ਮਹੀਨੇ ਹੀ ਰਾਸ਼ਨ ਭੇਜਿਆ ਗਿਆ ਹੈ ਤੇ ਸਾਰੇ ਸਾਮਾਨ ਨੂੰ ਇਕੋਂ ਵਾਰ ਨਹੀਂ ਭੇਜਿਆ ਗਿਆ। ਕਦੇ ਇਕੱਲੀ ਕਣਕ ਭੇਜ ਦਿੱਤੀ ਜਾਂਦੀ ਸੀ ਤੇ ਕਦੇ ਚਾਵਲ। ਰਿਪੋਰਟਾਂ ਅਨੁਸਾਰ ਪੰਜਾਬ ਭਰ ਦੇ ਇਨ੍ਹਾਂ ਆਂਗਣਵਾੜੀ ਸੈਂਟਰਾਂ 'ਚ ਆਉਣ ਵਾਲੇ ਬੱਚਿਆਂ ਦੀ ਗਿਣਤੀ ਕਰੀਬ 10 ਲੱਖ ਹੈ ਜਦਕਿ ਗਰਭਵਤੀ ਤੇ ਦੁੱਧ ਪਿਲਾਉਂਦੀਆਂ ਤਕਰੀਬਨ ਪੰਜ ਲੱਖ ਮਾਂਵਾਂ ਨੂੰ ਆਂਗਣਵਾੜੀ ਸੈਂਟਰਾਂ ਵਿਚ ਖ਼ੁਰਾਕ ਦਿੱਤੀ ਜਾਂਦੀ ਹੈ।

ਉਧਰ ਮਿਡ-ਡੇਅ ਮੀਲ ਸਕੀਮ ਦੀ ਜ਼ਿਲ੍ਹਾ ਪੱਧਰੀ ਸਟੀਅਰਿੰਗ-ਕਮ-ਮੌਨੀਟਰਿੰਗ ਕਮੇਟੀ ਦੀ ਮਹੀਨਾਵਾਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਰਾਏ ਨੇ ਕਿਹਾ ਕਿ ਬੇਸ਼ੱਕ ਮਿਡ-ਡੇਅ ਮੀਲ ਲਈ ਆਉਂਦੀ ਸਰਕਾਰੀ ਗ੍ਰਾਂਟ ਵਿਚ ਕੋਈ ਅਗੇਤ-ਪਿਛੇਤ ਹੋ ਸਕਦੀ ਹੈ ਪਰ ਫਿਰ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਿਸੇ ਵੀ ਸਕੂਲ ਨੂੰ ਰਾਸ਼ਨ-ਪਾਣੀ ਵੰਨੀਉ ਊਣਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਕੀਮ ਅਧੀਨ ਜ਼ਿਲ੍ਹੇ ਵਿਚ ਪੈਂਦੇ 502 ਸਕੂਲਾਂ ਨੂੰ ਲੋੜ ਅਨੁਸਾਰ ਹਰ ਮਹੀਨੇ ਅਨਾਜ ਦੀ ਸਪਲਾਈ ਯਕੀਨੀ ਬਣਾਈ ਜਾਵੇ। ਜੇਕਰ ਕਿਸੇ ਸਕੂਲ ਵਿਚ ਘਟੀਆ ਕਿਸਮ ਤੇ ਘੱਟ ਮਾਤਰਾ ਵਿਚ ਅਨਾਜ ਪਾਇਆ ਜਾਂਦਾ ਹੈ ਤਾਂ ਉਸ ਲਈ ਸਬੰਧਤ ਸਕੂਲ ਮੁਖੀ ਤੇ ਮਿਡ-ਡੇਅ ਮੀਲ ਇੰਚਾਰਜ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਬੱਚਿਆਂ ਦੇ ਪੀਣ ਵਾਲੇ ਸਾਫ ਪਾਣੀ ਦਾ ਹੀ ਪ੍ਰਬੰਧ ਹੋਣਾ ਚਾਹੀਦਾ ਹੈ ਤੇ ਸਮੇਂ-ਸਮੇਂ 'ਤੇ ਪਾਣੀ ਵਾਲੀ ਟੈਂਕੀ ਤੇ ਆਰ.ਓ. ਸਿਸਟਮ ਦੀ ਸਾਫ਼-ਸਫਾਈ ਹੋਣੀ ਚਾਹੀਦੀ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਬੱਚਿਆਂ ਦੇ ਹੈਲਥ ਚੈਕਅਪ ਦੇ ਸਿਸਟਮ ਵਿਚ ਸੁਧਾਰ ਕਰਨ ਲਈ ਬੱਚਿਆਂ ਦੇ ਹੈਲਥ ਚੈਕਅਪ ਦਾ ਪ੍ਰੋਗਰਾਮ ਵੀ ਨਿਰਵਿਘਨ ਉਲੀਕਿਆ ਜਾਵੇ।

### ਮਿਡ-ਡੇਅ-ਮੀਲ ਤੇ ਆਂਗਣਵਾੜੀ ਸੈਂਟਰਾਂ ਲਈ ਫੰਡ ਹੀ ਜਾਰੀ ਨਾ ਹੋਇਆ



### ਮਾਸਟਰ ਪੱਲਿਓਂ ਪੈਸਾ ਖਰਚ ਕੇ ਸਾਰ ਰਹੇ ਨੇ ਡੰਗ

ਗ੍ਰਾਂਟ ਨਾ ਆਉਣ ਕਾਰਨ ਮਿਡ-ਡੇਅ ਮੀਲ ਸਕੀਮ ਜਾਰੀ ਰੱਖਣੀ ਅਧਿਆਪਕਾਂ ਲਈ ਸਿਰ ਦਰਦੀ ਬਣਦੀ ਜਾ ਰਹੀ ਹੈ। ਅਧਿਆਪਕ ਇਸ ਸਕੀਮ ਨੂੰ ਜਾਰੀ ਰੱਖਣ ਲਈ ਆਪਣੇ ਪੱਲਿਓਂ ਪੈਸੇ ਖਰਚ ਰਹੇ ਹਨ। ਦੂਜੇ ਪਾਸੇ ਜ਼ਿਲ੍ਹਾ ਅਧਿਕਾਰੀਆਂ ਵਲੋਂ ਇਨ੍ਹਾਂ ਸਕੀਮਾਂ ਨੂੰ ਚੱਲਦਾ ਰੱਖਣ ਲਈ ਅਧਿਆਪਕਾਂ ਨੂੰ ਦਾਬੇ ਮਾਰੇ ਜਾ ਰਹੇ ਹਨ।

ਸਰਕਾਰੀ ਸਕੂਲਾਂ ਵਿਚ ਦੁਪਹਿਰ ਦੇ ਖਾਣੇ ਨੂੰ ਲੈ ਕੇ ਮਾਨਸਾ ਦੇ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਰਾਏ ਨੇ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਦੇ ਖਾਣੇ ਵਿਚ ਸਮਝੌਤਾ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜਿਹੜੇ ਸਕੂਲਾਂ ਵਿਚ ਖਾਣਾ ਪੌਸ਼ਟਿਕਤਾ ਪੱਖੋਂ ਠੀਕ ਨਹੀਂ ਹੋਵੇਗਾ, ਉਨ੍ਹਾਂ ਸਕੂਲ ਮੁਖੀਆਂ ਨਾਲ ਕਿਸੇ ਕਿਸਮ ਦਾ ਲਿਹਾਜ਼ ਨਹੀਂ ਕੀਤਾ ਜਾਵੇਗਾ। ਇਸ ਵੇਲੇ ਸਰਕਾਰੀ ਪ੍ਰਾਇਮਰੀ ਸਕੂਲ ਗੜੱਦੀ, ਦੋਦੜਾ, ਬੱਛੋਆਣਾ, ਵਰ੍ਹੇ, ਸੈਂਟਰ ਸਕੂਲ ਭੀਖੀ, ਭਾਦੜਾ, ਫਰੀਦਕੇ, ਸੰਦਲੀ, ਰੱਲੀ, ਰਾਮਨਗਰ ਭੱਠਲ, ਕਲੀਪੁਰ, ਬਾਜੀਗਰ ਬਸਤੀ ਬੋਹਾ, ਬੋਹਾ, ਮੌਜੋ ਖੁਰਦ, ਅਤਲਾ ਕਲਾਂ, ਮਲਕੋਂ, ਚੱਕ ਭਾਈਕੇ, ਖੀਵਾ ਖੁਰਦ, ਹੀਰੋ ਖੁਰਦ, ਅਲੀਸ਼ੇਰ, ਗੁੜਥੜੀ, ਕਣਕਵਾਲ ਚਹਿਲਾਂ, ਬੀਰੋਕੇ ਕਲਾਂ, ਅਹਿਮਦਪੁਰ, ਸੇਖੂਪੁਰ ਖੁਡਾਲ, ਗਾਂਧੀ ਸਕੂਲ ਮਾਨਸਾ, ਖਾਲਸਾ ਸਕੂਲ, ਕੋਟਲੀ ਕਲਾਂ, ਬੁਢਲਾਡਾ ਤੇ ਝੁਨੀਰ ਤੋਂ ਇਲਾਵਾ ਵੱਖ-ਵੱਖ ਬਲਾਕਾਂ ਵਿਚ ਤਕਰੀਬਨ ਹਰੇਕ ਸਕੂਲ ਦੇ ਅਧਿਆਪਕ ਮਿਡ-ਡੇਅ ਮੀਲ ਨੂੰ ਚਲਾਉਣ ਲਈ ਆਪਣੇ ਕੋਲੋਂ ਭਾਰੀ ਰਾਸ਼ੀ ਖਰਚਣ ਲਈ ਮਜਬੂਰ ਹਨ।

## ਬੰਦੀਆਂ ਦੀ ਰਿਹਾਈ ਲਈ ਲੜਾਈ ਜਾਰੀ ਰੱਖਣ ਦਾ ਅਹਿਦ

**ਚੰਡੀਗੜ੍ਹ:** ਯੂਨਾਈਟਿਡ ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਲੁਧਿਆਣਾ ਵਿਚ ਮਰਨ ਵਰਤ 'ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ (85) ਜੇ ਸ਼ਹੀਦ ਹੋ ਗਏ ਤਾਂ ਉਨ੍ਹਾਂ ਤੋਂ ਬਾਅਦ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਨਜ਼ਦੀਕੀ ਰਹੇ ਕੁਲਵੰਤ ਸਿੰਘ ਮਾਛੀਕੇ (75) ਭੁੱਖ ਹੜਤਾਲ 'ਤੇ ਬੈਠਣਗੇ। ਦਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਨੇ ਕਿਹਾ ਕਿ ਬਾਪੂ ਸੂਰਤ ਸਿੰਘ ਨੇ 16 ਜਨਵਰੀ ਨੂੰ ਆਪਣੇ ਘਰ ਪਿੰਡ ਹਸਨਪੁਰ (ਲੁਧਿਆਣਾ) ਵਿਚ ਬੰਦੀ ਸਿੱਖਾਂ ਦੀ ਰਿਹਾਈ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਸੀ।

ਪੁਲਿਸ ਨੇ ਉਨ੍ਹਾਂ ਦੀ ਹਾਲਤ ਵਿਗੜਨ ਤੋਂ ਬਾਅਦ ਲੁਧਿਆਣਾ ਦੇ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਪਰ ਇਸ ਦੇ ਬਾਵਜੂਦ ਉਨ੍ਹਾਂ ਅੰਨ ਨੂੰ ਮੂੰਹ ਨਾ ਲਾਇਆ। ਦਲ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਇਹ ਲੜੀ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਭਾਈ ਗੁਰਬਖ਼ਸ਼ ਸਿੰਘ ਵਲੋਂ ਮਰਨ ਵਰਤ ਰੱਖਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਬਹੁਤ ਸਮਾਂ ਮਿਲ ਗਿਆ ਹੈ, ਜਿਸ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਜੇਕਰ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਵਿਰੁਧ ਕਈ ਕੇਸ ਚੱਲਣ ਦੇ ਬਾਵਜੂਦ ਉਸ ਦੀ ਗ੍ਰਿਫ਼ਤਾਰੀ ਨਹੀਂ ਹੋਈ ਤਾਂ ਫਿਰ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਨੂੰ ਜੇਲ੍ਹਾਂ ਵਿਚ ਬੰਦ ਰੱਖਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।

ਉਨ੍ਹਾਂ ਸਵਾਲ ਉਠਾਇਆ ਕਿ ਜੇਕਰ ਮੋਦੀ ਸਰਕਾਰ ਹੋਰ ਛੋਟੇ-ਮੋਟੇ ਕਾਰਜਾਂ ਲਈ ਅਦਾਲਤੀ ਫੈਸਲੇ ਉਲਟਾਉਣ ਵਾਸਤੇ ਆਰਡੀਨੈਂਸ ਜਾਰੀ ਕਰ ਸਕਦੀ ਹੈ ਤਾਂ ਫਿਰ ਸਿੱਖਾਂ ਦੇ ਇਸ ਅਹਿਮ ਮੁੱਦੇ ਉਪਰ ਵੀ ਸਰਕਾਰ ਨੂੰ ਆਰਡੀਨੈਂਸ ਜਾਰੀ ਕਰਨ ਵਿਚ ਝਿਜਕ ਨਹੀਂ ਦਿਖਾਉਣੀ ਚਾਹੀਦੀ।

ਆਗੂਆਂ ਨੇ ਦੋਸ਼ ਲਾਇਆ ਕਿ ਪੰਥਕ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਬਾਦਲ ਸਰਕਾਰ ਇਸ ਨਾਜ਼ੁਕ ਮੁੱਦੇ ਉਪਰ ਸੁਹਿਰਦ ਢੰਗ ਨਾਲ ਕੋਈ ਐਕਸ਼ਨ ਲੈਣ ਦੀ ਥਾਂ ਡੰਗ ਟਪਾ ਰਹੀ ਹੈ। ਇਸ ਨੂੰ ਹੁਣ ਸਿੱਖ ਪੰਥ ਬਰਦਾਸ਼ਤ ਨਹੀਂ ਕਰੇਗਾ।

## ਬੈਟਰੀ ਵਾਲੀਆਂ ਕਾਰਾਂ ਦੀ ਸਹੂਲਤ ਮੁੜ ਸ਼ੁਰੂ

**ਅਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਲਈ ਆਉਣ ਵਾਲੇ ਬਜ਼ੁਰਗ ਤੇ ਬਿਮਾਰ ਸ਼ਰਧਾਲੂਆਂ ਲਈ ਪ੍ਰਦੂਸ਼ਣ-ਮੁਕਤ ਬੈਟਰੀ ਵਾਲੀਆਂ ਕਾਰਾਂ ਦੀ ਸਹੂਲਤ ਮੁੜ ਸ਼ੁਰੂ ਹੋ ਗਈ ਹੈ।

ਇਨ੍ਹਾਂ ਕਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਦਖਲ ਤੋਂ ਬਾਅਦ ਜਿਥੇ ਕਸਟਮ ਵਿਭਾਗ ਤੋਂ ਛੁਡਵਾ ਲਿਆ ਗਿਆ ਸੀ ਉਥੇ ਇਹ ਕਾਰਾਂ ਹੁਣ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚ ਗਈਆਂ ਹਨ। ਇਹ ਕਾਰਾਂ ਅਜੇ ਗੁਰੂ ਤੇਗ ਬਹਾਦਰ ਨਿਵਾਸ ਵਿਖੇ ਹੀ ਪਈਆਂ ਹਨ ਕਿਉਂਕਿ ਇਨ੍ਹਾਂ ਨੂੰ ਚਲਾਉਣ ਤੋਂ ਪਹਿਲਾਂ ਸਬੰਧਤ ਕੰਪਨੀ ਦਾ ਵਿਦੇਸ਼ੀ ਇੰਜੀਨੀਅਰ ਇਥੇ ਪਹੁੰਚੇਗਾ ਤੇ ਕਾਰਾਂ ਨੂੰ ਸਹੀ ਢੰਗ ਨਾਲ ਚੱਲਣਯੋਗ ਕਰੇਗਾ।



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਕਾਰਾਂ ਇਥੇ ਪਹੁੰਚ ਗਈਆਂ ਹਨ ਤੇ ਇਨ੍ਹਾਂ ਨੂੰ ਛੇਤੀ ਹੀ ਸੰਗਤਾਂ ਦੀ ਸਹੂਲਤ ਲਈ ਮੁਹੱਈਆ ਕਰਵਾ ਦਿੱਤਾ ਜਾਵੇਗਾ। ਕਾਰਾਂ ਦੀ ਸਹੂਲਤ ਵਿਚ ਹੋਣ ਵਾਲੀ ਦੇਰੀ ਬਾਰੇ ਸ. ਗਰੇਵਾਲ ਨੇ ਕਿਹਾ ਕਿ ਇਨ੍ਹਾਂ ਕਾਰਾਂ ਦੀ ਸੇਵਾ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਵਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਕ ਕਾਰ ਦੀ ਕੀਮਤ ਤਕਰੀਬਨ ਸੱਤ ਲੱਖ ਰੁਪਏ ਹੈ ਅਤੇ ਇਨ੍ਹਾਂ ਨੂੰ ਕੋਈ ਆਮ ਇੰਜੀਨੀਅਰ ਜਾਂ ਮਕੈਨਿਕ ਨਹੀਂ ਚਲਾ ਸਕਦਾ। ਇਸ ਕਰਕੇ ਸਬੰਧਤ ਕੰਪਨੀ ਦਾ ਇੰਜੀਨੀਅਰ ਹੀ ਵਿਦੇਸ਼ ਤੋਂ ਆਵੇਗਾ, ਜਿਸ ਦੇ ਆਉਣ ਤੋਂ ਬਾਅਦ ਕਾਰਾਂ ਨੂੰ ਚੱਲਣਯੋਗ ਕਰਕੇ ਸ਼ਰਧਾਲੂਆਂ ਦੇ ਲਈ ਉਪਲਬਧ ਕਰਵਾ ਦਿੱਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਬੀਤੇ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਉਣ ਵਾਲੇ ਬਜ਼ੁਰਗ ਤੇ ਬੀਮਾਰ ਸ਼ਰਧਾਲੂਆਂ ਦੀ ਸਹੂਲਤ ਲਈ ਪ੍ਰਦੂਸ਼ਣ-ਮੁਕਤ ਬੈਟਰੀ ਵਾਲੀਆਂ ਕਾਰਾਂ ਦੀ ਸਹੂਲਤ ਮੁਹੱਈਆ ਕਰਵਾਈ ਗਈ ਸੀ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਸਹੂਲਤ ਬੰਦ ਹੋ ਗਈ ਸੀ। ਜਿਸ ਤੋਂ ਬਾਅਦ ਵਿਦੇਸ਼ ਤੋਂ ਨਵੀਆਂ ਕਾਰਾਂ ਮੰਗਵਾਈਆਂ ਗਈਆਂ ਸਨ ਤੇ ਹੁਣ ਕਾਰਾਂ ਆਉਣ ਤੋਂ ਬਾਅਦ ਸ਼ਰਧਾਲੂਆਂ ਨੂੰ ਸਹੂਲਤ ਪ੍ਰਦਾਨ ਕਰ ਦਿੱਤੀ ਜਾਵੇਗੀ।


# HSD Trucking Inc.

No Credit - No Truck - No Problem

-We lease truck and trailers with an option to buy.
-Trailers available for rent with first month rent-free.
-$7500 sign in bonus.
-Advance fuel and weekly pay.
-14 years of experience in business.
-Dedicated lanes available to 48 states including Canada all year around.
-24 dispatch available.
-Rate confirmation will be provided for every load.

- ☐ ਅਸੀਂ ਟਰੱਕ ਤੇ ਟਰੇਲਰ ਲੀਜ਼ 'ਤੇ ਦਿੰਦੇ ਹਾਂ ਜੋ ਤੁਸੀਂ ਖਰੀਦ ਵੀ ਸਕਦੇ ਹੋ
- ☐ ਕਿਰਾਏ ਉਪਰ ਟਰੇਲਰ ਲੈਣ 'ਤੇ ਪਹਿਲੇ ਮਹੀਨੇ ਦਾ ਕਿਰਾਇਆ ਫਰੀ
- ☐ $7500 ਸਾਈਨ ਇਨ ਬੋਨਸ
- ☐ ਐਡਵਾਂਸ ਫਿਊਲ ਅਤੇ ਹਰ ਹਫਤੇ ਅਦਾਇਗੀ
- ☐ ਪਿਛਲੇ 14 ਸਾਲ ਤੋਂ ਬਿਜਨਸ ਵਿਚ
- ☐ ਕੈਨੇਡਾ ਸਮੇਤ ਸਾਰਾ ਸਾਲ ਅਮਰੀਕਾ ਦੀਆਂ 48 ਸਟੇਟਾਂ ਵਿਚ ਪੱਕੇ ਰੂਟ ਉਪਲਬਧ
- ☐ 24 ਘੰਟੇ ਡਿਸਪੈਚ
- ☐ ਹਰ ਲੋਡ ਦਾ ਰੇਟ ਪੱਕਾ ਦੱਸਿਆ ਜਾਏਗਾ




Contact: Hardeep Singh 469-478-5966 or Satvir Singh 913-957-2254

# ਵਿਦੇਸ਼ ਉਡਾਰੀ ਵਾਲੇ ਮੁਲਾਜ਼ਮ ਮਾਰਨਗੇ ਇਕ ਹੋਰ ਉਡਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਪੰਜ ਸਾਲਾ ਛੁੱਟੀ ਦੀ ਸਹੂਲਤ ਖਤਮ ਕਰਨ ਪਿੱਛੋਂ ਵਿਦੇਸ਼ ਡੇਰੇ ਲਾਈ ਬੈਠੇ ਅਜਿਹੇ ਮੁਲਾਜ਼ਮਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਇਹ ਮੁਲਾਜ਼ਮ ਹੁਣ ਇਸ ਸਰਕਾਰੀ ਫੁਰਮਾਨ ਦਾ ਤੋੜ ਲੱਭਣ ਵਿਚ ਜੁਟ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਵਿਦੇਸ਼ਾਂ ਵਿਚੋਂ ਆਪਣੇ ਕੰਮਾਂ ਤੋਂ ਛੁੱਟੀ ਲੈ ਕੇ ਵਤਨ ਪਰਤ ਆਏ ਹਨ। ਲੰਮੀ ਛੁੱਟੀ ਦਾ ਅਨੰਦ ਮਾਣਨ ਵਾਲਿਆਂ ਵਲੋਂ ਸਰਕਾਰੀ ਫੈਸਲੇ 'ਤੇ ਰੋਕ ਲਈ ਉਚ ਅਦਾਲਤ ਜਾਣ ਬਾਰੇ ਵੀ ਯੋਜਨਾ ਬਣਾਈ ਜਾ ਰਹੀ ਹੈ। ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਲੰਮੀ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਪੱਕੇ ਰਿਹਾਇਸ਼ੀ (ਪੀ.ਆਰ.) ਬਣੇ ਵਿਅਕਤੀਆਂ ਵਿਚੋਂ ਬਹੁਤੇ ਸੇਵਾਮੁਕਤੀ ਤੱਕ ਦੇ ਸਮੇਂ ਦੀ ਉਡੀਕ ਕਰ ਰਹੇ ਸਨ ਤਾਂ ਜੋ ਜੀਵਨ ਭਰ ਪੰਜਾਬ ਸਰਕਾਰ ਤੋਂ ਪੈਨਸ਼ਨ ਯੋਗ ਹੋ ਸਕਣ ਤੇ ਵਿਦੇਸ਼ਾਂ ਵਿਚੋਂ ਵੀ ਬੁਢਾਪਾ ਪੈਨਸ਼ਨ ਲੈਣ ਦੇ ਯੋਗ ਹੋ ਸਕਣ।

ਇਕੱਲੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਹੀ ਦੋ ਹਜ਼ਾਰ ਤੋਂ ਵੱਧ ਅਜਿਹੇ ਲੋਕ ਹਨ, ਜੋ ਪੰਜਾਬ ਵਿਚ ਵੱਖ-ਵੱਖ ਵਿਭਾਗਾਂ ਵਿਚ ਉਚ ਅਹੁਦਿਆਂ 'ਤੇ ਤਾਇਨਾਤ ਸਨ ਪਰ ਵਿਦੇਸ਼ ਵੱਸਣ ਦਾ ਸੰਜੋਗ ਬਣਨ 'ਤੇ ਉਹ ਲੰਮੀ ਛੁੱਟੀ ਲੈ ਕੇ ਇਥੇ ਆ ਗਏ ਤੇ ਕਈ ਸਾਲਾਂ ਤੋਂ ਇਥੇ ਕੰਮ ਕਰ ਰਹੇ ਸਨ।

### ਪੰਜ ਸਾਲਾ ਛੁੱਟੀ ਦੀ ਸਹੂਲਤ ਲਈ ਅਦਾਲਤ ਦਾ ਸਹਾਰਾ ਲੈਣ ਦੀ ਤਿਆਰੀ




ਇਥੋਂ ਦੀਆਂ ਸਕਿਉਰਿਟੀ ਕੰਪਨੀਆਂ ਵਿਚ ਕਾਮਿਆਂ ਦੀ ਥੁੜ ਹੋਣ ਦਾ ਵੀ ਇਹੀ ਕਾਰਨ ਸਮਝਿਆ ਜਾ ਰਿਹਾ ਹੈ ਕਿਉਂਕਿ ਸੇਵਾਮੁਕਤੀ ਦੇ ਸਾਲਾਂ ਨੂੰ ਢੁਕੇ ਪੰਜਾਬੀਆਂ ਦਾ ਇਹ ਪਸੰਦੀਦਾ ਕੰਮ ਹੈ। ਇੰਜ ਹੀ ਕੈਨੇਡਾ ਦੇ ਹੋਰ ਸੂਬਿਆਂ ਵਿਚ ਵੀ ਤਿੰਨ ਹਜ਼ਾਰ ਹੋਰ ਲੋਕ ਹਨ ਜੋ ਪੰਜਾਬ ਸਰਕਾਰ ਦੀਆਂ ਸਹੂਲਤਾਂ ਦੇ ਨਾਲ-ਨਾਲ ਵਿਦੇਸ਼ ਦਾ ਅਨੰਦ ਵੀ ਮਾਣ ਰਹੇ ਹਨ। ਅਮਰੀਕਾ, ਆਸਟਰੇਲੀਆ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਵੀ ਹਜ਼ਾਰਾਂ ਅਜਿਹੇ ਲੋਕ ਹਨ। ਲੰਮੀ ਛੁੱਟੀ ਦਾ ਅਨੰਦ ਮਾਣਨ ਵਾਲੇ ਇਹ ਲੋਕ ਪੰਜਾਬ ਸਰਕਾਰ ਦੇ ਖ਼ਜ਼ਾਨੇ ਉਤੇ ਵੱਡਾ ਭਾਰ ਹਨ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਮੀਗਰੇਸ਼ਨ ਹਾਸਲ ਕਰਨ ਵਾਲੇ ਅਫ਼ਸਰਾਂ ਤੇ ਮੁਲਾਜ਼ਮਾਂ ਬਾਰੇ ਜਾਂਚ ਦਾ ਕੰਮ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਸੀ। ਵਿਜੀਲੈਂਸ ਨੂੰ ਭ੍ਰਿਸ਼ਟਾਚਾਰ ਦੇ ਕੁਝ ਕੇਸਾਂ ਵਿਚ ਅਫ਼ਸਰਾਂ ਵਲੋਂ ਰਿਸ਼ਵਤਖੋਰੀ ਦੇ ਪੈਸੇ ਨੂੰ ਵਿਦੇਸ਼ ਭੇਜਣ ਤੇ ਫਿਰ ਐਨ.ਆਰ.ਆਈ. ਖਾਤਿਆਂ ਰਾਹੀਂ ਭਾਰਤ ਮੰਗਵਾ ਕੇ ਇਕ ਨੰਬਰ ਦਾ ਬਣਾਉਣ ਦੇ ਤੱਥ ਹਾਸਲ ਹੋਏ ਸਨ। ਵਿਜੀਲੈਂਸ ਵਲੋਂ ਸਾਰੇ ਵਿਭਾਗਾਂ ਤੋਂ ਇਮੀਗਰੇਸ਼ਨ ਦੀ ਜਾਣਕਾਰੀ ਹਾਸਲ ਕਰਨ ਲਈ ਇਕ ਸਾਲ ਤੋਂ ਜਦੋਜਹਿਦ ਕੀਤੀ ਜਾ ਰਹੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਸਬੰਧਤ ਵਿਭਾਗਾਂ ਵਲੋਂ ਬਿਊਰੋ ਨੂੰ ਆਪਣੇ ਮੁਲਾਜ਼ਮਾਂ ਬਾਰੇ ਜਾਣਕਾਰੀ ਦੇਣ ਤੋਂ ਟਾਲਿਆ ਜਾ ਰਿਹਾ ਸੀ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਪੁਲਿਸ ਦੇ ਬਹੁਗਿਣਤੀ ਮੁਲਾਜ਼ਮਾਂ ਤੇ ਅਫ਼ਸਰਾਂ ਵਲੋਂ ਇਮੀਗਰੇਸ਼ਨ ਹਾਸਲ ਕੀਤੇ ਜਾਣ ਦੇ ਤੱਥ ਮੌਜੂਦ ਹਨ ਪਰ ਪੁਲਿਸ ਵਲੋਂ ਵਿਜੀਲੈਂਸ ਨੂੰ ਸੂਚਨਾ ਨਹੀਂ ਦਿੱਤੀ ਜਾ ਰਹੀ। ਪੰਜਾਬ ਦੇ ਪ੍ਰਸੋਨਲ ਵਿਭਾਗ ਨੇ ਦੇਖਿਆ ਹੈ ਕਿ ਇਕ ਪੀ.ਸੀ.ਐਸ. ਅਧਿਕਾਰੀ ਸਮੇਤ ਕਈ ਅਫ਼ਸਰਾਂ ਵਲੋਂ ਛੇ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਦੀ ਵਿਦੇਸ਼ ਛੁੱਟੀ ਹਾਸਲ ਕੀਤੀ ਜਾ ਰਹੀ ਹੈ। ਇਹ ਤੱਥ ਸਾਹਮਣੇ ਆਉਣ ਤੋਂ ਬਾਅਦ ਸਾਰੇ ਅਫ਼ਸਰਾਂ ਨੂੰ ਪ੍ਰਣ ਪੱਤਰ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਪੰਜਾਬ ਵਿਚ ਕੁੱਲ 116 ਵਿਭਾਗ, ਬੋਰਡ ਤੇ ਨਿਗਮ ਹਨ। ਇਨ੍ਹਾਂ ਵਿਚ ਗ੍ਰਹਿ, ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ, ਖੇਤੀਬਾੜੀ ਵਿਭਾਗ, ਸਿੱਖਿਆ ਤੇ ਸਿਹਤ ਵਿਭਾਗ ਆਦਿ ਸ਼ਾਮਲ ਹਨ। ਇਨ੍ਹਾਂ ਵਿਭਾਗਾਂ ਦੇ ਹੀ ਜ਼ਿਆਦਾਤਰ ਮੁਲਾਜ਼ਮਾਂ ਜਾਂ ਅਫ਼ਸਰਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਸੂਚਨਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਮੁਤਾਬਕ ਤਕਰੀਬਨ ਦੋ ਹਜ਼ਾਰ ਅਫ਼ਸਰਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਕੇਂਦਰ ਤੇ ਸੂਬਾ ਸਰਕਾਰ ਦੇ ਨਿਯਮਾਂ ਮੁਤਾਬਕ ਕੋਈ ਵੀ ਕਰਮਚਾਰੀ ਜਾਂ ਅਫ਼ਸਰ ਅਜਿਹਾ ਨਹੀਂ ਕਰ ਸਕਦਾ। ਸੂਤਰਾਂ ਮੁਤਾਬਕ ਵਿਜੀਲੈਂਸ ਨੂੰ ਹੁਣ ਤੱਕ ਤਕਰੀਬਨ 300 ਕਰਮਚਾਰੀਆਂ ਜਾਂ ਅਫ਼ਸਰਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਮੀਗਰੇਸ਼ਨ ਬਾਰੇ ਸੂਚਨਾ ਨਾ ਹੋਣ ਕਾਰਨ ਵਿਜੀਲੈਂਸ ਦੀ ਜਾਂਚ ਦਾ ਕੰਮ ਅੱਗੇ ਨਹੀਂ ਵਧ ਸਕਿਆ। ਪੰਜਾਬ ਸਰਕਾਰ ਨੇ ਇਹ ਸਾਰੇ ਤੱਥ ਸਾਹਮਣੇ ਆਉਣ ਪਿੱਛੋਂ ਮੁਲਾਜ਼ਮਾਂ ਦੀ ਪੰਜ ਸਾਲਾ ਛੁੱਟੀ 'ਤੇ ਰੋਕ ਲਾ ਦਿੱਤੀ ਸੀ।

## ਇੰਗਲੈਂਡ ਦਾ ਚਰਚ ਗੁਰਦੁਆਰੇ ਵਿਚ ਬਦਲਿਆ

**ਸੰਡਰਲੈਂਡ (ਇੰਗਲੈਂਡ):** ਇਥੋਂ ਦੇ ਸ਼ਾਨਦਾਰ ਵਿਕਟੋਰੀਅਨ ਚਰਚ ਨੇ ਆਪਣਾ ਧਰਮ ਬਦਲ ਲਿਆ ਹੈ। ਇਸ ਚਰਚ ਨੇ ਦੋ ਲੱਖ ਪੌਂਡ ਵਿਚ ਗੁਰਦੁਆਰੇ ਦਾ ਰੂਪ ਧਾਰ ਲਿਆ ਹੈ। ਇਹ ਚਰਚ ਕਈ ਸਾਲਾਂ ਤੋਂ ਖਾਲੀ ਪਿਆ ਸੀ ਤੇ ਇਥੇ ਕੋਈ ਵੀ ਸ਼ਰਧਾਲੂ ਦਸਤਕ ਨਹੀਂ ਸੀ ਦਿੰਦਾ। ਸਾਲ 2000 ਵਿਚ ਸੰਦਰਲੈਂਡ ਸ਼ਹਿਰ ਵਿਚ ਪੈਂਦੇ ਇਸ ਚਰਚ ਜਾਂ ਗਿਰਜੇ ਨੂੰ ਦੂਜੇ ਦਰਜੇ ਦੇ ਗਿਰਜੇ ਵਜੋਂ ਸੂਚੀਬੱਧ ਕੀਤਾ ਗਿਆ ਸੀ।

ਉਦੋਂ ਇਸ ਨੂੰ ਵੇਚ ਦਿੱਤਾ ਗਿਆ ਸੀ ਤੇ ਬਾਅਦ ਵਿਚ ਸਿੱਖਾਂ ਨੇ ਇਸ ਨੂੰ ਖਰੀਦ ਲਿਆ। ਇੰਗਲਿਸ਼ ਲਾਟਰੀ ਦੇ ਪੈਸੇ ਦੀ ਮਦਦ ਨਾਲ ਇਸ ਨੂੰ ਨਵੇਂ ਧਰਮ ਅਸਥਾਨ ਯਾਨਿ ਗੁਰਦੁਆਰੇ ਵਿਚ ਬਦਲਿਆ ਗਿਆ ਹੈ। ਸੰਦਰਲੈਂਡ ਸਿੱਖ ਐਸੋਸੀਏਸ਼ਨ ਨੇ ਇਸ ਇਮਾਰਤ ਦੀ ਮੁਰੰਮਤ 'ਤੇ ਇਕ ਸਾਲ ਦਾ ਸਮਾਂ ਲਾਇਆ ਤੇ ਇਸ ਨੂੰ ਪੁਰਾਣੀ ਦਿੱਖ ਦਿੱਤੀ। ਸੰਦਰਲੈਂਡ ਸਿੱਖ ਐਸੋਸੀਏਸ਼ਨ ਦੇ ਨੁਮਾਇੰਦੇ ਮਨਜੀਤ ਸਿੰਘ ਚੀਮਾ ਨੇ ਦੱਸਿਆ ਕਿ ਗਿਰਜੇ ਵਿਚੋਂ ਸ਼ੀਸ਼ੇ ਦੀ ਤਾਕੀ ਨੂੰ ਅੱਠ ਸਾਲ ਪਹਿਲਾਂ ਹਟਾ ਦਿੱਤਾ ਗਿਆ ਸੀ ਪਰ ਉਨ੍ਹਾਂ ਇਸ ਨੂੰ ਮੁੜ ਪੁਰਾਣੀ ਥਾਂ ਲਾ ਦਿੱਤਾ ਹੈ।

### ਸਿੱਖਾਂ ਨੇ ਚਿਰਾਂ ਤੋਂ ਖਾਲੀ ਪਿਆ ਸੰਡਰਲੈਂਡ ਦਾ ਵਿਕਟੋਰੀਅਨ ਚਰਚ ਖਰੀਦਿਆ

## ਸੀ.ਬੀ.ਆਈ. ਵਲੋਂ ਡੇਰਾ ਮੁਖੀ ਦੇ ਪਿੰਡ 'ਚ ਪੁੱਛ ਪੜਤਾਲ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਵਲੋਂ ਸੈਂਕੜੇ ਸਾਧੂਆਂ ਨੂੰ ਜਬਰੀ ਨਿਪੁੰਸਕ ਬਣਾਏ ਜਾਣ ਦੇ ਮਾਮਲੇ ਦੀ ਜਾਂਚ ਕਰ ਰਹੀ ਸੀ.ਬੀ.ਆਈ. ਨੇ ਰਾਜਸਥਾਨ ਵਿਚਲੇ ਉਸ ਦੇ ਜੱਦੀ ਪਿੰਡ ਗੁਰੂਸਰ ਮੋਡੀਆ ਦਾ ਪਲੇਠਾ ਦੌਰਾ ਮੁਕੰਮਲ ਕਰ ਲਿਆ ਹੈ। ਸੀ.ਬੀ.ਆਈ. ਕ੍ਰਾਈਮ ਬਰਾਂਚ ਦਿੱਲੀ ਦੇ ਇੰਸਪੈਕਟਰ ਅਰਵਿੰਦ ਕੁਮਾਰ ਦੀ ਅਗਵਾਈ ਵਿਚ ਦੋ ਮੈਂਬਰੀ ਟੀਮ ਵਲੋਂ ਇਸ ਸੰਖੇਪ ਪਰ ਅਹਿਮ ਦੌਰੇ ਦੌਰਾਨ ਪਿੰਡ ਵਿਚਲੇ ਸ਼ਾਹ ਸਤਨਾਮ ਜਨਰਲ ਹਸਪਤਾਲ ਦੇ ਕੁਝ ਡਾਕਟਰਾਂ, ਹੋਰ ਸਟਾਫ਼ ਤੇ ਆਸ-ਪਾਸ ਦੇ ਲੋਕਾਂ ਨਾਲ ਗੱਲਬਾਤ ਕੀਤੀ ਗਈ। ਸੀ.ਬੀ.ਆਈ. ਵਲੋਂ ਸਾਬਕਾ ਤੇ ਨਿਪੁੰਸਕ ਬਣੇ/ਬਣਾਏ ਗਏ ਪੀੜਤ ਡੇਰਾ ਪ੍ਰੇਮੀਆਂ ਤੋਂ ਕੀਤੀ ਜਾ ਰਹੀ ਇਸ ਪੁੱਛ-ਪੜਤਾਲ ਦਾ ਆਧਾਰ



166 ਜਣਿਆਂ ਦੀ ਸੂਚੀ ਨੂੰ ਮੰਨਿਆ ਜਾ ਰਿਹਾ ਹੈ।

ਇਹ ਸੂਚੀ ਡੇਰਾ ਮੁਖੀ ਖਿਲਾਫ ਸ਼ਿਕਾਇਤਕਰਤਾ ਵਲੋਂ ਬਾਕਾਇਦਾ ਹਾਈਕੋਰਟ ਦੇ ਰਿਕਾਰਡ 'ਤੇ ਵੀ ਲਿਆਂਦੀ ਜਾ ਚੁੱਕੀ ਹੈ। ਦਿਲਚਸਪ ਗੱਲ ਇਹ ਹੈ ਕਿ ਕੁੱਲ 166 ਨਿਪੁੰਸਕ ਸਾਧੂਆਂ ਦੀ ਇਸ ਸੂਚੀ ਵਿਚ ਸਭ ਤੋਂ ਵੱਧ 68 ਜਣੇ ਪੰਜਾਬ ਖ਼ਾਸਕਰ ਜੱਟ-ਸਿੱਖ ਪਰਿਵਾਰਾਂ ਨਾਲ ਸਬੰਧਤ ਹਨ ਤੇ ਬਾਕੀ ਹਰਿਆਣਾ, ਉਤਰ-ਪ੍ਰਦੇਸ਼, ਰਾਜਸਥਾਨ ਤੇ ਦਿੱਲੀ ਆਦਿ ਤੋਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵਧ ਸੰਗਰੂਰ ਜ਼ਿਲ੍ਹੇ ਵਿਚੋਂ 24, ਬਠਿੰਡਾ ਜ਼ਿਲ੍ਹੇ ਵਿਚੋਂ 13 ਤੇ ਮੁਕਤਸਰ ਜ਼ਿਲ੍ਹੇ ਵਿਚੋਂ 12 ਜਣਿਆਂ ਦੇ ਨਾਂ ਤੇ ਹੋਰ ਵੇਰਵੇ ਇਸ ਸੂਚੀ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਘੱਟੋ-ਘੱਟ ਮੈਟ੍ਰਿਕ ਪਾਸ ਹਨ। ਇਨ੍ਹਾਂ ਦੇ ਡੇਰੇ ਦੇ ਸੰਪਰਕ ਵਿਚ ਆਉਣ ਦਾ ਸਮਾਂ ਵੀ ਸਾਲ 2000 ਤੋਂ ਪਹਿਲਾਂ ਦਾ ਦੱਸਿਆ ਜਾ ਰਿਹਾ ਹੈ। ਪੀੜਤ ਪਟੀਸ਼ਨਰ ਦੇ ਇਨ੍ਹਾਂ ਦਲੀਲਾਂ ਵਾਲੇ ਕੇਸ 'ਤੇ ਹੀ ਹਾਈਕੋਰਟ ਵਲੋਂ ਲੰਘੀ 23 ਦਸੰਬਰ ਨੂੰ ਹੀ ਮਾਮਲੇ ਦੀ ਸਮੁੱਚੀ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਗਈ। ਸੀ.ਬੀ.ਆਈ. ਵਲੋਂ ਇਸ ਜਾਂਚ ਦੀ ਪਲੇਠੀ ਸਟੇਟਸ ਰਿਪੋਰਟ ਆਉਂਦੀ ਦੋ ਮਾਰਚ ਤੱਕ ਹਾਈਕੋਰਟ ਨੂੰ ਸੌਂਪੀ ਜਾਣੀ ਹੈ।

## ਸਾਬਕਾ ਵਿਧਾਇਕ ਪਏ ਖਜ਼ਾਨੇ ਉਤੇ ਭਾਰੂ

**ਬਠਿੰਡਾ:** ਸਰਕਾਰੀ ਖਜ਼ਾਨੇ ਨੂੰ ਮੌਜੂਦਾ ਨਾਲੋਂ ਸਾਬਕਾ ਵਿਧਾਇਕਾਂ ਦਾ ਇਲਾਜ ਕਾਫ਼ੀ ਮਹਿੰਗਾ ਪੈ ਰਿਹਾ ਹੈ। ਪਿਛਲੇ ਅੱਠ ਵਰ੍ਹਿਆਂ (2007-08 ਤੋਂ 2014-15) ਦੌਰਾਨ ਸਾਬਕਾ ਵਿਧਾਇਕਾਂ ਦੇ ਇਲਾਜ ਦਾ ਖਰਚਾ ਤਕਰੀਬਨ ਦਸ ਗੁਣਾ ਵਧ ਗਿਆ ਹੈ। ਸਾਬਕਾ ਵਿਧਾਇਕਾਂ ਦਾ ਇਲਾਜ ਖਜ਼ਾਨੇ ਨੂੰ ਪੌਣੇ ਤਕਰੀਬਨ ਛੇ ਕਰੋੜ ਵਿਚ ਪਿਆ ਹੈ। ਵਿਧਾਨ ਸਭਾ ਸਕੱਤਰੇਤ ਨੂੰ ਸਾਬਕਾ ਵਿਧਾਇਕਾਂ ਲਈ ਹੁਣ ਵਾਧੂ ਬਜਟ ਲੈਣਾ ਪੈਂਦਾ ਹੈ। ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪਰਿਵਾਰ ਦਾ ਇਲਾਜ ਸਰਕਾਰੀ ਖ਼ਜ਼ਾਨੇ ਨੂੰ ਸਭ ਤੋਂ ਮਹਿੰਗਾ ਪਿਆ ਹੈ।

ਬਰਾੜ ਪਰਿਵਾਰ ਦੇ ਮੈਡੀਕਲ ਬਿੱਲਾਂ ਦਾ ਖਰਚਾ ਹੁਣ ਬਾਦਲ ਪਰਿਵਾਰ ਦੇ ਮੈਡੀਕਲ ਖਰਚੇ ਤੋਂ ਵੱਧ ਗਿਆ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ ਸਾਲ 2007-09 ਵਿਚ 11.05 ਲੱਖ ਰੁਪਏ ਖਰਚ ਆਏ ਸਨ ਜਦਕਿ ਸਾਲ 2013-14 ਵਿਚ ਇਹ ਇਲਾਜ ਖਰਚਾ ਵਧ ਕੇ 1.12 ਕਰੋੜ ਹੋ ਗਿਆ ਹੈ। ਮੌਜੂਦਾ ਚਾਲੂ ਮਾਲੀ ਦੌਰਾਨ ਇਹ ਇਲਾਜ ਖਰਚਾ 93 ਲੱਖ ਤੱਕ ਪੁੱਜ ਗਿਆ ਹੈ।

ਪੰਜਾਬ ਦੇ 56 ਸਾਬਕਾ ਵਿਧਾਇਕ ਅਜਿਹੇ ਹਨ, ਜਿਨ੍ਹਾਂ ਦੇ ਇਲਾਜ 'ਤੇ ਪਿਛਲੇ ਅੱਠ ਵਰ੍ਹਿਆਂ ਦੌਰਾਨ ਇਕ-ਇਕ ਲੱਖ ਰੁਪਏ ਤੋਂ ਜ਼ਿਆਦਾ ਦਾ ਖਰਚ ਆਇਆ ਹੈ। ਸਾਬਕਾ ਵਿਧਾਇਕ ਮਰਹੂਮ ਕੰਵਰਜੀਤ ਸਿੰਘ ਬਰਾੜ ਦਾ ਕਾਫ਼ੀ ਸਮਾਂ ਵਿਦੇਸ਼ ਵਿਚ ਇਲਾਜ ਚੱਲਿਆ, ਜਿਸ 'ਤੇ 3.43 ਕਰੋੜ ਰੁਪਏ ਖਰਚਾ ਹੋਇਆ। ਬਰਾੜ ਪਰਿਵਾਰ ਵਿਚੋਂ ਹੀ ਸਾਬਕਾ ਵਿਧਾਇਕ ਗੁਰਬਿੰਦਰ ਕੌਰ ਬਰਾੜ ਦਾ ਇਲਾਜ ਖਰਚ 20.62 ਲੱਖ ਰੁਪਏ ਰਿਹਾ ਹੈ। ਇਸ ਵਿਧਾਇਕਾ ਦੀ ਲੜਕੀ ਬਬਲੀ ਬਰਾੜ ਦੇ ਇਲਾਜ 'ਤੇ 16.22 ਲੱਖ ਰੁਪਏ ਖਰਚ ਆਏ। ਬਰਾੜ ਪਰਿਵਾਰ ਵਿਚੋਂ ਮੌਜੂਦਾ ਵਿਧਾਇਕਾ ਕਰਨ ਕੌਰ ਦੇ ਨਾਮ 'ਤੇ ਸਾਲ 2011-12 ਅਤੇ 2012-13 ਵਿਚ 92.57 ਲੱਖ ਦੀ ਰਾਸ਼ੀ ਜਾਰੀ ਕੀਤੀ ਗਈ। ਮੁੱਖ ਮੰਤਰੀ ਪੰਜਾਬ ਦੇ ਪਰਿਵਾਰ ਦਾ ਮੈਡੀਕਲ ਖਰਚ 3.59 ਕਰੋੜ ਸੀ ਪਰ ਬਰਾੜ ਪਰਿਵਾਰ ਦਾ ਮੈਡੀਕਲ ਖਰਚ ਹੁਣ ਇਸ ਨਾਲੋਂ ਜ਼ਿਆਦਾ ਵਧ ਗਿਆ ਹੈ। ਨਿਯਮਾਂ ਅਨੁਸਾਰ ਸਾਬਕਾ ਵਿਧਾਇਕ ਤੇ ਉਸ ਦੇ ਵਾਰਸਾਂ ਦਾ ਇਲਾਜ ਸਰਕਾਰੀ ਖਰਚੇ 'ਤੇ ਹੁੰਦਾ ਹੈ।

ਸਾਬਕਾ ਕਾਂਗਰਸੀ ਵਿਧਾਇਕ ਜਸਵੀਰ ਸਿੰਘ ਸੰਗਰੂਰ ਦਾ ਪ੍ਰਤੀਕਰਮ ਸੀ ਕਿ ਕਾਫ਼ੀ ਸਾਬਕਾ ਵਿਧਾਇਕ ਇਸ ਵੇਲੇ ਬੁਢਾਪੇ ਵਿਚ ਹਨ, ਜਿਸ ਕਰਕੇ ਉਨ੍ਹਾਂ ਦੇ ਇਲਾਜ ਖਰਚ ਵਿਚ ਵਾਧਾ ਹੋਇਆ ਹੈ। ਮੌਜੂਦਾ ਵਿਧਾਇਕ ਉਮਰ ਦੇ ਲਿਹਾਜ਼ ਨਾਲ ਤਕੜੇ ਹਨ ਜਿਸ ਕਰਕੇ ਉਨ੍ਹਾਂ ਦਾ ਮੈਡੀਕਲ ਖਰਚ ਘੱਟ ਹੁੰਦਾ ਹੈ।

ਸਰਕਾਰੀ ਵੇਰਵਿਆਂ ਅਨੁਸਾਰ ਮਰਹੂਮ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਭੱਠਲ ਦਾ ਇਲਾਜ ਖਰਚ 7.60 ਲੱਖ ਰੁਪਏ ਤੇ ਰਾਜਮਹਿੰਦਰ ਸਿੰਘ ਮਜੀਠਾ ਦਾ ਮੈਡੀਕਲ ਖਰਚ 5.67 ਲੱਖ ਰੁਪਏ ਰਿਹਾ ਅਤੇ ਸਾਬਕਾ ਵਿਧਾਇਕ ਉਪਿੰਦਰਜੀਤ ਕੌਰ ਦਾ ਮੈਡੀਕਲ ਖਰਚ 4.35 ਲੱਖ ਰੁਪਏ। ਦੂਜੇ ਪਾਸੇ ਸਾਲ 2011-12 ਵਿਚ ਤਤਕਾਲੀ ਵਿਧਾਇਕਾਂ ਦਾ ਮੈਡੀਕਲ ਖਰਚ 18.15 ਲੱਖ ਰੁਪਏ ਆਇਆ ਜਦਕਿ ਸਾਬਕਾ ਵਿਧਾਇਕਾਂ 'ਤੇ ਇਕ ਸਾਲ 'ਚ 75 ਲੱਖ ਰੁਪਏ ਖਰਚ ਹੋਏ। ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਮਿਸ਼ਰਾ ਨੇ ਆਖਿਆ ਕਿ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਲਈ ਮੈਡੀਕਲ ਖਰਚ ਦੀ ਕੋਈ ਸੀਮਾ ਨਹੀਂ ਹੈ। ਸਿਹਤ ਵਿਭਾਗ ਵਲੋਂ ਪਾਸ ਕੀਤੇ ਬਿੱਲਾਂ ਦੀ ਅਦਾਇਗੀ ਸਕੱਤਰੇਤ ਵਲੋਂ ਕੀਤੀ ਜਾਂਦੀ ਹੈ। ਸਿਹਤ ਵਿਭਾਗ ਨਿਯਮ ਅਨੁਸਾਰ ਮੈਡੀਕਲ ਬਿੱਲ ਪਾਸ ਕਰਦਾ ਹੈ ਤੇ ਹਰ ਸਾਲ ਪਿਛਲੇ ਖਰਚੇ ਤੋਂ ਅਨੁਮਾਨ ਲਗਾ ਕੇ ਮੈਡੀਕਲ ਦਾ ਬਜਟ ਪੰਜ ਤੋਂ 10 ਫੀਸਦੀ ਵਧਾ ਕੇ ਸਰਕਾਰ ਤੋਂ ਲਿਆ ਜਾਂਦਾ ਹੈ।

### ਮਰਹੂਮ ਵਿਧਾਇਕਾਂ ਦੇ ਪਰਿਵਾਰ ਵੀ ਬਣੇ ਬੋਝ

ਕਈ ਸਾਬਕਾ ਵਿਧਾਇਕ ਜਹਾਨੋਂ ਚਲੇ ਗਏ ਹਨ ਤੇ ਸਰਕਾਰੀ ਖਰਚੇ 'ਤੇ ਉਨ੍ਹਾਂ ਦੇ ਪਰਿਵਾਰਾਂ ਦਾ ਇਲਾਜ ਚੱਲ ਰਿਹਾ ਹੈ। ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਦੀ ਪਤਨੀ ਗੁਰਇਕਬਾਲ ਕੌਰ ਦੇ ਇਲਾਜ ਦਾ 24.35 ਲੱਖ ਦਾ ਖਰਚਾ ਸਰਕਾਰ ਨੇ ਝੱਲਿਆ ਹੈ ਜਦਕਿ ਪ੍ਰਕਾਸ਼ ਸਿੰਘ ਦੇ ਇਲਾਜ 'ਤੇ 6.21 ਲੱਖ ਰੁਪਏ ਵੱਖਰੇ ਖਰਚ ਆਏ। ਇਵੇਂ ਸਾਬਕਾ ਵਿਧਾਇਕ ਰਮੇਸ਼ ਚੰਦਰ ਡੋਗਰਾ ਤੇ ਉਸ ਦੀ ਪਤਨੀ ਸੁਰਿੰਦਰ ਡੋਗਰਾ ਦੇ ਇਲਾਜ ਦਾ ਖਰਚਾ 26.54 ਲੱਖ ਰੁਪਏ ਸਰਕਾਰ ਨੇ ਤਾਰਿਆ। ਲੰਘੇ ਅੱਠ ਵਰ੍ਹਿਆਂ ਦੌਰਾਨ 15 ਸਾਬਕਾ ਵਿਧਾਇਕਾਂ ਦੀਆਂ ਪਤਨੀਆਂ ਦਾ ਇਲਾਜ ਸਰਕਾਰੀ ਖਰਚੇ 'ਤੇ ਹੋਇਆ ਹੈ। ਹਰ ਮਹਿਲਾ ਦੇ ਇਲਾਜ 'ਤੇ ਡੇਢ ਲੱਖ ਤੋਂ ਜ਼ਿਆਦਾ ਖਰਚਾ ਆਇਆ ਹੈ। ਸਾਬਕਾ ਵਿਧਾਇਕ ਹਰਗੋਪਾਲ ਸਿੰਘ ਦੇ ਇਲਾਜ ਖਰਚ 20.87 ਲੱਖ ਵੀ ਸਰਕਾਰੀ ਖਜ਼ਾਨੇ ਵਿਚੋਂ ਤਾਰਿਆ ਗਿਆ ਹੈ ਜਦਕਿ ਸਾਬਕਾ ਵਿਧਾਇਕ ਗੁਰਚਰਨ ਸਿੰਘ ਗਾਲਿਬ ਦੇ ਇਲਾਜ 'ਤੇ ਵੀ ਸਰਕਾਰ ਨੇ 10.58 ਲੱਖ ਰੁਪਏ ਖਰਚ ਕੀਤੇ। ਸਾਬਕਾ ਵਿਧਾਇਕ ਰਣਜੀਤ ਸਿੰਘ ਬਾਲੀਆ ਨੂੰ 10.20 ਲੱਖ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਦੇ 9 ਲੱਖ ਦੇ ਮੈਡੀਕਲ ਬਿੱਲ ਦੀ ਅਦਾਇਗੀ ਵੀ ਕੀਤੀ ਗਈ ਹੈ।

## ਡਰੱਗ ਕੇਸ ਵਿਚ ਭੋਲਾ ਦੀ ਜ਼ਮਾਨਤ ਅਰਜ਼ੀ 'ਤੇ ਬਹਿਸ ਮੁੜ ਟਲੀ



**ਪਟਿਆਲਾ (ਬਿਊਰੋ):** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਚਲਾਏ ਜਾ ਰਹੇ ਕੇਸ ਵਿਚੋਂ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਦੀ ਜ਼ਮਾਨਤ ਬਾਰੇ ਦਾਇਰ ਅਰਜ਼ੀ 'ਤੇ ਬਹਿਸ ਦੀ ਪ੍ਰਕਿਰਿਆ ਅੱਗੇ ਨਹੀਂ ਵਧ ਸਕੀ। ਕੁਝ ਤਕਨੀਕੀ ਕਾਰਨਾਂ ਕਰਕੇ ਇਸ ਮਾਮਲੇ 'ਤੇ ਸੁਣਵਾਈ ਹੁਣ ਦੋ ਮਾਰਚ ਤੱਕ ਟਲ ਗਈ ਹੈ। ਸੁਣਵਾਈ ਦੌਰਾਨ ਈ.ਡੀ. ਅਧਿਕਾਰੀ ਨਿਰੰਜਣ ਸਿੰਘ ਤੇ ਉਨ੍ਹਾਂ ਦੀ ਟੀਮ ਸਮੇਤ ਭੋਲਾ ਦੇ ਵਕੀਲ ਐਡਵੋਕੇਟ ਸਤੀਸ਼ ਕਰਕਰਾ ਵੀ ਅਦਾਲਤ ਵਿਚ ਪੁੱਜੇ ਹੋਏ ਸਨ।

ਈ.ਡੀ. ਵਲੋਂ ਭੋਲਾ ਖ਼ਿਲਾਫ਼ ਕਰੋੜਾਂ ਰੁਪਏ ਦੀ ਜਾਇਦਾਦ ਬਣਾਉਣ ਦੇ ਚਲਾਏ ਜਾ ਰਹੇ ਇਸ ਕੇਸ ਵਿਚੋਂ ਜ਼ਮਾਨਤ ਵਾਸਤੇ ਕੁਝ ਮਹੀਨੇ ਪਹਿਲਾਂ ਦਾਇਰ ਕੀਤੀ ਅਰਜ਼ੀ 'ਤੇ ਪਿਛਲੇ ਮਹੀਨੇ ਸੁਣਵਾਈ ਸ਼ੁਰੂ ਹੋਈ ਸੀ।

ਪਹਿਲੀ ਪੇਸ਼ੀ 'ਤੇ ਕੇਸ ਦੇ ਮੁੱਖ ਜਾਂਚ ਅਧਿਕਾਰੀ ਨਿਰੰਜਣ ਸਿੰਘ ਤਬਾਦਲਾ ਹੋਣ ਕਾਰਨ ਨਾ ਆ ਸਕੇ ਤੇ ਅਗਲੀ ਪੇਸ਼ੀ ਮੌਕੇ ਈ.ਡੀ. ਦੇ ਇਕ ਹੋਰ ਅਧਿਕਾਰੀ ਨੂੰ ਰੁਝੇਵਾਂ ਹੋ ਗਿਆ ਸੀ।

ਪਿਛਲੀ ਪੇਸ਼ੀ 'ਤੇ ਭਾਵੇਂ ਅਰਜ਼ੀ ਉਤੇ ਬਹਿਸ ਸ਼ੁਰੂ ਹੋ ਗਈ ਸੀ ਪਰ ਈ.ਡੀ. ਨੇ ਕੁਝ ਦਸਤਾਵੇਜ਼ ਪੇਸ਼ ਕਰਨ ਲਈ ਸੁਣਵਾਈ ਅੱਗੇ ਪਾਉਣ ਦੀ ਬੇਨਤੀ ਕੀਤੀ ਸੀ। ਹੁਣ ਇਕ ਹੋਰ ਤਕਨੀਕੀ ਕਾਰਨ ਸੁਣਵਾਈ ਅੱਗੇ ਨਹੀਂ ਵਧ ਸਕੀ।

# ਡਾਢਿਆਂ ਅੱਗੇ ਡਾਢਾ ਬੇਵੱਸ ਹੋਇਆ ਪਾਵਰਕੌਮ

**ਬਠਿੰਡਾ:** ਪਾਵਰਕੌਮ ਵਲੋਂ ਬਿਜਲੀ ਚੋਰੀ ਰੋਕਣ ਲਈ ਵਿੱਢੀ ਮੁਹਿੰਮ ਦੇ ਪੰਜਾਬ ਦੇ ਮੰਤਰੀਆਂ, ਵਿਧਾਇਕਾਂ ਤੇ ਆਈ.ਪੀ.ਐਸ. ਅਫਸਰਾਂ ਨੇ ਪੈਰ ਨਹੀਂ ਲੱਗਣ ਦਿੱਤੇ। ਪਾਵਰਕੌਮ ਸਭ ਕੁਝ ਜਾਣਦੇ ਹੋਏ ਵੀ ਇਨ੍ਹਾਂ 'ਵੱਡਿਆਂ' ਨੂੰ ਹੱਥ ਪਾਉਣ ਦੀ ਹਿੰਮਤ ਨਹੀਂ ਕਰ ਰਿਹਾ। ਦੂਜੇ ਪਾਸੇ ਲੋਕਾਂ ਦੇ ਵਿਰੋਧ ਦੇ ਬਾਵਜੂਦ ਬਿਜਲੀ ਚੋਰੀ ਰੋਕਣ ਲਈ ਮੀਟਰ ਘਰਾਂ ਤੋਂ ਬਾਹਰ ਕੱਢਣ ਦੀ ਮੁਹਿੰਮ ਵਿੱਢੀ ਹੋਈ ਹੈ। ਵੇਰਵਿਆਂ ਮੁਤਾਬਕ ਪਾਵਰਕੌਮ ਨੇ ਪੇਂਡੂ ਖੇਤਰ ਵਿਚੋਂ ਬਿਜਲੀ ਮੀਟਰ ਘਰਾਂ ਵਿਚੋਂ ਬਾਹਰ ਕੱਢਣ ਵਾਸਤੇ ਰੂਰਲ ਇਲੈਕਟ੍ਰੀਫਿਕੇਸ਼ਨ ਕਾਰਪੋਰੇਸ਼ਨ ਤੋਂ ਦੋ ਕਿਸ਼ਤਾਂ ਵਿਚ 1700 ਕਰੋੜ ਰੁਪਏ ਦਾ ਕਰਜ਼ ਚੁੱਕਿਆ ਹੈ। ਪੰਜਾਬ 'ਚ ਘਰੇਲੂ ਤੇ ਵਪਾਰਕ ਵਰਗ ਦੇ ਕਰੀਬ 68 ਲੱਖ ਬਿਜਲੀ ਕੁਨੈਕਸ਼ਨ ਹਨ, ਜਿਨ੍ਹਾਂ 'ਚੋਂ 40 ਲੱਖ ਕੁਨੈਕਸ਼ਨ ਪੇਂਡੂ ਖੇਤਰ ਵਿਚ ਹਨ।


ਪਾਵਰਕੌਮ ਨੇ ਸੂਚਨਾ ਅਧਿਕਾਰ ਤਹਿਤ ਬਿਜਲੀ ਮੀਟਰਾਂ ਦੇ ਕੁਝ ਵੇਰਵੇ ਤਾਂ ਦਿੱਤੇ ਹਨ ਪਰ ਬਹੁਤੇ ਦਫ਼ਤਰਾਂ ਨੇ ਸਿਆਸੀ ਲੋਕਾਂ ਤੇ ਅਫ਼ਸਰਾਂ ਦੀ ਸੂਚਨਾ ਦੇਣ ਤੋਂ ਪਾਸਾ ਵੱਟ ਲਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਪਿੰਡ ਬਾਦਲ ਵਿਚ ਤਕਰੀਬਨ 149 ਕਿੱਲੋਵਾਟ ਦਾ ਬਿਜਲੀ ਕੁਨੈਕਸ਼ਨ ਹੈ। ਪਿੰਡ ਬਾਦਲ ਵਿਚ ਘਰੇਲੂ ਬਿਜਲੀ ਦੇ 703 ਬਿਜਲੀ ਕੁਨੈਕਸ਼ਨ ਹਨ ਤੇ ਪੂਰੇ ਪਿੰਡ ਦੇ ਬਿਜਲੀ ਮੀਟਰ ਘਰਾਂ ਤੋਂ ਬਾਹਰ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਬਿਜਲੀ ਮੀਟਰ ਘਰ ਤੋਂ ਬਾਹਰ ਹੈ ਪਰ ਕੈਬਨਿਟ ਵਜ਼ੀਰ ਸਿਕੰਦਰ ਸਿੰਘ ਮਲੂਕਾ ਦੇ ਜੱਦੀ ਪਿੰਡ ਮਲੂਕਾ ਵਿਚ ਪਾਵਰਕੌਮ ਨੇ ਬਿਜਲੀ ਮੀਟਰ ਬਾਹਰ ਕੱਢਣ ਦੀ ਮੁਹਿੰਮ ਸ਼ੁਰੂ ਨਹੀਂ ਕੀਤੀ।

ਸਰਕਾਰੀ ਸੂਚਨਾ ਅਨੁਸਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਜਲੀ ਮੀਟਰ ਉਨ੍ਹਾਂ ਦੇ ਪਟਿਆਲਾ ਵਿਚਲੀ ਰਿਹਾਇਸ਼ ਮੋਤੀ ਮਹਿਲ ਦੇ ਅੰਦਰ ਹੀ ਲੱਗੇ ਹੋਏ ਹਨ। ਪਾਵਰਕੌਮ ਦੇ ਤਕਰੀਬਨ 11 ਕੁਨੈਕਸ਼ਨ ਮੋਤੀ ਮਹਿਲ ਵਿਚ ਚੱਲ ਰਹੇ ਹਨ। ਮੋਤੀ ਮਹਿਲ ਦੇ ਨੇੜੇ ਹੀ ਵਿਧਾਇਕ ਬ੍ਰਹਮ ਮਹਿੰਦਰਾ ਦੀ ਰਿਹਾਇਸ਼ ਹੈ, ਜਿਨ੍ਹਾਂ ਦਾ ਬਿਜਲੀ ਮੀਟਰ ਕੁਝ ਸਮਾਂ ਪਹਿਲਾਂ ਹੀ ਰਿਹਾਇਸ਼ ਤੋਂ ਬਾਹਰ ਕੱਢਿਆ ਗਿਆ ਹੈ। ਭਾਜਪਾ ਪੰਜਾਬ ਦੇ ਪ੍ਰਧਾਨ ਕਮਲ ਸ਼ਰਮਾ ਦੀ ਫਿਰੋਜ਼ਪੁਰ ਵਿਚਲੀ ਰਿਹਾਇਸ਼ ਦਾ ਬਿਜਲੀ ਮੀਟਰ ਵੀ ਕੁਝ ਕੁ ਸਮਾਂ ਪਹਿਲਾਂ ਹੀ ਬਾਹਰ ਕੱਢਿਆ ਗਿਆ ਹੈ। ਸਰਕਾਰੀ ਸੂਚਨਾ ਅਨੁਸਾਰ ਪੰਜਾਬ ਦੇ ਕੈਬਨਿਟ ਮੰਤਰੀ ਚੁੰਨੀ ਲਾਲ ਭਗਤ ਦੀ ਜਲੰਧਰ ਰਿਹਾਇਸ਼ ਦੇ ਅੰਦਰ ਹੀ ਬਿਜਲੀ ਮੀਟਰ ਲੱਗਾ ਹੋਇਆ ਹੈ। ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਦਾ ਬਿਜਲੀ ਮੀਟਰ ਵੀ ਉਨ੍ਹਾਂ ਦੀ ਪਿੰਡ ਧਾਲੀਵਾਲ ਵਿਚਲੀ ਰਿਹਾਇਸ਼ ਦੇ ਅੰਦਰ ਹੀ ਲੱਗਾ ਹੋਇਆ ਹੈ। ਨਕੋਦਰ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦਾ ਮੀਟਰ ਵੀ ਉਨ੍ਹਾਂ ਦੇ ਪਿੰਡ ਵਡਾਲਾ ਵਿਚਲੀ ਰਿਹਾਇਸ਼ ਦੇ ਅੰਦਰ ਹੀ ਹੈ। ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦਾ ਬਿਜਲੀ ਮੀਟਰ ਵੀ ਉਨ੍ਹਾਂ ਦੇ ਘਰ ਵਿਚ ਹੀ ਲੱਗਾ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ ਜਲੰਧਰ ਦੇ ਡਿਪਟੀ ਕਮਿਸ਼ਨਰ ਦੇ ਕੈਂਪ ਦਫ਼ਤਰ ਦਾ ਮੀਟਰ ਤਾਂ ਰਿਹਾਇਸ਼ ਤੋਂ ਬਾਹਰ ਹੈ ਜਦਕਿ ਰਿਹਾਇਸ਼ ਦਾ ਮੀਟਰ ਘਰ ਦੇ ਅੰਦਰ ਹੈ। ਦੱਸਣਯੋਗ ਹੈ ਕਿ ਕੈਂਪ ਦਫ਼ਤਰ ਦਾ ਬਿਜਲੀ ਬਿੱਲ ਸਰਕਾਰੀ ਖਰਚੇ 'ਤੇ ਚੱਲਦਾ ਹੈ।

ਜਲੰਧਰ ਦੇ ਕਮਿਸ਼ਨਰ ਦੀ ਰਿਹਾਇਸ਼ ਤੇ ਕੈਂਪ ਦਫ਼ਤਰ ਦੇ ਮੀਟਰ ਘਰ ਦੇ ਅੰਦਰ ਲੱਗੇ ਹੋਏ ਹਨ ਤੇ ਜਲੰਧਰ ਦੇ ਐਸ.ਐਸ.ਪੀ. ਦੇ ਬਿਜਲੀ ਮੀਟਰ ਵੀ ਰਿਹਾਇਸ਼ ਦੇ ਅੰਦਰ ਹੀ ਹਨ। ਬਠਿੰਡਾ ਜ਼ਿਲ੍ਹੇ ਦੇ ਹਲਕਾ ਤਲਵੰਡੀ ਸਾਬੋ ਤੋਂ ਅਕਾਲੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਦੀ ਬਠਿੰਡਾ ਦੇ ਮਾਡਲ ਟਾਊਨ ਵਿਚਲੀ ਰਿਹਾਇਸ਼ ਦੇ ਅੰਦਰ ਹੀ ਬਿਜਲੀ ਮੀਟਰ ਲੱਗਾ ਹੋਇਆ ਹੈ। ਬਠਿੰਡਾ ਜ਼ੋਨ ਦੇ ਆਈ.ਜੀ., ਡੀ.ਆਈ.ਜੀ., ਐਸ.ਐਸ.ਪੀ. ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ ਦੀ ਰਿਹਾਇਸ਼ ਦੇ ਅੰਦਰੋਂ ਵੀ ਹਾਲੇ ਬਿਜਲੀ ਮੀਟਰ ਬਾਹਰ ਨਹੀਂ ਕੱਢਿਆ ਗਿਆ। ਜਲੰਧਰ ਜ਼ਿਲ੍ਹੇ ਵਿਚ 11 ਵਿਧਾਇਕਾਂ ਦੇ ਮੀਟਰ ਘਰਾਂ 'ਚ ਲੱਗੇ ਹੋਏ ਹਨ। ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਦਾ ਬਿਜਲੀ ਮੀਟਰ ਵੀ ਉਨ੍ਹਾਂ ਦੀ ਰਿਹਾਇਸ਼ ਦੇ ਅੰਦਰ ਹੀ ਲੱਗਾ ਹੋਇਆ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਕਈ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਦੇ ਬਿਜਲੀ ਮੀਟਰ ਘਰਾਂ ਦੇ ਅੰਦਰ ਹੀ ਲੱਗੇ ਹੋਏ ਹਨ, ਜਿਨ੍ਹਾਂ ਬਾਰੇ ਸਰਕਾਰੀ ਸੂਚਨਾ ਦੇਣ ਤੋਂ ਪਾਵਰਕੌਮ ਨੇ ਟਾਲਾ ਵੱਟ ਲਿਆ ਹੈ।

ਸੂਚਨਾ ਅਨੁਸਾਰ ਜ਼ਿਲ੍ਹਾ ਲੁਧਿਆਣਾ ਦੇ ਵਿਧਾਇਕ ਬਸੰਤ ਸਿੰਘ ਖਾਲਸਾ ਤੇ ਵਿਧਾਇਕ ਸੁਰਿੰਦਰ ਕੁਮਾਰ ਡਾਵਰ ਤੋਂ ਇਲਾਵਾ ਇਕ ਆਈ.ਪੀ.ਐਸ. ਅਧਿਕਾਰੀ ਦਾ ਬਿਜਲੀ ਮੀਟਰ ਵੀ ਉਨ੍ਹਾਂ ਦੀ ਸਿਮਟਰੀ ਰੋਡ ਸਥਿਤ ਰਿਹਾਇਸ਼ ਦੇ ਅੰਦਰ ਹੀ ਹੈ। ਵੀ.ਆਈ.ਪੀ. ਲੋਕਾਂ ਤੇ ਅਫ਼ਸਰਾਂ ਦਾ ਤਰਕ ਹੈ ਕਿ ਉਨ੍ਹਾਂ ਕਿਸੇ ਵੀ ਅਧਿਕਾਰੀ ਨੂੰ ਬਿਜਲੀ ਮੀਟਰ ਬਾਹਰ ਕੱਢਣ ਤੋਂ ਨਹੀਂ ਰੋਕਿਆ ਤੇ ਉਹ ਮੀਟਰ ਬਾਹਰ ਕਢਾਉਣ ਲਈ ਤਿਆਰ ਹਨ।

## ਬਿਜਲੀ ਚੋਰੀ ਰੋਕਣ 'ਚ ਵੀ ਅੜਿੱਕਾ ਬਣੇ ਵੀ.ਆਈ.ਪੀ




## ਨਗਰ ਕੌਂਸਲਾਂ ਵਲੋਂ ਬਕਾਇਆ ਦੇਣ ਤੋਂ ਟਾਲਾ

**ਬਠਿੰਡਾ:** ਪੰਜਾਬ ਦੇ ਸ਼ਹਿਰਾਂ ਦੀਆਂ ਸਟਰੀਟ ਲਾਈਟਾਂ ਦਾ 20.40 ਕਰੋੜ ਰੁਪਏ ਦਾ ਬਿੱਲ ਨਗਰ ਕੌਂਸਲਾਂ ਵੱਲ ਖੜ੍ਹਾ ਹੈ। ਪਾਵਰਕੌਮ ਇਨ੍ਹਾਂ ਕੌਂਸਲਾਂ ਨੂੰ ਵਾਰ-ਵਾਰ ਨੋਟਿਸ ਭੇਜ ਰਿਹਾ ਹੈ ਪਰ ਕੌਂਸਲਾਂ ਖ਼ਜ਼ਾਨਾ ਖਾਲੀ ਹੋਣ ਦਾ ਜਵਾਬ ਦਿੰਦੀਆਂ ਹਨ। ਪਾਵਰਕੌਮ ਇਨ੍ਹਾਂ ਹਾਲਾਤ ਵਿਚ ਮਜਬੂਰ ਹੈ ਤੇ ਫਸੀ ਰਕਮ ਨਿਕਲਣ ਦਾ ਕੋਈ ਚਾਰਾ ਨਹੀਂ ਹੈ। ਸ਼ਹਿਰਾਂ ਵਿਚਲੇ ਜੋ ਜਲਘਰਾਂ ਦੇ ਕੁਨੈਕਸ਼ਨ ਹਨ, ਉਨ੍ਹਾਂ ਦੀ ਵੀ 36.33 ਕਰੋੜ ਰੁਪਏ ਦੀ ਰਾਸ਼ੀ ਕੌਂਸਲਾਂ ਵਿਚ ਫਸੀ ਹੋਈ ਹੈ।

ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੀਆਂ ਕੌਂਸਲਾਂ ਵੱਲ ਸਟਰੀਟ ਲਾਈਟਾਂ ਦੀ 7.56 ਕਰੋੜ ਰੁਪਏ ਦੀ ਰਕਮ ਖੜ੍ਹੀ ਹੈ। ਬਠਿੰਡਾ ਵਿਕਾਸ ਅਥਾਰਟੀ ਵਲੋਂ ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੇ ਸ਼ਹਿਰਾਂ ਵਿਚ ਤਕਰੀਬਨ 45 ਕਰੋੜ ਰੁਪਏ ਦੇ ਇਲੈਕਟ੍ਰੀਕਲ ਦੇ ਕੰਮ ਕਰਾਏ ਗਏ ਸਨ। ਕੌਂਸਲ ਦੇ ਅਧਿਕਾਰੀ ਆਖਦੇ ਹਨ ਕਿ ਉਹ ਚਾਰ ਮਹੀਨੇ ਤੋਂ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਦੇ ਸਕੇ, ਬਿਜਲੀ ਬਿੱਲ ਕਿਥੋਂ ਭਰਨ! ਇਸ ਤਰ੍ਹਾਂ ਦੇ ਹਾਲਾਤ ਤਕਰੀਬਨ ਹਰ ਕੌਂਸਲ ਦੇ ਹਨ। ਪਾਵਰਕੌਮ ਨੇ ਪੰਜਾਬ ਭਰ ਦੇ ਸ਼ਹਿਰਾਂ ਤੋਂ 23.84 ਲੱਖ ਰੁਪਏ ਦੇ ਸੀਵਰੇਜ ਕੁਨੈਕਸ਼ਨਾਂ ਦੇ ਬਿੱਲ ਵੀ ਹਾਲੇ ਵਸੂਲਣੇ ਹਨ। ਮਾਲਵਾ ਖ਼ਿੱਤੇ ਦੀਆਂ ਕੌਂਸਲਾਂ ਦਾ ਜ਼ਿਆਦਾ ਬੁਰਾ ਹਾਲ ਹੈ। ਪੱਛਮੀ ਜ਼ੋਨ ਦੀਆਂ ਕੌਂਸਲਾਂ ਵੱਲ ਪਾਵਰਕੌਮ ਦੇ ਸਭ ਤੋਂ ਜ਼ਿਆਦਾ 22.22 ਕਰੋੜ ਦੇ ਬਿਜਲੀ ਬਿੱਲ ਜਲਘਰਾਂ ਦੇ ਬਕਾਇਆ ਹਨ।

# ਪਰਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਵਚਨਬੱਧ: ਤੋਤਾ ਸਿੰਘ

**ਮੁਹਾਲੀ:** ਪੰਜਾਬ ਦੇ ਖੇਤੀਬਾੜੀ ਤੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਤੋਤਾ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਸਮਸਿਆਵਾਂ ਦੇ ਹੱਲ ਲਈ ਵਚਨਬੱਧ ਹੈ। ਇਸ ਲਈ ਮੁਹਾਲੀ ਦੇ ਫ਼ੇਜ਼-7 ਵਿਚ ਪੁਲਿਸ ਦਾ ਵੱਖਰਾ ਐਨ.ਆਰ.ਆਈ. ਵਿੰਗ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ 'ਤੇ ਵੀ ਐਨ.ਆਰ.ਆਈ. ਥਾਣੇ ਖੋਲ੍ਹੇ ਗਏ ਹਨ। ਸ. ਤੋਤਾ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਵਲੋਂ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਸੁਣਨ ਲਈ ਮੋਗਾ, ਜਲੰਧਰ ਤੇ ਲੁਧਿਆਣਾ ਵਿਚ ਐਨ.ਆਰ.ਆਈ. ਸੰਮੇਲਨ ਕੀਤੇ ਗਏ ਸਨ। ਇਸ ਦੌਰਾਨ ਪਰਵਾਸੀ ਭਾਰਤੀਆਂ ਦੇ ਜ਼ਿਆਦਾਤਰ ਜ਼ਮੀਨੀ ਵਿਵਾਦ, ਫੌਜਦਾਰੀ ਮੁਕੱਦਮੇ ਤੇ ਫ਼ਰਜ਼ੀ ਵਿਆਹ ਦੇ ਮਾਮਲੇ ਸਾਹਮਣੇ ਆਏ।



ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੋਗਾ ਵਿਚ 176, ਜਲੰਧਰ ਵਿਚ 234 ਤੇ ਲੁਧਿਆਣਾ ਵਿਚ 174 ਸ਼ਿਕਾਇਤਾਂ ਸੁਣੀਆਂ ਗਈਆਂ, ਜਿਨ੍ਹਾਂ ਵਿਚੋਂ 38 ਕੇਸਾਂ ਦਾ ਮੌਕੇ 'ਤੇ ਹੱਲ ਕੀਤਾ ਗਿਆ ਹੈ। ਮੁੱਢਲੀ ਜਾਂਚ ਦੌਰਾਨ ਹੁਣ ਤੱਕ 70 ਫੀਸਦੀ ਜ਼ਮੀਨੀ ਝਗੜੇ, 15 ਫੀਸਦੀ ਅਪਰਾਧਿਕ ਕੇਸ ਤੇ 15 ਫੀਸਦੀ ਫ਼ਰਜ਼ੀ ਵਿਆਹਾਂ ਦੇ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਵਿਦੇਸ਼ਾਂ ਵਿਚ ਵਿਆਹ ਕਰਨ ਤੋਂ ਪਹਿਲਾਂ ਸਬੰਧਤ ਲਾੜੇ ਜਾਂ ਲਾੜੀ ਦੇ ਪਿਛੋਕੜ ਬਾਰੇ ਜਾਂਚ ਪੜਤਾਲ ਕਰ ਲੈਣ। ਸ. ਤੋਤਾ ਸਿੰਘ ਨੇ ਕਿਸਾਨਾਂ ਨੂੰ ਫਸਲੀ ਚੱਕਰ ਵਿਚੋਂ ਨਿਕਲ ਕੇ ਲਾਹੇਵੰਦ ਧੰਦੇ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਵਲੋਂ ਫੂਡ ਪ੍ਰੋਸੈਸਿੰਗ ਤੇ ਹੋਰ ਸਹਾਇਕ ਧੰਦਿਆਂ ਲਈ ਕਿਸਾਨਾਂ ਨੂੰ ਸਬਸਿਡੀ ਉਤੇ ਕਰਜ਼ੇ ਮੁਹੱਈਆ ਕਰਵਾਏ ਜਾਣਗੇ। ਆਉਣ ਵਾਲੇ ਸਮੇਂ ਵਿਚ ਕਿਸਾਨਾਂ ਨੂੰ ਫਸਲਾਂ ਦੇ ਢੁਕਵੇਂ ਭਾਅ ਦੇਣ ਲਈ ਕੇਂਦਰ ਸਰਕਾਰ 'ਤੇ ਜ਼ੋਰ ਪਾਇਆ ਜਾਵੇਗਾ।

# ਸਾਬਕਾ ਮੰਤਰੀ ਜਸਜੀਤ ਸਿੰਘ ਰੰਧਾਵਾ ਦਾ ਦੇਹਾਂਤ

**ਘਨੌਰ:** ਹਲਕਾ ਘਨੌਰ ਤੋਂ ਦੋ ਵਾਰ ਵਿਧਾਇਕ ਰਹੇ ਸੀਨੀਅਰ ਕਾਂਗਰਸ ਆਗੂ ਤੇ ਸਾਬਕਾ ਮੰਤਰੀ ਜਸਜੀਤ ਸਿੰਘ ਰੰਧਾਵਾ ਦਾ ਸ੍ਰੀ ਲੰਕਾ ਵਿਚ ਦੇਹਾਂਤ ਹੋ ਗਿਆ। ਸ੍ਰੀ ਰੰਧਾਵਾ ਫੇਫੜਿਆਂ ਦੀ ਬਿਮਾਰੀ ਦੇ ਇਲਾਜ ਲਈ ਉਥੇ ਗਏ ਹੋਏ ਸਨ ਪਰ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਉਹ 1992 ਤੇ 2002 ਵਿਚ ਵਿਧਾਨ ਸਭਾ ਹਲਕਾ ਘਨੌਰ



ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਚੁਣੇ ਗਏ ਸਨ ਤੇ ਕਾਂਗਰਸ ਸਰਕਾਰਾਂ ਵਿਚ ਵਜ਼ੀਰ ਵੀ ਰਹੇ। ਉਨ੍ਹਾਂ ਨੂੰ ਹਲਕਾ ਘਨੌਰ ਵਿਚ ਪੀਣ ਦੇ ਪਾਣੀ ਦੀ ਤੋਟ ਦੂਰ ਕਰਨ ਤੇ ਲਿੰਕ ਸੜਕਾਂ ਦਾ ਜਾਲ ਵਿਛਾਉਣ ਸਣੇ ਹੋਰ ਵਿਕਾਸ ਕਾਰਜ ਨੇਪਰੇ ਚੜ੍ਹਾਉਣ ਦਾ ਸਿਹਰਾ ਜਾਂਦਾ ਹੈ।

ਸ੍ਰੀ ਰੰਧਾਵਾ ਦੇ ਜਵਾਈ ਕਰਨ ਸਿੰਘ ਸਪਰਾ ਨੇ ਦੱਸਿਆ ਕਿ ਉਹ ਆਪਣੇ ਫੇਫੜਿਆਂ ਦੀ ਬਿਮਾਰੀ ਦੇ ਇਲਾਜ ਲਈ ਪਰਿਵਾਰ ਸਮੇਤ ਇਕ ਮਹੀਨੇ ਤੋਂ ਸ੍ਰੀ ਲੰਕਾ ਗਏ ਹੋਏ ਸਨ। ਜਿਥੇ ਦਿਲ ਦਾ ਦੌਰਾ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਦਿੱਲੀ ਚੋਣ 'ਸੁਨਾਮੀ' ਦੀਆਂ ਪੰਜਾਬ ਲਈ ਸੰਭਾਵਨਾਵਾਂ

(ਸਫਾ 16 ਦੀ ਬਾਕੀ)

ਦਿੰਦਿਆਂ ਤੱਕਿਆ ਹੋਇਆ ਸੀ। ਜਥੇਦਾਰ ਸੁੱਚਾ ਸਿੰਘ ਛੋਟੇਪੁਰ ਭਲਾ ਆਦਮੀ ਹੈ। ਪਰ ਪੰਜਾਬ ਅੰਦਰ ਹੋਣੀਆਂ ਭਰਪੂਰ ਅਰਸੇ ਦੌਰਾਨ ਪੂਰੇ 10-15 ਵਰ੍ਹੇ ਜਿਸ ਤਰ੍ਹਾਂ ਦੀ ਰਾਜਨੀਤੀ ਉਨ੍ਹਾਂ ਨੇ ਸ. ਸਿਮਰਨਜੀਤ ਸਿੰਘ ਮਾਨ ਦੀ ਛਤਰ ਛਾਇਆ ਹੇਠ ਕੀਤੀ, ਉਸ ਨਾਲ ਪਾਰਟੀ ਦੇ ਨੀਤੀ ਘਾੜਿਆਂ ਨੂੰ ਭਲਾਂ ਕਿਸ ਕਿਸਮ ਦੀ ਸਾਂਝ ਨਜ਼ਰ ਆਈ ਹੋਵੇਗੀ।

ਭਗਵੰਤ ਮਾਨ ਵਧੀਆ ਇਨਸਾਨ ਹੈ। ਉਸ ਨੂੰ ਉਮੀਦਵਾਰ ਬਣਾ ਲਿਆ ਗਿਆ ਅਤੇ ਉਹ ਵੱਡੇ ਫਰਕ ਨਾਲ ਵਿਰੋਧੀ ਉਮੀਦਵਾਰ ਪੁਰਾਣੇ ਲੀਡਰਾਂ ਨੂੰ ਹਰਾ ਕੇ ਚੋਣ ਜਿੱਤ ਵੀ ਗਿਆ। ਉਸ ਦੇ ਸਮਾਜਕ ਸਰੋਕਾਰਾਂ ਵਾਲੇ ਚੁਟਕਲਿਆਂ ਵਿਚ ਸਿਆਸੀ ਵਿਅੰਗ ਹੋ ਸਕਦੇ ਹਨ ਪ੍ਰੰਤੂ ਮੌਜੂਦਾ ਗੁੰਝਲਦਾਰ ਸਿਆਸੀ ਜਗਤ ਵਿਚ ਅਜਿਹੀ ਚੁਟਕਲੇਬਾਜੀ ਦੀ ਸਿਆਸਤ ਭਲਾਂ ਕਿਤਨੀ ਕੁ ਕਾਰਗਾਰ ਹੋ ਸਕੇਗੀ?

ਨਿਰਪੱਖ ਅਤੇ ਅਨੁਭਵੀ ਵਿਸ਼ਲੇਸ਼ਕਾਂ ਵਲੋਂ ਅਰਵਿੰਦ ਕੇਜਰੀਵਾਲ ਦੀ ਪਾਰਟੀ ਦੀ ਸਭ ਤੋਂ ਵੱਧ ਇਸ ਗੱਲ ਲਈ ਸਿਫਤ ਕੀਤੀ ਗਈ ਕਿ ਉਨ੍ਹਾਂ ਨੇ ਵੋਟਰਾਂ ਨੂੰ ਆਮ ਆਦਮੀ ਵਾਂਗ ਹੀ ਲਿਆ ਅਤੇ ਧਰਮ, ਜਾਤ ਜਾਂ ਖਿੱਤੇ ਦਾ ਵਾਸਤਾ ਪਾ ਕੇ ਕਿਧਰੇ ਵੀ ਵੋਟਰਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੇ ਉਮੀਦਵਾਰਾਂ ਲਈ ਦਲਿਤ, ਪੰਜਾਬੀ, ਹਰਿਆਣਵੀ, ਬੰਗਾਲੀ, ਬਿਹਾਰੀ, ਉਤਰੀ ਅਤੇ ਦੱਖਣੀ ਜਾਂ ਜਾਟ, ਸਿੱਖ, ਹਿੰਦੂ ਅਤੇ ਮੁਸਲਮਾਨ ਦੇ ਰੂਪ ਵਿਚ ਕੋਈ ਭਿੰਨ ਭੇਦ ਨਹੀਂ ਸੀ। ਦੂਸਰੇ ਪਾਸੇ ਭਾਜਪਾ ਨੇ ਅਜਿਹਾ ਸਭੋ ਕੁਝ ਹੀ ਕੀਤਾ। ਹੋਰ ਤਾਂ ਹੋਰ ਸੱਚਾ ਸੌਦਾ ਡੇਰੇ ਦੇ ਮੁਖੀ ਜੋ ਕਤਲ, ਬਲਾਤਕਾਰ ਅਤੇ ਆਪਣੇ ਨੌਜਵਾਨ ਪੈਰੋਕਾਰਾਂ ਨੂੰ ਹੀਜੜੇ ਬਣਾ ਕੇ ਰਖਣ ਵਰਗੇ ਅਨੇਕਾਂ ਸੰਗੀਨ ਦੋਸ਼ਾਂ ਵਿਚ ਮੁਕੱਦਮੇ ਭੁਗਤ ਰਿਹਾ ਹੈ, ਦੀ ਹਮਾਇਤ ਲੈਣ ਤੋਂ ਵੀ ਗੁਰੇਜ਼ ਨਾ ਕੀਤਾ। ਇਸ ਦੇ ਉਲਟ ਕੇਜਰੀਵਾਲ ਦੀ ਪਾਰਟੀ ਨੇ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਦੀ ਬਿਨਾ ਮੰਗੀ ਹਮਾਇਤ ਵੀ ਠੁਕਰਾ ਦਿਤੀ।

ਜ਼ਾਹਿਰ ਹੈ ਕਿ ਇਹ ਸਾਰੀਆਂ ਹੀ ਗੱਲਾਂ ਅਜੋਕੀ ਨਿਘਰੀ ਹੋਈ ਜਨ ਰਾਜਨੀਤੀ ਦੇ ਦੌਰ ਵਿਚ ਕਿਸੇ ਵੱਡੇ ਅਲੋਕਾਰ ਤੋਂ ਘੱਟ ਨਹੀਂ ਹਨ। ਅਰਵਿੰਦ ਕੇਜਰੀਵਾਲ ਤੇ ਉਸ ਦੇ ਸਾਥੀ ਆਪਣੇ ਵਾਅਦੇ ਵਫਾ ਕਰਨ ਵਿਚ ਸਫਲ ਹੁੰਦੇ ਹਨ ਜਾਂ ਨਹੀਂ- ਇਹ ਕੁਝ ਗੱਲਾਂ ਉਹ ਆਪਣੀ ਦਿੱਲੀ ਚੋਣ ਮੁਹਿੰਮ ਵਿਚ ਜੋ ਕਰ ਗਏ ਹਨ, ਉਹ ਲਾਜ਼ਮੀ ਤੌਰ 'ਤੇ ਭਾਰਤੀ ਜਮਹੂਰੀਅਤ ਦੇ ਇਤਿਹਾਸ ਅੰਦਰ ਸੁਨਹਿਰੀ ਪੰਨਿਆਂ ਵਿਚ ਅੰਕਿਤ ਹੋਣਗੀਆਂ। ਪ੍ਰੰਤੂ ਸਾਨੂੰ ਇਹ ਵੀ ਪਤਾ ਹੈ ਕਿ ਪੰਜਾਬ ਅੰਦਰ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਦਿਆਂ ਇਸ ਕਿਸਮ ਦੀ ਇਖਲਾਕੀ ਪ੍ਰਚੰਡਤਾ ਕਿਧਰੇ ਵੀ ਨਹੀਂ ਸੀ। ਨਤੀਜਾ ਸਾਫ ਹੀ ਹੈ। ਚਾਰੇ ਉਮੀਦਵਾਰ ਜੋ ਲੋਕਾਂ ਨੇ ਏਨੀਆਂ ਆਸਾਂ ਅਤੇ ਉਮੀਦਾਂ ਨਾਲ ਪਿੰਡਾਂ ਅੰਦਰ ਸ਼ਕਤੀ ਸਾਧਨਾਂ 'ਤੇ ਕਾਬਜ ਧਿਰਾਂ ਨਾਲ ਵੈਰ ਵਿਹਾਜ ਕੇ ਜਿਤਾਏ ਸਨ-ਉਨ੍ਹਾਂ ਦੀ ਆਪਸ ਵਿਚ ਕਿੰਨੀ ਕੁ ਸੁਰ ਸਾਂਝ ਹੈ, ਸਭਨਾਂ ਨੂੰ ਪਤਾ ਹੀ ਹੈ।

ਪੰਜਾਬ ਅੰਦਰ ਆਮ ਆਦਮੀ ਪਾਰਟੀ ਅੱਗੇ ਅਸਲ ਚੁਣੌਤੀ ਆਉਣ ਵਾਲੇ ਦਿਨਾਂ ਦੌਰਾਨ ਇਹ ਹੋਵੇਗੀ ਕਿ ਉਹ ਪਾਰਟੀ ਦਾ ਜਥੇਬੰਦਕ ਢਾਂਚਾ ਖੜਾ ਕਰਨ ਵਕਤ ਕਿਸ ਕਿਸਮ ਦੇ ਬੰਦਿਆਂ ਨੂੰ ਜਗ੍ਹਾ ਦਿੰਦੀ ਹੈ- ਦਿੱਲੀ ਦੀ ਚੋਣ ਮੁਹਿੰਮ ਹਾਰ ਅਸੂਲੀ ਅਤੇ ਵਿਚਾਰਧਾਰਕ ਪ੍ਰਚੰਡਤਾ ਨੂੰ ਬਰਕਰਾਰ ਰਖਦੀ ਹੈ ਜਾਂ ਨਹੀਂ।

ਪਾਰਟੀ ਕੋਲ ਖਰੇ ਅਤੇ ਉਤਮ ਵਲੰਟੀਅਰਾਂ ਦੀ ਕੋਈ ਕਮੀ ਨਹੀਂ ਹੈ। ਪਾਰਟੀ ਦੇ ਮੋਗਾ ਯੂਨਿਟ ਵਿਚ ਨਰਿੰਦਰ ਚਾਹਿਲ, ਜਗਦੀਪ ਬਰਾੜ ਅਤੇ ਪਰਮਿੰਦਰ- ਸਾਰੇ ਹੀ ਬੇਨਜ਼ੀਰ ਆਦਮੀ ਹਨ। ਇਸੇ ਤਰ੍ਹਾਂ ਹੀ ਪਾਰਟੀ ਦੀ ਰੋਪੜ ਇਕਾਈ ਵਿਚ ਹਿੰਮਤ ਸਿੰਘ ਸ਼ੇਰਗਿੱਲ ਹੈ, ਭਾਗ ਸਿੰਘ ਮਦਾਨ ਹੈ; ਮਨਪ੍ਰੀਤ ਸਿੰਘ ਸੈਣੀ ਹੈ ਅਤੇ ਫਿਰ ਯੂਨਿਟ ਦਾ ਆਗੂ ਅਮਰਜੀਤ ਸਿੰਘ- ਇਹ ਸਾਰੇ ਹੀ ਸੱਜਣ ਲਾਜ਼ਮੀ ਤੌਰ 'ਤੇ ਸੁਲਝੇ ਹੋਏ ਹਨ। ਬਰਨਾਲਾ ਤੋਂ ਨਰਿੰਦਰ ਕੁਮਾਰ ਬਿੱਟਾ ਤਾਂ ਇਕੱਲਾ ਹੀ ਸੌ ਵਰਗਾ ਹੈ। ਫਿਰ ਉਸ ਨਾਲ ਮਨਜੀਤ ਸਿੱਧੂ ਵੀ ਠੀਕ ਠਾਕ ਹੈ। ਮਾਲਵੇ ਦੇ ਸਿਰੇ ਅਤੇ ਬਠਿੰਡੇ ਵਿਚ ਭੁਪਿੰਦਰ ਬਾਂਸਲ ਹਰ ਤਰ੍ਹਾਂ ਨਾਲ ਪ੍ਰਤਿਭਾਸ਼ੀਲ ਹੈ; ਜਹੀਨ ਹੈ, ਗੁਣੀ ਹੈ, ਗਾਡਰ ਵਰਗਾ ਆਦਮੀ ਹੈ ਬਸ਼ਰਤੇ ਕਿ ਦਿੱਲੀ ਵਾਲੇ ਉਸ ਨੂੰ ਜ਼ਰਾ ਅਜਮਾ ਕੇ ਵੇਖਣ। ਐਂ ਹੀ ਫਰੀਦਕੋਟ ਯੂਨਿਟ ਵਿਚ ਗੁਰਜੰਟ ਸੇਖੋਂ, ਸੰਦੀਪ ਅਤੇ ਪਿਛਲੇ ਕਈ ਦਹਾਕਿਆਂ ਤੋਂ ਮਾਨਵ ਅਧਿਕਾਰ ਮੁਹਿੰਮਾਂ ਵਿਚ ਸਰਗਰਮ ਚਲੀ ਆ ਰਹੀ ਮੈਡਮ ਜੀਵਨਜੋਤ ਕੌਰ ਵੀ-ਸਾਰੇ ਹੀ ਮੌਕਾ ਆਉਣ 'ਤੇ ਜਲਵਾ ਖੜਾ ਕਰ ਸਕਦੇ ਹਨ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਦੀਪਕ ਠਾਕਰ ਤਲਵਾੜਾ ਕਮਾਲ ਦਾ ਮੁਹਿੰਮਬਾਜ ਹੈ। ਬੇਰੁਜ਼ਗਾਰ ਅਧਿਆਪਕ ਅਤੇ ਹੋਰ ਅਨੇਕਾਂ ਸੰਗਰਾਮਾਂ ਵਿਚ ਤੁਰੇ ਲੋਕਾਂ ਦਾ ਪਰਖਿਆ ਹੋਇਆ ਆਗੂ ਹੈ ਅਤੇ ਜ਼ਿਹਨ ਅਤੇ ਜ਼ੁਬਾਨ ਦਾ ਧਨੀ ਹੈ। ਅੰਮ੍ਰਿਤਸਰ ਵਿਚ ਡਾ. ਦਲਜੀਤ ਸਿੰਘ ਦਾ ਬਹੁਤ ਹੀ ਵਿਆਪਕ ਅਸਰ ਰਸੂਖ ਹੈ। ਉਹ ਸੁਲਝੇ ਹੋਏ ਇਨਸਾਨ ਹਨ।

ਖੰਨੇ ਵਿਚ ਰਘਬੀਰ ਹੈ। ਉਹ ਸੁਹਿਰਦ ਹੈ, ਹਿੰਮਤੀ ਹੈ ਅਤੇ ਰਾਜਸੀ ਤੌਰ 'ਤੇ ਸੂਝਵਾਨ ਵੀ ਹੈ। ਫਿਰ ਮਾਸਟਰ ਖੇਤਾ ਸਿੰਘ ਵਰਗਾ ਦਰਵੇਸ਼



ਭਗਵੰਤ ਮਾਨ

ਸਿਆਸਤਦਾਨ ਹੈ ਜਿਸ ਦੀ ਕੌਮੀ ਤੇ ਕੌਮਾਂਤਰੀ ਰਾਜਸੀ ਸੂਝ, ਸਾਦਗੀ, ਨਿਸ਼ਕਪਟਤਾ ਅਤੇ ਨਿਰਛਲਤਾ ਨੂੰ ਉਭਾਰਨ ਲਈ ਨਿੱਕੀ ਮੋਟੀ ਕਵਿਤਾ ਨਹੀਂ ਬਲਕਿ ਮਹਾਂ ਕਾਵਿ ਰਚੇ ਜਾ ਸਕਦੇ ਹਨ। ਅਰਵਿੰਦ ਕੇਜਰੀਵਾਲ ਨੂੰ ਕੀ ਪਤਾ ਹੈ ਕਿ ਪੰਜਾਬ ਵਿਚ ਕਿਸ ਕਿਸਮ ਦੇ ਹੀਰਿਆਂ ਵਰਗੇ ਬੰਦੇ ਉਸ ਦੇ ਕੋਲ ਹਨ, ਤੇ ਜੇ ਇਹ ਨਹੀਂ ਪਤਾ ਤਾਂ ਇਸ ਤੋਂ ਵੱਡੀ ਤ੍ਰਾਸਦੀ ਭਲਾਂ ਹੋਰ ਕੀ ਹੋਵੇਗੀ। ਵਜੀਰੀ ਦੀ ਲਾਲਸਾ ਤਾਂ ਛੱਡੋ, ਖੇਤਾ ਸਿੰਘ ਨੇ ਕਿਸੇ ਵੀ ਅਹੁਦੇ ਦੀ ਮੰਗ ਕਦੀ ਕਰਨੀ ਹੀ ਨਹੀਂ ਹੈ।

ਸੰਗਰੂਰ ਵਿਚ ਡਾ. ਅਮਨਦੀਪ ਕੌਰ; ਫਿਰੋਜ਼ਪੁਰ ਵਿਚ ਰਣਬੀਰ ਭੁੱਲਰ ਦੇ ਨਾਲ ਬੀਬੀ ਅਮਨਦੀਪ ਕੌਰ, ਗੁਰਦਾਸਪੁਰ ਵਿਚ ਸੁਖਵਿੰਦਰ ਸਿੰਘ ਕਾਹਲੋਂ, ਅੰਮ੍ਰਿਤਸਰ ਡਾ. ਦਲਜੀਤ ਸਿੰਘ ਹੋਰਾਂ ਦੀ ਹਮਾਇਤ 'ਤੇ ਲੱਕ ਬੰਨ੍ਹ ਕੇ ਉਤਰੇ ਸ. ਕੁਲਵੰਤ ਸਿੰਘ ਸੂਰੀ ਅਤੇ ਡਾ. ਪ੍ਰਹਿਲਾਦ ਦੁੱਗਲ, ਲੁਧਿਆਣਾ ਵਿਚ ਅਜੈਦੀਪ ਸਿੰਘ ਅਤੇ ਜਤਿੰਦਰ ਮੌਦਗਿਲ- ਇਹ ਸਾਰੇ ਆਮ ਆਦਮੀ ਪਾਰਟੀ ਦੀ ਹਮਾਇਤ 'ਤੇ ਉਤਰੇ ਅਜਿਹੇ ਕਾਰਕੁਨ ਹਨ ਜਿਨ੍ਹਾਂ 'ਤੇ ਕਿਸੇ ਵੀ ਪਾਰਟੀ ਨੂੰ ਨਾਜ ਹੋ ਸਕਦਾ ਹੈ।

ਚੰਡੀਗੜ੍ਹ ਵਿਚ ਪ੍ਰੋ. ਅਕਸ਼ੈ ਕੁਮਾਰ ਵਰਗੇ ਅਨੇਕਾਂ ਬੁੱਧੀਜੀਵੀ ਪਾਰਟੀ ਦੇ ਨਾਲ ਤੁਰੇ। ਮਾਲਵਿੰਦਰ ਸਿੰਘ ਮਾਲੀ ਵਰਗੇ ਅਨੇਕਾਂ ਸੰਗਰਾਮਾਂ ਦੇ ਪਰਖੇ ਹੋਏ ਘੁਲਾਟੀਏ ਸਨ। ਮਾਲਵਿੰਦਰ ਮਾਲੀ ਬਾਰੇ ਤਾਂ ਇਥੋਂ ਤੱਕ ਕਿਹਾ ਜਾ ਸਕਦਾ ਹੈ ਕਿ ਉਸ ਦੀ ਯੋਗਤਾ ਦਾ ਮੁੱਲ ਪਾਉਣ ਵਾਲਾ ਕੋਈ ਹੋਏ ਤਾਂ ਉਹ ਸਹਿਜੇ ਹੀ 'ਸਿੰਗਲ ਮੈਨ ਆਰਮੀ' ਹਾਰ ਕੰਮ 'ਤੇ ਜਾਣ ਦੇ ਸਮਰੱਥ ਹੋ ਸਕਦਾ ਹੈ।

ਪੰਜਾਬੀ ਪਹਿਲਾਂ ਕਾਂਗਰਸੀ ਅਤੇ ਫਿਰ ਅਕਾਲੀ ਸਰਕਾਰਾਂ- ਦੋਵਾਂ ਤੋਂ ਹੀ ਅੱਕੇ ਹੋਏ ਹਨ। ਨਸ਼ਿਆਂ ਦਾ ਅੰਨ੍ਹਾ ਪਸਾਰ, ਰੇਤ ਘੁਟਾਲੇ, ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਸੇਵਾਵਾਂ ਦੀ ਅਣਦੇਖੀ-ਬੜੀਆਂ ਵੱਡੀਆਂ ਗੱਲਾਂ ਹਨ ਅਤੇ ਇਸ ਸਭ ਕੁਝ ਲਈ ਕਿਹੜੀ ਕਿਹੜੀ ਧਿਰ ਕਿੰਨੀ ਕਿੰਨੀ ਜ਼ਿੰਮੇਵਾਰ ਹੈ, ਲੋਕਾਂ ਨੂੰ ਸਾਰਾ ਹੀ ਪਤਾ ਹੈ। ਲੋਕ ਕੇਜਰੀਵਾਲ ਨੂੰ ਹੁੰਗਾਰਾ ਦੇਣ ਲਈ ਤਿਆਰ ਹੋਣਗੇ ਪ੍ਰੰਤੂ ਐਤਕਾਂ ਦੀ ਵਾਰੀ ਇਹ ਇਸ ਗੱਲ 'ਤੇ ਵਧੇਰੇ ਨਿਰਭਰ ਰਹੇਗਾ ਕਿ ਉਹ ਪੰਜਾਬ ਵਿਚ 'ਆਪ' ਦੀ ਟੀਮ ਕਿਸ ਤਰ੍ਹਾਂ ਦੀ ਚੁਣਦੇ ਹਨ; ਇਹ ਵੀ ਕਿ ਮਹਿਜ਼ ਤਾਕਤ ਦੀ ਭੁੱਖ ਵਸ ਪਾਰਟੀ ਵੱਲ ਭੱਜੇ ਚਲੇ ਆ ਰਹੇ ਮੌਕਾਪ੍ਰਸਤ ਅਨਸਰਾਂ ਤੋਂ ਪਾਰ ਕਿੰਜ ਪਾਉਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਘੇਰਾ ਪਾਈ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰੀ ਜਾਣੀ ਹੈ। ਅਰਵਿੰਦ ਕੇਜਰੀਵਾਲ ਅਤੇ ਉਸ ਦੇ ਥਿੰਕ ਟੈਂਕ ਵਿਚ ਸ਼ਾਮਲ ਵਿਅਕਤੀਆਂ ਨੂੰ ਸਾਲ 1989 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਅਤਿੰਦਰਪਾਲ ਸਿੰਘ ਅਤੇ ਧਿਆਨ ਸਿੰਘ ਮੰਡ ਹੋਰਾਂ ਦੀ ਬੇਮਿਸਾਲ ਜਿੱਤ ਬਾਰੇ ਪਤਾ ਹੋਣਾ ਚਾਹੀਦਾ ਹੈ। ਪਰ ਸਭ ਤੋਂ ਵਧ ਜਿਸ ਗੱਲ ਦੀ ਖਬਰ ਹੋਣੀ ਚਾਹੀਦੀ ਹੈ, ਉਹ ਇਹ ਕਿ ਡੇਢ ਕੁ ਵਰ੍ਹਾ ਪਿਛੋਂ ਜਦੋਂ ਅਸੈਂਬਲੀ ਚੋਣਾਂ ਆਈਆਂ ਤਾਂ ਖਾੜਕੂਆਂ ਦੀਆਂ ਸ਼ਹਾਦਤਾਂ ਦੇ ਨਾਂ 'ਤੇ ਅਸੈਂਬਲੀ ਕੁਰਸੀਆਂ 'ਤੇ ਕਾਬਜ ਹੋਣ ਲਈ ਧਾਈ ਕਿਸ ਕਿਸਮ ਦੇ ਅਨਸਰਾਂ ਨੇ ਕੀਤੀ ਸੀ।

ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜਿਆਂ ਤੋਂ ਅਗਲੇ ਦਿਨ ਟੈਲੀਵਿਜ਼ਨ 'ਤੇ ਅਰਵਿੰਦ ਕੇਜਰੀਵਾਲ ਨੂੰ ਬਿਨਾ ਕਿਸੇ ਸੁਰੱਖਿਆ ਛਤਰੀ ਦੇ ਆਪਣੀ ਬੀਵੀ ਦੇ ਨਾਲ ਲਾਅਨ ਵਿਚ ਸੈਰ ਕਰਦਿਆਂ ਵੇਖਣ ਦਾ ਨਜ਼ਾਰਾ ਬਹੁਤ ਵਧੀਆ ਸੀ। ਸਾਲਾਂ ਤੋਂ ਅਸੀਂ ਤੱਕਦੇ ਆ ਰਹੇ ਹਾਂ ਕਿ ਇਕ ਟੁੱਟੇ ਜਿਹੇ ਵਜ਼ੀਰ ਦੀ ਗੱਡੀ ਵੀ ਕਿਸੇ ਸ਼ਹਿਰ ਜਾਂ ਗਰਾਂ ਵਿਚੋਂ ਜਦੋਂ ਲੰਘਣੀ ਹੁੰਦੀ ਹੈ ਤਾਂ ਸੁਰੱਖਿਆ ਦਸਤਿਆਂ ਅਤੇ ਉਨ੍ਹਾਂ ਦੇ ਨਾਲ ਹੀ ਆਮ ਲੋਕਾਂ ਦੀ ਸ਼ਾਮਤ ਆਈ ਰਹਿੰਦੀ ਹੈ। ਕੇਜਰੀਵਾਲ ਦਾ ਇਹ ਚੰਗਾ ਸੰਕੇਤ ਸੀ।

ਅਗਲੀ ਗੱਲ ਉਸ ਦੇ ਨੇੜਲੇ ਸਹਿਯੋਗੀਆਂ ਦੀ ਟੀਮ ਦੀ ਹੈ। ਮਨੀਸ਼ ਸਿਸੋਦੀਆ, ਅਸ਼ੀਸ਼ ਖੇਤਾਨ, ਸੰਜੇ ਸਿੰਘ, ਕੁਮਾਰ ਬਿਸਵਾਸ- ਸਾਰੇ ਹੀ ਠੀਕ ਹਨ। ਪਰ ਸਵਾਲ ਇਹ ਹੈ ਕਿ ਉਨ੍ਹਾਂ ਨੂੰ ਕੌਮੀ ਅਤੇ ਕੌਮਾਂਤਰੀ ਸਥਿਤੀ ਵਿਚ ਆਰਥਿਕਤਾ ਦੀ ਅਹਿਮੀਅਤ ਦੀ ਕਿੰਨੀ ਕੁ ਸੋਝੀ ਹੈ। ਤਬਦੀਲੀ ਸ਼ਾਂਤਮਈ ਹੋਵੇ ਜਾਂ ਹਿੰਸਕ- ਕੀ ਉਨ੍ਹਾਂ ਨੂੰ ਪਤਾ ਹੈ ਕਿ ਮਹਾਤਮਾ ਗਾਂਧੀ ਅਤੇ ਲੈਨਿਨ ਮਹਾਨ ਦੇ ਮਸੀਹਾਈ ਪ੍ਰਾਜੈਕਟ ਕਿੰਜ ਤੇ ਕਿਉਂ ਗਰਕੇ ਅਤੇ ਫਿਰ ਗਰਕਦੇ ਹੀ ਕਿਉਂ ਚਲੇ ਗਏ ਸਨ? ਇਨ੍ਹਾਂ ਨਵੇਂ ਨੇਤਾਵਾਂ ਦੀ ਸੁਹਿਰਦਤਾ 'ਤੇ ਸੰਦੇਹ ਕਿਸੇ ਨੂੰ ਵੀ ਨਹੀਂ ਹੈ ਪ੍ਰੰਤੂ ਖਦਸ਼ਾ ਇਹ ਹੈ ਕਿ ਗੁੰਝਲਦਾਰ ਸਮਾਜਕ ਮਸਲਿਆਂ ਪ੍ਰਤੀ ਉਨ੍ਹਾਂ ਦੀ ਪਹੁੰਚ ਇਕਹਿਰੀ ਟੈਕਨੋਕ੍ਰੇਟਿਕ ਜਿਹੀ ਹੀ ਬਣ ਕੇ ਨਾ ਰਹਿ ਜਾਵੇ।

ਇਕ ਹੋਰ ਖਦਸ਼ਾ ਵੀ ਹੈ। ਸਾਨੂੰ ਇਥੇ ਅਰਵਿੰਦ ਕੇਜਰੀਵਾਲ ਦੇ ਨੇੜੇ ਤੇੜੇ ਯੋਗੇਂਦਰ ਯਾਦਵ ਤਾਂ ਛੱਡੋ ਪ੍ਰਸ਼ਾਂਤ ਭੂਸ਼ਨ, ਸ਼ਾਂਤੀ ਭੂਸ਼ਨ ਅਤੇ ਮੇਧਾ ਪਾਟਕਰ ਵਰਗੇ ਦੇਤਕਥਾਈ ਪ੍ਰਤੀਬਧਤਾ ਵਾਲੇ ਸ਼ਖਸ ਵੀ ਨਜ਼ਰ ਨਹੀਂ ਆ ਰਹੇ। ਹਜ਼ਾਰਾਂ ਕਰੋੜ ਡਾਲਰ ਦੇ ਕੋਇਲਾ ਸਕੈਮ, ਟੂ ਜੀ ਟੈਲੀਸਕੈਮ ਅਤੇ ਹੋਰ ਕਈ ਘੁਟਾਲੇ ਬੇਪਰਦ ਕਰਨ ਵਿਚ ਜਿਸ ਕਿਸਮ ਦਾ ਸਾਹਸ ਇਨ੍ਹਾਂ ਲੋਕਾਂ ਨੇ ਦਿਖਾਇਆ- ਉਹ ਸਧਾਰਨ ਬਾਤ ਨਹੀਂ ਸੀ। ਅਰਵਿੰਦ ਕੇਜਰੀਵਾਲ ਇਸ ਕਿਸਮ ਦੇ ਆਪਣੇ ਸ਼ੁਭਚਿੰਤਕਾਂ ਦੀਆਂ ਸੇਵਾਵਾਂ ਇਸਤੇਮਾਲ ਕਰਨ ਵਿਚ ਵੀ ਕੀ ਸਫਲ ਹੋਣਗੇ! ਇਹ ਤਾਂ ਵਕਤ ਹੀ ਦਸੇਗਾ, ਪੰਜਾਬ ਜਾਂ ਬਿਹਾਰ ਵਿਚ ਉਸ ਦੀ ਸਫਲਤਾ ਇਨ੍ਹਾਂ ਸਭ ਗੱਲਾਂ 'ਤੇ ਖਾਸੀ ਨਿਰਭਰ ਰਹੇਗੀ।

ਅਰਵਿੰਦ ਕੇਜਰੀਵਾਲ ਅਤੇ ਉਸ ਦੇ ਮਿੱਤਰਾਂ 'ਤੇ ਇਤਿਹਾਸ ਨੇ ਬਹੁਤ ਵੱਡੀ ਜ਼ਿੰਮੇਵਾਰੀ ਸੁੱਟੀ ਹੈ ਪ੍ਰੰਤੂ ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਨਾਲ ਹੀ ਆਮ ਆਦਮੀ ਦਾ ਭਲਾ ਇਸੇ ਗੱਲ ਵਿਚ ਰਹੇਗਾ ਕਿ ਉਹ ਐਮਰਜੈਂਸੀ ਤੋਂ ਬਾਅਦ, ਫਰਵਰੀ 1977 ਦੀਆਂ ਚੋਣਾਂ ਦੌਰਾਨ ਜੈ ਪ੍ਰਕਾਸ਼ ਨਰਾਇਣ ਦੇ ਪੈਰੋਕਾਰਾਂ ਦੇ ਹੱਕ ਵਿਚ ਭਾਰਤੀ ਆਵਾਮ ਵਲੋਂ ਦਿਤੇ ਫਤਵੇ ਤੋਂ ਬਾਅਦ ਮੁਰਾਰ ਜੀ ਦਿਸਾਈ, ਚੌਧਰੀ ਚਰਨ ਸਿੰਘ, ਰਾਜ ਨਰਾਇਣ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਗਲਤੀਆਂ ਨੂੰ ਹਮੇਸ਼ਾ ਪਲ ਪਲ ਯਾਦ ਰੱਖਣ। ਸੋ ਸਾਨੂੰ ਆਸ ਹੈ ਕਿ ਆਮ ਆਦਮੀ ਪਾਰਟੀ ਦੇ ਰਹਿਨੁਮਾ ਉਸ ਇਤਿਹਾਸ ਨੂੰ ਦੁਹਰਾਉਣ ਤੋਂ ਗੁਰੇਜ਼ ਕਰਨਗੇ।

# ਪੰਜਾਬ ਵਿਚ ਪਾੜ੍ਹਿਆਂ ਨੇ ਤਕਨੀਕੀ ਸਿੱਖਿਆ ਤੋਂ ਮੂੰਹ ਫੇਰਿਆ

**ਬਠਿੰਡਾ:** ਪੰਜਾਬ ਵਿਚ ਵਿਦਿਆਰਥੀਆਂ ਨੇ ਤਕਨੀਕੀ ਸਿੱਖਿਆ ਤੋਂ ਮੂੰਹ ਫੇਰ ਲਿਆ ਹੈ। ਬਹੁਤੇ ਤਕਨੀਕੀ ਕਾਲਜ ਵਿਦਿਆਰਥੀਆਂ ਦੀ ਵੱਡੀ ਘਾਟ ਨਾਲ ਜੂਝ ਰਹੇ ਹਨ। ਮਾਨਸਾ ਜ਼ਿਲ੍ਹੇ ਦੇ ਕਸਬਾ ਬਰੇਟਾ ਦੇ ਸਰਕਾਰੀ ਬਹੁ-ਤਕਨੀਕੀ ਕਾਲਜ ਵਿਚ ਕੋਈ ਵਿਦਿਆਰਥੀ ਨਹੀਂ ਹੈ ਅਤੇ ਲੈਕਚਰਾਰ ਵੀ ਨਹੀਂ ਹੈ। ਉਂਜ ਕਾਲਜ ਵਿਚ ਨਾਨ-ਟੀਚਿੰਗ ਸਟਾਫ ਦੇ 11 ਮੈਂਬਰ ਹਨ। ਕਾਲਜ ਦੇ ਪੱਲੇ ਇਕ ਇਮਾਰਤ ਹੀ ਹੈ, ਜਿਸ ਦੀ ਰਾਖੀ ਲਈ ਪੈਸਕੋ ਦੇ ਚਾਰ ਮੁਲਾਜ਼ਮ ਤਾਇਨਾਤ ਹਨ।

ਬਰੇਟਾ ਕਾਲਜ ਵਿਚ ਪਹਿਲੇ ਵਰ੍ਹੇ 20 ਵਿਦਿਆਰਥੀ ਤੇ ਦੂਜੇ ਸਾਲ ਦੋ ਵਿਦਿਆਰਥੀਆਂ ਨੇ ਦਾਖ਼ਲਾ ਲਿਆ। ਸਰਕਾਰ ਨੇ ਇਨ੍ਹਾਂ 22 ਵਿਦਿਆਰਥੀਆਂ ਨੂੰ ਲਹਿਰਾਗਾਗਾ ਕਾਲਜ ਵਿਚ ਭੇਜ ਦਿੱਤਾ ਸੀ। ਸਿਰਫ਼ ਬਰੇਟਾ ਕਾਲਜ ਹੀ ਨਹੀਂ, ਪੰਜਾਬ ਦੇ ਅਜਿਹੇ ਸੱਤ ਸਰਕਾਰੀ ਬਹੁ-ਤਕਨੀਕੀ ਕਾਲਜ ਹਨ, ਜਿਨ੍ਹਾਂ ਨੂੰ ਕੇਂਦਰ ਸਰਕਾਰ ਦੀ ਮਦਦ ਨਾਲ ਖੋਲ੍ਹਿਆ ਗਿਆ ਹੈ। ਕੇਂਦਰ ਸਰਕਾਰ ਨੇ 2008 ਵਿਚ ਇਨ੍ਹਾਂ ਸੱਤ ਕਾਲਜਾਂ ਲਈ 100 ਕਰੋੜ ਦੀ ਰਾਸ਼ੀ ਭੇਜੀ ਸੀ ਤੇ ਬਾਕੀ ਹਿੱਸੇਦਾਰੀ ਪੰਜਾਬ ਸਰਕਾਰ ਨੇ ਦੇਣੀ ਸੀ।

ਹਰ ਸਰਕਾਰੀ ਕਾਲਜ ਦੀ ਤਿੰਨ ਮੰਜ਼ਿਲਾ ਇਮਾਰਤ ਬਣਨੀ ਸੀ ਪਰ ਕੇਂਦਰੀ ਰਾਸ਼ੀ ਨਾਲ ਸਿਰਫ਼ ਇਕ-ਇਕ ਮੰਜ਼ਿਲ ਹੀ ਉਸਰ ਸਕੀ ਹੈ। ਇਨ੍ਹਾਂ ਕਾਲਜਾਂ ਵਿਚ ਪੰਜ ਕੋਰਸ ਸ਼ੁਰੂ ਕੀਤੇ ਜਾਣੇ ਹਨ। ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਨੇ ਇਨ੍ਹਾਂ ਕਾਲਜਾਂ ਵਿਚ ਸਿਰਫ਼ ਦੋ-ਦੋ ਕੋਰਸਾਂ ਨੂੰ ਹੀ ਪ੍ਰਵਾਨਗੀ ਦਿੱਤੀ ਹੈ।

ਤਕਨੀਕੀ ਸਿੱਖਿਆ ਵਿਭਾਗ ਨੇ ਪੰਜ-ਪੰਜ

## ਜ਼ਿਆਦਾਤਰ ਕਾਲਜਾਂ 'ਚ ਵਿਦਿਆਰਥੀ ਘੱਟ ਤੇ ਸਟਾਫ ਵੱਧ




ਕੋਰਸਾਂ ਦੇ ਹਿਸਾਬ ਨਾਲ ਇਨ੍ਹਾਂ ਕਾਲਜਾਂ ਵਿਚ 1.18 ਕਰੋੜ ਰੁਪਏ ਦੇ ਬੈਂਚ ਖਰੀਦ ਕੇ ਭੇਜ ਦਿੱਤੇ ਹਨ। ਹਰ ਕਾਲਜ ਨੂੰ ਦਫ਼ਤਰੀ ਫਰਨੀਚਰ ਲਈ ਸੱਤਰ ਲੱਖ ਰੁਪਏ ਵੱਖਰੇ ਦਿੱਤੇ ਗਏ। ਮੁੱਖ ਮੰਤਰੀ ਦੇ ਜੱਦੀ ਹਲਕੇ ਲੰਬੀ ਦੇ ਪਿੰਡ ਫਤੂਹੀਵਾਲਾ ਦੇ ਸਰਕਾਰੀ ਬਹੁ-ਤਕਨੀਕੀ ਕਾਲਜ ਵਿਚ ਸਿਰਫ਼ ਤਿੰਨ ਦਰਜਨ ਵਿਦਿਆਰਥੀ ਹਨ। ਪੰਜ ਏਕੜ ਵਿਚ ਬਣੇ ਇਸ ਕਾਲਜ ਵਿਚ 21 ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਮੈਂਬਰ ਹਨ। ਫਤੂਹੀਵਾਲਾ ਕਾਲਜ ਵਿਚ ਇਕ ਹਜ਼ਾਰ ਵਿਦਿਆਰਥੀਆਂ ਲਈ ਫਰਨੀਚਰ ਹੈ ਪਰ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 36 ਹੈ। ਪ੍ਰਿੰਸੀਪਲ ਪ੍ਰਵੀਨ ਮਿੱਡਾ ਦਾ ਕਹਿਣਾ ਹੈ ਕਿ ਕਾਲਜ ਵਿਚ ਚਾਰ ਹੋਰ ਸਟਾਫ ਮੈਂਬਰ ਆ ਰਹੇ ਹਨ। ਜ਼ਿਲ੍ਹਾ ਕਪੂਰਥਲਾ ਦੇ ਬੇਗੋਵਾਲ ਕਾਲਜ ਵਿਚ ਸਿਰਫ਼ 14 ਵਿਦਿਆਰਥੀ ਪੜ੍ਹ ਰਹੇ ਹਨ ਜਦਕਿ ਕੁੱਲ 18 ਸਟਾਫ ਮੈਂਬਰ ਹਨ। ਪੰਜਾਬ ਸਰਕਾਰ ਇਸ ਕਾਲਜ ਵਿਚ ਪ੍ਰਤੀ ਵਿਦਿਆਰਥੀ ਕਰੀਬ ਪੰਜ ਲੱਖ ਰੁਪਏ ਸਾਲਾਨਾ ਖਰਚ ਕਰ ਰਹੀ ਹੈ। ਇਸ ਕਾਲਜ ਵਿਚ ਪਹਿਲਾਂ ਦਾਖ਼ਲ ਹੋਏ ਵਿਦਿਆਰਥੀ ਅੰਮ੍ਰਿਤਸਰ ਵਿਚ ਪੜ੍ਹ ਰਹੇ ਹਨ। ਇਨ੍ਹਾਂ ਸਾਰੇ ਕਾਲਜਾਂ ਨੇ ਟੈਕਨੀਕਲ ਕੌਂਸਲ ਕੋਲ 5 ਕੋਰਸਾਂ ਲਈ ਅਪਲਾਈ ਕੀਤਾ ਸੀ ਪਰ ਖਾਮੀਆਂ ਦੇ ਮੱਦੇਨਜ਼ਰ ਕੌਂਸਲ ਨੇ ਸਿਰਫ਼ ਦੋ-ਦੋ ਕੋਰਸਾਂ ਦੀ ਹੀ ਪ੍ਰਵਾਨਗੀ ਦਿੱਤੀ ਸੀ।

ਫਤਹਿਗੜ੍ਹ ਸਾਹਿਬ ਦੇ ਰਾਣਵਾਂ ਕਾਲਜ ਵਿਚ ਵਿਦਿਆਰਥੀ ਸਿਰਫ਼ 18 ਹਨ ਜਦਕਿ ਕਾਲਜ ਸਟਾਫ ਦੀ ਗਿਣਤੀ 27 ਹੈ। ਇਸ ਕਾਲਜ ਲਈ ਸਰਕਾਰ ਦਾ ਖਰਚ ਪ੍ਰਤੀ ਵਿਦਿਆਰਥੀ 76 ਹਜ਼ਾਰ ਰੁਪਏ ਮਹੀਨਾ ਆ ਰਿਹਾ ਹੈ। ਕਾਲਜ ਵਿਚ ਇਕ ਹਜ਼ਾਰ ਵਿਦਿਆਰਥੀਆਂ ਦੇ ਬੈਠਣ ਲਈ ਬੈਂਚ ਤਾਂ ਹਨ ਪਰ ਵਿਦਿਆਰਥੀ ਨਹੀਂ। ਫ਼ਰੀਦਕੋਟ ਦੇ ਕੋਟਕਪੂਰਾ ਕਾਲਜ ਵਿਚ ਵਿਦਿਆਰਥੀ ਸਿਰਫ਼ 31 ਹਨ ਜਦਕਿ ਸਟਾਫ ਮੈਂਬਰਾਂ ਦੀ ਗਿਣਤੀ 22 ਹੈ। ਸੰਗਰੂਰ ਦੇ ਬਡਬਰ ਕਾਲਜ ਵਿਚ ਵੀ ਕਰੀਬ 32 ਵਿਦਿਆਰਥੀ ਹੀ ਹਨ। ਇਨ੍ਹਾਂ ਸੱਤ ਕਾਲਜਾਂ ਵਿਚੋਂ ਛੇ ਕਾਲਜਾਂ ਵਿਚ ਸਿਰਫ਼ 132 ਵਿਦਿਆਰਥੀ ਪੜ੍ਹ ਰਹੇ ਹਨ ਜਦਕਿ ਨਵਾਂ ਸ਼ਹਿਰ ਦਾ ਇਕੱਲਾ ਬਹਿਰਾਮ ਕਾਲਜ ਹੈ, ਜਿਥੇ ਵਿਦਿਆਰਥੀਆਂ ਦੀ ਗਿਣਤੀ 85 ਦੇ ਕਰੀਬ ਹੈ। ਇਥੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਦੀ ਗਿਣਤੀ 34 ਹੈ।

ਪੰਜਾਬ ਸਰਕਾਰ ਨੇ ਹਰ ਕਾਲਜ ਲਈ ਕਰੀਬ 110 ਅਸਾਮੀਆਂ ਪ੍ਰਵਾਨ ਕੀਤੀਆਂ ਹਨ ਪਰ ਵਿਦਿਆਰਥੀਆਂ ਦੀ ਤੋਟ ਹੈ। ਪੰਜਾਬ ਵਿਚ 18 ਪੁਰਾਣੇ ਸਰਕਾਰੀ ਬਹੁ-ਤਕਨੀਕੀ ਕਾਲਜ ਹਨ ਜਿਨ੍ਹਾਂ ਦੇ ਕਾਫ਼ੀ ਸਟਾਫ ਨੂੰ ਨਵੇਂ ਕਾਲਜਾਂ ਦੀਆਂ ਅਸਾਮੀਆਂ ਅਗੇਂਸਟ ਤਰੱਕੀਆਂ ਦੇ ਦਿੱਤੀਆਂ ਗਈਆਂ ਹਨ। ਹੁਣ ਪੁਰਾਣੇ ਕਾਲਜਾਂ ਵਿਚ ਲੈਕਚਰਾਰਾਂ ਤੇ ਨਵੇਂ ਕਾਲਜਾਂ 'ਚ ਵਿਦਿਆਰਥੀਆਂ ਦੀ ਤੋਟ ਹੈ।

ਪੰਜਾਬ ਦੇ ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ ਮੋਹਨਵੀਰ ਸਿੰਘ ਨੇ ਕਿਹਾ ਕਿ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਨੇ ਆਪਣੇ ਨੇਮ ਸੋਧੇ ਹਨ ਤੇ ਨਵੇਂ ਕੋਰਸਾਂ ਨੂੰ ਪ੍ਰਵਾਨਗੀ ਦੇਣੀ ਬੰਦ ਕਰ ਦਿੱਤੀ ਹੈ। ਇਸ ਕਰਕੇ ਨਵੇਂ ਕਾਲਜਾਂ ਵਿਚ ਸਾਰੇ ਕੋਰਸਾਂ ਨੂੰ ਪ੍ਰਵਾਨਗੀ ਨਹੀਂ ਮਿਲ ਸਕੀ।

## ਲਿਹਾਜ਼ਦਾਰੀ ਨੇ ਡੋਬਿਆ ਸਿੱਖਿਆ ਵਿਭਾਗ

**ਲੁਧਿਆਣਾ:** ਸੱਤਾਧਾਰੀ ਆਗੂਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਜਾਂ ਚਹੇਤੇ ਜੂਨੀਅਰ ਅਧਿਕਾਰੀਆਂ ਨੂੰ ਵੱਡੇ ਅਹੁਦਿਆਂ 'ਤੇ ਤਾਇਨਾਤ ਕਰਨ ਦੀ ਪਿਰਤ ਸਿੱਖਿਆ ਦੇ ਮਿਆਰ 'ਤੇ ਭਾਰੂ ਪੈ ਰਹੀ ਹੈ। ਇਸ ਵੇਲੇ ਸਿੱਖਿਆ ਵਿਭਾਗ ਵਿਚ ਡਿਪਟੀ ਡਾਇਰੈਕਟਰ ਦੇ 24 ਅਹੁਦਿਆਂ ਵਿਚੋਂ 4-5 ਨੂੰ ਛੱਡ ਕੇ ਬਾਕੀ ਡੇਢ ਦਰਜਨ ਤੋਂ ਵੀ ਵੱਧ ਅਹੁਦਿਆਂ 'ਤੇ ਅਜਿਹੇ ਹੀ ਜੂਨੀਅਰ ਤੇ ਗੈਰ-ਤਜਰਬੇਕਾਰ ਅਧਿਕਾਰੀ ਤਾਇਨਾਤ ਹਨ।

ਸਾਬਕਾ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਡੀ.ਜੀ. ਐਸ.ਈ. ਕਾਹਨ ਸਿੰਘ ਪੰਨੂੰ ਵਿਚਾਲੇ ਪੈਦਾ ਹੋਏ ਵਿਵਾਦ ਤੋਂ ਬਾਅਦ ਇਸ ਵਿਭਾਗ ਵਿਚ ਸਿਆਸੀ ਦਖਲਅੰਦਾਜ਼ੀ ਵਿਚ ਲਗਾਤਾਰ ਵਾਧਾ ਹੋਇਆ ਹੈ। ਇਸ ਵਿਵਾਦ ਪਿਛੋਂ ਡੀ.ਜੀ. ਐਸ.ਈ. ਤੋਂ ਸ਼ਕਤੀਆਂ ਖੋਹਣ ਦੇ ਕੀਤੇ ਯਤਨਾਂ ਤੋਂ ਇਲਾਵਾ ਸਾਬਕਾ ਸਿੱਖਿਆ ਮੰਤਰੀ ਨੇ ਸ. ਪੰਨੂੰ ਨੂੰ ਸਬਕ ਸਿਖਾਉਣ ਲਈ ਸਿਰਫ਼ ਕੁਝ ਮਹੀਨੇ ਪਹਿਲਾਂ ਹੀ ਪਦਉਨਤ ਹੋ ਕੇ ਪ੍ਰਿੰਸੀਪਲ ਬਣੇ ਆਪਣੇ ਚਹੇਤੇ ਨੂੰ ਨਿਯਮਾਂ ਦੇ ਉਲਟ ਸਟੇਟ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ ਦਾ ਡਿਪਟੀ ਡਾਇਰੈਕਟਰ ਲਾ ਦਿੱਤਾ ਸੀ। ਇਸੇ ਤਰ੍ਹਾਂ ਕੈਪਟਨ ਸਰਕਾਰ ਵਲੋਂ 2004 ਵਿਚ ਡੀ.ਈ.ਓ. ਦੇ ਅਹੁਦੇ 'ਤੇ ਸੱਤਾਧਾਰੀ ਆਗੂਆਂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੇ ਚਹੇਤਿਆਂ ਨੂੰ ਕਈ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਵਜੋਂ ਤਾਇਨਾਤ ਕਰਵਾਇਆ ਹੋਇਆ ਹੈ।

# ਨਰਿੰਦਰ ਬੀਬਾ: ਦਹਾਕੇ ਦੀਆਂ ਸੈਂਕੜੇ ਮੁਲਾਕਾਤਾਂ




**ਐਸ. ਅਸ਼ੋਕ ਭੌਰਾ**

ਉਂਜ ਤਾਂ ਇਸ ਯੁੱਗ ਵਿਚ ਕੋਈ ਸੰਤ ਫਕੀਰ ਲੱਭਣਾ ਔਖਾ ਹੈ; ਰੱਬ ਨਾ ਕਰੇ, ਜੇ ਕੋਈ ਹੋਵੇ ਵੀ, ਤਾਂ ਉਹ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਗੁਆਚ ਗਏ ਅਵਸਰ, ਲੰਘ ਗਿਆ ਵਕਤ ਜਾਂ ਗੁਜ਼ਰ ਗਈਆਂ ਉਮਰਾਂ ਮੋੜ ਕੇ ਲਿਆ ਸਕਦਾ ਹਾਂ। ਚਮਕੀਲੇ ਦੀ ਗੱਲ ਕਰਨ ਵੇਲੇ ਕਈ ਖੁਸ਼ ਵੀ ਹੋਏ, ਕਈ ਤੱਤੇ-ਠੰਢੇ ਵੀ, ਪਰ ਮੈਂ ਨਾ ਸਿਰਫ ਚਮਕੀਲੇ ਨੂੰ ਜਾਣਦਾ ਸੀ, ਨਾ 'ਕੱਲਾ ਉਹੀ ਮੇਰਾ ਮਿੱਤਰ ਸੀ, ਸਗੋਂ ਨਰਿੰਦਰ ਬੀਬਾ ਜਿਸ ਨੇ 'ਆਹ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ', 'ਅਸਾਂ ਨਹੀਂ ਕਨੌੜ ਝੱਲਣੀ', 'ਚੰਨ ਮਾਤਾ ਗੁਜਰੀ ਦਾ', 'ਦੋ ਬੜੀਆਂ ਕੀਮਤੀ ਜਿੰਦਾਂ', 'ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ', 'ਮੇਰੇ ਲਾਡਲੇ ਲਾਲ ਦੇ ਲਾਲ', 'ਮਾਹੀ ਵੇ ਲੈ ਕੇ ਛੁੱਟੀਆਂ ਮਹੀਨੇ ਦੀਆਂ ਆ', 'ਮੁੱਖ ਮੋੜ ਗਏ ਦਿਲਾਂ ਦੇ ਜਾਨੀ', 'ਏਨੀ ਜ਼ੋਰ ਦੀ ਮਰੋੜੀ ਮੇਰੀ ਬਾਂਹ ਜੱਟ ਨੇ' ਤੇ 'ਚੰਡੀਗੜ੍ਹ ਰਹਿਣ ਵਾਲੀਏ, ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ' ਜਾਂ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ', 'ਮੈਂ ਸੁੰਘਿਆ ਸੀ ਫੁੱਲ ਜਾਣ ਕੇ, ਪਿਆਰ ਰੌਂ ਪਿਆ ਹੱਡਾਂ ਵਿਚ ਮੇਰੇ' ਵਰਗੇ ਅਮਰ ਗੀਤ ਗਾਏ, ਦੇ ਗੋਡੇ ਨਾਲ ਵੀ ਮੈਂ ਦਸ ਸਾਲ ਵੱਡੀ ਭੈਣ ਵਾਂਗ ਲੱਗਾ ਰਿਹਾ ਹਾਂ। ਉਹਦੇ ਨਾਲ ਆਉਣ ਵਾਲੇ ਉਹਦੇ ਭਰਾਵਾਂ ਰਣਬੀਰ ਸਿੰਘ ਰਾਣਾ ਤੇ ਫਕੀਰ ਸਿੰਘ ਫਕੀਰ ਨੂੰ ਰੱਜ ਕੇ ਮਿਲਿਆਂ, ਉਹਦੀ ਗਾਇਕੀ ਦਾ ਇਕ ਸਿਰਾ ਰਹੇ ਅਲਗੋਜ਼ਿਆਂ ਵਾਲੇ ਬੇਲੀ ਰਾਮ ਨੂੰ ਬਹੁਤ ਸੁਣਿਆ, ਪਰ ਬੀਬਾ ਮੈਨੂੰ ਉਦੋਂ ਮਿਲੀ ਜਦੋਂ ਉਹ ਵਿਧਵਾ ਹੋ ਗਈ ਸੀ, ਯਾਨਿ 'ਸਾਕਾ ਸਰਹਿੰਦ' ਵਿਚ ਕੁਮੈਂਟਰੀ ਕਰਨ ਵਾਲੇ ਜਸਪਾਲ ਸਿੰਘ ਪਾਲੀ ਨਾਲ ਮੇਰਾ ਇਕ ਵਾਰ ਵੀ ਮੇਲ ਨਹੀਂ ਹੋਇਆ।

ਜਦੋਂ 1985 ਵਿਚ ਮੈਂ ਸਰਕਾਰੀ ਨੌਕਰੀ ਕਰਨ ਲੱਗਾ ਤਾਂ ਲੱਡੂਆਂ ਦਾ ਡੱਬਾ ਲੈ ਕੇ ਗਿਆ। ਉਦਣ ਰੱਖੜੀ ਸੀ, ਪਹਿਲੀ ਵਾਰ ਮੈਂ ਕਹਿ ਕੇ ਬੰਨ੍ਹਾਈ, ਤੇ ਫਿਰ ਉਹ ਦਸ ਸਾਲ ਮੇਰੇ ਆਪ ਬੰਨ੍ਹਣ ਆਉਂਦੀ ਰਹੀ। ਮੈਂ ਜਦੋਂ ਵੀ ਉਹਨੂੰ ਮਿਲਿਆ, ਚਾਹੇ ਉਹਦੀ ਲੁਧਿਆਣੇ ਦੇ ਪਿਛਵਾੜ ਪੈਂਦੀ ਪੀਲੀ ਕੋਠੀ ਸੀ, ਚਾਹੇ ਕੋਈ ਪ੍ਰੋਗਰਾਮ, ਚਾਹੇ ਯਮਲੇ ਜੱਟ ਦਾ ਡੇਰਾ; ਮੈਂ ਉਹਦੇ ਆਪਣੀਆਂ ਭੈਣਾਂ ਵਾਂਗ ਪੈਰੀਂ ਹੱਥ ਹੀ ਲਾਇਆ। ਤੇ ਮੱਥਾ ਉਹਨੇ ਮੇਰਾ ਦੋ ਵਾਰ ਚੁੰਮਿਆ। ਪਹਿਲੀ ਵਾਰ ਉਦੋਂ ਜਦੋਂ ਖਾੜਕੂਆਂ ਦੇ ਡਰੋਂ ਦਫਤਰਾਂ ਤੋਂ ਬੋਰਡ ਲੱਥੇ, ਤੇ 'ਅਜੀਤ' ਵਿਚ ਮੈਂ ਨਿੱਕੀ ਉਮਰੇ ਹਾਅ ਦਾ ਨਾਅਰਾ ਮਾਰਿਆ, 'ਪੰਜਾਬੀ ਗਾਇਕਾਂ ਨੂੰ ਦਾਲ-ਰੋਟੀ ਦੇ ਝੋਰੇ।' ਉਹ ਮੈਨੂੰ ਆਪਣੇ ਘਰ ਹੀ ਘੁੱਟ ਕੇ ਮਿਲਦਿਆਂ ਕਹਿਣ ਲੱਗੀ, "ਕਾਹਨੂੰ ਸੱਪਾਂ ਦੀ ਖੁੱਡ ਵਿਚ ਬਾਂਹ ਦਿੰਨੈ! ਹਾਲੇ ਤਾਂ ਕਾਕਾ ਤੇਰਾ ਵਿਆਹ ਵੀ ਹੋਣੈ।" ਮੈਨੂੰ ਕਾਕਾ ਕਹਿਣਾ ਉਹਦਾ ਸੁਭਾਅ ਬਣ ਗਿਆ ਸੀ। ਦੂਜੀ ਵਾਰੀ ਲਾਡ ਨਾਲ ਉਹਨੇ ਦੋ ਵਾਰ ਮੱਥਾ ਮੇਰਾ ਤਾਂ ਚੁੰਮਿਆ, ਜਦੋਂ 'ਪੰਜਾਬੀ ਟ੍ਰਿਬਿਊਨ' ਵਿਚ ਐਤਵਾਰ ਦੇ ਅੰਕ ਵਿਚ ਤਕਰੀਬਨ ਪੌਣਾ ਸਫਾ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਦਾ ਛਪਿਆ ਸੀ। ਉਹ ਉਸ ਦਿਨ ਕਹਿ ਰਹੀ ਸੀ, "ਅੱਜ ਮੇਰੇ ਬਾਰੇ ਸਭ ਤੋਂ ਵੱਡਾ ਲੇਖ ਨਹੀਂ, ਸਭ ਤੋਂ ਪਿਆਰਾ ਲੇਖ ਛਪਿਆ ਹੈ। ਹੁਣ ਮੈਂ ਸਮਝਦੀ ਹਾਂ ਕਿ ਮੈਂ ਕੁਝ ਨਹੀਂ, ਕਈ ਕੁਝ ਹਾਂ।"

ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਦੇ ਚੱਕ ਨੰਬਰ 120 ਵਿਚ 1943 ਨੂੰ ਜਨਮੀ ਨਰਿੰਦਰ ਬੀਬਾ ਨੇ ਸਿਰਫ 54 ਵਰ੍ਹਿਆਂ ਦੀ ਉਮਰ ਭੋਗੀ। ਪੰਜਾਬੀ ਦੀਆਂ ਮਹਾਨ ਗਾਇਕਾਵਾਂ ਵਿਚੋਂ ਸਭ ਤੋਂ ਘੱਟ ਉਮਰ ਉਹਦੇ ਹਿੱਸੇ ਹੀ ਆਈ।

1986 ਵਿਚ ਖਾੜਕੂਆਂ ਨੇ ਪੇਂਡੂ ਅਖਾੜਿਆਂ ਦੌਰਾਨ ਕਈ ਗਾਇਕਾਂ ਦੀ ਖਿੱਚ-ਧੂਹ ਤਾਂ ਸ਼ੁਰੂ ਕਰ ਦਿੱਤੀ ਸੀ, ਪਰ ਇਸ ਗੱਲ ਦੀ ਕਿਸੇ ਨੂੰ ਉਕਾ ਹੀ ਆਸ ਨਹੀਂ ਸੀ ਕਿ ਇਹ ਏ.ਕੇ. ਸੰਤਾਲੀਆਂ ਦੇ ਮੂੰਹ ਇਨ੍ਹਾਂ ਵੱਲ ਵੀ ਘੁਮਾਉਣਗੇ। ਉਦੋਂ ਹੀ ਦੀਦਾਰ ਸੰਧੂ ਨੇ ਨਾ ਗਾਉਣ ਲਈ ਕੰਨ ਖਿੱਚੇ ਸਨ, ਸੰਦੀਲਾ ਵੀ ਡਰ ਗਿਆ ਸੀ, ਕੁਪੱਤ ਇਕ ਥਾਂ ਸਿੰਘਾਂ ਨੇ ਪਰਮਿੰਦਰ ਸੰਧੂ ਨਾਲ ਵੀ ਕਰ ਦਿੱਤੀ ਸੀ, ਪਰ ਜਦੋਂ ਦਸਵੰਧ ਉਗਰਾਉਣ ਦੇ ਚੱਕਰ ਵਿਚ ਦਫਤਰਾਂ ਵਿਚੋਂ ਬੋਰਡ ਉਤਾਰਨ ਵਾਲਾ ਛਾਂਟਾ ਪਿਆ, ਤਾਂ ਮੈਂ ਸਿੱਖ ਇਤਿਹਾਸ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਗਾਉਣ ਵਾਲੀ ਨਰਿੰਦਰ ਬੀਬਾ ਦੀ ਪੀਲੀ ਕੋਠੀ ਵਿਚ ਉਹਦੇ ਨਾਲ ਇਸ ਨਵੇਂ ਉਠੇ ਦੁਖਾਂਤ ਬਾਰੇ ਉਚੇਚੇ ਤੌਰ 'ਤੇ ਗੱਲ ਕਰਨ ਗਿਆ। ਬਾਅਦ ਦੁਪਹਿਰ ਇਕ ਵਜੇ ਤੱਕ ਵੀ ਉਹ ਆਪਣੇ ਬੈੱਡ ਰੂਮ ਵਿਚ ਲੇਟੀ ਹੋਈ ਸੀ। ਉਹਨੇ ਮੈਨੂੰ ਵੀ ਉਥੇ ਹੀ ਬੁਲਾ ਲਿਆ। ਅਲਗੋਜ਼ਿਆਂ ਵਾਲਾ ਬੇਲੀ ਰਾਮ ਪਹਿਲਾਂ ਹੀ ਬੈਠਾ ਸੀ। ਉਹ ਮੈਨੂੰ ਉਠ ਕੇ ਮਿਲੀ, ਅੱਖਾਂ ਭਰ ਲਈਆਂ, ਮੇਰੇ ਸਿਰ 'ਤੇ ਆਮ ਵਾਂਗ ਹੱਥ ਫੇਰਿਆ, ਤੇ ਕਿੰਨੀ ਦੇਰ ਚੁੱਪ ਰਹੀ।



*'ਤੇਰੀ ਮੇਰੀ ਇਕ ਜਿੰਦੜੀ ਦੀ ਰਿਕਾਰਡਿੰਗ ਸਮੇਂ ਮੁਹੰਮਦ ਰਫੀ ਨਾਲ ਮੁੰਬਈ ਵਿਚ। ਤਸਵੀਰ ਵਿਚ ਦਿਖਾਈ ਦੇ ਰਿਹਾ ਟਾਈ ਵਾਲਾ ਦਸਤਾਰਧਾਰੀ ਨਰਿੰਦਰ ਬੀਬਾ ਦਾ ਪਤੀ ਜਸਪਾਲ ਸਿੰਘ ਪਾਲੀ ਹੈ।*

ਮੈਂ ਆਪ ਹੀ ਗੱਲ ਸ਼ੁਰੂ ਕੀਤੀ, "ਦਫਤਰਾਂ ਵਿਚ ਸੁੰਨ-ਮਸਾਨ ਹੈ, ਸਭ ਸਹਿਮੇ ਤੇ ਡਰੇ ਪਏ ਨੇ...?"

ਕਾਫ਼ੀ ਸੰਭਲ ਕੇ ਉਹ ਬੋਲੀ, "ਆਹ ਦਿਨਾਂ ਬਾਰੇ ਤਾਂ ਕਦੇ ਸੋਚਿਆ ਤੱਕ ਨਹੀਂ ਸੀ। ਸੰਤਾਲੀ ਵਿਚ ਜ਼ਖ਼ਮੀ ਹੋਏ ਸਾਰੇ ਲੋਕ ਹਾਲੇ ਮਰੇ ਨਹੀਂ, ਜਿਉਂਦੇ ਨੇ; ਉਨ੍ਹਾਂ ਨੂੰ ਪੀੜਾ ਪੁੱਛ ਕੇ ਵੇਖੋ। ਮੈਨੂੰ ਪਰਸੋਂ ਕਿਸੇ ਤੋਂ ਪਤਾ ਲੱਗਾ ਕਿ ਕੁਝ ਮੁੰਡੇ ਅਸਾਲਟਾਂ ਲੈ ਕੇ ਘੁੰਮ ਰਹੇ ਆ, ਉਹ ਸਦੀਕ ਸਾਹਿਬ ਤੇ ਹੋਰ ਕਈ ਗਾਇਕਾਂ ਨੂੰ ਕਹਿ ਕੇ ਗਏ ਆ ਕਿ ਆਪਣਾ ਦਸਵੰਧ ਆਲਮਗੀਰ ਗੁਰਦੁਆਰੇ ਜਮ੍ਹਾਂ ਕਰਵਾਉਣ। ਮੈਂ ਤੇ ਫਕੀਰ ਕੱਲ੍ਹ ਆਲਮਗੀਰ ਗੁਰਦੁਆਰੇ ਗਏ, ਪਈ ਚਲੋ... ਅਸੀਂ ਇਨ੍ਹਾਂ ਦਾ ਮਿੰਨਤ-ਤਰਲਾ ਕਰ ਲੈਨੇ ਆਂ... ਗਾਇਕਾਂ ਵਿਚਾਰਿਆਂ ਨੂੰ ਛੱਡ ਦਿਓ, ਇਨ੍ਹਾਂ ਤੂੰਬੀ ਵਜਾਉਣ ਵਾਲਿਆਂ ਨੂੰ ਰਫਲਾਂ, ਸਟੇਨਗੰਨਾਂ ਨਾ ਦਿਖਾਓ। ਗਈ ਤਾਂ ਸੀ ਕਿ ਚਲੋ ਮੇਰੀ ਸੁਣ ਲੈਣਗੇ, ਮੰਨ ਲੈਣਗੇ ਪਰ ਉਥੇ ਕਿਸੇ ਨੇ ਪਰਾਂ 'ਤੇ ਪਾਣੀ ਈ ਨ੍ਹੀਂ ਪੈਣ ਦਿੱਤਾ। ਸਾਰੇ ਕਹਿਣ, ਸਾਨੂੰ ਨਹੀਂ ਪਤਾ ਕੌਣ ਜਾਂਦਾ ਧਮਕਾਉਣ। ਬੱਸ, ਆਏਂ ਮੂੰਹ ਲਟਕਾ ਕੇ ਆ ਗਈ... ਰੱਬ ਈ ਜਾਣੇ ਹੁਣ ਅੱਗੇ ਕੀ ਹੋਊ।"



*ਮਰਹੂਮ ਨਰਿੰਦਰ ਬੀਬਾ*

ਉਸ ਦਿਨ ਉਹ ਇਸ ਹੱਦ ਤੱਕ ਭਾਵੁਕ ਸੀ ਕਿ ਉਹਨੇ ਕਈ ਵਾਰ ਇਹ ਵਾਕ ਦੁਹਰਾਇਆ, "ਇਹ ਲੋਕ ਤਾਂ ਗਾਉਣ ਤੋਂ ਸਿਵਾ ਕੁਝ ਕਰਨ ਜੋਗੇ ਹੈ ਈ ਨਹੀਂ। ਮੇਰੇ ਕੋਲ ਵੀ ਘਰ ਈ ਘਰ ਐ... ਕਾਹਦੇ ਨਾਲ ਖੋਲ੍ਹ ਲਈਏ ਹੋਰ ਕਾਰੋਬਾਰ? ਆਉਂਦਾ ਵੀ ਤਾਂ ਕੁਝ ਨਹੀਂ!"

ਗੱਲ 1986 ਦੇ ਨਵੰਬਰ ਮਹੀਨੇ ਦੀ ਹੈ। ਉਸ ਦਿਨ ਪੰਜਾਬ ਵਿਚ ਕੋਈ ਸਰਕਾਰੀ ਛੁੱਟੀ ਸੀ। ਮੈਂ ਘਰ ਹੀ ਬੈਠਾ ਸਾਂ ਕਿ ਦਸ ਕੁ ਵਜਦੇ ਨੂੰ ਬਾਹਰ ਬੀਬਾ ਦੀ ਕਾਰ ਆ ਕੇ ਰੁਕੀ। ਉਹਦੇ ਨਾਲ ਫਕੀਰ ਸਿੰਘ ਫਕੀਰ ਸੀ, ਬੇਲੀ ਰਾਮ ਤੇ ਘੜਾ ਵਾਦਕ ਕੁੰਢੀਆਂ ਮੁੱਛਾਂ ਵਾਲਾ ਬੰਸੀ ਲਾਲ। ਚਾਹ-ਪਾਣੀ ਪਿਛੋਂ ਮੈਂ ਜਦੋਂ ਪੁੱਛਿਆ, "ਅੱਜ ਦਾ ਕੀ ਪ੍ਰੋਗਰਾਮ ਐ?"

"ਅੱਜ ਮਿਸ਼ਰਾ ਜੀ ਨੇ ਕੁਝ ਗੀਤਾਂ ਦੀ ਰਿਕਾਰਡਿੰਗ ਕਰਨੀ ਐ। ਮੈਂ ਤਿੰਨ ਵਜੇ ਪੁੱਜਣਾ ਜਲੰਧਰ ਦੂਰਦਰਸ਼ਨ।" ਪਰ ਜਿੰਨੇ ਚਾਅ ਨਾਲ ਉਹ ਜਲੰਧਰ ਰੇਡੀਓ ਸਟੇਸ਼ਨ ਤੋਂ ਬਲਵੀਰ ਕਲਸੀ ਤੇ ਸੰਤੋਸ਼ ਮਿਸ਼ਰਾ ਹੋਰਾਂ ਦੀ ਰਿਕਾਰਡਿੰਗ ਬਾਰੇ ਦੱਸਦੀ ਹੁੰਦੀ ਸੀ, ਉਹ ਗੁੰਮ ਜਿਹਾ ਸੀ।

"ਮੈਂ ਵੀ ਨਾਲ ਚੱਲਾਂ?"

"ਅਸ਼ੋਕ, ਆਪਾਂ ਅਨੰਦਪੁਰ ਸਾਹਿਬ ਚੱਲਦੇ ਆਂ... ਰਿਕਾਰਡਿੰਗ 'ਤੇ ਜਾਣ ਨੂੰ ਜੀਅ ਜਿਹਾ ਨਹੀਂ ਕਰਦਾ। ਪਹਿਲਾਂ ਸੋਚਿਆ, ਗੁਰਾਈਂ ਚੰਨ ਕੋਲ ਚੱਲਦੀ ਆਂ, ਫਿਰ ਫਿਲੌਰ ਤੋਂ ਗੱਡੀ ਅੱਪਰੇ ਵਿਚ ਤੇਰੇ ਪਿੰਡ ਨੂੰ ਪਾ ਲਈ। ਚੱਲ ਲੀੜੇ ਪਾ, ਚਲੀਏ।"

"ਨਹੀਂ, ਆਪਾਂ ਜਲੰਧਰ ਟੀ.ਵੀ. 'ਤੇ ਚੱਲਦੇ ਆਂ। ਅਨੰਦਪੁਰ ਸਾਹਿਬ ਫੇਰ ਜਾ ਆਵਾਂਗੇ।" ਸੋਚਿਆ, ਗਾ ਕੇ ਚਿੱਤ ਹੋਰ ਪਾਸੇ ਪੈ ਜਾਵੇਗਾ।

ਉਹਨੇ ਮੇਰੀ ਗੱਲ ਮੰਨ ਤਾਂ ਲਈ ਪਰ ਉਂ ਉਹ ਜਲੰਧਰ ਤੱਕ ਬੋਲੀ ਬਹੁਤ ਘੱਟ; ਤੇ ਮੈਂ ਬੇਲੀ ਰਾਮ ਤੋਂ ਅਲਗੋਜ਼ਿਆਂ 'ਤੇ ਮਿਰਜ਼ੇ ਦੀਆਂ ਧੁਨਾਂ ਸੁਣਦਾ ਰਿਹਾ।

ਲਖਵਿੰਦਰ ਜੌਹਲ, ਸੁਦੇਸ਼ ਕਲਿਆਣ, ਹਰਜੀਤ ਸਿੰਘ, ਗੋਵਰਧਨ ਸ਼ਰਮਾ, 'ਕੱਠਿਆਂ ਨੇ ਵੇਟਿੰਗ ਰੂਮ ਵਿਚ ਚਾਹ ਪੀਤੀ। ਉਦਣ ਉਹਨੇ ਗਾਇਆ ਤਾਂ ਸਹੀ, ਪਰ ਉਹਦੇ ਅੰਦਰਲੀ ਨਰਿੰਦਰ ਬੀਬਾ ਜਿਵੇਂ ਜਾਗ ਹੀ ਨਹੀਂ ਸੀ ਸਕੀ। ਉਹਨੇ ਕਈ ਵਾਰ ਮਿਸ਼ਰਾ ਜੀ ਨੂੰ ਵੀ ਕਿਹਾ ਸੀ ਕਿ ਫਿਰ ਆ ਜਾਵੇਗੀ, ਅੱਜ ਰਹਿਣ ਦਿਓ...।

ਮੈਨੂੰ ਯਾਦ ਹੈ, ਉਸ ਦਿਨ 675 ਰੁਪਏ ਦਾ ਚੈਕ ਉਹਨੂੰ ਸਟੂਡੀਓ ਵਿਚ ਹੀ ਸਾਈਨ ਕਰਵਾ ਕੇ ਦੇ ਦਿੱਤਾ ਸੀ। ਉਹ ਕਾਫ਼ੀ ਥੱਕੀ-ਥੱਕੀ ਲੱਗ ਰਹੀ ਸੀ। ਵਾਪਸੀ 'ਤੇ ਮੈਂ ਫਗਵਾੜੇ ਉਤਰ ਕੇ ਬੱਸੇ ਪਿੰਡ ਚਲੇ ਗਿਆ, ਹਾਲਾਂਕਿ ਉਹ ਘਰ ਛੱਡਣ ਲਈ ਵਾਰ-ਵਾਰ ਆਖਦੀ ਰਹੀ ਸੀ।

ਉਸ ਦਿਨ ਇੰਨਾ ਦੁਖੀ ਹੋਣ ਦਾ ਭੇਤ ਉਹਨੇ ਆਪ ਤਾਂ ਨਹੀਂ ਦੱਸਿਆ, ਪਰ ਮੈਨੂੰ ਇਹ ਕਨਸੋਅ ਪੈ ਗਈ ਸੀ ਕਿ 'ਸਾਕਾ ਸਰਹਿੰਦ' ਤੇ 'ਚੰਨ ਮਾਤਾ ਗੁਜਰੀ ਦਾ' ਗਾਉਣ ਵਾਲੀ ਨਰਿੰਦਰ ਬੀਬਾ ਨੂੰ ਵੀ ਧਮਕੀ ਭਰਿਆ ਪੱਤਰ ਮਿਲ ਚੁੱਕਾ ਸੀ। ਕਿਉਂ? ਇਹਦੇ ਬਾਰੇ ਹਾਲੇ ਤੱਕ ਵੀ ਕੋਈ ਇਲਮ ਨਹੀਂ।

ਜਿੱਦਣ ਦੁੱਗਰੀ ਚਮਕੀਲੇ ਦਾ ਭੋਗ ਸੀ, ਉਹ ਕੀਰਤਨ ਅਰੰਭ ਹੋਣ ਵੇਲੇ ਆਈ, ਤੇ ਮੱਥਾ ਟੇਕ ਕੇ ਚੁੱਪ-ਚਾਪ ਚਮਕੀਲੇ ਦੀਆਂ ਭੈਣਾਂ ਦੇ ਪਿਛੇ ਬੈਠ ਗਈ। ਮੈਂ ਉਹਦੇ ਵੱਲ ਜਦੋਂ ਵੀ ਵੇਖਦਾ, ਉਹ ਐਨਕਾਂ ਉਤਾਰ ਕੇ ਚੁੰਨੀ ਦੇ ਪੱਲੇ ਨਾਲ ਵਾਰ-ਵਾਰ ਅੱਖਾਂ ਪੂੰਝ ਰਹੀ ਹੁੰਦੀ।

ਜਦੋਂ ਸ਼ਰਧਾਂਜਲੀ ਭੇਟ ਕਰਨ ਦਾ ਵੇਲਾ ਆਇਆ, ਜੱਸੋਵਾਲ ਮੇਰੇ ਕੰਨ ਵਿਚ ਕਹਿਣ ਲੱਗਾ, "ਜਾਹ, ਬੀਬਾ ਨੂੰ ਪੁੱਛ ਕੇ ਆ... ਕੁਛ ਬੋਲਣੈ?"

ਮੈਂ ਸਵਰਨ ਸਿਵੀਏ ਨੂੰ ਕਿਹਾ, "ਤੂੰ ਜਾ ਆ, ਬੀਬੀਆਂ ਵਿਚ ਜਾਣਾ ਮੈਨੂੰ ਔਖਾ ਜਿਹਾ ਲਗਦੈ।"

ਉਹ ਪਹਿਲਾਂ ਹੀ ਭਰਿਆ ਪਿਆ ਸੀ, ਫਿਸ ਪਿਆ, "ਮੈਥੋਂ ਨਹੀਂ ਕਹਿ ਹੋਣਾ ਕਿਸੇ ਨੂੰ ਜਾ ਕੇ।"

ਹੌਲੀ-ਹੌਲੀ ਮੈਂ ਬੀਬਾ ਦੇ ਕੋਲ ਜਾ ਕੇ ਬੈਠ ਗਿਆ। ਗੁਲਸ਼ਨ, ਰਣਜੀਤ ਕੌਰ, ਕੁਲਦੀਪ ਕੌਰ ਵੀ ਅੱਖਾਂ ਥਾਣੀਂ ਦੱਸ ਰਹੀਆਂ ਸਨ ਕਿ ਦੁੱਖ ਡਾਢਾ ਈ ਐ। ਮੈਂ ਬੀਬਾ ਨੂੰ ਮਲਕ ਦੇਣੀ ਪੁੱਛਿਆ, "ਤੁਸੀਂ ਕੁਝ ਬੋਲੋਗੇ ਚਮਕੀਲੇ ਬਾਰੇ? ਮੈਨੂੰ ਜੱਸੋਵਾਲ ਨੇ ਭੇਜਿਐ।"

"ਨਹੀਂ... ਹੁਣ ਬੋਲਣ ਲਈ ਬਚਿਆ ਹੀ ਕੀ ਐ। ਜੱਸੋਵਾਲ ਨੂੰ ਕਹਿ ਦੇਈਂ, ਗੋਲੀਆਂ ਵੀ ਦੱਸ ਦੇਵੇ ਕਿੰਨੀਆਂ ਮਾਰੀਆਂ ਨੇ ਗਰੀਬੜਿਆਂ ਦੇ।" ਤੇ ਉਹ ਚੁੰਨੀ ਦਾ ਲੜ ਫਿਰ ਅੱਖਾਂ 'ਤੇ ਫੇਰਨ ਲੱਗ ਪਈ।

ਖੈਰ! ਉਹ ਉਥੇ ਤਾਂ ਨਹੀਂ ਬੋਲੀ, ਪਰ ਜਦੋਂ ਆਖਰੀ ਰਸਮਾਂ ਵਾਲਾ ਇਹ ਸਮਾਗਮ ਮੁੱਕਿਆ, ਤਾਂ ਸਭ ਆਪੋ-ਆਪਣੇ ਰਾਹੀਂ ਤੁਰਨ ਲੱਗੇ। 'ਪੰਜਾਬੀ ਟ੍ਰਿਬਿਊਨ' ਦਾ ਪੱਤਰ ਪ੍ਰੇਰਕ ਸੁਆਲ ਤਾਂ ਸ਼ਾਇਦ ਸ਼ਿੰਦੇ ਨੂੰ ਕਰਨ ਲੱਗਾ ਸੀ, ਪਰ ਨਰਿੰਦਰ ਬੀਬਾ ਗੱਡੀ ਵਿਚ ਬੈਠਣ ਲੱਗਿਆਂ ਆਪ-ਮੁਹਾਰੇ ਬੋਲ ਪਈ ਜਿਵੇਂ ਸ਼ਰਧਾਂਜਲੀ ਭੇਟ ਕਰਨ ਤੋਂ ਰਿਹਾ ਨਾ ਗਿਆ ਹੋਵੇ, "ਹਰ ਯੁੱਗ ਵਿਚ ਲਹਿਰਾਂ ਤਾਂ ਬੜੀਆਂ ਚਲਦੀਆਂ ਰਹੀਆਂ ਹਨ, ਪਰ ਇਹ ਪਹਿਲੀ ਵਾਰ ਵੇਖਿਆ, ਨਿਹੱਥੀਆਂ ਸੁਰਾਂ ਦਾ ਕਤਲ। ਜੀ-ਜੀ ਕਰਨ ਵਾਲੇ ਗਵੱਈਆਂ ਦੇ ਛਲਣੀ ਹੁੰਦੇ ਸਰੀਰ... ਓਹ ਮੁੰਡਿਓ! ਹੋਸ਼ ਕਰੋ... ਪਤਾ ਨ੍ਹੀਂ ਕੀ ਹੋ ਗਿਐ ਥੋਨੂੰ...।" ਤੇ ਉਹ ਭਰੀ-ਪੀਤੀ ਚਲੇ ਗਈ।

ਨਰਿੰਦਰ ਬੀਬਾ ਦੇ ਗੀਤ, ਲੋਕ ਗੀਤ ਬਣੇ। ਦੀਪਕ ਜੈਤੋਈ ਰਚਿਤ 'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ', 'ਧੀਆਂ ਕਰ ਚੱਲੀਆਂ ਸਰਦਾਰੀ' ਉਹਦੇ ਗਾਏ ਅਮਰ ਗੀਤ ਹਨ। ਗੁਰਦੇਵ ਮਾਨ ਦਾ ਗੀਤ 'ਆ ਜਾ ਚਲੀਏ ਸਕੂਲੇ' ਉਹਦਾ ਪਹਿਲਾ ਰਿਕਾਰਡ ਗੀਤ ਸੀ। ਸੱਸੀ-ਪੁੰਨੂੰ ਤੇ ਮਿਰਜ਼ਾ-ਸਾਹਿਬਾਂ ਦੇ ਸੰਗੀਤਕ ਰੂਪਕ ਆਲ ਇੰਡੀਆ ਰੇਡੀਓ ਨੇ ਸਿਰਫ ਨਰਿੰਦਰ ਬੀਬਾ ਦੇ ਨਸ਼ਰ ਕੀਤੇ। ਉਹ ਯਮਲੇ ਜੱਟ ਦੀ ਸ਼ਾਗਿਰਦ ਸੀ, ਪਰ ਕਲਾਸੀਕਲ ਸੰਗੀਤ ਵਿਚ 'ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ, ਚੰਡੀਗੜ੍ਹ ਰਹਿਣ ਵਾਲੀਏ' ਦੋਗਾਣੇ ਵਾਲਾ ਮਾਸਟਰ ਹਰੀਦੇਵ ਉਹਦਾ ਉਸਤਾਦ ਸੀ। ਉਹਨੇ ਹਰਚਰਨ ਗਰੇਵਾਲ, ਮੁਹੰਮਦ ਸਦੀਕ, ਗੁਰਚਰਨ ਪੋਹਲੀ, ਕਰਨੈਲ ਗਿੱਲ, ਦੀਦਾਰ ਸੰਧੂ ਤੇ ਆਪਣੇ ਭਰਾਵਾਂ- ਫਕੀਰ ਸਿੰਘ ਫਕੀਰ ਤੇ ਰਣਬੀਰ ਸਿੰਘ ਰਾਣਾ ਨਾਲ ਵੀ ਦੋ-ਗਾਣੇ ਗਾਏ। ਮੁਹੰਮਦ ਰਫੀ ਨਾਲ 'ਇੰਨੀ ਜ਼ੋਰ ਦੀ ਮਰੋੜੀ ਮੇਰੀ ਬਾਂਹ ਜੱਟ ਨੇ, ਨਾਲੇ ਵੰਗ ਟੁੱਟ ਗਈ ਨਾਲੇ ਬਾਂਹ ਟੁੱਟ ਗਈ' ਗਾ ਕੇ ਉਹਦੀ ਫਿਲਮਾਂ ਲਈ ਗਾਉਣ ਦੀ ਰੀਝ ਪੂਰੀ ਹੋਈ। ਉਹ ਮੰਨਦੀ ਸੀ ਕਿ ਚੰਨ ਗੁਰਾਇਆ ਵਾਲੇ ਦੇ ਗੀਤ ਗਾ ਕੇ ਉਹਨੂੰ ਤਾਂ ਪ੍ਰਸਿੱਧੀ ਮਿਲੀ ਹੀ, ਸਤਿਕਾਰ ਚੰਨ ਦਾ ਵੀ ਵਧਿਆ।

ਦਿਲਸ਼ਾਦ ਅਖਤਰ ਦੇ ਕਤਲ ਖਿਲਾਫ ਰੋਸ ਮੁਜ਼ਾਹਰਾ ਨਰਿੰਦਰ ਬੀਬਾ ਦੇ ਘਰੋਂ ਸ਼ੁਰੂ ਹੋਇਆ ਸੀ। ਮੁਖਤਿਆਰ ਮਣਕੇ ਵਰਗੇ ਦਿਲਸ਼ਾਦ ਦੇ ਸ਼ਾਗਿਰਦ ਇਕ ਪੁਲਿਸ ਵਾਲੇ ਨੂੰ ਕੁੱਟਣ ਪਏ, ਤਾਂ ਬੀਬਾ ਨੇ ਰੋਕਿਆ, "ਨਹੀਂ, ਸਾਰੇ ਉਸ ਕੁੱਤੇ ਥਾਣੇਦਾਰ ਵਰਗੇ ਨਹੀਂ।" ਪਹਿਲੀ ਵਾਰ ਸੀ ਜਦੋਂ ਲੰਮੀਆਂ ਹੇਕਾਂ ਲਾਉਣ ਵਾਲੀ ਨਰਿੰਦਰ ਬੀਬਾ ਘਰ ਤੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਤੱਕ ਕਈ ਵਾਰ ਰੋਈ, ਕਈ ਵਾਰ ਪਿੱਟੀ, ਤੇ ਪਾਣੀ ਪੀ-ਪੀ ਗਾਇਕਾਂ ਦੇ ਕਾਤਲਾਂ ਨੂੰ ਕੋਸਦੀ ਰਹੀ।

ਮੈਂ 1997 ਵਿਚ ਨਰਿੰਦਰ ਬੀਬਾ ਦੇ ਮਰਨ ਦੀਆਂ ਘੜੀਆਂ ਤੱਕ ਬਹੁਤ ਨੇੜੇ ਰਿਹਾ ਹਾਂ, ਬੜੇ ਦੁੱਖ ਤੇ ਸੁੱਖ ਦੇਖੇ, ਖੁਸ਼ੀ-ਗਮੀ 'ਤੇ ਮਿਲਦੇ ਰਹੇ। ਉਹਨੇ ਢਾਡੀਆਂ ਤੋਂ ਬਾਅਦ, ਕੁਲਦੀਪ ਮਾਣਕ ਵਾਂਗ ਸਭ ਤੋਂ ਵੱਧ ਸਿੱਖ ਇਤਿਹਾਸ ਗਾਇਆ, ਪਰ ਕਿਸੇ ਵੀ ਸਿੰਘ ਸਭਾ ਨੇ ਗੁਰੂ ਘਰ ਵਿਚ ਤੇ ਸਿੱਖ ਸੰਸਥਾਵਾਂ ਨੇ ਦੋਹਾਂ ਨੂੰ ਯਾਦ ਕਰਨ ਲਈ ਪਾਠ ਤਾਂ ਕੀ ਕਰਵਾਉਣਾ ਸੀ, ਸ਼ਾਂਤੀ ਲਈ ਅਰਦਾਸ ਵੀ ਨਹੀਂ ਕੀਤੀ!

## ਕਾਵਿ-ਕਿਆਰੀ

### ਗ਼ਜ਼ਲ

ਗੱਲਾਂ ਤੋਂ ਉਚਾ ਉਭਰ ਕੇ ਦਿਖਾਓ।
ਕਹਿਣ ਵਾਲਿਓ ਜ਼ਰਾ ਕਰ ਕੇ ਦਿਖਾਓ।

ਉਸਾਰੋ ਆਲੀਸ਼ਾਨ ਗੁੰਬਦ, ਮੀਨਾਰੇ,
ਬਣੇ ਬਾਤ ਆਪੂੰ ਉਸਰ ਕੇ ਦਿਖਾਓ।

ਚਲੋ ਛੱਡੋ ਭਵਸਾਗਰਾਂ ਦੀ ਕਹਾਣੀ,
ਝਨਾਵਾਂ ਨੂੰ ਕੱਚਿਆਂ 'ਤੇ ਤਰ ਕੇ ਦਿਖਾਓ।

ਬੜੇ ਹੋ ਗਏ ਨੇ ਤਿਆਗਾਂ ਦੇ ਕਰਤੱਵ,
ਚਲੋ ਚਾਰ ਦਿਨ ਹੁਣ ਵਿਚਰ ਕੇ ਦਿਖਾਓ।

ਦੁਆਰੇ ਤੋਂ ਬਾਹਰ ਕਿਆ ਦਬ ਦਬਾ ਹੈ,
ਤੇ ਅੰਦਰ ਉਹਨੂੰ ਡਰ ਡਰ ਕੇ ਦਿਖਾਓ।

ਹਟਾ ਦੇਵੋ ਚਿਹਰੇ ਤੋਂ ਸਾਰੀ ਬਨਾਵਟ,
ਚਲੋ ਅੱਜ ਥੋੜ੍ਹਾ ਸੰਵਰ ਕੇ ਦਿਖਾਓ।

ਕਿ ਸੱਤਾਂ ਵੀਹਾਂ ਦਾ ਹੈ ਸੌ ਤਕੜਿਆਂ ਦਾ,
ਕਦੀ ਇਸ ਗੱਲੋਂ ਮੁਕਰ ਕੇ ਦਿਖਾਓ।

ਇਹ ਨਾਹਰੇ, ਵੰਗਾਰਾਂ ਤੋਂ ਅੱਗੇ ਵੀ ਲੰਘੋ,
ਕਦੇ 'ਪਿਆਰ' ਮੁੱਖ 'ਚੋਂ ਉਚਰ ਕੇ ਦਿਖਾਓ।

'ਕੁਲਬੀਰ' ਸੁਧਰ ਜਾਏ ਆਪੇ ਜ਼ਮਾਨਾ,
ਸੁਧਾਰਾਂ ਦੀ ਥਾਂ ਜੇ ਸੁੱਧਰ ਕੇ ਦਿਖਾਓ।

**-ਕੁਲਬੀਰ ਪੱਡਾ**

## ਗੱਲ ਬਣੀ ਕਿ ਨਹੀਂ

**-ਐਸ. ਅਸ਼ੋਕ ਭੌਰਾ**

### ਬੱਕਰੇ ਤੋਂ ਡਰੇ ਕਸਾਈ

ਸਾਥੋਂ ਗਿਆ ਪਛਾਣਿਆ ਨਾ ਜਗਤ ਸਿਹੁੰ ਨਾ ਜੱਗੀ।
ਤਾਹੀਓਂ ਖਾਂਦੇ ਆ ਰਹੇ ਬੜੇ ਚਿਰਾਂ ਦੀ ਠੱਗੀ।
ਸਾਧ ਬੜਾ ਬਦਨਾਮ ਹੈ ਕਰੇ ਜਾਰੀ ਫਰਮਾਨ,
ਲਗਦੈ ਉਹ ਨਹੀਂ ਜਾਣਦਾ ਕੀਹਦੀ ਕਿਥੇ ਲੱਗੀ।
ਚੌਕ ਵਿਚ ਗਿੱਲਾ ਪਾ ਲਿਆ ਨੇਤਾ ਜੀ ਨੇ ਪੀਣ੍ਹ।
ਸੱਪ ਕਿਉਂ ਨਹੀਂ ਮੇਲ੍ਹਦਾ ਵੱਜੀ ਜਾਂਦੀ ਬੀਨ।
ਗੋਰਖ ਵੋਟਾਂ ਮੰਗਦਾ ਸਭ ਚੁੱਕਣ ਲਈ ਰੋਗ।
ਚੇਲਿਆਂ ਨੂੰ ਹੁਣ ਦਊਗਾ ਲੋਕ ਕੁੱਟਣ ਦਾ ਜੋਗ।
ਦੂਰੋਂ ਖੜ੍ਹਾ ਹੀ ਵੇਖਦੈ ਭਗਤ ਸਿਹੁੰ ਦਾ ਬੁੱਤ।
ਇਹ ਨਾ ਬੰਦੇ ਬਣਨਗੇ ਨਾ ਬੰਦੇ ਦੇ ਪੁੱਤ।
ਲੀੜੇ ਹੀ ਨੇ ਬਦਲ ਕੇ ਉਹੀ ਜਾਂਦੇ ਆਈ।
ਬੱਕਰਾ ਅੱਖਾਂ ਕੱਢਦਾ ਅੰਦਰੋਂ ਡਰੇ ਕਸਾਈ।
ਕੋਈ ਨਹੀਂ 'ਭੌਰੇ' ਬਚੇਗੀ ਹੁਣ ਕੈਦੋਂ ਦੀ ਲੱਤ।
ਪਿੰਜਰੇ ਰਿੱਛ ਪਾ ਦੇਣਗੇ ਲੋਕ ਉਤਾਰ ਕੇ ਜੱਤ।

# ਪੰਜਾਬੀ ਮਾਂ ਕੀ ਕਰੇ, ਕਿੱਧਰ ਨੂੰ ਜਾਵੇ?

**ਦੁਖਦੀ ਰਗ**



ਡਾ. ਗੁਰਨਾਮ ਕੌਰ, ਕੈਨੇਡਾ

ਹੁਣ ਇਹ ਗੱਲ ਜੱਗ ਜ਼ਾਹਿਰ ਹੋ ਗਈ ਹੈ ਕਿ ਪੰਜਾਬ ਦੀ ਜੁਆਨੀ ਨੂੰ ਨਸ਼ੇ ਕਿਵੇਂ ਤਬਾਹ ਕਰ ਰਹੇ ਹਨ ਅਤੇ ਨਸ਼ਿਆਂ ਦਾ ਕਾਰੋਬਾਰ ਕਿਉਂ ਤੇ ਕਿਵੇਂ ਪੰਜਾਬ ਨੂੰ ਕੈਂਸਰ ਬਣ ਕੇ ਚੰਬੜ ਗਿਆ ਹੈ। ਹੁਣ ਸਰਕਾਰ ਦੀ ਇਹ ਤੁਹਮਤ ਤਰਕਹੀਣ ਹੋ ਗਈ ਹੈ ਕਿ ਪੰਜਾਬ ਨੂੰ ਬਦਨਾਮ ਕਰਨ ਲਈ ਇਹ ਮਹਿਜ ਕੁਝ ਲੋਕਾਂ ਜਾਂ ਪਾਰਟੀਆਂ ਵਲੋਂ ਰਾਜਨੀਤਕ ਲਾਹਾ ਲੈਣ ਲਈ ਕੀਤਾ ਜਾ ਰਿਹਾ ਹੈ। 31 ਜਨਵਰੀ ਦੇ 'ਪੰਜਾਬ ਟਾਈਮਜ਼' ਵਿਚ ਹਮੀਰ ਸਿੰਘ ਦਾ ਲੇਖ "ਨਸ਼ਿਆਂ ਖਿਲਾਫ ਮੋਰਚਾ ਅਤੇ ਪੰਜਾਬ ਦੀ ਪੀੜ" ਛਪਿਆ ਹੈ। ਇਸ ਨੂੰ ਸਮੇਟਦਿਆਂ ਉਨ੍ਹਾਂ ਲਿਖਿਆ ਹੈ, "ਬੌਧਿਕ ਕੰਗਾਲੀ ਪੰਜਾਬ ਲਈ ਸਭ ਤੋਂ ਵੱਡੀ ਕਮਜ਼ੋਰੀ ਬਣ ਰਹੀ ਹੈ। ਅਨੇਕ ਸਮੱਸਿਆਵਾਂ ਵਿਚ ਜਕੜੇ ਰਾਜ ਸਾਹਮਣੇ ਸਪਸ਼ਟ ਏਜੰਡਾ ਪੇਸ਼ ਕਰਨ ਅਤੇ ਪਾਰਟੀਆਂ ਨੂੰ ਉਨ੍ਹਾਂ ਉਤੇ ਗੱਲ ਕਰਨ ਲਈ ਮਜਬੂਰ ਕਰਨ ਵਾਲਾ ਬੌਧਿਕ ਗਰੁਪ ਦ੍ਰਿਸ਼ ਤੋਂ ਗਾਇਬ ਦਿਖਾਈ ਦੇ ਰਿਹਾ ਹੈ। ਜਿੱਥੇ ਵੀ ਨਸ਼ੇ ਖਿਲਾਫ ਬਹਿਸ ਹੁੰਦੀ ਹੈ, ਇੱਕ ਦਲੀਲ ਸਭ ਦਿੰਦੇ ਹਨ ਕਿ ਇਸ ਉਤੇ ਸਿਆਸਤ ਨਹੀਂ ਕਰਨੀ ਚਾਹੀਦੀ। ਕਿਉਂ? ਜਿਸ ਤਰ੍ਹਾਂ ਦੀ ਸਿਆਸਤ ਹੁਣ ਚੱਲ ਰਹੀ ਹੈ, ਉਹ ਹੀ ਤਾਂ ਵੱਡੇ ਵਰਗ ਕੋਲੋਂ ਰੁਜ਼ਗਾਰ, ਪੜ੍ਹਾਈ, ਚੰਗੀ ਸਿਹਤ, ਬਰਾਬਰੀ ਦੇ ਅਧਿਕਾਰ, ਜਮਹੂਰੀਅਤ ਵਿਚ ਫੈਸਲਾਕੁਨ ਤਾਕਤ ਵਿਚ ਹਿੱਸੇਦਾਰੀ ਸਭ ਕੁਝ ਖੋਹ ਰਹੀ ਹੈ। ਲੋੜ ਸਿਆਸਤ ਨੂੰ ਕੁਦਰਤ ਅਤੇ ਮਨੁੱਖ ਦੀਆਂ ਜ਼ਰੂਰਤਾਂ ਦੇ ਹਾਣ ਦੀ ਬਣਾਉਣ ਦੀ ਹੈ। ਪੰਜਾਬ ਦੀਆਂ ਔਰਤਾਂ ਇਸ ਸਬੰਧੀ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ, ਪਰ ਦੁਖਾਂਤ ਇਹੀ ਹੈ ਕਿ ਇਨ੍ਹਾਂ ਨੂੰ ਸਮਾਜਿਕ ਅਤੇ ਸਿਆਸੀ ਖੇਤਰ ਵਿਚ ਅੱਗੇ ਆਉਣ ਲਈ ਰੁਕਾਵਟਾਂ ਨੂੰ ਦੂਰ ਕਰਨ ਲਈ ਪਹਿਲਕਦਮੀ ਕਰਨੀ ਪਵੇਗੀ। ਇਸ ਲਈ ਨਸ਼ਿਆਂ ਖਿਲਾਫ ਲੜਾਈ ਦੇ ਦੋਵੇਂ ਪੱਖ ਸਮਾਜਿਕ ਤੇ ਸਿਆਸੀ ਹੋਣਗੇ ਪਰ ਕੇਵਲ ਵੋਟ ਬੈਂਕ ਦੀ ਸਿਆਸਤ ਨਸ਼ੇ ਖਿਲਾਫ ਮੁਹਿੰਮ ਨੂੰ ਕਿਤੇ ਨਹੀਂ ਲਿਜਾ ਸਕੇਗੀ।"

ਜਤਿੰਦਰ ਪੰਨੂ ਹੋਰਾਂ ਦੇ ਲੇਖ ਆਮ ਤੌਰ 'ਤੇ ਰਾਜਨੀਤੀ ਦੇ ਕਿਸੇ ਨਾ ਕਿਸੇ ਪੱਖ ਨਾਲ ਸਬੰਧਤ ਹੁੰਦੇ ਹਨ ਪਰ 'ਪੰਜਾਬ ਟਾਈਮਜ਼' ਦੇ 14 ਫਰਵਰੀ ਦੇ ਅੰਕ ਵਿਚ ਆਪਣੇ ਲੇਖ 'ਨਸ਼ਿਆਂ 'ਚ ਡੁਬ ਰਹੇ ਦੁਲਿਆਂ, ਦਾਰਿਆਂ, ਮਿਲਖਿਆਂ ਦਾ ਪੰਜਾਬ' ਵਿਚ ਉਨ੍ਹਾਂ ਨੇ ਪੰਜਾਬ ਵਿਚ ਨਸ਼ਿਆਂ ਦੀ ਗੰਭੀਰਤਾ 'ਤੇ ਚਿੰਤਾ ਪਰਗਟ ਕਰਦਿਆਂ ਅੰਤ ਵਿਚ ਲਿਖਿਆ ਹੈ, "ਰਾਜਨੀਤੀ ਦੀ ਲੜਾਈ ਲੜਨ ਵਾਲੇ ਬਥੇਰੇ ਹਨ, ਉਨ੍ਹਾਂ ਨੂੰ ਕੁੱਕੜ ਖੇਹ ਉਡਾਉਂਦੇ ਛੱਡ ਕੇ ਜਾਗ੍ਰਿਤੀ ਦੀ ਇਕ ਨਵੀਂ ਲਹਿਰ ਪੰਜਾਬ ਦੇ ਹਰ ਪਿੰਡ ਅਤੇ ਹਰ ਸੱਥ ਤੱਕ ਪੁਚਾਉਣ ਦੀ ਲੋੜ ਹੈ, ਲੋਕਾਂ ਦੇ ਗਰਕਦੇ ਜਾਂਦੇ ਪੁੱਤਰ ਅਤੇ ਪਰਿਵਾਰ ਬਚਾਉਣ ਦੀ ਲੋੜ ਹੈ। ਜੇ ਉਹ ਇਸ ਪੱਖੋਂ ਜਾਗ੍ਰਿਤ ਹੋ ਗਏ ਤਾਂ ਨਸ਼ੀਲੇ ਪਦਾਰਥਾਂ ਦੇ ਵਪਾਰੀ ਤੇ ਉਨ੍ਹਾਂ ਦੇ ਸਰਪ੍ਰਸਤ ਕਿੰਨੇ ਵੀ ਵੱਡੇ ਮੁਰਾਤਬੇ ਵਾਲੇ ਹੋਣ, ਪਿੰਡਾਂ ਦੇ ਲੋਕ ਪਾਥੀਆਂ ਮਾਰ ਮਾਰ ਕੇ ਭਜਾ ਦੇਣਗੇ।"

ਸ. ਹਮੀਰ ਸਿੰਘ ਨੇ ਆਪਣੇ ਲੇਖ ਵਿਚ ਸਪੱਸ਼ਟ ਤੌਰ 'ਤੇ ਇਹ ਕਹਿ ਦਿੱਤਾ ਹੈ ਕਿ ਪੰਜਾਬੀ ਔਰਤ ਨੂੰ ਆਪਣੇ ਪੁੱਤ ਬਚਾਉਣ ਲਈ, ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਨਸ਼ਿਆਂ ਖਿਲਾਫ ਇਹ ਲੜਾਈ ਅੱਗੇ ਹੋ ਕੇ ਲੜਨੀ ਪਵੇਗੀ। ਜਤਿੰਦਰ ਪੰਨੂ ਹੋਰੀਂ ਬਹੁਤ ਸੁਲਝੇ ਹੋਏ ਅਤੇ ਚੇਤੰਨ ਪੱਤਰਕਾਰ ਹਨ। ਉਨ੍ਹਾਂ ਨੇ ਇਸ ਪਾਸੇ ਕਿ ਹੁਣ ਪੰਜਾਬੀ ਔਰਤ ਨੂੰ ਜਾਗ੍ਰਿਤ ਕਰਨ ਦਾ ਅਤੇ ਉਸ ਦੇ ਅੱਗੇ ਹੋ ਕੇ ਇਹ ਲੜਾਈ ਲੜਨ ਦਾ ਸਮਾਂ ਆ ਗਿਆ ਹੈ, ਲੁਕਵੇਂ ਢੰਗ ਨਾਲ ਇਸ਼ਾਰਾ ਕਰ ਦਿੱਤਾ ਹੈ। ਲੁਕਵੇਂ ਢੰਗ ਨਾਲ ਇਸ ਕਰਕੇ 'ਪਾਥੀਆਂ ਮਾਰ ਮਾਰ ਕੇ ਭਜਾ ਦੇਣ' ਦਾ ਕੰਮ ਪਿੰਡ ਦੀਆਂ ਔਰਤਾਂ ਹੀ ਕਰ ਸਕਦੀਆਂ ਹਨ। ਜੇ ਉਹ ਆਪਣੀ ਆਈ 'ਤੇ ਆ ਜਾਣ ਤਾਂ ਉਨ੍ਹਾਂ ਲਈ ਨਸ਼ੇ ਦੇ ਵਪਾਰੀਆਂ ਨੂੰ ਭਜਾਉਣਾ ਬਿਲਕੁਲ ਔਖਾ ਨਹੀਂ ਹੋਵੇਗਾ, ਮਸਲਾ ਸਿਰਫ ਉਨ੍ਹਾਂ ਨੂੰ ਇਸ ਪਾਸੇ ਚੇਤੰਨ ਕਰਨ ਦਾ ਅਤੇ ਸੰਗਠਿਤ ਕਰਨ ਦਾ ਹੈ।

ਬਹੁਤ ਛੋਟੀ ਸੀ ਉਦੋਂ ਮੈਂ, ਮਸਾਂ ਤੀਸਰੀ ਜਮਾਤ ਵਿਚ ਪੜ੍ਹਦੀ ਜਦੋਂ ਸਾਡੀ ਗੂੜ੍ਹੀ ਪਰਿਵਾਰਕ ਸਾਂਝ ਵਾਲੇ ਸਾਡੇ ਗੁਆਂਢੀ ਚਾਚਾ ਜੀ ਪੰਡਿਤ ਰਾਮ ਗੋਪਾਲ ਦੀ ਪਤਨੀ ਚਾਚੀ ਵਿੱਦਿਆ ਵਤੀ ਆਪਣੇ ਸਹੁਰੇ ਦੇ ਸਵਰਗਵਾਸ ਤੋਂ ਬਾਅਦ ਲੁਧਿਆਣੇ ਤੋਂ ਪਿੰਡ ਵਾਲੇ ਘਰ ਦੀ ਸਾਫ-ਸਫਾਈ ਕਰਨ ਲਈ ਕੁਝ ਦਿਨਾਂ ਲਈ ਪਿੰਡ ਆਏ। ਉਹ ਬਜ਼ੁਰਗ ਦੀਆਂ ਪੁਰਾਣੀਆਂ ਕਿਤਾਬਾਂ, ਰਸਾਲੇ ਤੇ ਅਖਬਾਰ ਆਦਿ ਰੱਦੀ ਵਿਚ ਦੇਣ ਲਈ ਕੱਢ ਰਹੇ ਸੀ। ਸਾਨੂੰ ਆਗਿਆ ਕੀਤੀ ਕਿ ਜੋ ਕੁਝ ਪੜ੍ਹਨਾ ਹੈ, ਵਿਚੋਂ ਛਾਂਟ ਲਈਏ। ਅੰਗਰੇਜ਼ੀ ਤਾਂ ਪੜ੍ਹਨੀ ਨਹੀਂ ਸੀ ਆਉਂਦੀ ਪਰ ਪੰਜਾਬੀ ਦੇ ਪੁਰਾਣੇ ਅਖਬਾਰ, ਰਸਾਲੇ ਕੱਢ ਲਏ ਜਿਨ੍ਹਾਂ ਵਿਚੋਂ ਇੱਕ ਕਿਸੇ ਗਦਰੀ ਯੋਧੇ ਵਲੋਂ ਲਿਖੀ ਕਵਿਤਾ ਦੇ ਟੋਟੇ, ਅਤੇ ਇੱਕ ਕਿਸੇ ਦਾ ਅਮਲੀਆਂ 'ਤੇ ਲਿਖੇ ਵਿਅੰਗਮਈ ਲੇਖ ਵਿਚਲਾ ਟੋਟਕਤਾ ਮੈਨੂੰ ਅੱਜ ਤੱਕ ਨਹੀਂ ਭੁੱਲਿਆ। ਗਦਰੀ ਕਵਿਤਾ ਦਾ ਟੋਟਾ ਸੀ, "ਜਿਹਦੀ ਮਾਂ ਦੀਆਂ ਮੇਢੀਆਂ ਗੈਰ ਪੁੱਟਣ, ਉਹਦੇ ਜੀਵਣੇ ਦਾ ਫਿਰ ਹੱਜ ਕੋਈ ਨਾ।"

ਅਮਲੀਆਂ ਉਤੇ ਲਿਖੇ ਲੇਖ ਵਿਚ ਅਮਲੀ ਦੀ ਪਤਨੀ ਅਤੇ ਅਮਲੀ ਦੀ ਮਨੋਦਸ਼ਾ ਦਾ ਕੁਝ ਚਿਤਰ ਇਵੇਂ ਸੀ ਕਿ ਅਮਲੀ ਕਹਿੰਦਾ ਹੈ, "ਪੋਸਤਾ ਦਿਲ ਦੋਸਤਾ ਤੇਰਾ ਜੜਤੋਂ ਲੁਆਵਾਂ ਬੂਟਾ। ਹਜ਼ਾਰ ਰੁਪਏ ਦੀ ਪਿਣਕ ਜੋ ਦੇਨਾਂ ਏਂ ਲੱਖ ਰੁਪਏ ਦਾ ਝੂਟਾ।" ਅਮਲੀ ਦੀ ਉਸ ਦੀ ਪਤਨੀ ਦਾ ਉਤਰ ਸੀ, "ਪੋਸਤਾ ਦਿਲ ਦੁਸ਼ਮਣਾਂ ਤੇਰਾ ਜੜਤੋਂ ਪੁਟਾਵਾਂ ਬੂਟਾ। ਵਸਦੇ ਘਰ ਉਜਾੜ ਕਰੇਨਾ ਏਂ ਹੱਥ ਵਿਚ ਦੇਨਾ ਏਂ ਠੂਠਾ।" ਇਸ ਵੇਲੇ ਪੰਜਾਬ ਦੀ ਬਹੁ ਗਿਣਤੀ ਪਰਿਵਾਰਾਂ ਨੂੰ ਇਹ ਦੁੱਖ ਝੱਲਣਾ ਪੈ ਰਿਹਾ ਹੈ। ਨਾ ਸਿਰਫ ਵਸਦੇ ਪਰਿਵਾਰ ਮਾਇਕ ਤੌਰ 'ਤੇ ਉਜੜ ਰਹੇ ਹਨ ਬਲਕਿ ਵਰਤਮਾਨ ਜੁਗ ਵਿਚ ਜਿਸ ਕਿਸਮ ਦੇ ਨਸ਼ੇ ਪੰਜਾਬ ਵਿਚ ਚੱਲ ਰਹੇ ਹਨ, ਉਨ੍ਹਾਂ ਨਾਲ ਪੰਜਾਬੀ ਮਾਂਵਾਂ ਦੀਆਂ ਝੋਲੀਆਂ ਪੁੱਤਰਾਂ ਤੋਂ ਸੱਖਣੀਆਂ ਹੋ ਰਹੀਆਂ ਹਨ ਅਤੇ ਜਵਾਨੀ ਦਾ ਬੇੜਾ ਹਰ ਤਰ੍ਹਾਂ ਨਾਲ ਹੀ ਗਰਕ ਹੋ ਰਿਹਾ ਹੈ ਜਿਸ ਦਾ ਜ਼ਿਕਰ ਸ੍ਰੀ ਪੰਨੂ ਨੇ ਆਪਣੇ ਲੇਖ ਵਿਚ ਵੀ ਕੀਤਾ ਹੈ। ਇਸ ਹਾਲਤ ਵਿਚ ਨਿਰਾਸ਼ ਅਤੇ ਬੇਬੱਸ ਪੰਜਾਬੀ ਮਾਂ ਕੀ ਕਰੇ, ਕਿਧਰ ਨੂੰ ਜਾਵੇ?

ਇਹੀ ਪ੍ਰਸ਼ਨ ਹੈ ਜਿਸ ਦਾ ਹੱਲ ਲੱਭਣ ਲਈ ਇਕੱਠੇ ਹੋ ਕੇ ਸੋਚਣ ਦੀ ਜ਼ਰੂਰਤ ਹੈ। ਬੌਧਿਕ ਕੰਗਾਲੀ ਦਾ ਜਾਂ ਬੁੱਧੀਜੀਵੀਆਂ ਦੇ ਸੌਂ ਜਾਣ ਦਾ ਕਾਰਨ ਵੀ ਰਾਜਨੀਤੀ ਹੀ ਹੈ ਅਤੇ "ਮੈਨੂੰ ਕੀ?" ਦੀ ਭਾਵਨਾ, ਜਿਸ ਨੇ ਪੰਜਾਬੀਪੁਣਾ ਖੋਹ ਲਿਆ ਹੈ। ਰਾਜਨੀਤੀ ਪੈਸੇ ਕਮਾਉਣ, ਕੰਮ ਕਢਵਾਉਣ ਅਤੇ ਲਾਹੇ ਲੈਣ ਦਾ ਬਹੁਤ ਵੱਡਾ ਸਾਧਨ ਬਣ ਗਈ ਹੈ। ਇਸ ਲਈ ਬੁੱਧੀਜੀਵੀਆਂ ਵਿਚ ਜਾਂ ਤੇ ਸ਼ਾਮ ਨੂੰ ਇਕੱਠੇ ਹੋ ਕੇ ਪੋਸਟ ਮੌਡਰੇਨਿਜ਼ਮ ਅਰਥਾਤ ਉਤਰ-ਆਧੁਨਿਕਵਾਦ ਦੇ ਬਖੀਏ ਉਧੇੜਨ ਦਾ ਕੰਮ ਰਹਿ ਗਿਆ ਹੈ ਜਾਂ ਕਾਫੀ ਹਾਊਸਾਂ ਵਿਚ ਬਹਿ ਕੇ ਆਪਣੇ ਅਦਾਰਿਆਂ ਦੀ ਤੇ ਆਮ ਰਾਜਨੀਤੀ 'ਤੇ ਚਰਚਾ ਕਰਨ ਦਾ ਕੰਮ ਰਹਿ ਗਿਆ ਹੈ। ਸਮਾਜ ਕਿਧਰ ਨੂੰ ਜਾ ਰਿਹਾ ਹੈ ਅਤੇ ਪੰਜਾਬ ਦੀ ਜਵਾਨੀ ਦਾ ਕੀ ਬਣੇਗਾ? ਇਸ ਦੀ ਚਿੰਤਾ ਕਿਸੇ ਬੁੱਧੀਜੀਵੀ ਨੂੰ ਨਹੀਂ ਹੈ। ਹਰ ਇੱਕ ਆਪਣੇ ਫਾਇਦੇ ਬਾਰੇ ਸੋਚਦਾ ਹੈ ਕਿ ਕਿਸ ਦੇ ਤਾਕਤ ਵਿਚ ਆਉਣ ਨਾਲ ਕਿਹੜੀ ਤਰੱਕੀ ਲਈ ਜਾ ਸਕਦੀ ਹੈ ਤੇ ਕਿਹੜਾ ਲਾਹਾ ਖੱਟਿਆ ਜਾ ਸਕਦਾ ਹੈ। ਇਸੇ ਨੂੰ ਬਾਬੇ ਨਾਨਕ ਨੇ ਆਸਾ ਦੀ ਵਾਰ ਵਿਚ 'ਅੰਨੀ ਪਰਜਾ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ' ਕਿਹਾ ਹੈ।

'ਪੰਜਾਬ ਟਾਈਮਜ਼' ਦੇ 21 ਫਰਵਰੀ ਵਾਲੇ ਅੰਕ ਵਿਚ ਖਬਰ ਲੱਗੀ ਹੈ- 'ਬੇਰੁਜ਼ਗਾਰ ਨੌਜਵਾਨਾਂ ਨੇ ਨਸ਼ਾ ਤਸਕਰੀ ਨੂੰ ਬਣਾਇਆ ਕਾਰੋਬਾਰ' ਅਤੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਭਾਵੇਂ ਜੰਮੂ-ਕਸ਼ਮੀਰ ਅਤੇ ਰਾਜਸਥਾਨ ਦੀ ਹੱਦ ਵੀ ਪਾਕਿਸਤਾਨ ਨਾਲ ਲੱਗਦੀ ਹੈ, ਭਾਵੇਂ ਪੰਜਾਬ ਅਤੇ ਪਾਕਿਸਤਾਨ ਦੀ 120 ਕਿਲੋਮੀਟਰ ਲੰਬੀ ਸਰਹੱਦ ਤੇ 102 ਕਿਲੋਮੀਟਰ 'ਤੇ ਕੰਡਿਆਲੀ ਤਾਰ ਲੱਗੀ ਹੈ ਫਿਰ ਵੀ ਹੈਰੋਇਨ ਵਗੈਰਾ ਦੀ ਤਸਕਰੀ ਸਭ ਤੋਂ ਵੱਧ ਸਿਰਫ ਤੇ ਸਿਰਫ ਪੰਜਾਬ ਦੀ ਹੱਦ 'ਤੇ ਹੁੰਦੀ ਹੈ।

ਸਪੱਸ਼ਟ ਨਜ਼ਰ ਆਉਂਦਾ ਹੈ ਕਿ ਪੰਜਾਬੀ ਮਾਂ, ਪੰਜਾਬੀ ਔਰਤ ਦੀ ਨਸ਼ਿਆਂ ਦੇ ਖਿਲਾਫ ਇਸ ਲੜਾਈ ਦੀ ਇੱਕ ਪਰਤ ਨਹੀਂ ਹੈ, ਇਹ ਬਹੁ-ਪਰਤੀ ਲੜਾਈ ਹੈ। ਪੰਜਾਬੀ ਔਰਤ ਬਹਾਦਰ ਅਤੇ ਨਿਡਰ ਹੈ, ਉਹ ਦੂਸਰੀਆਂ ਭਾਰਤੀ ਔਰਤਾਂ ਨਾਲੋਂ ਵੱਧ ਦਲੇਰ, ਆਜ਼ਾਦ ਅਤੇ ਹੌਸਲੇ ਵਾਲੀ ਹੈ ਕਿਉਂਕਿ ਉਸ ਉਤੇ ਗੁਰੂ ਦੀ ਮਿਹਰ ਹੈ ਜਿਸ ਨੇ ਉਸ ਨੂੰ ਸਭ ਤੋਂ ਪਹਿਲਾਂ ਇੱਕ ਇਨਸਾਨ ਵਜੋਂ ਪੁਰਸ਼ ਦੇ ਬਰਾਬਰ ਅਧਿਕਾਰ ਦਿੱਤੇ। ਜੇ ਇਹ ਲੜਾਈ ਮਾਈ ਭਾਗੋ ਵਾਂਗ ਬੇਦਾਵਾ ਲਿਖ ਕੇ ਦੇ ਆਏ ਸਿੰਘਾਂ ਨੂੰ ਵਾਪਸ ਗੁਰੂ ਦੀ ਸ਼ਰਨ ਲੈ ਜਾਣ ਦੀ ਹੁੰਦੀ ਤਾਂ ਇਹ ਥੋੜ੍ਹੀ ਸੌਖੀ ਹੋਣੀ ਸੀ ਕਿਉਂਕਿ ਇਹ ਲੜਾਈ ਦੁਸ਼ਮਣ ਨਾਲ ਆਹਮੋ-ਸਾਹਮਣੇ ਦੀ ਹੋਣੀ ਸੀ। ਜੇ ਬੀਬੀ ਸ਼ਰਨ ਕੌਰ ਵਾਂਗ ਬਹਾਦਰੀ ਦਿਖਾਉਣ ਦਾ ਵੇਲਾ ਹੁੰਦਾ ਤਾਂ ਵੀ ਉਸ ਨੂੰ ਪਤਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸਭ ਤੋਂ ਵੱਡਾ ਦੁਸ਼ਮਣ ਧਿਆਨ ਸਿੰਘ ਡੋਗਰਾ ਅੱਖਾਂ ਦੇ ਸਾਹਮਣੇ ਹੈ। ਪਰ ਨਸ਼ਿਆਂ ਖਿਲਾਫ ਵਰਤਮਾਨ ਲੜਾਈ ਬਹੁ-ਪਰਤੀ ਹੈ ਜਿਸ ਵਿਚ ਬਹੁਤ ਦਲੇਰੀ, ਏਕੇ ਅਤੇ ਸੋਝੀ ਦੀ ਜ਼ਰੂਰਤ ਹੈ। ਇੱਕ ਪਾਸੇ ਲਾਲਚੀ ਲੋਕ ਸਮਾਜ ਦੇ ਦੁਸ਼ਮਣ ਹਨ ਜਿਹੜੇ ਸੌਖੀ ਅਤੇ ਬਹੁਤੀ ਦੌਲਤ ਕਮਾਉਣ ਲਈ ਨਸ਼ਿਆਂ ਦੀ ਤਸਕਰੀ ਸਰਹੱਦ ਪਾਰ ਤੋਂ ਕਰ ਰਹੇ ਹਨ, ਫਿਰ ਅੱਗੇ ਛੋਟੇ ਤਸਕਰ ਹਨ ਜੋ ਇਸ ਨੂੰ ਗਾਹਕਾਂ ਦੀ ਪਹੁੰਚ ਬਣਾਉਂਦੇ ਹਨ, ਪਹਿਲਾਂ ਨੌਜਵਾਨਾਂ ਨੂੰ ਨਸ਼ੇ ਦੀ ਲਤ ਲਾ ਕੇ ਗਾਹਕ ਬਣਾਉਂਦੇ ਹਨ ਅਤੇ ਫਿਰ ਮਜ਼ਬੂਰ ਕਰਕੇ ਅੱਗੋਂ ਨਸ਼ਾ ਵੇਚਣ ਲਾ ਦਿੰਦੇ ਹਨ।

ਇੱਕ ਪਾਸੇ ਭ੍ਰਿਸ਼ਟ ਵਜ਼ੀਰ ਹਨ ਜਿਨ੍ਹਾਂ ਦਾ ਇੱਕੋ ਇੱਕ ਮਕਸਦ ਵੱਧ ਤੋਂ ਵੱਧ ਜਾਇਦਾਦ ਬਣਾਉਣਾ ਤੇ ਪੈਸਾ ਕਮਾਉਣਾ ਹੋ ਗਿਆ ਹੈ। ਇਹ ਭ੍ਰਿਸ਼ਟ ਨੇਤਾ ਆਪ ਅਮੀਰ ਹੋਣ ਲਈ ਨਸ਼ਿਆਂ ਦੀ ਤਸਕਰੀ ਦੇ ਹਿੱਸੇਦਾਰ ਹਨ, ਦੂਸਰੇ ਪਾਸੇ ਰਿਸ਼ਵਤਖੋਰ ਪ੍ਰਬੰਧਕੀ ਢਾਂਚਾ ਹੈ ਜੋ ਇਸ ਤਸਕਰੀ ਵਿਚ ਹਰ ਤਰ੍ਹਾਂ ਨਾਲ ਸਹਾਇਕ ਸਿੱਧ ਹੋ ਰਿਹਾ ਹੈ। ਥਾਂ ਥਾਂ ਨਸ਼ਾ ਵਿਕ ਰਿਹਾ ਹੈ। ਕੈਮਿਸਟਾਂ ਦੀਆਂ ਦੁਕਾਨਾਂ 'ਤੇ ਦਵਾਈਆਂ ਘੱਟ ਪਰ ਨਸ਼ੇ ਦੀਆਂ ਗੋਲੀਆਂ, ਸਿਰਪ ਅਤੇ ਨਸ਼ੇ ਦੇ ਟੀਕੇ ਵੱਧ ਮਿਲਦੇ ਹਨ। ਕਿਸੇ ਡਰਗ-ਇੰਸਪੈਕਟਰ ਨੂੰ ਇਹ ਨਜ਼ਰ ਨਹੀਂ ਆਉਂਦਾ ਕਿ ਕੀ ਵਿਕ ਰਿਹਾ ਹੈ। ਸਰਕਾਰ ਨੇ ਆਪਣੀ ਆਮਦਨ ਵਧਾਉਣ ਲਈ ਥਾਂ ਥਾਂ ਸ਼ਰਾਬ ਦੇ ਠੇਕੇ ਖੋਲ੍ਹ ਰੱਖੇ ਹਨ। ਸਰਕਾਰ ਦਾ ਇਸ ਵੇਲੇ ਲੋਕਾਂ ਪ੍ਰਤੀ ਰਵੱਈਆ 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ' ਵਾਲਾ ਹੈ।

ਅੰਕੜਿਆਂ ਅਨੁਸਾਰ ਇਸ ਵੇਲੇ ਸਾਰੇ ਭਾਰਤ ਵਿਚੋਂ ਪ੍ਰਤੀ ਆਦਮੀ ਸ਼ਰਾਬ ਦੀ ਖਪਤ ਸਭ ਤੋਂ ਵੱਧ ਪੰਜਾਬ ਵਿਚ ਹੋ ਰਹੀ ਹੈ। ਇਸੇ ਕਾਰਨ ਐਕਸੀਡੈਂਟਾਂ ਵਿਚ ਵੀ ਸਭ ਤੋਂ ਵੱਧ ਪੰਜਾਬੀ ਮਰ ਰਹੇ ਹਨ। ਇਹ ਹੀ ਨਹੀਂ ਪੰਜਾਬੀ ਔਰਤ ਲਈ ਨਸ਼ਿਆਂ ਸਬੰਧੀ ਹੋਰ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ। ਨਾ ਸਿਰਫ ਇਹ ਕਿ ਘਰਾਂ ਵਿਚ ਸ਼ਰਾਬ ਨੂੰ ਪ੍ਰਾਹੁਣਚਾਰੀ ਦਾ ਜ਼ਰੂਰੀ ਅੰਗ ਮੰਨ ਲਿਆ ਗਿਆ ਹੈ ਬਲਕਿ ਇਸ ਨੂੰ ਘਰਾਂ ਦੇ ਅੰਦਰ ਬਾਪ-ਦਾਦਿਆਂ ਵਲੋਂ ਰੋਜ਼ ਪੀਤਾ ਵੀ ਜਾਂਦਾ ਹੈ ਅਤੇ ਇਸ ਦੇ ਗੁਣ ਵੀ ਗਾਏ ਜਾਂਦੇ ਹਨ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਵਿਆਹਾਂ ਵਿਚ ਮੈਰਿਜ ਪੈਲੇਸ ਕਲਚਰ ਨੇ ਇਸ ਨੂੰ ਬਹੁਤ ਵਧਾ ਦਿੱਤਾ ਹੈ। ਘਰ ਤੋਂ ਬਾਹਰ ਬੱਚਿਆਂ ਦੇ 'ਪੀਅਰ ਗਰੁਪ' ਅਰਥਾਤ ਬੱਚਿਆਂ ਦੀ ਦੋਸਤੀ ਵੀ ਨਸ਼ਿਆਂ ਨੂੰ ਫੈਲਾਉਣ ਵਿਚ ਬਹੁਤ ਵੱਡਾ ਹਿੱਸਾ ਪਾ ਰਹੀ ਹੈ ਜਿਸ ਦਾ ਮਾਪਿਆਂ ਨੂੰ ਕਈ ਵਾਰ ਪਤਾ ਵੀ ਨਹੀਂ ਲੱਗਦਾ।

ਇਸ ਤਰ੍ਹਾਂ ਪੰਜਾਬੀ ਮਾਂ ਲਈ ਨਸ਼ਿਆਂ ਦੀ ਰੋਕ ਥਾਮ ਲਈ ਲੜਾਈ ਬਹੁ-ਪਰਤੀ ਹੈ ਜਿਸ ਨੂੰ ਲੜਨ ਲਈ ਬੇਹਿਸਾਬੀ ਹਿੰਮਤ, ਦਲੇਰੀ ਅਤੇ ਧੀਰਜ ਦੀ ਜ਼ਰੂਰਤ ਹੈ। ਇਹ ਲੜਾਈ ਇਕੱਲਿਆਂ ਕਿਸੇ ਕੋਲੋਂ ਵੀ ਲੜੀ ਨਹੀਂ ਜਾਣੀ। ਇਸ ਲਈ ਇਕੱਠੇ ਹੋ ਕੇ ਉਪਰਾਲੇ ਕਰਨੇ ਪੈਣੇ ਹਨ।

# ਓਹੁ ਬਿਧਾਤਾ ਮਨਿ ਮੁਖਿ ਸੋਇ

ਬਾਣੀਕਾਰਾਂ ਵਲੋਂ ਅੱਖਰਾਂ ਨਾਲ ਲਾਈਆਂ ਗਈਆਂ ਸੂਰ-ਧੁਨੀਆਂ ਨੂੰ ਅਣਗੌਲਿਆਂ ਕਰ ਕੇ ਸ਼ਬਦ-ਜੋੜ ਅਧੂਰੇ ਪੜ੍ਹੇ ਜਾਣ ਅਤੇ ਲਿਖਣ 'ਤੇ ਅਸਲੀ ਭਾਵ ਤੋਂ ਦੂਰ ਚਲੇ ਜਾਈਦਾ ਹੈ। ਪੜ੍ਹਨ ਵਾਲੇ ਨੂੰ ਇਸ ਅਣਗਹਿਲੀ ਦਾ ਪਤਾ ਹੀ

**ਗੁਰਬਾਣੀ ਸ਼ਬਦ-ਜੋੜ ਗਿਆਨ**

ਨਹੀਂ ਲੱਗਦਾ ਜੇ ਅਰਥ ਵਿਚਾਰ ਨਾ ਕੀਤੀ ਜਾਵੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਲੱਗਿਆਂ ਇਸ ਤਰ੍ਹਾਂ ਅਧੂਰੇ ਪੜ੍ਹੇ ਸ਼ਬਦ-ਜੋੜਾਂ ਨੂੰ ਸੁਣਨ ਵਾਲਾ ਵੀ ਸਹੀ ਅਰਥ ਕੱਢਣ ਵਿਚ ਟਪਲਾ ਖਾ ਜਾਂਦਾ ਹੈ।

ਉਪਰੋਕਤ ਪਾਵਨ ਪੰਕਤੀ ਪੁਰਾਤਨ ਲਿਖਤ ਅਨੁਸਾਰ ਲਿਖੀ ਗਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 931 ਉਤੇ ਦਰਜ ਹੈ। ਇਸ ਵਿਚ ਆਏ ਸ਼ਬਦਾਂ 'ਮਨਿ' ਅਤੇ 'ਮੁਖਿ' ਦਾ ਬੇਧਿਆਨੀ ਨਾਲ ਪਾਠ ਕਰਨ 'ਤੇ, ਭਾਵ 'ਮਨਮੁਖ' ਪੜ੍ਹਨ 'ਤੇ ਅਰਥ ਸਹੀ ਨਹੀਂ ਬਣਨਗੇ। 'ਮਨਮੁਖ' (ਬਹੁ-ਵਚਨ ਪੁਲਿੰਗ) ਸ਼ਬਦ ਤੋਂ ਅਰਥ- ਗੁਰੂ ਤੋਂ ਬੇਮੁਖ ਜਾਂ ਮਨਮਤੀਏ ਬੰਦੇ ਹਨ। 'ਮਨਿਮੁਖਿ' ਸ਼ਬਦ ਤੋਂ ਅਰਥ- ਮਨ ਵਿਚ ਅਤੇ ਮੂੰਹ ਵਿਚ ਬਣਦੇ ਹਨ। 'ਮਨਿ' ਅਤੇ 'ਮੁਖਿ' ਸ਼ਬਦ ਅਧਿਕਰਣ ਕਾਰਕ ਵਿਚ ਹਨ, ਨਾਲ ਲੱਗੀ ਸਿਹਾਰੀ ਦੇ ਕਾਰਨ ਜਿਸ ਨੂੰ ਬੋਲਣ ਸਮੇਂ ਅਣਗੌਲਿਆ ਜਾ ਰਿਹਾ ਹੈ।

ਵਿਆਕਰਣਕ ਵਿਚਾਰ ਅਨੁਸਾਰ ਵਿਚਾਰ ਅਧੀਨ ਪੰਕਤੀ ਦੇ ਠੀਕ ਅਰਥ ਬਣੇ- ਉਹ ਜੋ ਸਿਰਜਣਹਾਰ ਹਰੀ ਪ੍ਰਭੂ ਹੈ, ਉਹੀ ਪ੍ਰਭੂ ਜੀਵਾਂ ਦੇ ਮਨ ਵਿਚ ਅਤੇ ਮੂੰਹ ਵਿਚ ਵੀ ਹੈ, ਭਾਵ ਹਰ ਜੀਵ ਵਿਚ ਆਪ ਹੀ ਬੋਲ ਰਿਹਾ ਹੈ। ਇਨ੍ਹਾਂ ਪੰਕਤੀਆਂ ਨੂੰ ਵਿਚਾਰੋ,

ਮਨਿ ਮੁਖਿ ਨਾਮੁ ਜਪਹੁ ਜਗਜੀਵਨ
ਰਿਦ ਅੰਤਰਿ ਅਲਖੁ ਲਖਾਇਆ॥
(ਪੰਨਾ ੧੦੪੧)

ਮਨਿ ਮੁਖਿ ਸੂਚੇ ਜਾਣੀਅਹਿ
ਗੁਰਮੁਖਿ ਜਿਨਾ ਗਿਆਨੁ॥ (ਪੰਨਾ ੫੫)

ਮਨਮੁਖੁ ਬਾਲਕੁ: ਗੁਰੂ ਤੋਂ ਬੇਮੁਖ ਬਾਲਕ।

ਮਨਮੁਖ ਬੋਲੇ: ਗੁਰੂ ਤੋਂ ਬੇਮੁਖ ਬੋਲੇ ਹੁੰਦੇ ਹਨ, ਉਪਦੇਸ਼ ਨਹੀਂ ਸੁਣਦੇ।

ਮਨਮੁਖਿ (ਗੁਰੂ ਤੋਂ ਬੇਮੁਖ ਨੇ) ਜਨਮੁ ਗਵਾਇਆ ਅਰਥਾਤ ਗੁਰੂ ਤੋਂ ਬੇਮੁਖ ਨੇ ਜਨਮ ਦੀ ਕੀਮਤ ਨਹੀਂ ਪਾਈ।

-ਪ੍ਰੋ. ਕਸ਼ਮੀਰਾ ਸਿੰਘ

# ਓਹੁ ਅਬਿਨਾਸੀ ਰਾਇਆ

**ਗੁਰਬਾਣੀ ਗਿਆਨ**

**ਗਉੜੀ ਮਹਲਾ ੫**

ਓਹੁ ਅਬਿਨਾਸੀ ਰਾਇਆ॥
ਨਿਰਭਉ ਸੰਗਿ ਤੁਮਾਰੈ ਬਸਤੇ
ਇਹੁ ਡਰਨੁ
ਕਹਾ ਤੇ ਆਇਆ॥੧॥ ਰਹਾਉ॥
ਏਕ ਮਹਲਿ ਤੂੰ ਹੋਹਿ ਅਫਾਰੋ
ਏਕ ਮਹਲਿ ਨਿਮਾਨੋ॥
ਏਕ ਮਹਲਿ ਤੂੰ ਆਪੇ ਆਪੇ
ਏਕ ਮਹਲਿ ਗਰੀਬਾਨੋ॥੧॥
ਏਕ ਮਹਲਿ ਤੂੰ ਪੰਡਿਤੁ ਬਕਤਾ
ਏਕ ਮਹਲਿ ਖਲੁ ਹੋਤਾ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ
ਏਕ ਮਹਲਿ ਕਛੂ ਨ ਲੇਤਾ॥੨॥
ਕਾਠ ਕੀ ਪੁਤਰੀ ਕਹਾ ਕਰੈ ਬਪੁਰੀ
ਖਿਲਾਵਨਹਾਰੋ ਜਾਨੈ॥
ਜੈਸਾ ਭੇਖੁ ਕਰਾਵੈ ਬਾਜੀਗਰੁ
ਓਹੁ ਤੈਸੋ ਹੀ ਸਾਜੁ ਆਨੈ॥੩॥
ਅਨਿਕ ਕੋਠਰੀ ਬਹੁਤੁ ਭਾਤਿ ਕਰੀਆ
ਆਪਿ ਹੋਆ ਰਖਵਾਰਾ॥
ਜੈਸੇ ਮਹਲਿ ਰਾਖੈ ਤੈਸੈ ਰਹਨਾ
ਕਿਆ ਇਹੁ ਕਰੈ ਬਿਚਾਰਾ॥੪॥
ਜਿਨਿ ਕਿਛੁ ਕੀਆ ਸੋਈ ਜਾਨੈ
ਜਿਨਿ ਇਹ ਸਭ ਬਿਧਿ ਸਾਜੀ॥
ਕਹੁ ਨਾਨਕ ਅਪਰੰਪਰ ਸੁਆਮੀ
ਕੀਮਤਿ ਅਪੁਨੇ ਕਾਜੀ॥੫॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਮਿਹਰਵਾਨ ਪ੍ਰਭੂ ਦੀ ਸਿਫਤ-ਸਾਲਾਹ ਕਰਦੇ ਆਖਦੇ ਹਨ- ਓਹੁ ਅਬਿਨਾਸੀ ਰਾਇਆ, ਪ੍ਰਭ ਜੀ! ਤੂੰ ਤਾਂ ਉਹ ਰਾਜਾ ਹੈਂ ਜਿਸ ਦਾ ਰਾਜ ਸਦਾ ਹੀ ਅਟੱਲ ਰਹਿੰਦਾ ਹੈ, ਕਦੀ ਖਤਮ ਨਹੀਂ ਹੁੰਦਾ, ਨਿਰਭਉ ਸੰਗਿ ਤੁਮਾਰੈ ਬਸਤੇ, ਜੋ ਜੀਵ ਪ੍ਰਭੂ ਚਰਨਾਂ ਵਿਚ ਟਿਕ ਜਾਂਦੇ ਹਨ, ਉਹ ਨਿਰਭਉ, ਨਿਡਰ ਹੋ ਜਾਂਦੇ ਹਨ, ਇਹੁ ਡਰਨੁ ਕਹਾ ਤੇ ਆਇਆ, ਪ੍ਰਭੂ ਨਾਲ ਜੁੜੇ ਹੋਏ ਉਨ੍ਹਾਂ ਜੀਵਾਂ ਨੂੰ ਕਿਤੋਂ ਵੀ ਕੋਈ ਡਰ-ਭੈਅ ਨਹੀਂ ਆਉਂਦਾ।

ਏਕ ਮਹਲਿ ਤੂੰ ਹੋਹਿ ਅਫਾਰੋ
ਏਕ ਮਹਲਿ ਨਿਮਾਨੋ॥
ਏਕ ਮਹਲਿ ਤੂੰ ਆਪੇ ਆਪੇ
ਏਕ ਮਹਲਿ ਗਰੀਬਾਨੋ॥੧॥

ਪ੍ਰਭ ਜੀਉ! ਤੇਰੇ ਚਰਨਾਂ ਨਾਲ ਜੁੜੇ ਰਹਿਣ ਵਾਲੇ ਜੀਵਾਂ ਨੂੰ ਯਕੀਨ ਹੋ ਜਾਂਦਾ ਹੈ ਕਿ ਮਨੁੱਖ ਦੇ ਸਰੀਰ ਰੂਪੀ ਮਹਿਲ ਵਿਚ ਤੂੰ ਆਪ ਹੀ ਅਧਿਕਾਰੀ ਬਣਿਆ ਬੈਠਾ ਹੈਂ; ਤੇ ਇਕ ਹੋਰ ਸਰੀਰ ਵਿਚ ਨਿਮਾਣਾ ਜਿਹਾ ਮਾਣ ਰਹਿਤ ਬਣਿਆ ਪਿਆ ਹੈਂ; ਏਕ ਮਹਲਿ ਤੂੰ ਆਪੇ ਆਪੇ, ਹੇ ਪ੍ਰਭੂ! ਫਿਰ ਇਕ ਹੋਰ ਸਰੀਰ ਵਿਚ ਬੈਠਾ ਤੂੰ ਸਭ ਇਖਤਿਆਰਾਂ ਦਾ ਮਾਲਕ ਆਪ ਆਪ ਹੀ ਹੈਂ; ਏਕ ਮਹਲਿ ਗਰੀਬਾਨੋ, ਕਿਸੇ ਹੋਰ ਸਰੀਰ ਵਿਚ ਤੂੰ ਗਰੀਬ ਕੰਗਾਲ ਬਣ ਕੇ ਵਿਚਰ ਰਿਹਾ ਹੈਂ।

ਏਕ ਮਹਲਿ ਤੂੰ ਪੰਡਿਤੁ ਬਕਤਾ
ਏਕ ਮਹਲਿ ਖਲੁ ਹੋਤਾ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ
ਏਕ ਮਹਲਿ ਕਛੂ ਨ ਲੇਤਾ॥੨॥

ਹੇ ਮਿਹਰਵਾਨ ਪ੍ਰਭੂ ਜੀਉ! ਇਕ ਹੋਰ ਮਨੁੱਖਾ ਸਰੀਰ ਵਿਚ ਤੂੰ ਚੰਗਾ ਬੋਲਣ ਵਾਲਾ ਵਕਤਾ, ਭਾਵ ਪੰਡਿਤ ਬਣ ਕੇ ਬੈਠਾ ਹੈਂ; ਤੇ ਫਿਰ ਇਕ ਹੋਰ ਸਰੀਰ ਰੂਪੀ ਘਰ ਵਿਚ ਤੂੰ ਮੇਰੇ ਪ੍ਰਭੂ ਜੀ, ਮੂਰਖ ਬਣ ਕੇ ਬੈਠਾ ਹੋਇਆ ਹੈਂ; ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ, ਫਿਰ ਕਿਸੇ ਹੋਰ ਸਰੀਰ ਅੰਦਰ ਬੈਠਾ ਤੂੰ ਕਮਜ਼ੋਰ ਲੋਕਾਂ ਕੋਲੋਂ ਖੋਹ ਕੇ ਆਪਣੇ ਕੋਲ ਇਕੱਠਾ ਕਰੀ ਜਾਣ ਵਾਲਾ ਹੈ, ਤੇ ਕਿਸੇ ਹੋਰ ਸਰੀਰ ਵਿਚ ਬੈਠਾ ਤੂੰ ਕੋਈ ਵਸਤੂ ਅੰਗੀਕਾਰ ਨਹੀਂ ਕਰ ਰਿਹਾ।

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ
ਖਿਲਾਵਨਹਾਰੋ ਜਾਨੈ॥
ਜੈਸਾ ਭੇਖੁ ਕਰਾਵੈ ਬਾਜੀਗਰੁ
ਓਹੁ ਤੈਸੋ ਹੀ ਸਾਜੁ ਆਨੈ॥੩॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਇਹ ਵਿਚਾਰਾ ਜੀਵ ਤਾਂ ਕਾਠ ਦੀ ਪੁਤਲੀ ਦੀ ਨਿਆਈਂ ਹੈ; ਖਿਲਾਵਨਹਾਰੋ ਜਾਨੈ, ਇਸ ਪੁਤਲੀ ਨੂੰ ਖਿਡਾਉਣ ਵਾਲਾ ਪ੍ਰਭੂ ਹੀ ਜਾਣਦਾ ਹੈ ਕਿ ਉਹ ਜੀਵ ਰੂਪੀ ਪੁਤਲੀ ਨੂੰ ਕਿਵੇਂ ਨਚਾ ਰਿਹਾ ਹੈ। ਬਾਜ਼ੀ ਖਿਡਾਉਣ ਵਾਲਾ ਬਾਜ਼ੀਗਰ ਪ੍ਰਭੂ ਜਿਹੋ ਜਿਹਾ ਭੇਖ ਕਰਵਾਉਂਦਾ ਹੈ, ਵਿਚਾਰਾ ਜੀਵ ਉਹੋ ਜਿਹਾ ਸਾਂਗ ਰਚਦਾ ਹੀ ਤੁਰਿਆ ਜਾਂਦਾ ਹੈ। ਹੇ ਭਾਈ! ਪ੍ਰਭੂ ਦੇ ਹੁਕਮ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ।

ਜਿਨਿ ਕਿਛੁ ਕੀਆ ਸੋਈ ਜਾਨੈ
ਜਿਨਿ ਇਹ ਸਭ ਬਿਧਿ ਸਾਜੀ॥
ਕਹੁ ਨਾਨਕ ਅਪਰੰਪਰ ਸੁਆਮੀ
ਕੀਮਤਿ ਅਪੁਨੇ ਕਾਜੀ॥੫॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਉਪਦੇਸ਼ ਕਰਦੇ ਹਨ, ਜਿਸ ਪਰਮਾਤਮਾ ਨੇ ਇਹ ਸੰਸਾਰ ਰਚਿਆ ਹੈ, ਜਿਸ ਪਰਮਾਤਮਾ ਨੇ ਇਹ ਸਾਰੀ ਖੇਡ ਬਣਾ ਰੱਖੀ ਹੈ, ਉਹ ਜਗਤ ਦਾ ਮਾਲਕ ਸੁਆਮੀ ਆਪ ਹੀ ਆਪਣੇ ਇਸ ਭੇਤ ਨੂੰ ਜਾਣਦਾ ਹੈ; ਕਹੁ ਨਾਨਕ ਅਪਰੰਪਰ ਸੁਆਮੀ, ਹੇ ਨਾਨਕ! ਉਹ ਪ੍ਰਭੂ ਪਰਮਾਤਮਾ ਤਾਂ ਪਰੇ ਤੋਂ ਪਰੇ ਹੈ ਤੇ ਆਪਣੀ ਇਸ ਸਾਰੀ ਰਚਨਾ ਦਾ ਆਪ ਹੀ ਮਾਲਕ ਹੈ; ਕੀਮਤਿ ਅਪੁਨੇ ਕਾਜੀ, ਤੇ ਉਹ ਪ੍ਰਭੂ ਆਪਣੇ ਕੀਤੇ ਹੋਏ ਕੰਮਾਂ ਦੀ ਕੀਮਤ ਵੀ ਆਪ ਹੀ ਜਾਣਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

*ਮਾਮਲਾ ਭਾਵੇਂ ਪੰਜਾਬੀ ਸੂਬੇ ਦਾ ਹੋਵੇ, ਪੰਜਾਬੀ ਭਾਸ਼ਾ ਦਾ, ਸੰਵਿਧਾਨ ਦੀ ਧਾਰਾ 25 ਦਾ, ਪੰਜਾਬ ਦੇ ਪਾਣੀਆਂ ਦਾ ਜਾਂ ਫਿਰ ਰਾਜਾਂ ਲਈ ਵੱਧ ਅਧਿਕਾਰਾਂ ਵਾਸਤੇ ਅਨੰਦਪੁਰ ਸਾਹਿਬ ਮਤੇ ਦਾ-ਹਰ ਵਾਰ ਗੱਲ ਹਲਕੇ ਪੱਧਰ ਦੀ ਆਪਸੀ ਸਿਆਸਤ ਅਤੇ ਮਾਮਲੇ ਦੀ ਸਹੀ ਵਿਆਖਿਆ ਨਾ ਕੀਤੇ ਜਾਣ ਕਾਰਨ ਕਿਸੇ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਰੁਲ ਜਾਂਦੀ ਰਹੀ ਹੈ। ਅਜਿਹਾ ਹੀ ਕੁਝ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਵਿਚ ਹੋ ਰਿਹਾ ਹੈ। ਸੰਵਿਧਾਨ ਦੀ ਧਾਰਾ 25 ਬਾਰੇ ਇਕ ਵਾਰ ਮੁੜ ਚਰਚਾ ਛਿੜੀ ਹੈ ਪਰ ਇਸ ਵਾਰ ਵੀ ਗੱਲ ਮਾਮਲੇ ਦੀ ਤਹਿ ਤਕ ਪਹੁੰਚਣ ਅਤੇ ਇਸ ਦੀ ਸਹੀ ਵਿਆਖਿਆ ਕੀਤੇ ਜਾਣ ਦੀ ਥਾਂ ਸਿਆਸਤ ਵਲ ਹੀ ਤੁਰ ਰਹੀ ਹੈ। ਲੇਖਕ ਹਜਾਰਾ ਸਿੰਘ, ਜਿਨ੍ਹਾਂ ਦਾ ਨਾਨਕਸ਼ਾਹੀ ਕੈਲੰਡਰ ਬਾਰੇ ਇਕ ਲੇਖ ਅਸੀਂ ਹਾਲ ਹੀ ਵਿਚ ਛਾਪ ਚੁਕੇ ਹਾਂ, ਨੇ ਹਥਲੇ ਲੇਖ ਵਿਚ 'ਧਾਰਾ 25' 'ਤੇ ਹੋ ਰਹੀ ਸਿਆਸਤ ਅਤੇ ਇਸ ਦੇ ਸੰਭਾਵੀ ਨਤੀਜਿਆਂ ਦੀਆਂ ਪਰਤਾਂ ਫੋਲੀਆਂ ਹਨ। ਇਹ ਲੇਖ ਅਸੀਂ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਅਦਾਰਾ ਪੰਜਾਬ ਟਾਈਮਜ਼ ਦਾ ਇਸ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਨ੍ਹਾਂ ਵਿਚਾਰਾਂ ਦੇ ਵਿਰੋਧ ਵਿਚ ਆਈਆਂ ਦਲੀਲਾਂ ਨੂੰ ਵੀ ਬਣਦੀ ਥਾਂ ਦਿਤੀ ਜਾਵੇਗੀ। -ਸੰਪਾਦਕ*

# ਮਸਲਾ ਧਾਰਾ 25 ਦਾ!

ਭਾਰਤੀ ਸੰਵਿਧਾਨ ਧਾਰਾ 25 ਨੂੰ ਸੋਧਣ ਦੀ ਮੰਗ ਇੱਕ ਵਾਰ ਫਿਰ ਜ਼ੋਰ ਫੜ ਚੁੱਕੀ ਹੈ। ਪਿਛਲੇ ਤੀਹ ਸਾਲਾਂ ਦੌਰਾਨ ਇਹ ਮਸਲਾ ਕਈ ਵਾਰ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ ਪਰ ਗੱਲ ਕਦੇ ਕਿਸੇ ਕਿਨਾਰੇ ਨਹੀ ਲੱਗੀ। ਮਸਲਾ ਸੁਲਝਣਾ ਤਾਂ ਇੱਕ ਪਾਸੇ, ਇਸ ਲੰਮੇ ਅਰਸੇ ਦੌਰਾਨ ਇਹ ਵੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋਇਆ ਕਿ ਆਖਿਰ ਧਾਰਾ 25 ਹੈ ਕੀ? ਕੀ ਧਾਰਾ 25 ਵਿਚ ਸੋਧ ਨਾਲ ਸਿੱਖਾਂ ਦੀ ਤਸੱਲੀ ਹੋ ਜਾਏਗੀ? ਕੀ ਇਸ ਸੋਧ ਨਾਲ ਸਿੱਖ ਧਰਮ ਦੀ ਵੱਖਰੀ ਹਸਤੀ ਕਾਇਮ ਹੋ ਵੀ ਜਾਏਗੀ ਜਾਂ ਨਹੀ? ਇਸ ਧਾਰਾ ਵਿਚ ਪ੍ਰਸਤਾਵਿਤ ਸੋਧ ਦੇ

**ਹਜ਼ਾਰਾ ਸਿੰਘ, ਮਿਸੀਸਾਗਾ, ਕੈਨੇਡਾ**
**ਫੋਨ: 905-795-3428**

ਸਿੱਖਾਂ ਉਪਰ ਚੰਗੇ ਜਾਂ ਮਾੜੇ ਕੀ ਅਸਰ ਹੋਣਗੇ? ਆਦਿ ਸਵਾਲਾਂ ਬਾਰੇ ਵੀ ਆਮ ਲੋਕਾਂ ਨੂੰ ਕੋਈ ਸਪੱਸ਼ਟ ਜਾਣਕਾਰੀ ਨਹੀ ਮਿਲੀ। ਪਿਛਲੇ ਤੀਹ ਸਾਲਾਂ ਦੌਰਾਨ ਇਸ ਮਸਲੇ ਬਾਰੇ ਕੁੱਝ ਸਪੱਸ਼ਟ ਹੋਣ ਦੀ ਥਾਂ ਕਈ ਨਿਰਮੂਲ ਧਾਰਨਾਵਾਂ ਪ੍ਰਚਲਿਤ ਹੋ ਗਈਆਂ ਹਨ। ਜਿਵੇਂ ਕਿ-ਧਾਰਾ 25 ਵਿਚ ਤਾਂ ਸਿੱਖਾਂ ਨੂੰ ਸਿੱਖ ਹੀ ਨਹੀ ਮੰਨਿਆ ਗਿਆ, ਧਾਰਾ 25 ਤਾਂ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਐਲਾਨਦੀ ਹੈ, ਇਹ ਧਾਰਾ ਸਿੱਖ ਧਰਮ ਦੀ ਅੱਡਰੀ ਹੋਂਦ ਨੂੰ ਨਹੀਂ ਮੰਨਦੀ, ਇਸ ਧਾਰਾ ਰਾਹੀਂ ਸਿੱਖਾਂ ਨੂੰ ਹਿੰਦੂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਇਸ ਧਾਰਾ ਰਾਹੀਂ ਸਿੱਖ ਧਰਮ ਨੂੰ ਹਿੰਦੂ ਧਰਮ ਨਾਲ ਨੂੜਿਆ ਗਿਆ ਹੈ, ਆਦਿ।

ਪਰ ਇਸ ਧਾਰਾ ਵਿਚ ਐਸਾ ਕੁਝ ਵੀ ਨਹੀਂ ਹੈ। ਇਹ ਗਲਤ-ਫਹਿਮੀਆਂ ਪੈਦਾ ਹੋਣ ਦਾ ਮੂਲ ਕਾਰਨ ਇਹ ਹੈ ਕਿ ਬਹੁਤੇ ਸਿੱਖ ਆਗੂਆਂ ਸਮੇਤ ਆਮ ਸਿੱਖਾਂ ਨੇ ਵੀ ਇਹ ਧਾਰਾ ਧਿਆਨ ਨਾਲ ਨਹੀਂ ਪੜ੍ਹੀ। ਆਓ ਇਸ ਧਾਰਾ ਨਾਲ ਜੁੜੇ ਵੱਖ ਵੱਖ ਮੁੱਦਿਆਂ ਅਤੇ ਸਵਾਲਾਂ ਬਾਰੇ ਵਿਚਾਰ ਕਰੀਏ।

**ਪਿਛੋਕੜ:** ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀਆਂ ਧਾਰਮਿਕ ਮੰਗਾਂ ਤਾਂ ਸ਼ੁਰੂ ਤੋਂ ਹੀ ਉਠਾਉਂਦਾ ਆ ਰਿਹਾ ਸੀ ਅਤੇ ਅਗਸਤ 1982 ਵਿਚ ਲਗਾਏ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਨੂੰ ਕੁਝ ਧਾਰਮਿਕ ਮੰਗਾਂ-ਜਿਵੇਂ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣਾ, ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣਾ, ਗੁਰਬਾਣੀ ਦੇ ਪ੍ਰਸਾਰਣ ਲਈ ਟਰਾਂਸਮੀਟਰ ਲਵਾਉਣਾ ਆਦਿ ਤਾਂ ਸ਼ਾਮਿਲ ਸਨ ਪਰ ਜਨਵਰੀ 1984 ਤੱਕ ਧਾਰਾ 25 ਵਿਚ ਸੋਧ ਦੀ ਮੰਗ ਬਾਰੇ ਕਿਸੇ ਨੇ ਨਹੀਂ ਸੀ ਸੁਣਿਆ। ਮੋਰਚਾ ਸ਼ੁਰੂ ਹੋਣ ਤੋਂ ਕੋਈ ਡੇਢ ਸਾਲ ਬਾਅਦ ਅਚਾਨਕ ਹੀ ਜਨਵਰੀ 1984 ਦੇ ਆਖਰੀ ਹਫਤੇ ਇਸ ਮੰਗ ਨੂੰ ਇੰਜ ਉਭਾਰਿਆ ਗਿਆ ਜਿਵੇਂ ਅਸਲ ਮਸਲੇ ਦੀ ਜੜ੍ਹ ਹੀ ਧਾਰਾ 25 ਹੋਵੇ ਅਤੇ ਸਿੱਖਾਂ ਦੀ ਪ੍ਰਮੁੱਖ ਮੰਗ ਧਾਰਾ 25 ਵਿਚ ਸੋਧ ਕਰਵਾਉਣਾ ਹੀ ਹੋਵੇ। 27 ਜਨਵਰੀ 1984 ਨੂੰ ਅਕਾਲੀ ਦਲ ਨੇ ਭਾਰਤ ਸਰਕਾਰ ਨੂੰ ਧਾਰਾ 25 ਵਿਚ ਸੋਧ ਕਰਨ ਲਈ ਇੱਕ ਮਹੀਨੇ ਦਾ ਅਲਟੀਮੇਟਮ ਦੇ ਦਿਤਾ ਅਤੇ ਸੋਧ ਨਾ ਕੀਤੇ ਜਾਣ ਦੀ ਸੂਰਤ ਵਿਚ ਇਸ ਧਾਰਾ ਨੂੰ ਸਾੜਨ ਦਾ ਐਲਾਨ ਵੀ ਕਰ ਦਿੱਤਾ। ਮਹੀਨੇ ਬਾਅਦ ਕੋਈ ਸੋਧ ਨਾ ਹੋਣ 'ਤੇ 28 ਫਰਵਰੀ 1984 ਨੂੰ ਸ. ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਜਾ ਕੇ ਧਾਰਾ 25 ਸਾੜ ਦਿੱਤੀ ਅਤੇ ਉਸੇ ਦਿਨ ਚੰਡੀਗੜ੍ਹ ਵਿਖੇ ਇਕੱਠੇ ਹੋ ਕੇ ਅਕਾਲੀ ਲੀਡਰਾਂ, ਜਿਨ੍ਹਾਂ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ ਅਤੇ ਸ. ਚੀਮਾ ਸ਼ਾਮਿਲ ਸਨ, ਨੇ ਇਸ ਧਾਰਾ ਵਿਚੋਂ 'ਸਿੱਖ' ਸ਼ਬਦ ਪਾੜ ਦਿੱਤਾ। ਇਨ੍ਹਾਂ ਸਾਰੇ ਲੀਡਰਾਂ ਨੂੰ ਸੰਵਿਧਾਨ ਸਾੜਨ/ਪਾੜਨ ਦੇ ਗੰਭੀਰ ਅਪਰਾਧ ਅਧੀਨ ਕੇਸ ਬਣਾ ਕੇ ਗ੍ਰਿਫਤਾਰ ਕਰ ਲਿਆ ਗਿਆ। ਬਾਅਦ ਵਿਚ ਇਹ ਕੇਸ ਰਫਾ ਦਫਾ ਹੋ ਗਏ।

ਧਾਰਾ 25 ਨੂੰ ਸਾੜਨ ਵਾਲਾ ਪ੍ਰੋਗਰਾਮ ਦੇਣ ਪਿਛੇ ਵੀ ਅਕਾਲੀ ਦਲ ਦੀ ਸਿਆਸੀ ਮਜਬੂਰੀ ਸੀ। ਅਕਾਲੀ ਦਲ ਮੋਰਚੇ ਉਪਰ ਢਿੱਲੀ ਪੈਂਦੀ ਜਾ ਰਹੀ ਪਕੜ ਨੂੰ ਮਜ਼ਬੂਤ ਕਰਨ ਲਈ ਸਿੱਖ ਜਜ਼ਬਾਤ ਦੇ ਹਾਣ ਦਾ ਕੋਈ 'ਗਰਮ' ਪ੍ਰੋਗਰਾਮ ਦੇਣ ਦਾ ਐਲਾਨ ਕਰ ਚੁਕਿਆ ਸੀ। ਐਲਾਨ ਇਹ ਸੀ ਕਿ ਜੇਕਰ 26 ਜਨਵਰੀ 1984 ਤੱਕ ਮੰਗਾਂ ਨਾ ਮੰਨੀਆਂ (ਜਿਨ੍ਹਾਂ ਵਿਚ ਧਾਰਾ 25 ਸੋਧੇ ਜਾਣ ਦੀ ਮੰਗ ਸ਼ਾਮਿਲ ਨਹੀਂ ਸੀ) ਤਾਂ ਪੰਥ ਨੂੰ ਕੋਈ 'ਇਨਕਲਾਬੀ' ਪ੍ਰੋਗਰਾਮ ਦਿਤਾ ਜਾਏਗਾ। ਜਦ ਮੰਗਾਂ ਨਾ ਮੰਨੀਆਂ ਗਈਆਂ ਤਾਂ ਹੋਰ ਕੋਈ 'ਇਨਕਲਾਬੀ' ਪ੍ਰੋਗਰਾਮ ਨਾ ਅਹੁੜਨ ਕਾਰਨ ਮਦਾਰੀ ਦੇ ਗੁਥਲੇ ਚੋਂ ਕਬੂਤਰ ਕੱਢਣ ਵਾਂਗ ਅਕਾਲੀ ਦਲ ਨੂੰ ਧਾਰਾ 25 ਵਿਚ ਸੋਧ ਕਰਵਾਉਣ ਦੀ ਮੰਗ ਦਾ ਫੁਰਨਾ ਫੁਰਿਆ ਸੀ। ਇਸ ਤਰ੍ਹਾਂ 1984 ਵਿਚ ਉਠਾਈ ਗਈ ਇਹ ਮੰਗ ਅਕਾਲੀ ਦਲ ਦੀ ਸਿੱਖ ਸੰਘਰਸ਼ ਉਪਰ ਕਮਜ਼ੋਰ ਪੈ ਰਹੀ ਪਕੜ ਨੂੰ ਤਕੜਿਆਂ ਕਰਨ ਲਈ ਕੀਤੇ ਜਾਣ ਵਾਲੇ ਉਰਲ-ਪੋਰਲ ਤੋਂ ਵੱਧ ਕੁੱਝ ਨਹੀ ਸੀ। ਇਹੋ ਹੀ ਕਾਰਨ ਸੀ ਕਿ ਨਾ ਤਾਂ ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਇਸ ਦਾ ਕੋਈ ਜ਼ਿਕਰ ਹੋਇਆ ਅਤੇ ਨਾ ਹੀ ਸ. ਬਾਦਲ ਨੇ ਪਿਛਲੇ ਵੀਹ ਸਾਲਾਂ ਦੌਰਾਨ ਇਸ ਮੰਗ ਪ੍ਰਥਾਏ ਕੋਈ ਯਤਨ ਕੀਤੇ।

## ਕੀ ਹੈ ਧਾਰਾ 25

**ਭਾਰਤੀ ਸੰਵਿਧਾਨ ਦੀ ਧਾਰਾ 25 ਇਸ ਪ੍ਰਕਾਰ ਹੈ:**

"25: ਜ਼ਮੀਰ (ਆਤਮਾ) ਅਤੇ ਧਰਮ ਨੂੰ ਖੁਲ੍ਹੇਆਮ ਅਪਨਾਉਣ, ਮੰਨਣ ਅਤੇ ਪ੍ਰਚਾਰਨ ਦੀ ਆਜ਼ਾਦੀ:

(1) ਜਨਤਕ ਵਿਵਸਥਾ, ਨੈਤਿਕਤਾ (ਸਦਾਚਾਰ) ਅਤੇ ਸਿਹਤ ਅਤੇ ਇਸ ਦੀਆਂ ਹੋਰ ਧਾਰਾਵਾਂ ਦੇ ਅਧੀਨ ਰਹਿੰਦੇ ਹੋਏ, ਸਾਰੇ ਵਿਅਕਤੀਆਂ ਨੂੰ ਜ਼ਮੀਰ ਦੀ ਆਜ਼ਾਦੀ ਅਤੇ ਖੁਲ੍ਹੇਆਮ ਧਰਮ ਅਪਨਾਉਣ, ਮੰਨਣ ਅਤੇ ਪ੍ਰਚਾਰਨ ਦਾ ਬਰਾਬਰ ਦਾ ਹੱਕ ਹੋਏਗਾ।

(2) ਵਿਧਾਨ ਦੀ ਇਸ ਧਾਰਾ ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੀ ਕ੍ਰਿਆ ਨੂੰ ਪ੍ਰਭਾਵਿਤ ਨਹੀਂ ਕਰੇਗੀ ਜਾਂ ਸਰਕਾਰ ਨੂੰ ਕੋਈ ਐਸਾ ਕਾਨੂੰਨ ਬਣਾਉਣ ਤੋਂ ਨਹੀਂ ਰੋਕੇਗੀ ਜੋ ਕਿ:

(ਏ) ਧਰਮ ਨੂੰ ਮੰਨਣ ਨਾਲ ਸਬੰਧਿਤ ਕਿਸੇ ਆਰਥਿਕ, ਵਿੱਤੀ, ਰਾਜਨੀਤਕ ਜਾਂ ਹੋਰ ਧਰਮ ਨਿਰਪੱਖ ਸਰਗਰਮੀ ਨੂੰ ਨਿਯੰਤ੍ਰਿਤ ਜਾਂ ਸੀਮਿਤ ਕਰਨ ਸਬੰਧੀ ਹੋਵੇ;

(ਬੀ) ਸਮਾਜਿਕ ਭਲਾਈ ਅਤੇ ਸੁਧਾਰ ਵਾਸਤੇ ਜਾਂ ਜਨਤਕ ਕਿਸਮ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਵਾਸਤੇ ਹੋਏ।

ਵਿਆਖਿਆ 1. ਕ੍ਰਿਪਾਨਾਂ ਪਹਿਨਣੀਆਂ ਅਤੇ ਰੱਖਣੀਆਂ ਸਿੱਖ ਧਰਮ ਨੂੰ ਮੰਨਣ ਦਾ ਅੰਗ ਸਮਝੀਆਂ ਜਾਣਗੀਆਂ।

ਵਿਆਖਿਆ 2 ਭਾਗ (2) ਦੇ ਉਪਭਾਗ (ਬੀ) ਵਿਚ ਹਿੰਦੂਆਂ ਪ੍ਰਤੀ ਹਵਾਲੇ ਦਾ ਜੋ ਅਰਥ ਸਮਝਿਆ ਜਾਏਗਾ ਉਸ ਵਿਚ ਸਿੱਖ, ਜੈਨ ਜਾਂ ਬੁਧ ਧਰਮ ਨੂੰ ਮੰਨਣ ਵਾਲੇ ਵਿਅਕਤੀਆਂ ਦਾ ਹਵਾਲਾ ਵੀ ਸ਼ਾਮਿਲ ਹੋਏਗਾ ਅਤੇ ਹਿੰਦੂ ਧਾਰਮਿਕ ਸੰਸਥਾਵਾਂ ਸਬੰਧੀ ਹਵਾਲੇ ਨੂੰ ਵੀ ਇਸੇ ਅਨੁਸਾਰ ਹੀ ਸਮਝਿਆ ਜਾਏਗਾ।"

ਹੁਣ ਵੇਖੋ, ਇਸ ਧਾਰਾ ਵਿਚ ਕਿਤੇ ਵੀ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਨਹੀਂ ਐਲਾਨਿਆ ਗਿਆ। ਕਿਤੇ ਵੀ ਸਿੱਖਾਂ ਉਪਰ ਹਿੰਦੂ ਰਹੁਰੀਤਾਂ ਨਹੀ ਥੋਪੀਆਂ ਗਈਆਂ। ਇਸ ਧਾਰਾ ਵਿਚ ਤਾਂ ਸਿੱਖਾਂ ਨੂੰ ਕ੍ਰਿਪਾਨ ਨਹੀਂ ਸਗੋਂ 'ਕ੍ਰਿਪਾਨਾਂ' ਪਹਿਨਣ ਅਤੇ ਰੱਖਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ। ਇਸ ਮਕਸਦ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਨ ਲਈ ਕੇਵਲ ਅਤੇ ਕੇਵਲ ਸਿੱਖਾਂ ਵਾਸਤੇ 'ਵਿਆਖਿਆ-1' ਅਲੱਗ ਤੌਰ ਤੇ ਸ਼ਾਮਿਲ ਕੀਤੀ ਗਈ ਹੈ ਤਾਂ ਜੋ ਕਿਸੇ ਕਿਸਮ ਦਾ ਭੁਲੇਖਾ ਨਾ ਰਹਿ ਜਾਏ। ਕੀ ਸਿੱਖਾਂ ਨੂੰ ਸਿੱਖ ਮੰਨੇ ਜਾਣ ਵਿਚ ਅਜੇ ਕੋਈ ਕਸਰ ਬਾਕੀ ਰਹਿ ਗਈ ਹੈ? ਸਿੱਖਾਂ ਬਾਰੇ ਐਸੀ ਸਪੱਸ਼ਟ ਇਬਾਰਤ ਹੋਰ ਕਿਸੇ ਵੀ ਦੇਸ਼ ਦੇ ਸੰਵਿਧਾਨ ਵਿਚ ਨਹੀ ਮਿਲਦੀ। ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿਚ ਕਿਰਪਾਨ ਦੇ ਹੱਕ ਲਈ ਸਿੱਖਾਂ ਨੂੰ ਕਈ ਵਾਰ ਅਦਾਲਤਾਂ ਵਿਚ ਜਾਣਾ ਪਿਆ ਹੈ। ਬਹੁਤ ਸਾਰੇ ਅਦਾਲਤੀ ਕੇਸ ਜਿੱਤਣ ਦੇ ਬਾਅਦ ਵੀ ਸਰਕਾਰਾਂ ਨੇ ਕੋਈ ਐਸਾ ਕਾਨੂੰਨ ਨਹੀ ਬਣਾਇਆ ਜੋ ਸਾਰੇ ਦੇਸ਼ ਵਿਚ ਹਰ ਥਾਂ ਲਾਗੂ ਹੋਏ। ਨਤੀਜੇ ਵਜੋਂ ਕਿਤੇ ਨਾ ਕਿਤੇ ਕਿਰਪਾਨ ਜਾਂ ਕਕਾਰਾਂ ਦਾ ਕੋਈ ਨਾ ਕੋਈ ਮਸਲਾ ਖੜ੍ਹਾ ਹੀ ਰਹਿੰਦਾ ਹੈ। ਇਸੇ ਧਾਰਾ 25 ਕਾਰਨ ਹੀ ਸਿੱਖਾਂ ਨੂੰ ਭਾਰਤ ਅੰਦਰ ਘਰੇਲੂ ਹਵਾਈ ਉਡਾਨਾਂ ਦੌਰਾਨ 9 ਇੰਚ ਤਕ ਲੰਬੀ ਕਿਰਪਾਨ ਪਹਿਨ ਕੇ ਹਵਾਈ ਸਫਰ ਦੀ ਆਗਿਆ ਹੈ ਜੋ ਕਿ ਅਮਰੀਕਾ, ਕੈਨੇਡਾ ਵਿਚ ਬਿਲਕੁਲ ਨਹੀਂ ਹੈ।



ਹੁਣ ਆਉਂਦੇ ਹਾਂ ਵਿਆਖਿਆ 2 ਭਾਗ (2) ਦੇ ਉਪਭਾਗ (ਬੀ) ਵੱਲ। ਇਥੇ ਵੀ ਸਿੱਖ ਧਰਮ ਦਾ ਜ਼ਿਕਰ ਅਲੱਗ ਤੌਰ 'ਤੇ ਕੀਤਾ ਗਿਆ ਹੈ। ਭਾਵ ਸਿੱਖਾਂ ਨੂੰ ਸਿੱਖ ਮੰਨਿਆ ਗਿਆ ਹੈ। ਸੋ, ਇਹ ਸਵਾਲ ਕਿ ਧਾਰਾ 25 ਸਿੱਖਾਂ ਨੂੰ ਸਿੱਖ ਮੰਨਦੀ ਹੈ ਜਾਂ ਨਹੀਂ, ਤਾਂ ਸੌਖਿਆਂ ਹੀ ਹੱਲ ਹੋ ਜਾਂਦੈ ਕਿ ਧਾਰਾ 25 ਸਿੱਖਾਂ ਨੂੰ ਇਕ ਵਾਰ ਨਹੀਂ ਦੋ ਵਾਰ ਸਿੱਖ ਮੰਨਦੀ ਹੈ।

ਅਸਲ ਮਸਲੇ ਦੀ ਜੜ੍ਹ ਇਹ ਹੈ ਕਿ ਇਥੇ ਆ ਕੇ ਸਿੱਖ ਆਗੂ ਅਤੇ ਬੁੱਧੀਜੀਵੀ ਆਪਣਾ ਸਵਾਲ ਬਦਲ ਲੈਂਦੇ ਹਨ। ਇਥੇ ਆ ਕੇ ਉਹ ਆਖਣਾ ਸ਼ੁਰੂ ਕਰ ਦਿੰਦੇ ਹਨ ਕਿ ਨਹੀਂ ਜੀ ਨਹੀਂ, ਅਸਲ ਮਸਲਾ ਸਿੱਖਾਂ ਨੂੰ ਸਿੱਖ ਮੰਨਣ ਜਾਂ ਨਾ ਮੰਨਣ ਦਾ ਨਹੀਂ ਹੈ ਅਸਲ ਮਸਲਾ ਤਾਂ ਭਾਗ (2) ਦੇ ਉਪਭਾਗ (ਬੀ) ਦੀ ਵਿਆਖਿਆ 2 ਵਿਚ ਸਿੱਖਾਂ ਨੂੰ ਹਿੰਦੂਆਂ ਨਾਲ ਜੋੜੇ ਜਾਣ ਦਾ ਹੈ। ਸਿੱਖ ਆਗੂ ਇਸ ਵਿਆਖਿਆ ਰਾਹੀਂ ਸਿੱਖਾਂ ਨੂੰ ਹਿੰਦੂਆਂ ਨਾਲ ਜ਼ਬਰੀ ਨੱਥੀ ਕੀਤੇ ਜਾਣਾ ਆਖ ਕੇ ਧਾਰਾ 25 ਵਿਚ ਸੋਧ ਦੀ ਮੰਗ ਕਰਦੇ ਹਨ। ਪਰ ਉਹ ਇਹ ਬਿਲਕੁਲ ਨਹੀਂ ਦੱਸਦੇ ਕਿ ਧਾਰਾ 25 ਦੇ ਭਾਗ (2) ਦੇ ਉਪਭਾਗ (ਬੀ) ਦੀ ਵਿਆਖਿਆ 2 ਵਿਚ ਮੰਗੀ ਜਾ ਰਹੀ ਸੋਧ ਸਿੱਖ ਧਰਮ ਦੀ ਵੱਖਰੀ ਪਹਿਚਾਣ ਬਹਾਲ ਕਰਨ ਵਿਚ ਕਿਵੇਂ ਸਹਾਈ ਹੋਏਗੀ? ਯਾਦ ਰਹੇ, ਵਿਆਖਿਆ 2 ਧਾਰਾ 25 ਦੇ ਭਾਗ (2) ਦੇ ਉਪਭਾਗ (ਬੀ) ਤੋਂ ਬਿਨਾ ਸੰਵਿਧਾਨ ਦੀ ਕਿਸੇ ਵੀ ਹੋਰ ਧਾਰਾ ਜਾਂ ਐਕਟ ਨੂੰ ਪ੍ਰਭਾਵਿਤ ਨਹੀਂ ਕਰਦੀ। ਧਾਰਾ ਦੇ ਇਸ ਭਾਗ (2ਬੀ) ਦਾ ਤੱਤ ਸਾਰ ਇਹ ਹੈ ਕਿ ਸਮਾਜਿਕ ਭਲਾਈ ਅਤੇ ਸੁਧਾਰ ਵਾਸਤੇ ਜਾਂ ਜਨਤਕ ਕਿਸਮ ਦੀਆਂ ਹਿੰਦੂ, ਸਿੱਖ, ਬੋਧੀ ਜਾਂ ਜੈਨੀ ਧਾਰਮਿਕ ਸੰਸਥਾਵਾਂ ਨੂੰ ਕ੍ਰਮਵਾਰ ਹਿੰਦੂਆਂ, ਸਿੱਖਾਂ, ਬੋਧੀਆਂ ਜਾਂ ਜੈਨੀਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਵਾਸਤੇ ਕਾਨੂੰਨ ਬਣਾਉਣ ਦਾ ਹੱਕ ਸਰਕਾਰ ਕੋਲ ਹੋਏਗਾ।

ਕਿਉਂਕਿ ਸਿੱਖ ਧਰਮ ਦੇ ਅਸਥਾਨ ਤਾਂ ਪਹਿਲਾਂ ਹੀ ਸਮਾਜਿਕ ਭਲਾਈ ਅਤੇ ਸੁਧਾਰ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ ਅਤੇ ਸਭ ਲਈ ਇੱਕ ਬਰਾਬਰ ਪਹਿਲਾਂ ਹੀ ਖੁੱਲ੍ਹੇ ਹਨ ਜਾਂ ਇੰਜ ਕਹਿ ਲਓ ਕਿ ਸਿੱਖ ਧਰਮ ਤਾਂ ਇਹ ਮੱਦ ਆਪਣੇ ਆਪ ਪਹਿਲਾਂ ਹੀ ਲਾਗੂ ਹੈ। ਇਸ ਕਰਕੇ ਧਾਰਾ ਦੇ ਇਸ ਭਾਗ ਅਧੀਨ ਸਰਕਾਰ ਨੂੰ ਹੋਰ ਕਾਨੂੰਨ ਬਣਾਉਣ ਦੀ ਕੋਈ ਵੀ ਜ਼ਰੂਰਤ ਨਹੀਂ ਪਵੇਗੀ। ਇਸ ਤਰ੍ਹਾਂ ਧਾਰਾ 25 ਦਾ ਇਹ ਭਾਗ ਸਿੱਖਾਂ ਵਾਸਤੇ ਉਨਾ ਚਿਰ ਬੇਲੋੜਾ ਅਤੇ ਅਣਵਰਤਿਆ ਹੀ ਪਿਆ ਰਹੇਗਾ ਜਿੰਨਾ ਚਿਰ ਸਿੱਖ ਸੰਸਥਾਵਾਂ (ਪ੍ਰਮੁੱਖ ਤੌਰ ਤੇ ਗੁਰਦੁਆਰੇ) ਸਿੱਖ ਸਿਧਾਂਤਾਂ ਅਤੇ ਲੋਕ ਭਲਾਈ ਦੇ ਆਸ਼ੇ ਅਨੁਸਾਰ ਸਭ ਲਈ ਬਰਾਬਰ ਖੁੱਲ੍ਹੇ ਰਹਿਣਗੇ।

ਕੀ ਸੋਧ ਕਰਨ ਨੂੰ ਕਿਹਾ ਜਾ ਰਿਹਾ ਹੈ: ਸਿੱਖ ਆਗੂ ਵੈਂਕਟ ਚਲੱਈਆ ਕਮਿਸ਼ਨ ਵੱਲੋਂ ਦਿੱਤੇ ਸੁਝਾਅ ਅਨੁਸਾਰ ਮੰਗ ਕਰ ਰਹੇ ਹਨ ਕਿ ਧਾਰਾ 25 ਦੇ ਭਾਗ (2 ਬੀ) ਦੀ ਵਿਆਖਿਆ ਖਤਮ ਕਰ ਦਿਤੀ ਜਾਏ ਅਤੇ ਭਾਗ (2ਬੀ) ਨੂੰ ਸੋਧ ਕੇ ਦੁਬਾਰਾ ਲਿਖਿਆ ਜਾਏ। ਜਿਸਦਾ ਭਾਵ ਇਹ ਬਣਦਾ ਹੈ ਕਿ ਧਾਰਾ 25 ਦੇ ਇਸ ਭਾਗ,

"(ਬੀ) ਸਮਾਜਿਕ ਭਲਾਈ ਅਤੇ ਸੁਧਾਰ ਵਾਸਤੇ ਜਾਂ ਜਨਤਕ ਕਿਸਮ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਵਾਸਤੇ ਹੋਏ।

ਵਿਆਖਿਆ 1 ਕ੍ਰਿਪਾਨਾਂ ਪਹਿਨਣੀਆਂ ਅਤੇ ਰਖਣੀਆਂ ਸਿੱਖ ਧਰਮ ਨੂੰ ਮੰਨਣ ਦਾ ਅੰਗ ਸਮਝੀਆਂ ਜਾਣਗੀਆਂ।

ਵਿਆਖਿਆ 2 ਭਾਗ (2) ਦੇ ਉਪਭਾਗ (ਬੀ) ਵਿਚ ਹਿੰਦੂਆਂ ਪ੍ਰਤੀ ਹਵਾਲੇ ਦਾ ਜੋ ਅਰਥ ਸਮਝਿਆ ਜਾਏਗਾ ਉਸ ਵਿਚ ਸਿੱਖ, ਜੈਨ ਜਾਂ ਬੁਧ ਧਰਮ ਨੂੰ ਮੰਨਣ ਵਾਲੇ ਵਿਅਕਤੀਆਂ ਦਾ ਹਵਾਲਾ ਵੀ ਸ਼ਾਮਿਲ ਹੋਏਗਾ ਅਤੇ ਹਿੰਦੂ ਧਾਰਮਿਕ ਸੰਸਥਾਵਾਂ ਸਬੰਧੀ ਹਵਾਲੇ ਨੂੰ ਵੀ ਇਸੇ ਅਨੁਸਾਰ ਹੀ ਸਮਝਿਆ ਜਾਏਗਾ।"

ਨੂੰ ਸੋਧ ਕੇ ਇਸ ਤਰ੍ਹਾਂ ਲਿਖਿਆ ਜਾਏ, "(ਬੀ) ਸਮਾਜਿਕ ਭਲਾਈ ਅਤੇ ਸੁਧਾਰ ਵਾਸਤੇ ਜਾਂ ਜਨਤਕ ਕਿਸਮ ਦੀਆਂ ਹਿੰਦੂ, ਸਿੱਖ, ਬੋਧੀ ਜਾਂ ਜੈਨੀ ਧਾਰਮਿਕ ਸੰਸਥਾਵਾਂ ਨੂੰ ਕਰਮਵਾਰ ਹਿੰਦੂਆਂ, ਸਿੱਖਾਂ, ਬੋਧੀਆਂ ਜਾਂ ਜੈਨੀਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਵਾਸਤੇ ਹੋਏ।

ਵਿਆਖਿਆ 1 ਕ੍ਰਿਪਾਨਾਂ ਪਹਿਨਣੀਆਂ ਅਤੇ ਰੱਖਣੀਆਂ ਸਿੱਖ ਧਰਮ ਨੂੰ ਮੰਨਣ ਦਾ ਅੰਗ ਸਮਝੀਆਂ ਜਾਣਗੀਆਂ।"

ਇਸ ਤਰ੍ਹਾਂ ਕੁਝ ਕੌਮੇ ਪਾ ਕੇ ਲਿਖਣ ਅਤੇ ਵਿਆਖਿਆ 2 ਖਤਮ ਕਰ ਦੇਣ ਨਾਲ ਇਸ ਧਾਰਾ ਦੇ ਤੱਤਸਾਰ ਵਿਚ ਕੋਈ ਬੁਨਿਆਦੀ ਤਬਦੀਲੀ ਨਹੀ ਆਉਂਦੀ।

ਕੀ ਇਸ ਸੋਧ ਨਾਲ ਸਿੱਖਾਂ ਦੀ ਸੰਤੁਸ਼ਟੀ ਹੋ ਜਾਏਗੀ? ਕੀ ਇਸ ਸੋਧ ਨਾਲ ਸਿੱਖਾਂ ਦੀ ਤਸੱਲੀ ਅਨੁਸਾਰ ਸਿੱਖ ਧਰਮ ਦੀ ਆਜ਼ਾਦ ਹਸਤੀ ਬਹਾਲ ਹੋ ਜਾਏਗੀ ਅਤੇ ਗੱਲ ਮੁੱਕ ਜਾਏਗੀ? ਨਹੀਂ, ਗੱਲ ਫਿਰ ਵੀ ਨਹੀ ਮੁੱਕੇਗੀ। ਹੁਣ ਅਸਲ ਮਸਲਾ ਸਿੱਖਾਂ ਨੂੰ ਹਿੰਦੂ ਕਾਨੂੰਨ ਦੇ ਜੂਲੇ ਹੇਠੋਂ ਕੱਢਣ ਦਾ ਬਣ ਜਾਏਗਾ। ਧਾਰਾ 25 ਵਿਚ ਕਰਵਾਈ ਸੋਧ ਕੀ ਮਤਲਬ ਰੱਖਦੀ ਹੈ ਜਦਕਿ ਬਾਕੀ ਦੇ ਹਿੰਦੂ ਕਾਨੂੰਨ ਜਿਵੇਂ ਹਿੰਦੂ ਮੈਰਿਜ ਐਕਟ, ਹਿੰਦੂ ਅਡਾਪਸ਼ਨ ਐਕਟ, ਹਿੰਦੂ ਵਿਰਾਸਤ ਐਕਟ, ਹਿੰਦੂ ਮਨੀਆਰਟੀ ਐਂਡ ਮੇਨਟੀਨੈਂਸ ਐਕਟ ਆਦਿ ਸਿੱਖਾਂ ਉਪਰ ਜਿਉਂ ਦੇ ਤਿਉਂ ਲਾਗੂ ਰਹਿੰਦੇ ਹਨ। ਇਸ ਦਾ ਹੱਲ ਇਹ ਸੁਝਾਇਆ ਜਾਏਗਾ ਕਿ ਬਾਕੀਆਂ ਵਾਂਗ ਸਿੱਖਾਂ ਵਾਸਤੇ ਵੀ ਵੱਖਰਾ ਸਿੱਖ ਪਰਸਨਲ ਲਾਅ ਬਣਾਇਆ ਜਾਵੇ।

**ਮਸਲਾ ਸਿੱਖ ਪਰਸਨਲ ਲਾਅ ਦਾ:** ਸਿੱਖ ਪਰਸਨਲ ਲਾਅ ਦੀ ਗੱਲ ਵੀ ਕਦੇ ਕਦਾਈਂ ਛਿੜਦੀ ਰਹਿੰਦੀ ਹੈ ਪਰ ਸਿੱਖ ਆਗੂ ਅਤੇ ਵਿਦਵਾਨ ਪਿਛਲੇ 60 ਸਾਲਾਂ ਵਿਚ ਇਹ ਤੈਅ ਨਹੀਂ ਕਰ ਸਕੇ ਕਿ ਸਿੱਖ ਪਰਸਨਲ ਲਾਅ ਵਿਚ ਆਖਿਰ ਹੋਵੇ ਕੀ? ਅਜੇ ਤੱਕ ਸਿੱਖ ਪਰਸਨਲ ਲਾਅ ਦਾ ਕੋਈ ਵੀ ਖਰੜਾ ਤਿਆਰ ਨਹੀਂ ਕੀਤਾ ਜਾ ਸਕਿਆ। ਸਿੱਖ ਪਰਸਨਲ ਲਾਅ ਦੇ ਖਰੜੇ ਦੀ ਤਿਆਰੀ ਅਤੇ ਫਿਰ ਉਸ ਬਾਰੇ ਸਭ ਦੀ ਸਹਿਮਤੀ ਬਣਾਉਣਾ ਕੋਈ ਸੌਖਾ ਕੰਮ ਨਹੀਂ ਹੈ। ਕੀ ਸਿੱਖ ਧਾਰਮਿਕ ਲੀਡਰਸ਼ਿਪ ਅਤੇ ਸਿੱਖ ਬੁੱਧੀਜੀਵੀ, ਜੋ ਪਿੱਛੇ ਜਿਹੇ ਇੱਕ ਮਾਮੂਲੀ ਨੁਕਤੇ ਕਿ ਸਿੱਖਾਂ ਵਿਚ ਤਲਾਕ ਹੈ ਜਾਂ ਨਹੀਂ ਵਿਚ ਹੀ ਉਲਝ ਗਏ ਸਨ, ਪੂਰੇ ਦੇ ਪੂਰੇ ਐਕਟ ਘੜਨ ਵਰਗੀਆਂ ਵਿਆਪਕ ਸੋਧਾਂ ਬਾਰੇ ਸੌਖਿਆਂ ਹੀ ਇੱਕ ਮੱਤ ਹੋ ਜਾਣਗੇ? ਅਨੰਦ ਮੈਰਿਜ ਐਕਟ ਦਾ ਤਜਰਬਾ ਹੀ ਦੇਖ ਲਓ, ਜਦੋਂ ਸਰਕਾਰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਿਤ ਖਰੜੇ ਉਪਰ ਵਿਚਾਰ ਕਰ ਰਹੀ ਸੀ ਤਾਂ ਸਿੱਖਾਂ ਦੇ ਵਖ ਵਖ ਹਲਕਿਆਂ ਵੱਲੋਂ ਇੱਕ ਦੇ ਮਗਰ ਦੂਸਰਾ ਖਰੜਾ ਪ੍ਰਗਟ ਕਰਨ ਦੀ ਦੌੜ ਲਗ ਗਈ ਸੀ। ਗੱਲ ਖਰੜੇ ਪੇਸ਼ ਕਰਨ ਤੱਕ ਹੀ ਸੀਮਿਤ ਨਹੀਂ ਸੀ ਰਹੀ, ਵੱਖ ਵੱਖ ਧਿਰਾਂ ਵੱਲੋਂ ਆਪਣੇ ਖਰੜੇ ਨੂੰ ਸਰਵੋਤਮ ਅਤੇ ਦੂਸਰਿਆਂ ਨੂੰ ਅਧੂਰੇ ਜਾਂ ਸਿੱਖ ਵਿਰੋਧੀ ਗਰਦਾਨਣ ਦੀ 'ਖਰੜਾ ਸਿਆਸਤ' ਵੀ ਚੱਲ ਪਈ ਸੀ।

ਐਸੇ ਮਹੌਲ ਵਿਚ 'ਸਿੱਖ ਪਰਸਨਲ ਲਾਅ' ਵਰਗੇ ਵਿਸ਼ਾਲ ਕਾਰਜ ਦੀ ਮੁਹਿੰਮ ਛੇੜਨਾ ਭੂੰਡਾਂ ਦੀ ਖੱਖਰ ਛੇੜਨ ਵਾਲੀ ਗੱਲ ਹੋਏਗੀ। ਸਿੱਖ ਐਕਟਾਂ ਦੇ ਖਰੜੇ ਘੜਨਾ ਤਾਂ ਬਹੁਤ ਵੱਡਾ ਕੰਮ ਹੈ, ਅਸੀਂ ਤਾਂ ਅਜੇ ਕੈਲੰਡਰ ਦੀ ਉਲਝਣ ਵਿਚੋਂ ਹੀ ਨਹੀਂ ਨਿਕਲ ਸਕੇ। ਕੈਲੰਡਰ ਦੀ ਉਲਝੀ ਤਾਣੀ ਕਾਰਨ ਹੀ ਪਾਕਿਸਤਾਨ ਜਾਣ ਵਾਲੇ ਯਾਤਰੀਆਂ ਨੂੰ ਵੀਜ਼ੇ ਦੀ ਮੁਸ਼ਕਿਲ ਆਈ ਸੀ। ਯਾਦ ਰਹੇ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਕਿਸੇ ਨੇ ਸਾਡੇ ਗਲ ਨਹੀਂ ਸੀ ਮੜ੍ਹਿਆ। ਸਿੱਖਾਂ ਨੇ ਆਪ ਹੀ ਸਹੇੜਿਆ ਸੀ ਜੋ ਕਿ ਅਜੇ ਤਾਂਈ ਸਾਡੇ ਮਾਨਸਿਕ ਗੁਣੀਏ ਵਿਚ ਨਹੀਂ ਆ ਰਿਹਾ। ਐਕਟਾਂ ਦੀਆਂ ਵਿਸਥਾਰਿਤ ਮੱਦਾਂ ਬਾਰੇ ਸਹਿਮਤੀ ਹੋਣੀ ਤਾਂ ਬਹੁਤ ਵੱਡੀ ਗੱਲ ਹੈ ਅਸੀਂ ਤਾਂ ਅਜੇ ਤਾਂਈ 1984 ਦੇ ਸ਼ਹੀਦਾਂ ਦੀ ਯਾਦਗਾਰ ਕਿਹੋ ਜਿਹੀ ਹੋਏ, ਬਾਰੇ ਵੀ ਸਹਿਮਤ ਨਹੀਂ।

ਜਥੇਦਾਰਾਂ ਦੀਆਂ ਪਦਵੀਆਂ ਬਾਰੇ ਨਿਯਮ ਬਣਾਉਣ ਲਈ ਹੁਣੇ ਜਿਹੇ ਕਾਇਮ ਕੀਤੀ ਗਈ ਮਾਹਿਰਾਂ ਦੀ ਕਮੇਟੀ ਦਾ ਜੋ ਹਸ਼ਰ ਹੋ ਰਿਹਾ ਹੈ ਉਹ ਵੀ ਸਾਡੇ ਸਾਹਮਣੇ ਹੀ ਹੈ। ਕਹਿਣ ਨੂੰ ਜੋ ਮਰਜੀ ਕਹੀ ਜਾਈਏ, ਅਜੇ ਤੱਕ ਅਸੀਂ ਮਸਲਿਆਂ ਬਾਰੇ ਇੱਕ ਰਾਇ ਬਣਾਉਣ ਦੀ ਕੋਈ ਯੋਗ ਵਿਵਸਥਾ ਵੀ ਬਹਾਲ ਨਹੀਂ ਹੋਣ ਦਿੱਤੀ। ਸਿੱਖਾਂ ਦੇ ਅੰਦਰੂਨੀ ਮਸਲਿਆਂ ਬਾਰੇ ਸਾਡੀ ਪਹੁੰਚ ਟਾਲ ਮਟੋਲ, ਕੰਮ ਚਲਾਊ, ਵਕਤ ਟਪਾਊ ਜਾਂ ਫਿਰ ਧੱਕੇਸ਼ਾਹੀ ਵਾਲੀ ਹੀ ਰਹੀ ਹੈ। ਇਸੇ ਵਜ੍ਹਾ ਕਾਰਨ ਦਸਮ ਗ੍ਰੰਥ, ਰਾਗਮਾਲਾ, ਮਰਿਯਾਦਾ, ਸਹਿਜਧਾਰੀ ਆਦਿ ਮਸਲੇ ਚਿਰਾਂ ਤੋਂ ਅਣਸੁਲਝੇ ਹੀ ਪਏ ਹਨ। ਐਸੇ ਮਹੌਲ ਵਿਚ 'ਸਿੱਖ ਪਰਸਨਲ ਲਾਅ' ਵਰਗੇ ਮਸਲੇ ਦੀ ਮੁਹਿੰਮ ਛੇੜਨਾ ਖਾਨਾਜੰਗੀ ਵਰਗੇ ਹਾਲਾਤ ਨੂੰ ਸੱਦਾ ਦੇਣ ਬਰਾਬਰ ਹੋਏਗਾ।

## ਸਿੱਖ ਆਗੂਆਂ ਤੇ ਬੁਧੀਜੀਵੀਆਂ ਦੇ ਧਿਆਨਯੋਗ:

ਅਸੀਂ ਧਾਰਾ 25 ਵਿਚ ਸੋਧ ਦੀ ਗੱਲ ਤਾਂ ਕਰਦੇ ਹਾਂ ਪਰ ਮਾਮੂਲੀ ਨੁਕਤਿਆਂ 'ਤੇ ਉਲਝੀ ਰਹਿਣ ਵਾਲੀ ਸਿੱਖ ਲੀਡਰਸ਼ਿਪ ਨੇ ਇਹ ਕਦੇ ਵੀ ਸਪੱਸ਼ਟ ਨਹੀਂ ਕੀਤਾ ਕਿ ਉਹ ਮੌਜੂਦਾ ਹਿੰਦੂ ਕਾਨੂੰਨਾਂ ਵਿਚ ਕੀ ਤਬਦੀਲੀਆਂ ਚਾਹੁੰਦੇ ਹਨ। ਮੰਨ ਲਓ, ਅਸੀਂ ਸਭ ਔਕੜਾਂ ਪਾਰ ਕਰਕੇ 'ਸਿੱਖ ਪਰਸਨਲ ਲਾਅ' ਘੜਨ ਵਿਚ ਕਾਮਯਾਬ ਹੋ ਜਾਂਦੇ ਹਾਂ ਅਤੇ ਭਾਰਤ ਸਰਕਾਰ ਵੀ ਸਿੱਖਾਂ ਦਾ ਹਿੰਦੂਆਂ ਨਾਲੋਂ ਨਾੜੂਆ ਕੱਟਣ ਲਈ ਸੰਵਿਧਾਨ ਵਿਚ ਸੋਧਾਂ ਕਰਨ ਲਈ ਸਹਿਮਤ ਹੋ ਜਾਂਦੀ ਹੈ ਤਾਂ ਕੀ ਸਿੱਖਾਂ ਦੀਆਂ ਪਛੜੀਆਂ

*(ਬਾਕੀ ਸਫਾ 31 ਉਤੇ)*

# ਦੂਰਦਰਸ਼ੀ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ.

**ਜਨਮ ਦਿਨ 'ਤੇ ਵਿਸ਼ੇਸ਼**

***ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਦਾ ਸਿੱਖ ਸਿਆਸਤ ਵਿਚ ਆਪਣਾ ਨਿਆਰਾ ਵਿਸ਼ੇਸ਼ ਮੁਕਾਮ ਹੈ। ਉਨ੍ਹਾਂ ਸਿੱਖਾਂ ਨੂੰ ਸੰਕਟ ਵਿਚੋਂ ਉਭਾਰਨ ਲਈ ਹਮੇਸ਼ਾ ਯਤਨ ਕੀਤਾ। ਆਪਣੀ ਬੇਬਾਕੀ ਕਾਰਨ ਉਨ੍ਹਾਂ ਨੂੰ ਕੇਂਦਰ ਸਰਕਾਰ ਹੱਥੋਂ ਅਨਿਆਂ ਦਾ ਸਾਹਮਣਾ ਕਰਨਾ ਪਿਆ ਅਤੇ ਆਪਣਿਆਂ ਦੀਆਂ ਨਾਰਾਜ਼ਗੀਆਂ ਵੀ ਸਹਿਣੀਆਂ ਪਈਆਂ। ਅਨੰਦਪੁਰ ਸਾਹਿਬ ਵਾਲਾ ਮਤਾ ਲਿਖਣ ਵਾਲੇ ਇਸ ਜਿਊੜੇ ਨਾਲ ਭਾਵੇਂ ਕਈ ਤਰ੍ਹਾਂ ਦੇ ਵਿਵਾਦ ਜੁੜੇ ਰਹੇ ਹਨ, ਪਰ ਉਨ੍ਹਾਂ ਦੇ ਸਬਰ-ਸੰਤੋਖ ਤੇ ਇਮਾਨਦਾਰੀ ਬਾਰੇ ਸਭ ਇਕ ਰਾਏ ਹਨ। ਉਨ੍ਹਾਂ ਦੇ ਜਨਮ ਦਿਨ ਮੌਕੇ ਸ. ਜਸਵੰਤ ਸਿੰਘ ਸੰਧੂ ਨੇ ਇਹ ਲੇਖ ਭੇਜਿਆ ਹੈ ਜੋ ਅਸੀਂ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਇਸ ਸ਼ਖਸੀਅਤ ਨੂੰ ਯਾਦ ਕਰ ਰਹੇ ਹਾਂ। -ਸੰਪਾਦਕ***

ਸਿਰਦਾਰ ਕਪੂਰ ਸਿੰਘ ਦਾ ਜਨਮ 2 ਮਾਰਚ 1909 ਈਸਵੀ ਨੂੰ ਸ. ਦੀਦਾਰ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ। ਇਹ ਦਰਮਿਆਨਾ, ਕਿਸਾਨ ਪਰਿਵਾਰ ਸੀ। ਇਨ੍ਹਾਂ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ ਜ਼ਿਲ੍ਹਾ ਲੁਧਿਆਣਾ ਵਿਚ ਸੀ, ਪਰ ਜ਼ਮੀਨ ਚੱਕ ਨੰਬਰ 531 ਜ਼ਿਲ੍ਹਾ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਵਿਚ ਹੋਣ ਕਰ ਕੇ ਉਥੇ ਵਸਿਆ ਹੋਇਆ ਸੀ। ਕਪੂਰ ਸਿੰਘ ਨੇ ਮੁਢਲੀ ਵਿਦਿਆ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਪ੍ਰਾਪਤ ਕੀਤੀ। ਦਸਵੀਂ ਵਿਚੋਂ ਉਹ ਪੰਜਾਬ ਭਰ ਵਿਚ ਅੱਵਲ ਰਹੇ। ਫਿਰ ਲਾਹੌਰ ਦੇ ਗੌਰਮਿੰਟ ਕਾਲਜ ਦਾਖ਼ਲ ਹੋ ਗਏ ਤੇ 1931 ਵਿਚ ਐਮ.ਏ. ਫ਼ਿਲਾਸਫ਼ੀ ਦੀ ਡਿਗਰੀ



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-516-5971**

ਯੂਨੀਵਰਸਿਟੀ ਵਿਚੋਂ ਅੱਵਲ ਰਹਿ ਕੇ ਪ੍ਰਾਪਤ ਕੀਤੀ। ਉਚੇਰੀ ਵਿਦਿਆ ਲਈ ਉਹ 1931 ਵਿਚ ਕੈਂਬਰਿਜ ਯੂਨੀਵਰਸਿਟੀ ਲੰਡਨ ਜਾ ਦਾਖ਼ਲ ਹੋਏ ਤੇ ਉਥੋਂ ਮੌਰਲ ਸਾਇੰਸਿਜ਼ ਦੀ ਡਿਗਰੀ ਪ੍ਰਾਪਤ ਕੀਤੀ। ਨਾਲ ਹੀ ਤਿੰਨ ਹੋਰ ਮਜ਼ਮੂਨਾਂ ਵਿਚ ਯੂਨੀਵਰਸਿਟੀ ਵਿਚ ਪਹਿਲੇ ਨੰਬਰ 'ਤੇ ਰਹੇ। ਉਨ੍ਹਾਂ ਦੇ ਪ੍ਰੀਖਿਅਕ ਸੰਸਾਰ ਪ੍ਰਸਿੱਧ ਚਿੰਤਕ ਬਰਟਰੈਂਡ ਰੱਸਲ ਆਪ ਦੀ ਯੋਗਤਾ ਤੋਂ ਖਾਸ ਪ੍ਰਭਾਵਿਤ ਹੋਏ ਅਤੇ ਯੂਨੀਵਰਸਿਟੀ ਵੱਲੋਂ ਆਪ ਨੂੰ ਲੈਕਚਰਾਰ ਦੀ ਨਿਯੁਕਤੀ ਵਾਸਤੇ ਸੱਦਾ ਦਿੱਤਾ ਜੋ ਉਨ੍ਹਾਂ ਦੇਸ਼ ਸੇਵਾ ਹਿਤ ਨਾ-ਮਨਜ਼ੂਰ ਕਰ ਦਿੱਤਾ। 1933 ਵਿਚ ਆਈ.ਸੀ.ਐਸ. ਪ੍ਰੀਖਿਆ ਵਿਚ ਸਫ਼ਲਤਾ ਪ੍ਰਾਪਤ ਕੀਤੀ ਤੇ ਟ੍ਰੇਨਿੰਗ ਲੈ ਕੇ 1934 ਵਿਚ ਦੇਸ਼ ਪਰਤੇ।

1934 ਵਿਚ ਸਿਰਦਾਰ (ਉਹ ਆਪਣੇ ਆਪ ਲਈ ਇਹੋ ਸ਼ਬਦ ਵਰਤਦੇ ਸਨ) ਕਪੂਰ ਸਿੰਘ ਨੇ ਡਿਪਟੀ ਕਮਿਸ਼ਨਰ ਦਾ ਅਹੁਦਾ ਪ੍ਰਾਪਤ ਕੀਤਾ। ਇਸ ਨੌਕਰੀ ਦੌਰਾਨ ਉਨ੍ਹਾਂ ਝੰਗ, ਗੁਜਰਾਤ (ਪਾਕਿਸਤਾਨ), ਰੋਹਤਕ, ਕਰਨਾਲ, ਗੁੜਗਾਉਂ, ਕਾਂਗੜਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਕੋਈ ਪੰਦਰਾਂ ਕੁ ਸਾਲ, ਬਤੌਰ ਡਿਪਟੀ ਕਮਿਸ਼ਨਰ ਪ੍ਰਬੰਧਕੀ ਕਾਰਜ ਇਮਾਨਦਾਰੀ ਨਾਲ ਨਿਭਾਇਆ। ਨੌਕਰੀ ਦੌਰਾਨ ਉਹ 1942 'ਚ ਗਾਂਧੀ ਜੀ ਨੂੰ ਵਾਰਧਾ ਵਿਚ ਮਿਲੇ। ਉਸ ਸਮੇਂ 'ਭਾਰਤ ਛੱਡੋ ਅੰਦੋਲਨ' ਅੰਗਰੇਜ਼ ਸਰਕਾਰ ਦੇ ਬਰਖਿਲਾਫ਼ ਚੱਲ ਰਿਹਾ ਸੀ। ਸਰਕਾਰੀ ਮੁਲਾਜ਼ਮ ਹੋਣ ਕਰ ਕੇ ਅੰਗਰੇਜ਼ ਸਰਕਾਰ ਨੇ ਇਤਰਾਜ਼ ਕੀਤਾ। ਉਨ੍ਹਾਂ ਅੰਗਰੇਜ਼ ਹਾਕਮਾਂ ਦੇ ਪ੍ਰਸ਼ਨਾਂ ਦਾ ਅਜਿਹਾ ਉਤਰ ਦਿੱਤਾ ਕਿ ਸਭ ਲਾਜਵਾਬ ਹੋ ਗਏ।

ਜਦ ਸ. ਕਪੂਰ ਸਿੰਘ 1947 ਵਿਚ ਕਾਂਗੜੇ ਦੇ ਡੀ.ਸੀ. ਸਨ, ਮਾਸਟਰ ਤਾਰਾ ਸਿੰਘ ਬਿਮਾਰ ਹੋਣ ਕਰ ਕੇ ਇਕ ਮਹੀਨਾ ਉਨ੍ਹਾਂ ਪਾਸ ਠਹਿਰੇ। ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਦਿੱਲੀ ਸਰਕਾਰ ਦੇ ਹੁਕਮ ਨਾਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਗੁਪਤ ਸਰਕੂਲਰ ਜਾਰੀ ਕੀਤਾ ਜਿਸ ਵਿਚ ਪੰਜਾਬ ਦੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਸਮਝ ਕੇ ਸਖ਼ਤੀ ਨਾਲ ਦਬਾਉਣ ਦਾ ਹੁਕਮ ਸੀ। ਇਸ ਪੱਤਰ ਖਿਲਾਫ਼ ਸ. ਕਪੂਰ ਸਿੰਘ ਨੇ ਇਤਰਾਜ਼ ਕੀਤਾ ਤੇ ਕਿਹਾ ਕਿ ਸਿੱਖਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅੱਸੀ ਫੀਸਦੀ ਕੁਰਬਾਨੀਆਂ ਦਿੱਤੀਆਂ, ਪਰ ਸਰਕਾਰ ਨੇ ਉਨ੍ਹਾਂ ਕੁਰਬਾਨੀਆਂ ਨੂੰ ਦੋ ਮਹੀਨਿਆਂ ਵਿਚ ਹੀ ਭੁਲਾ ਦਿੱਤਾ ਹੈ। ਇਉਂ ਇਨ੍ਹਾਂ ਬਹਾਦਰ ਤੇ ਅਣਖੀ ਲੋਕਾਂ ਨੂੰ ਬੇਇਜ਼ਤ ਕੀਤਾ ਗਿਆ ਹੈ। ਬੱਸ, ਇੰਨੀ ਕੁ ਬਾਤ ਦਾ ਬਤੰਗੜ ਬਣ ਗਿਆ। ਕੁਝ ਹਿੰਦੂ ਅਤੇ ਸਿੱਖ ਵਿਰੋਧੀ ਲੋਕਾਂ ਨੇ ਪੰਡਿਤ ਨਹਿਰੂ ਦੇ ਕੰਨ ਭਰੇ ਕਿ ਸ. ਕਪੂਰ ਸਿੰਘ, ਮਾਸਟਰ ਤਾਰਾ ਸਿੰਘ ਨਾਲ ਰਲ ਕੇ ਚੀਨ, ਇੰਗਲੈਂਡ, ਪਾਕਿਸਤਾਨ ਅਤੇ ਅਮਰੀਕਾ ਨਾਲ ਸਿੱਖ ਰਾਜ ਸਥਾਪਤ ਕਰਨ ਹਿੱਤ ਵਿਉਂਤਾਂ ਬਣਾ ਰਿਹਾ ਹੈ ਤੇ ਇਨ੍ਹਾਂ ਨੇ ਪਹਾੜਾਂ ਵਿਚ ਹਥਿਆਰ ਇਕੱਠੇ ਕਰ ਲਏ ਹਨ। ਪੰਡਿਤ ਨਹਿਰੂ ਨੇ ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਨੂੰ ਸ. ਕਪੂਰ ਸਿੰਘ ਖਿਲਾਫ਼ ਕੋਈ ਸਖ਼ਤ ਕਦਮ ਚੁੱਕਣ ਲਈ ਕਿਹਾ। 13-14 ਅਪਰੈਲ 1949 ਦੀ ਰਾਤ ਗੋਪੀ ਚੰਦ ਭਾਰਗੋ ਦੀ ਸਰਕਾਰ ਨੇ ਸਾਢੇ ਬਾਰਾਂ ਵਜੇ ਸ. ਕਪੂਰ ਸਿੰਘ ਨੂੰ ਮੁਅੱਤਲੀ ਦੇ ਹੁਕਮ ਦੇ ਦਿੱਤੇ।

ਇਹ ਕੇਸ ਚਾਰ ਸਾਲ ਲਟਕਦਾ ਰਿਹਾ। ਅੱਠ-ਨੌਂ ਬੇਬੁਨਿਆਦ ਝੂਠੇ ਕੇਸ ਬਣਾ ਕੇ ਸਿਰਦਾਰ ਕਪੂਰ ਸਿੰਘ ਨੂੰ ਹਮੇਸ਼ਾ ਵਾਸਤੇ ਨੌਕਰੀ ਤੋਂ ਕੱਢ ਦਿੱਤਾ ਗਿਆ। 1950-51 ਵਿਚ ਉਨ੍ਹਾਂ ਲਿਖਤੀ ਬਿਆਨ ਦਿੱਤਾ ਕਿ ਕਿਵੇਂ ਕੁਝ ਹਿੰਦੂ ਅਫ਼ਸਰਾਂ ਤੇ ਕਾਂਗਰਸੀ ਨੇਤਾਵਾਂ ਨੇ ਉਹਦੇ ਖਿਲਾਫ ਝੂਠੇ ਮੁਕੱਦਮੇ ਚਲਾਏ। ਸ. ਪ੍ਰਤਾਪ ਸਿੰਘ ਵਰਗੇ ਨੇਤਾਵਾਂ ਨੇ ਵੀ ਆਪਣਾ ਅਸਰ-ਰਸੂਖ ਇਹ ਸਾਜ਼ਿਸ਼ ਰਚਣ ਸਮੇਂ ਵਰਤਿਆ। ਵੱਖ-ਵੱਖ ਸਰਕਾਰੀ ਪ੍ਰਭਾਵ ਅਧੀਨ ਪੱਖਪਾਤੀ ਦ੍ਰਿਸ਼ਟੀਕੋਣ ਕਾਰਨ ਅਨੇਕਾਂ ਵਕੀਲਾਂ, ਜੱਜਾਂ ਆਦਿ ਨੇ ਇਕਪਾਸੜ ਦ੍ਰਿਸ਼ਟੀ ਅਪਨਾਈ। ਇਸ 'ਤੇ ਉਨ੍ਹਾਂ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਵਿਚ ਅਪੀਲਾਂ ਕੀਤੀਆਂ, ਪਰ ਕੇਂਦਰੀ ਸਰਕਾਰ ਦੇ ਇਸ਼ਾਰੇ ਉਤੇ ਇਹੋ ਸਿੱਧ ਕੀਤਾ ਜਾਂਦਾ ਰਿਹਾ ਕਿ ਸ. ਕਪੂਰ ਸਿੰਘ ਅਸਲ ਵਿਚ ਕਸੂਰਵਾਰ ਹੈ।

1962 ਵਿਚ ਜਦ ਸ. ਪ੍ਰਤਾਪ ਸਿੰਘ ਕੈਰੋਂ ਨੇ ਆਈ.ਸੀ.ਐਸ. ਅਫ਼ਸਰ ਰਘੁਪਤੀ ਕਪੂਰ ਨੂੰ ਸਰਕਾਰੀ ਅਹੁਦੇ ਤੋਂ ਮੁਅੱਤਲ ਕੀਤਾ, ਤਾਂ ਉਹਨੇ ਸੁਪਰੀਮ ਕੋਰਟ ਵਿਚ ਅਪੀਲ ਕਰ ਕੇ ਇਨ-ਬਿਨ ਉਹੀ ਛੇ-ਸੱਤ ਕਾਨੂੰਨੀ ਨੁਕਤੇ ਉਠਾਏ ਜਿਹੜੇ ਸ. ਕਪੂਰ ਸਿੰਘ ਨੇ ਆਪਣੇ ਕੇਸ ਵਿਚ ਉਠਾਏ ਸਨ। ਸੁਪਰੀਮ ਕੋਰਟ ਨੇ ਉਹ ਸਾਰੇ ਕਾਨੂੰਨੀ ਨੁਕਤੇ ਪ੍ਰਵਾਨ ਕਰ ਲਏ ਤੇ ਰਘੁਪਤੀ ਕਪੂਰ ਨੂੰ ਬਹਾਲ ਕਰ ਦਿੱਤਾ। ਸ. ਗੁਰਨਾਮ ਸਿੰਘ ਜੋ ਉਸ ਸਮੇਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸਨ, ਨੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਚਿੱਠੀ ਭੇਜ ਕੇ ਕਿਹਾ ਕਿ ਦੇਸ਼ ਦਾ ਕਾਨੂੰਨ ਸਭ ਵਾਸਤੇ ਬਰਾਬਰ ਹੋਣਾ ਚਾਹੀਦਾ ਹੈ, ਸ. ਕਪੂਰ ਸਿੰਘ ਨੂੰ ਵੀ ਤਨਖਾਹ ਤੇ ਪੈਨਸ਼ਨ ਦੇਣੀ ਚਾਹੀਦੀ ਹੈ। ਸ੍ਰੀ ਸ਼ਾਸਤਰੀ ਨੇ ਉਤਰ ਵਿਚ ਕੋਰਾ ਜਵਾਬ ਦੇ ਦਿੱਤਾ। ਇਸ ਤਰ੍ਹਾਂ ਸ. ਕਪੂਰ ਸਿੰਘ ਦੀ 15 ਲੱਖ ਰੁਪਏ ਬਣਦੀ ਤਨਖਾਹ ਸਰਕਾਰ ਦੇ ਪੇਟੇ ਪੈ ਗਈ।

ਕੁਝ ਲੋਕ ਰਾਜਨੀਤੀ ਵਿਚੋਂ ਨਿਰੋਲ ਕੁਰਸੀ ਪ੍ਰਾਪਤ ਕਰਨ ਵਾਸਤੇ ਆਉਂਦੇ ਹਨ, ਪਰ ਸ. ਕਪੂਰ ਸਿੰਘ ਸਿੱਖਾਂ ਦੀ ਬਿਹਤਰੀ ਵਾਸਤੇ ਰਾਜਨੀਤੀ ਵਿਚ ਆਏ। ਜਦ ਅਕਾਲੀ ਦਲ, ਮਾਸਟਰ ਅਤੇ ਸੰਤ ਫਤਿਹ ਸਿੰਘ, ਦੋ ਧੜਿਆਂ ਵਿਚ ਵੰਡਿਆ ਹੋਇਆ ਸੀ, ਸ. ਕਪੂਰ ਸਿੰਘ ਨੇ ਅਕਤੂਬਰ 1968 ਵਿਚ ਦੋਹਾਂ ਅਕਾਲੀ ਦਲਾਂ ਦਾ ਏਕਾ ਕਰਾਇਆ ਤੇ ਕਿਹਾ, "ਇਹ ਏਕਾ ਪੰਥ ਦੀ ਭਲਾਈ ਵਾਸਤੇ ਕਰਾਇਆ ਗਿਆ ਹੈ। ਇਸ ਵਿਚ ਨਾ ਕਿਸੇ ਦੀ ਜਿੱਤ ਹੈ, ਨਾ ਕਿਸੇ ਦੀ ਹਾਰ ਹੈ।" ਉਨ੍ਹਾਂ ਨੂੰ ਸੰਯੁਕਤ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਅਤੇ ਪਾਰਲੀਮੈਂਟਰੀ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ, ਪਰ ਸਿੱਖ ਹੋਮਲੈਂਡ ਦੀ ਮੰਗ ਕਰਨ 'ਤੇ ਉਨ੍ਹਾਂ ਨੂੰ 25 ਸਤੰਬਰ 1969 ਨੂੰ ਅਕਾਲੀ ਦਲ ਤੋਂ ਵੱਖ ਕਰ ਦਿੱਤਾ ਗਿਆ। ਉਨ੍ਹਾਂ ਕੁਰਸੀ ਦੇ ਭੁੱਖੇ ਲੀਡਰਾਂ ਦਾ ਡਟ ਕੇ ਵਿਰੋਧ ਕੀਤਾ। ਆਪਣੇ ਸਟੈਂਡ ਤੋਂ ਉਹ ਕਦੇ ਪਿਛੇ ਨਾ ਹਟੇ।

ਸ. ਕਪੂਰ ਸਿੰਘ ਦੂਰਦਰਸ਼ੀ ਇਨਸਾਨ ਸਨ। 1947 ਤੋਂ ਪਹਿਲਾਂ ਉਨ੍ਹਾਂ ਦੀ ਮੁਸਲਮਾਨ ਲੀਡਰਾਂ ਡਾ. ਮੁਹੰਮਦ ਇਕਬਾਲ ਤੇ ਮੁਹੰਮਦ ਅਲੀ ਜਿਨਾਹ ਨਾਲ ਵੀ ਗੱਲ-ਬਾਤ ਹੁੰਦੀ ਰਹੀ। 1931 ਵਿਚ ਜਨਾਬ ਜਿਨਾਹ ਜਦੋਂ ਦੂਜੀ ਗੋਲ ਮੇਜ ਕਾਨਫਰੰਸ ਵਿਚ ਹਿੱਸਾ ਲੈਣ ਲਈ ਜਾ ਰਹੇ ਸਨ, ਤਾਂ ਸ. ਕਪੂਰ ਸਿੰਘ ਨੂੰ ਉਨ੍ਹਾਂ ਦੇ ਹਮਸਫ਼ਰ ਹੋਣ ਦਾ ਮਾਣ ਪ੍ਰਾਪਤ ਹੋਇਆ। ਪਿਛੋਂ ਉਹ ਕਈ ਵਾਰ ਜਿਨਾਹ ਨੂੰ ਮਿਲੇ ਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦਿਨਾਂ ਵਿਚ ਜਿਨਾਹ ਨੇ ਕੈਂਬ੍ਰਿਜ ਯੂਨੀਵਰਸਿਟੀ ਵਿਖੇ ਆਪਣੇ ਭਾਸ਼ਨ ਵਿਚ ਸਿੱਖ ਲੀਡਰਾਂ ਬਾਰੇ ਕੁਝ ਮਾੜੇ ਸ਼ਬਦ ਕਹਿ ਦਿੱਤੇ ਜਿਸ 'ਤੇ ਸ. ਕਪੂਰ ਸਿੰਘ ਨੇ ਵੱਖਰਿਆਂ ਮਿਲ ਕੇ ਗਿਲਾ ਕੀਤਾ। ਜਿਨਾਹ ਨੇ ਉਤਰ ਦਿੱਤਾ, "ਮੁੰਡਿਆ, ਜੋਸ਼ ਤੇ ਜਜ਼ਬਾ ਹੋਰ ਚੀਜ਼ ਹੈ, ਤੇ ਰਾਜਨੀਤਕ ਸੂਝ-ਬੂਝ ਹੋਰ। ਮੇਰੀਆਂ ਗੱਲਾਂ ਧਿਆਨ ਨਾਲ ਸੋਚ, ਤੇ ਕਰ ਕੁਝ ਜੇ ਹੌਸਲਾ ਹੈ ਤਾਂ। ਕਦੇ ਬੁੱਢੇ-ਵਾਰੇ ਮੇਰੀਆਂ ਗੱਲਾਂ ਤੈਨੂੰ ਯਾਦ ਆਉਣਗੀਆਂ।" (ਸਾਚੀ ਸਾਖੀ ਸਫ਼ਾ 77)

ਮੁਹੰਮਦ ਅਲੀ ਜਿਨਾਹ ਦੀ ਤਾਰੀਫ਼ ਕਰਦਿਆਂ ਉਹ ਲਿਖਦੇ ਹਨ, "ਉਹ ਬੜੇ ਸਪਸ਼ਟ ਵਕਤਾ ਸਨ। ਬਹੁਤੀ ਵਾਰ ਭਾਵੇਂ ਕਿਸੇ ਦੇ ਗਿੱਟੇ ਲੱਗੇ, ਭਾਵੇਂ ਗੋਡੇ; ਸਿੱਧੀ ਗੱਲ ਮੂੰਹ 'ਤੇ ਮਾਰਦੇ ਸਨ।" ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਸ. ਕਪੂਰ ਸਿੰਘ ਲਿਖਦੇ ਹਨ, ਸੰਨ 1947 ਦੇ ਸ਼ੁਰੂ ਦੀ ਗੱਲ ਹੈ, ਮੈਂ ਲਾਹੌਰ ਵਿਚ ਮਿਸਟਰ ਜਿਨਾਹ ਨੂੰ ਕਿਹਾ ਕਿ ਸਿੱਖ ਮੁਸਲਿਮ ਬਹੁ-ਗਿਣਤੀ ਦੇ ਰਾਜ ਤੋਂ ਬੜੇ ਤ੍ਰਭਕਦੇ ਹਨ। ਇਸ ਬਾਰੇ ਸਿੱਖਾਂ ਦਾ ਪਿਛਲਾ ਤਜਰਬਾ ਕੋਈ ਬਹੁਤਾ ਅੱਛਾ ਨਹੀਂ। ਉਨ੍ਹਾਂ ਮੁਸਕਰਾ ਕੇ ਉਤਰ ਦਿੱਤਾ, 'ਤ੍ਰਭਕਣਾ ਤਾਂ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਸਿੱਖਾਂ ਨਾਲ ਸਾਂਝ ਪਾ ਕੇ ਜਿਹੜਾ ਪਾਕਿਸਤਾਨ ਬਣੇਗਾ, ਉਸ ਦਾ ਪਹਿਲਾ ਕਾਨੂੰਨ ਇਹੋ ਬਣਨਾ ਹੈ ਕਿ ਪਾਕਿਸਤਾਨ ਵਿਚ ਸਿੱਖਾਂ ਦਾ ਧਰਮ, ਗੁਰਦੁਆਰੇ, ਜ਼ਮੀਨ-ਜਾਇਦਾਦਾਂ, ਜਾਨ-ਮਾਲ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਹਨ। ਪਾਕਿਸਤਾਨ ਸਥਾਪਤ ਹੋਣ ਦੇ ਛੇ ਮਹੀਨੇ ਦੇ ਅੰਦਰ ਪਾਕਿਸਤਾਨ ਵਿਚ ਵੱਸਦੇ ਹਿੰਦੂਆਂ ਨੇ ਆਪਣੇ ਆਪ ਸਿੱਖ ਬਣ ਜਾਣਾ ਹੈ ਜਿਸ ਨਾਲ ਪਾਕਿਸਤਾਨ ਵਿਚ ਸਿੱਖ ਬਹੁ-ਗਿਣਤੀ ਵਿਚ ਹੋ ਜਾਣਗੇ ਅਤੇ ਮੁਸਲਮਾਨ ਘੱਟ-ਗਿਣਤੀ ਵਿਚ। ਇਉਂ ਪਾਕਿਸਤਾਨ ਖਤਮ ਹੋ ਜਾਇਗਾ ਅਤੇ ਖਾਲਿਸਤਾਨ ਬਣ ਜਾਇਗਾ।" (ਸਾਚੀ ਸਾਖੀ 112)

1947 ਵੇਲੇ ਅੰਗਰੇਜ਼ ਸਿੱਖਾਂ ਨੂੰ ਤੀਜੀ ਧਿਰ ਮੰਨਦਾ ਸੀ, ਪਰ ਲੀਡਰਾਂ ਵਿਚ ਸ. ਕਪੂਰ ਸਿੰਘ ਵਰਗੇ ਚਿੰਤਕ ਲੀਡਰ ਦੀ ਘਾਟ ਕਾਰਨ ਸਭ ਤੋਂ ਵੱਧ ਕੁਰਬਾਨੀਆਂ ਕਰਨ ਦੇ ਬਾਵਜੂਦ, ਸਿੱਖ ਆਪਣਾ ਕੇਸ ਕੈਬਨਿਟ ਮਿਸ਼ਨ ਸਾਹਮਣੇ ਠੀਕ ਢੰਗ ਨਾਲ ਪੇਸ਼ ਨਾ ਕਰ ਸਕੇ। ਇਤਿਹਾਸਕਾਰ ਤੇ ਢਾਡੀ ਮਰਹੂਮ ਸੋਹਣ ਸਿੰਘ ਸੀਤਲ ਨੇ ਆਪਣੀ ਜੀਵਨ ਕਹਾਣੀ 'ਵੇਖੀ ਮਾਣੀਂ ਦੁਨੀਆਂ' ਵਿਚ ਲਿਖਿਆ ਹੈ, ਕੈਬਨਿਟ ਮਿਸ਼ਨ ਸਮੇਂ ਅੰਗਰੇਜ਼ ਕਰਚਮਾਰੀਆਂ ਨੇ ਐਲਾਨ ਕੀਤਾ ਸੀ ਕਿ ਭਾਰਤ ਵਿਚ ਦੋ ਨਹੀਂ, ਤਿੰਨ ਕੌਮਾਂ (ਜਿਨਾਹ ਦੇ ਸਿਧਾਂਤ ਮੁਤਾਬਕ ਦੋ ਕੌਮਾਂ- ਹਿੰਦੂ ਤੇ ਮੁਸਲਮਾਨ) ਵੱਸਦੀਆਂ ਹਨ। ਤੀਜੀ ਸੁਤੰਤਰ ਕੌਮ ਸਿੱਖ ਹੈ ਤੇ ਅੰਗਰੇਜ਼ ਸਰਕਾਰ ਹਿੰਦੁਸਤਾਨ ਛੱਡਣ ਲੱਗਿਆਂ ਤਿੰਨਾਂ ਕੌਮਾਂ ਨਾਲ ਇਨਸਾਫ਼ ਕਰੇਗੀ। ਇਸੇ ਵਾਸਤੇ ਸਿੱਖ ਲੀਡਰ ਮਿਸ਼ਨ ਨੂੰ ਮਿਲੇ, ਪਰ ਅਫ਼ਸੋਸ ਕਿ ਉਹ ਆਪਣੀ ਮੰਗ ਸਹੀ ਢੰਗ ਨਾਲ ਪੇਸ਼ ਨਾ ਕਰ ਸਕੇ। ਸਹੀ ਅਰਥਾਂ ਵਿਚ ਉਹ ਆਪ ਵੀ ਨਹੀਂ ਸਨ ਜਾਣਦੇ ਕਿ ਉਹ ਚਾਹੁੰਦੇ ਕੀ ਹਨ। ਮਿਸਟਰ ਹੁਡਸਨ ਦੇ ਹੂ-ਬ-ਹੂ ਸ਼ਬਦ ਉਹ ਇਸ ਤਰ੍ਹਾਂ ਲਿਖਦੇ ਹਨ, ਇਸੇ ਸਮੇਂ ਹੋਰ ਘੱਟ-ਗਿਣਤੀਆਂ ਦੇ ਪ੍ਰਤੀਨਿਧ ਮਿਸ਼ਨ ਨੂੰ ਮਿਲੇ। ਸਿੱਖਾਂ ਦਾ ਮਸਲਾ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ ਸਿੰਘ ਤੇ ਸ. ਹਰਨਾਮ ਸਿੰਘ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਇਕੱਠਿਆਂ ਇੰਟਰਵਿਊ ਕੀਤੀ, ਪਰ ਉਨ੍ਹਾਂ ਦੀ ਮੰਗ ਵਿਚ ਇਕਸੁਰਤਾ ਨਹੀਂ ਸੀ। ਸ. ਬਲਦੇਵ ਸਿੰਘ ਜੋ ਪਿਛੋਂ ਭਾਰਤ ਦੇ ਰੱਖਿਆ ਮੰਤਰੀ ਬਣੇ, ਨੇ ਆਪਣੇ ਵੱਲੋਂ ਵੱਖਰੇ ਢੰਗ ਨਾਲ ਆਪਣਾ ਕੇਸ ਪੇਸ਼ ਕੀਤਾ ਗਿਆ। ਸਾਰੇ ਦੇਸ਼ ਦੀ ਵੰਡ ਦੇ ਵਿਰੁਧ ਸਨ। ਗਿਆਨੀ ਕਰਤਾਰ ਸਿੰਘ ਦੀ ਰਾਏ ਸੀ ਕਿ ਸਿੱਖ ਨਾ ਸਾਂਝੇ ਦੇਸ਼ ਵਿਚ, ਤੇ ਨਾ ਪਾਕਿਸਤਾਨ ਵਿਚ ਸੁਰੱਖਿਅਤ ਮਹਿਸੂਸ ਕਰਨਗੇ। ਸਾਰਿਆਂ ਦੀ ਰਾਏ ਸੀ ਕਿ ਜੇ ਦੇਸ਼ ਦੀ ਵੰਡ ਲਾਜ਼ਮੀ ਹੈ ਤਾਂ ਸਿੱਖਾਂ ਵਾਸਤੇ ਵੱਖਰਾ ਰਾਜ ਜਾਂ ਸੂਬਾ ਬਣੇ। ਅਜਿਹੇ ਸੂਬੇ ਦੀ ਹੱਦਬੰਦੀ ਬਾਰੇ ਉਨ੍ਹਾਂ ਵਿਚ ਮਤਭੇਦ ਸੀ। ਸ. ਬਲਦੇਵ ਸਿੰਘ ਦੀ ਰਾਏ ਸੀ ਕਿ ਅੰਬਾਲਾ, ਜਲੰਧਰ ਤੇ ਲਾਹੌਰ ਡਿਵੀਜ਼ਨਾਂ 'ਤੇ ਆਧਾਰਤ ਅਜਿਹੀ ਰਿਆਸਤ ਬਣ ਸਕਦੀ ਹੈ, ਪਰ ਜੇ ਦੇਸ਼ ਅਖੰਡ ਰਹੇ ਤਾਂ। ਉਹ ਇਸ ਹੱਕ ਵਿਚ ਸਨ ਕਿ ਘੱਟ-ਗਿਣਤੀਆਂ ਨੂੰ ਅਸੈਂਬਲੀ ਵਿਚ ਵੇਟੇਜ (ਖਾਸ ਨਿਯਤ ਗਿਣਤੀ) ਦਿੱਤਾ ਜਾਵੇ, ਭਾਵ ਪੰਜਾਬ ਅਸੈਂਬਲੀ ਵਿਚ ਮੁਸਲਮਾਨ ਇਕਵੰਜਾ ਫੀਸਦੀ ਛੱਡ ਕੇ ਪੰਜਤਾਲੀ ਫੀਸਦੀ 'ਤੇ ਸੰਤੁਸ਼ਟ ਹੋ ਜਾਣ। ਇਸ ਤਰ੍ਹਾਂ ਤਰਾਜ਼ੂ ਸਿੱਖਾਂ ਦੇ ਹੱਥ ਆ ਜਾਵੇਗੀ। ਮਿਸ਼ਨ ਇਸ ਸਿੱਟੇ 'ਤੇ ਪੁੱਜਾ ਕਿ ਸਿੱਖਾਂ ਨੂੰ ਇਹ ਗਿਆਨ ਨਹੀਂ ਸੀ ਕਿ ਉਹ ਕੀ ਚਾਹੁੰਦੇ ਹਨ ਪਰ ਉਹ ਆਪਣੇ ਭਵਿੱਖ ਬਾਰੇ ਭਾਰੀ ਚਿੰਤਾ ਤੇ ਭੈਅ ਵਿਚ ਸਨ।



ਇਸ ਬਾਰੇ ਸੋਹਣ ਸਿੰਘ ਸੀਤਲ ਆਖਦੇ ਹਨ, "ਰਾਜਨੀਤੀ ਵਿਚ ਬਲਵਾਨ ਗੁਆਂਢੀ ਉਤੇ ਅੱਖਾਂ ਮੀਟ ਕੇ ਭਰੋਸਾ ਕਰ ਲੈਣਾ, ਆਪਣੇ ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਤਾਕਤ ਹੱਥ ਆ ਜਾਣ ਪਿਛੋਂ ਕਮਜ਼ੋਰ ਧਿਰ ਨਾਲ ਕੀਤੇ ਵਾਅਦੇ ਪੂਰੇ ਕਰਨੇ ਜ਼ਰੂਰੀ ਨਹੀਂ ਹੁੰਦੇ। ਲੋਕ ਰਾਜ ਵਿਚ ਘੱਟ-ਗਿਣਤੀਆਂ ਦੀ ਮੌਤ ਹੁੰਦੀ ਹੈ। ਜੇ ਉਨ੍ਹਾਂ ਦੀ ਉਚੇਚੀ ਰੱਖਿਆ ਦਾ ਪ੍ਰਬੰਧ ਨਾ ਹੋਵੇ, ਇਸ ਦਾ ਪ੍ਰਤੱਖ ਪ੍ਰਮਾਣ ਆਜ਼ਾਦ ਭਾਰਤ ਹੈ।" ਇਕ ਮਹਾਨ ਰਾਜਨੀਤੀਵਾਨ ਦੀ ਉਹ ਮਿਸਾਲ ਦਿੰਦੇ ਹਨ, "ਇਕ ਆਦਮੀ ਦੀ ਕੁਰਬਾਨੀ ਨਾਲ ਬਾਕੀ ਦਾ ਪਰਿਵਾਰ ਬਚ ਜਾਏ ਤਾਂ ਇਕ ਦੀ ਕੁਰਬਾਨੀ ਦੇ ਦੇਣੀ ਚਾਹੀਦੀ ਹੈ। ਜੇ ਇਕ ਘਰ ਦੇ ਉਜੜ ਜਾਣ ਨਾਲ ਬਾਕੀ ਪਿੰਡ ਬਚ ਜਾਏ ਤਾਂ ਘਰ ਨੂੰ ਉਜੜ ਜਾਣ ਦਿਓ। ਇਸੇ ਤਰ੍ਹਾਂ ਇਕ ਅਕਲੀਅਤ (ਘੱਟ-ਗਿਣਤੀ) ਦੀ ਕੁਰਬਾਨੀ ਦੇਣ ਨਾਲ ਬਾਕੀ ਦੇਸ਼ ਆਜ਼ਾਦ ਹੁੰਦਾ ਹੋਵੇ, ਤਾਂ ਉਸ ਦੀ ਕੁਰਬਾਨੀ ਦੇਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ।" ਇਸੇ ਅਸੂਲ ਮੁਤਾਬਕ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਜਨਮ ਵਿਚ ਸਿੱਖਾਂ ਨੂੰ ਕੁਰਬਾਨੀ ਦਾ ਬੱਕਰਾ ਬਣਨਾ ਪਿਆ। ਤਾਕਤ ਹੱਥ ਆਉਂਦਿਆਂ ਹੀ ਬਹੁ-ਗਿਣਤੀ ਹੁਕਮਰਾਨਾਂ ਨੇ ਸਿੱਖਾਂ ਨਾਲ ਵਿਤਕਰਾ ਸ਼ੁਰੂ ਕਰ ਦਿੱਤਾ। ਸ. ਕਪੂਰ ਸਿੰਘ ਵੀ ਇਸੇ ਵਿਤਕਰੇ ਦਾ ਸ਼ਿਕਾਰ ਹੋਏ।

ਸ. ਕਪੂਰ ਸਿੰਘ ਵਿਚ ਸੱਚੇ ਲੀਡਰਾਂ ਵਾਲੇ ਸਾਰੇ ਗੁਣ ਸਨ। ਵਿਦਵਾਨਾਂ ਦਾ ਕਥਨ ਹੈ, ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਕੌਮ ਨੂੰ ਸਿਰਫ਼ ਡੇਢ ਲੀਡਰ, ਬਾਬਾ ਬੰਦਾ ਸਿੰਘ ਬਹਾਦਰ ਪੂਰਾ ਤੇ ਮਹਾਰਾਜਾ ਰਣਜੀਤ ਸਿੰਘ ਅੱਧਾ ਲੀਡਰ (ਕਿਉਂਕਿ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਉਸ ਦੇ ਅਧੀਨ ਨਹੀਂ ਸਨ) ਮਿਲਿਆ ਹੈ। 1920 ਵਿਚ ਅਕਾਲੀ ਲਹਿਰ ਵਿਚ ਬਾਬਾ ਖੜਕ ਸਿੰਘ, ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਸਮੁੰਦਰੀ ਆਦਿ ਲੀਡਰਾਂ ਦੀ ਅਗਵਾਈ ਵਿਚ ਦੁਰਾਚਾਰੀ ਮਹੰਤਾਂ ਤੋਂ ਇਤਿਹਾਸਕ ਗੁਰਦੁਆਰਿਆਂ ਨੂੰ ਆਜ਼ਾਦ ਕਰਾਇਆ। ਅਲਪ ਬੁੱਧੀ ਤੇ ਅਨਪੜ੍ਹ ਜਥੇਦਾਰਾਂ ਨੇ ਪੜ੍ਹੇ-ਲਿਖੇ ਸਿੱਖ ਲੀਡਰਾਂ ਦੀ ਦਾਲ ਨਹੀਂ ਗਲਣ ਦਿੱਤੀ। ਪ੍ਰਸਿੱਧ ਚਿੰਤਕ ਸੋਹਣ ਸਿੰਘ ਜੋਸ਼ ਵੀ ਸ. ਕਪੂਰ ਸਿੰਘ ਵਾਂਗ ਸਹੀ ਸੋਚ ਵਾਲੇ, ਅਕਾਲੀ ਦਲ ਵਿਚ ਸਨ। ਉਨ੍ਹਾਂ ਅਕਾਲੀ ਮੋਰਚਿਆਂ ਦਾ ਇਤਿਹਾਸ ਲਿਖਿਆ ਹੈ ਅਤੇ ਇਸ ਵਿਚ ਉਨ੍ਹਾਂ ਆਪਣੇ ਨਾਲ ਵਾਪਰੀ ਘਟਨਾ ਦਾ ਜ਼ਿਕਰ ਕੀਤਾ ਹੈ, "ਮੈਂ ਜਥੇਦਾਰਾਂ ਦੀ ਇਕ ਮੀਟਿੰਗ ਵਿਚ ਹਿੱਸਾ ਲੈਣ ਲਈ ਅੰਮ੍ਰਿਤਸਰ ਗਿਆ। ਮੀਟਿੰਗ ਵਿਚ 'ਜਥੇਦਾਰਾਂ' ਨਾਲ ਮੇਰੀ ਕਿਸੇ ਨੁਕਤੇ 'ਤੇ ਬਹਿਸ ਹੋ ਗਈ। ਬੇ-ਦਲੀਲੇ ਜਥੇਦਾਰਾਂ ਨੇ ਗੁੱਸੇ ਵਿਚ ਆ ਕੇ ਘਸੁੰਨ ਤੇ ਮੁੱਕੀਆਂ ਮਾਰ-ਮਾਰ ਕੇ ਮੇਰਾ ਮੂੰਹ ਸੁਜਾ ਦਿੱਤਾ। ਮੈਂ ਸ਼ਰਮ ਦਾ ਮਾਰਿਆ ਲੋਈ ਦੀ ਬੁੱਕਲ ਮੂੰਹ ਲੁਕੋ ਕੇ ਘਰ ਪਹੁੰਚਿਆ ਤਾਂ ਪਤਨੀ ਨੇ ਕਿਹਾ, 'ਜੀ! ਸਵੇਰ ਦੇ ਗਏ ਸ਼ਾਮ ਨੂੰ ਆਏ ਹੋ, ਥੱਕੇ ਹੋਵੇਗੇ, ਚਾਹ ਬਣਾ ਦਿਆਂ'। ਮੈਂ ਅੱਗਿਉਂ ਉਤਰ ਦਿੱਤਾ, 'ਕਰਮ ਕੌਰੇ! ਚਾਹ ਦੀ ਲੋੜ ਨਹੀਂ, ਅੱਜ ਜਥੇਦਾਰਾਂ ਨੇ ਹੀ ਚਾਹਟਾ ਛਕਾ ਦਿੱਤਾ।" ਭਾਵ ਅਨਪੜ੍ਹ ਜਥੇਦਾਰਾਂ ਨੇ ਬੁੱਧੀਜੀਵੀ ਤੇ ਦੂਰਦਰਸ਼ੀ ਲੀਡਰ ਦੀ ਅਕਾਲੀ ਦਲ ਵਿਚ ਪੈਰ ਨਹੀਂ ਲੱਗਣ ਦਿੱਤੇ। ਸ. ਕਪੂਰ ਸਿੰਘ ਨਾਲ ਵੀ ਇਹੀ ਕੁਝ ਹੋਇਆ।

ਸ. ਕਪੂਰ ਸਿੰਘ ਮੂੰਹ 'ਤੇ ਸੱਚੀ ਗੱਲ ਕਹਿ ਦਿੰਦੇ ਸਨ। ਇਕ ਵਾਰ ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਦੀਵਾਨ ਹਾਲ ਮੰਜੀ ਸਾਹਿਬ ਵਿਚ ਵੱਡੇ ਇਤਿਹਾਸਕ ਸਿੱਖ ਸਮਾਗਮ ਵਿਚ ਹਜ਼ਾਰਾਂ ਸੰਗਤਾਂ ਬੈਠੀਆਂ ਸਨ। ਸਟੇਜ 'ਤੇ ਉਸ ਸਮੇਂ ਦੀ ਧਾਰਮਿਕ ਤੇ ਰਾਜਨੀਤਕ, ਸਾਰੀ ਲੀਡਰਸ਼ਿਪ ਬੈਠੀ ਸੀ। ਸ. ਕਪੂਰ ਸਿੰਘ ਨੇ ਬੜੀ ਦਲੇਰੀ ਨਾਲ ਇਹ ਗੱਲ ਆਖੀ, "ਖਾਲਸਾ ਜੀ! ਜਿੰਨੇ ਤੁਸੀਂ ਸਟੇਜ ਦੇ ਸਾਹਮਣੇ ਬੈਠੇ ਹੋ, ਤੁਸੀਂ ਕਦੀ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟੇ, ਪਰ ਆਹ ਜਿਹੜੇ ਸਟੇਜ ਉਪਰ ਭੱਦਰ-ਪੁਰਸ਼ ਸਜੇ ਹੋਏ ਬੈਠੇ ਹਨ, ਇਹ ਕਦੇ ਗੱਦਾਰੀ ਕਰਨ ਤੋਂ ਨਹੀਂ ਟਲੇ।" ਉਨ੍ਹਾਂ ਦੀ ਇਹ ਗੱਲ ਅੱਜ ਵੀ ਲੀਡਰਸ਼ਿਪ 'ਤੇ ਢੁੱਕਦੀ ਹੈ ਜਿਸ ਵਿਚ ਉਸ ਸਮੇਂ ਤੋਂ ਵੀ ਵੱਧ ਨਿਘਾਰ ਆ ਚੁੱਕਾ ਹੈ।

ਅੱਜ ਸਾਡੇ ਅਖੌਤੀ ਅਕਾਲੀ ਲੀਡਰ ਸੁਨਹਿਰੀ ਸਿੱਖ ਸਿਧਾਂਤਾਂ ਨੂੰ ਭੁੱਲ ਕੇ, ਵੋਟਾਂ ਵਾਸਤੇ ਪਖੰਡੀ, ਕਾਤਲ, ਵਿਭਚਾਰੀ ਤੇ ਸਿੱਖੀ ਵਿਰੋਧੀ ਪ੍ਰਚਾਰ ਕਰਨ ਵਾਲਿਆਂ ਦੇ ਡੇਰਿਆਂ ਵਿਚ ਜਾ ਰਹੇ ਹਨ। ਸ. ਕਪੂਰ ਸਿੰਘ ਸਮਰਾਲੇ ਤੋਂ ਅਕਾਲੀ ਦਲ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜ ਰਹੇ ਸਨ। ਉਨ੍ਹਾਂ ਦੇ ਹਲਕੇ ਵਿਚ ਨਿਰੰਕਾਰੀਆਂ ਦਾ ਕੋਈ ਵੱਡਾ ਸਮਾਗਮ ਚੱਲ ਰਿਹਾ ਸੀ। ਉਹ ਸਾਥੀਆਂ ਸਮੇਤ ਉਸ ਸਮਾਗਮ ਵਿਚ ਪਹੁੰਚ ਗਏ ਤਾਂ ਕਿ ਵੋਟਾਂ ਬਾਬਤ ਗੱਲ ਕੀਤੀ ਜਾ ਸਕੇ। ਉਹ ਉਥੇ ਸਾਥੀਆਂ ਸਮੇਤ ਜਾ ਕੇ ਬੈਠੇ ਹੀ ਸਨ ਕਿ ਸਟੇਜ ਤੋਂ ਬੋਲ ਰਹੇ ਬੁਲਾਰੇ ਨੇ ਕਥਾ ਵਾਰਤਾ ਦੌਰਾਨ ਸਿੱਖ ਫਲਸਫ਼ੇ ਦੇ ਕਿਸੇ ਨੁਕਤੇ ਦੀ ਗਲਤ ਵਿਆਖਿਆ ਕਰਦਿਆਂ ਕੁਝ ਸ਼ਬਦ ਕਹਿ ਦਿੱਤੇ। ਗਲਤ ਵਿਆਖਿਆ ਦੇ ਸ਼ਬਦ ਸੁਣਦਿਆਂ ਹੀ ਉਨ੍ਹਾਂ ਵਕਤਾ ਨੂੰ ਟੋਕ ਦਿੱਤਾ। ਸਾਥੀਆਂ ਵੱਲੋਂ ਇੰਜ ਕਹਿਣ 'ਤੇ ਕਿ 'ਸਰਦਾਰ ਜੀ, ਇੱਦਾਂ ਸਾਨੂੰ ਇਨ੍ਹਾਂ ਦੀਆਂ ਵੋਟਾਂ ਨਹੀਂ ਪੈਣੀਆਂ, ਤੁਸੀਂ ਹਾਰ ਜਾਓਗੇ', ਸ. ਕਪੂਰ ਸਿੰਘ ਕੜਕ ਕੇ ਬੋਲੇ, "ਸਾਥੀਓ! ਮੇਰੀ ਭਾਵੇਂ ਜ਼ਮਾਨਤ ਜ਼ਬਤ ਹੋ ਜਾਏ, ਮੈਂ ਗੁਰੂ ਦੀ ਨਿੰਦਿਆ ਨਹੀਂ ਸੁਣ ਸਕਦਾ। ਮੈਨੂੰ ਨਹੀਂ ਵੋਟਾਂ ਦੀ ਗਿਣਤੀ-ਮਿਣਤੀ ਦੀ ਕੋਈ ਪ੍ਰਵਾਹ।"

1977 ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਸੀ। ਰਾਮ ਬਾਗ (ਕੰਪਨੀ ਬਾਗ) ਵਿਚ ਵੱਡਾ ਸਮਾਗਮ ਹੋ ਰਿਹਾ ਸੀ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਤਤਕਾਲੀ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ ਨੂੰ ਬੁਲਾਇਆ ਹੋਇਆ ਸੀ। ਅੰਮ੍ਰਿਤਸਰ ਦੇ ਇਤਿਹਾਸਕ ਸਥਾਪਨਾ ਦਿਵਸ ਬਾਰੇ ਖੋਜ ਭਰਪੂਰ ਪਰਚੇ ਪੜ੍ਹਨ ਲਈ ਬੁੱਧੀਜੀਵੀਆਂ ਦੀ ਕਾਨਫਰੰਸ ਵੀ ਰੱਖੀ ਗਈ ਸੀ ਜਿਸ ਦੀ ਪ੍ਰਧਾਨਗੀ ਸ. ਕਪੂਰ ਸਿੰਘ ਕਰ ਰਹੇ ਸਨ। ਪਰਚੇ ਪੜ੍ਹਨ ਤੋਂ ਬਾਅਦ ਸ. ਕਪੂਰ ਸਿੰਘ ਆਪਣਾ ਪ੍ਰਧਾਨਗੀ ਭਾਸ਼ਨ ਦੇ ਰਹੇ ਸਨ, ਸ. ਗੁਰਮੀਤ ਸਿੰਘ ਮੁਕਤਸਰ (ਸ. ਜਗਮੀਤ ਸਿੰਘ ਦੇ ਪਿਤਾ) ਸਟੇਜ ਸਕੱਤਰ ਸਨ। ਜਦ ਪ੍ਰਧਾਨ ਮੰਤਰੀ ਆਏ ਤਾਂ ਸ. ਗੁਰਮੀਤ ਸਿੰਘ ਨੇ ਸ. ਕਪੂਰ ਸਿੰਘ ਨੂੰ ਸੰਬੋਧਨ ਹੁੰਦਿਆਂ ਉਚੀ ਆਵਾਜ਼ ਵਿਚ ਕਿਹਾ, 'ਸ. ਕਪੂਰ ਸਿੰਘ ਜੀ! ਪ੍ਰਧਾਨ ਮੰਤਰੀ ਸਾਹਿਬ ਆ ਗਏ ਨੇ, ਆਪਣਾ ਪ੍ਰਧਾਨਗੀ ਭਾਸ਼ਨ ਬੰਦ ਕਰ ਦਿਓ'; ਸ. ਕਪੂਰ ਸਿੰਘ ਦਾ ਅੱਗਿਉਂ ਉਤਰ ਸੀ, "ਸਰਦਾਰ ਗੁਰਮੀਤ ਸਿੰਘ ਜੀ! ਪ੍ਰਧਾਨ ਮੰਤਰੀ ਜੀ ਨੂੰ ਕਹਿ ਦਿਓ ਕਿ ਮੇਰਾ ਪ੍ਰਧਾਨਗੀ ਭਾਸ਼ਨ ਖਤਮ ਹੋਣ ਤੱਕ ਸਟੇਜ 'ਤੇ ਬੈਠ ਜਾਣ। ਮੈਂ ਆਪਣਾ ਭਾਸ਼ਨ ਅੱਧ-ਵਿਚਾਲੇ ਨਹੀਂ ਛੱਡ ਸਕਦਾ।" ਉਨ੍ਹਾਂ ਆਪਣਾ ਪ੍ਰਧਾਨਗੀ ਭਾਸ਼ਨ ਬੜੇ ਸਹਿਜ ਭਾਵ ਨਾਲ ਖਤਮ

*(ਬਾਕੀ ਅਗਲੇ ਸਫੇ 'ਤੇ)*

# ਮੂੰਗਫਲੀ 'ਤੇ ਚਰਚਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮੂੰਗਫਲੀ-ਸੂੰਗਫਲੀ ਹੋ ਜਾਏ ਫੇਰ? ਚਲੋ, ਮੂੰਗਫਲੀ ਚਰਦੇ-ਚਰਦੇ ਮੈਂ ਇਸ ਬਾਰੇ ਲਿਖਦਾ ਹਾਂ ਤੇ ਤੁਸੀਂ ਪੜ੍ਹਦੇ ਜਾਓ। ਵਿਚ ਵਿਚ ਆਪਣੇ ਵਿਚਾਰ ਦੇਣਾ ਨਾ ਭੁੱਲਣਾ। ਮੂੰਗਫਲੀ ਨੂੰ ਗਰੀਬ ਦਾ ਮੇਵਾ ਕਿਹਾ ਜਾਂਦਾ ਹੈ, ਪਰ ਘੱਟੋ ਘੱਟ ਇਸ ਨੂੰ ਖਾਣ ਦੇ ਪੱਖ ਤੋਂ ਧਨੀ ਦੇਸ਼ਾਂ ਵਿਚ ਵੀ ਅਮੀਰ-ਗਰੀਬ ਦਾ ਪਾੜਾ ਕਾਫੀ ਹੱਦ ਤੀਕ ਮਿਟ ਚੁੱਕਾ ਹੈ। ਅਮਰੀਕਾ ਵਿਚ ਮੂੰਗਫਲੀ ਤੋਂ ਬਣੇ ਪੀਨਟ ਬਟਰ ਦਾ ਸਭ ਲੋਕੀਂ ਸੇਵਨ ਕਰਦੇ ਹਨ। ਇਸ ਦੇ ਦੋ ਨਾਂਵਾਂ ਪੀਨਟ, ਅਤੇ ਗਰਾਊਂਡ ਨਟ ਤੋਂ ਪਤਾ ਲਗਦਾ ਹੈ ਕਿ ਅੰਗਰੇਜ਼ ਇਸ ਨੂੰ ਪਿਸਤਾ, ਬਦਾਮਾਂ ਅਖਰੋਟਾਂ ਵਾਂਗ ਨਟ (ਗਿਰੀ) ਹੀ ਸਮਝਦੇ ਹਨ ਜਦਕਿ ਅਸੀਂ ਇਸ ਦੇ ਨਾਂ ਪਿਛੇ ਫਲੀ ਲਟਕਾਈ ਹੋਈ ਹੈ। ਸਰਦੀਆਂ ਵਿਚ ਸੜਕਾਂ 'ਤੇ ਘੁੰਮਦਿਆਂ ਗਰਮ-ਗਰਮ ਮੂੰਗਫਲੀਆਂ ਦੀਆਂ ਲਿਫਾਫੀਆਂ ਦਾ ਲੁਤਫ ਲੇਣ ਨੂੰ ਕਿਸ ਦਾ ਦਿਲ ਨਹੀਂ ਕਰਦਾ? ਉਂਜ ਵੀ ਮੂੰਗਫਲੀ ਸਫਰ ਅਤੇ ਵਿਹਲਾ ਵੇਲਾ ਕੱਟਣ ਲਈ ਇਕ ਵਧੀਆ ਸ਼ੁਗਲ ਹੈ। ਸਵਾਦ ਸਵਾਦ ਵਿਚ ਬਹੁਤੀ ਮੂੰਗਫਲੀ ਖਾਣ ਨਾਲ ਜੀਅ ਕੱਚਾ ਕੱਚਾ ਹੋਣ ਲਗਦਾ ਹੈ। ਕਈਆਂ ਨੂੰ ਇਸ ਤੋਂ ਅਲਰਜੀ ਵੀ ਹੁੰਦੀ ਹੈ। ਇਸ ਅਲਰਜੀ ਦੇ ਜ਼ਬਰਦਸਤ ਅਸਰ ਕਾਰਨ ਮੌਤ ਵੀ ਹੋ ਸਕਦੀ ਹੈ। ਮੂੰਗਫਲੀ ਤੋਂ ਅਸਲ ਵਿਚ ਬੇਸ਼ੁਮਾਰ ਵਿਅੰਜਨ ਅਤੇ ਉਤਪਾਦ ਬਣਾਏ ਜਾਂਦੇ ਹਨ ਜਿਵੇਂ ਮੂੰਗਫਲੀ ਦਾ ਤੇਲ, ਘਿਉ, ਕਈ ਤਰ੍ਹਾਂ ਦੀਆਂ ਮਿਠਾਈਆਂ, ਬਟਰ, ਦੁਧ, ਸਾਬਣ, ਕਰੀਮ, ਲੋਸ਼ਨ, ਮਰਹਮ, ਪਾਊਡਰ, ਸ਼ੈਂਪੂ, ਗਰੀਸ, ਰਬੜ, ਸਿਆਹੀ ਆਦਿ। ਮੂੰਗਫਲੀ ਵਿਚ ਕਾਫੀ ਮਾਤਰਾ ਵਿਚ ਪ੍ਰੋਟੀਨ ਹੁੰਦਾ ਹੈ ਇਸ ਲਈ ਇਹ ਸਿਹਤ ਲਈ ਬਹੁਤ ਮੁਫੀਦ ਹੈ।

ਮੱਕਈ, ਟਮਾਟਰ ਤੇ ਆਲੂ ਦੀ ਤਰ੍ਹਾਂ ਮੂੰਗਫਲੀ ਵੀ ਭਾਰਤ ਦੀ ਜੱਦੀ ਜਿਣਸ ਨਾ ਹੋ ਕੇ ਦੱਖਣੀ ਅਮਰੀਕਾ ਤੋਂ ਆਈ ਹੈ। ਇਸ ਖਿੱਤੇ ਵਿਚ ਮੂੰਗਫਲੀ ਪਸ਼ੂਆਂ ਅਤੇ ਮਨੁਖਾਂ ਦਾ ਖਾਜਾ ਰਿਹਾ ਹੈ। ਸੋਲ੍ਹਵੀਂ ਸਦੀ ਵਿਚ ਯੂਰਪੀ ਨਾਵਿਕ ਇਸ ਨੂੰ ਦੱਖਣੀ ਅਮਰੀਕਾ ਤੋਂ ਯੂਰਪ ਲੈ ਆਏ। ਮੰਨਿਆ ਜਾਂਦਾ ਹੈ ਕਿ ਸੋਲ੍ਹਵੀਂ ਸਦੀ ਵਿਚ ਜੈਸੂਟ ਪਾਦਰੀ ਇਸ ਨੂੰ ਭਾਰਤ ਵਿਚ ਲੈ ਕੇ ਆਏ। ਪੰਜਾਬ ਵਿਚ ਇਹ ਥੋੜ੍ਹੀ ਦੇਰ ਨਾਲ ਪਹੁੰਚੀ।

ਮੂੰਗਫਲੀ ਸ਼ਬਦ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਦੇ ਫਲਣ ਬਾਰੇ ਕੁਝ ਜਾਣਕਾਰੀ ਲੈਣੀ ਜ਼ਰੂਰੀ ਹੈ। ਮੂੰਗਫਲੀ ਫਲੀ ਇਸ ਅਰਥ ਵਿਚ ਹੀ ਹੈ ਕਿ ਇਸ ਵਿਚ ਇਸ ਪੌਦੇ ਦੇ ਬੀਜ ਸੁਰੱਖਿਅਤ ਹੁੰਦੇ ਹਨ। ਜਦੋਂ ਪੌਦੇ ਵਧਦੇ ਹਨ ਤਾਂ ਇਸ ਨੂੰ ਪੀਲੇ ਫੁੱਲ ਲੱਗਦੇ ਹਨ ਜੋ ਆਪਣੇ ਆਪ



ਪਰਾਗਿਤ ਹੋ ਜਾਂਦੇ ਹਨ। ਪਰਾਗਿਤ ਹੋਣ ਤੋਂ ਬਾਅਦ ਫੁੱਲ ਦੇ ਹੇਠੋਂ ਇਕ ਟਾਹਣੀ ਨਿਕਲ ਕੇ ਥੱਲੇ ਵੱਲ ਵਧਦੀ ਹੋਈ ਜ਼ਮੀਨ ਦੇ ਅੰਦਰ ਚਲੀ ਜਾਂਦੀ ਹੈ। ਲਾਖਣਿਕ ਤੌਰ 'ਤੇ ਅਸੀਂ ਆਖ ਸਕਦੇ ਹਾਂ ਕਿ ਇਸ ਦੇ ਪੈਰ ਭਾਰੀ ਹੋ ਜਾਂਦੇ ਹਨ। ਇਸ ਦੇ ਸਿਰੇ 'ਤੇ ਇਕ ਡੋਡੀ ਹੁੰਦੀ ਹੈ ਜੋ ਜ਼ਮੀਨ ਦੀ ਸਤਹ ਦੇ ਨਾਲ-ਨਾਲ ਵਧਦੀ ਹੋਈ ਮੂੰਗਫਲੀ ਬਣ ਜਾਂਦੀ ਹੈ। ਫਿਰ ਇਸ ਨੂੰ ਪੁੱਟ ਕੇ ਸੁੱਕਣਾ ਪਾਇਆ ਜਾਂਦਾ ਹੈ। ਮੈਕਸੀਕੋ ਦੀ ਨਹੁਆਤੀ ਭਾਸ਼ਾ ਵਿਚ ਇਸ ਦਾ ਨਾਂ (tlalcacahuati) ਤਲਲਕਕਹੁਅਤੀ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਭੂਮੀ-ਗਿਰੀ (ground nut). ਅੰਗਰੇਜ਼ੀ ਅਤੇ ਪੁਰਤਗਾਲੀ ਭਾਸ਼ਾ ਵਿਚ ਇਸ ਨੂੰ ਗਰਾਊਂਡ ਨਟ ਦੇ ਨਾਲ ਨਾਲ ਮੌਂਕੀ ਨਟ ਵੀ ਕਹਿੰਦੇ ਹਨ। ਫਰਾਂਸੀਸੀ ਵਿਚ ਅਜੇ ਵੀ ਦੱਖਣੀ ਅਮਰੀਕੀ ਨਾਂ cacahuete ਹੀ ਚਲਦਾ ਹੈ। ਯੂਰਪੀਅਨਾਂ ਨੇ ਭਾਰਤ ਵਿਚ ਮੂੰਗਫਲੀ ਦਾ ਪਰਿਚੈ ਗਰਾਊਂਡ ਨਟ ਜਾਂ ਮੰਕੀਨਟ ਨਾਂ ਨਾਲ ਹੀ ਕਰਾਇਆ। ਇਸ ਦੇ ਅੰਗਰੇਜ਼ੀ ਨਾਂਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਸ ਦੇ ਪਿਛੇ ਲੱਗੇ 'ਨਟ' ਦਾ ਜ਼ਿਕਰ ਕਰ ਲਈਏ। ਸਹੀ ਮਾਅਨਿਆਂ ਵਿਚ ਮੂੰਗਫਲੀ ਨਟ ਨਹੀਂ ਹੈ। ਪਰਿਭਾਸ਼ਾ ਅਨੁਸਾਰ ਨਟ ਅਜਿਹਾ ਸੁੱਕਾ ਫਲ ਹੈ ਜਿਸ ਦੇ ਇਕੋ ਜਾਂ ਵਧ ਤੋਂ ਵਧ ਦੋ ਬੀਜ ਹੁੰਦੇ ਹਨ। ਪੱਕਣ 'ਤੇ ਇਸ ਦੀ ਬਾਹਰਲੀ ਛਿੱਲ ਸਖਤ ਹੋ ਜਾਂਦੀ ਹੈ। ਅਸਲ ਵਿਚ ਤਾਂ ਪਿਸਤਾ, ਬਦਾਮ ਅਤੇ ਕਾਜੂ ਵੀ ਨਟ ਨਹੀਂ ਹਨ ਪਰ ਬੋਲਚਾਲ ਦੀ ਭਾਸ਼ਾ ਦੇ ਸ਼ਬਦ ਵਿਗਿਆਨ ਅਨੁਸਾਰੀ ਨਹੀਂ ਹੁੰਦੇ। ਬਨਸਪਤੀ-ਵਿਗਿਆਨੀ ਬਨਸਪਤੀ ਵਿਸ਼ੇਸ਼ ਦੇ ਨਾਂ ਕਿਸੇ ਤਰਕ ਦੇ ਆਧਾਰ 'ਤੇ ਕਰਦੇ ਹਨ ਜਿਨ੍ਹਾਂ ਵਿਚ ਇਕਸਾਰਤਾ ਹੁੰਦੀ ਹੈ। ਅਜਿਹੇ ਸ਼ਬਦਾਂ ਨੂੰ ਟਰਮ ਕਿਹਾ ਜਾਂਦਾ ਹੈ। ਮੂੰਗਫਲੀ ਲਈ ਅੰਗਰੇਜ਼ੀ ਵਿਚ ਇਕ ਸ਼ਬਦ ਹੈ ਪੀਨਟ ਜੋ pea+nut ਤੋਂ ਬਣਿਆ ਹੈ। ਭਾਵੇਂ ਅੰਗਰੇਜ਼ੀ ਵਿਚ 'ਪੀਅ' ਆਮ ਤੌਰ 'ਤੇ ਮਟਰ ਨੂੰ ਹੀ ਆਖਿਆ ਜਾਂਦਾ ਹੈ ਪਰ ਕੁਝ ਹੋਰ ਖਾਣਯੋਗ ਬੀਜਾਂ ਨੂੰ ਵੀ ਪੀਅ ਦੀ ਕਿਸਮ ਹੀ ਦੱਸਿਆ ਜਾਂਦਾ ਹੈ ਜਿਵੇਂ ਅਰਹਰ ਅਤੇ ਲੋਬੀਆ। ਪੀਨਟ ਵਿਚ ਪੀਅ ਸ਼ਬਦ ਦੀ ਵਰਤੋਂ ਇਸੇ ਲਿਹਾਜ ਨਾਲ ਕੀਤੀ ਗਈ ਹੈ। ਦੂਜਾ ਸ਼ਬਦ ਹੈ ਗਰਾਊਂਡਨਟ (groundnut). ਇਹ ਨਾਂ ਇਸ ਦਾ ਇਸ ਲਈ ਪਿਆ ਕਿਉਂਕਿ ਜਿਵੇਂ ਅਸੀਂ ਪਹਿਲਾਂ ਦੱਸ ਚੁੱਕੇ ਹਾਂ, ਮੂੰਗਫਲੀ ਧਰਤੀ ਵਿਚ ਹੀ ਪੱਕਦੀ ਹੈ ਭਾਵੇਂ ਕਿ ਸ਼ੁਰੂ ਵਿਚ ਇਸ ਦੀਆਂ ਫਲੀਆਂ ਧਰਤੀ ਤੋਂ ਬਾਹਰ ਹੀ ਲਗਦੀਆਂ ਹਨ। ਅੰਗਰੇਜ਼ੀ ਵਿਚ ਇਸੇ ਨਾਲ ਮਿਲਦਾ-ਜੁਲਦਾ ਇਕ ਹੋਰ ਸ਼ਬਦ ਹੈ- ਅਰਥ ਨਟ। ਇਹ ਵੀ ਮੰਨਿਆ ਜਾਂਦਾ ਹੈ ਕਿ ਮੈਗੇਲਨ ਨੇ ਜਦ ਧਰਤੀ ਦਾ ਚੱਕਰ ਲਾਇਆ ਸੀ ਤਾਂ ਉਸ ਸਮੇਂ ਉਸ ਨੇ ਫਿਲਪਾਈਨ ਤੋਂ ਮੂੰਗਫਲੀ ਦੇ ਬੀਜ ਲਿਆਂਦੇ ਸਨ। ਇਸ ਲਈ ਮੂੰਗਫਲੀ ਵਾਸਤੇ ਮਨੀਲਾ ਨਟ ਸ਼ਬਦ ਵੀ ਚਲਣ ਲੱਗ ਪਿਆ। ਇਹ ਦੇਖਣ ਵਿਚ ਆਇਆ ਹੈ ਕਿ ਬਹੁਤੀਆਂ ਭਾਸ਼ਾਵਾਂ ਵਿਚ ਇਸ ਲਈ ਘੜੇ ਸ਼ਬਦ ਦਾ ਅਰਥ ਭੂਮੀ ਗਿਰੀ ਜਿਹਾ ਹੀ ਹੈ। ਇਹ ਸਾਰੇ ਸ਼ਬਦ ਇਕ ਤਰ੍ਹਾਂ ਮੁਢਲੇ ਭਾਵ ਦਾ ਸਿਧਾ ਅਨੁਵਾਦ ਹੀ ਹਨ। ਫਾਰਸੀ ਵਿਚ 'ਬਦਾਮ ਜ਼ਮੀਨੀ' ਹੈ, ਬੰਗਾਲੀ ਵਿਚ ਚਿਨਾਬਾਦਾਮ ਅਤੇ ਨੈਪਾਲੀ ਵਿਚ ਬਦਾਮ ਕਿਹਾ ਜਾਂਦਾ ਹੈ। ਇਸ ਤਰ੍ਹਾਂ ਨੈਪਾਲੀਆਂ ਵਾਸਤੇ ਤਾਂ ਮੂੰਗਫਲੀ ਸੱਚਮੁਚ ਹੀ ਬਦਾਮ ਹੈ।

ਹੁਣ ਆਈਏ ਪੰਜਾਬੀ ਸ਼ਬਦ ਮੂੰਗਫਲੀ 'ਤੇ। ਇਸ ਸ਼ਬਦ ਵਿਚਲੇ 'ਮੂੰਗ' ਅਗੇਤਰ ਤੋਂ ਹੈਰਾਨੀ ਹੁੰਦੀ ਹੈ ਕਿ ਇਹ ਮੂੰਗ ਯਾਨਿ ਮੂੰਗੀ ਦੀ ਫਲੀ ਤਾਂ ਹੈ ਨਹੀਂ ਫਿਰ ਇਸ ਨੂੰ ਅਜਿਹਾ ਕਿਉਂ ਕਿਹਾ ਗਿਆ ਹੈ? ਪੀਨਟ ਦਾ ਜ਼ਿਕਰ ਕਰਦਿਆਂ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਇਸ ਨੂੰ ਪੀਅ ਦੀ ਕਿਸਮ ਦੇ ਬੂਟਿਆਂ ਵਜੋਂ ਸਮਝਿਆ ਗਿਆ ਸੀ ਇਸ ਲਈ ਇਸ ਦਾ ਅਜਿਹਾ ਨਾਂ ਪਿਆ। ਦਰਅਸਲ ਮੂੰਗੀ ਦੇ ਫੁੱਲ ਅਤੇ ਫਲੀਆਂ ਦੀ ਵੀ ਮੂੰਗਫਲੀ ਨਾਲ ਇਸ ਗੱਲੋਂ ਸਾਂਝ ਹੈ। ਸੰਭਵ ਹੈ ਮੂੰਗ ਅਜਿਹੀ ਕਿਸਮ ਦੇ ਬੀਜਾਂ ਲਈ ਇਕ ਆਮ ਸ਼ਬਦ ਵਜੋਂ ਲਿਆ ਜਾਂਦਾ ਰਿਹਾ ਹੋਵੇਗਾ ਪਰ ਇਸ ਦੀ ਵਿਆਖਿਆ ਇਕ ਹੋਰ ਤਰ੍ਹਾਂ ਵੀ ਕੀਤੀ ਜਾਂਦੀ ਹੈ। ਅਸੀਂ ਆਮ ਤੌਰ 'ਤੇ ਮੂੰਗਫਲੀ ਨੂੰ ਮੂੰਫਲੀ ਹੀ ਬੋਲਦੇ ਹਾਂ। ਬਹੁਤ ਸਾਰੇ ਵਿਦਵਾਨਾਂ ਦੀ ਮਾਨਤਾ ਹੈ ਕਿ ਦਰਅਸਲ ਮੂੰਗਫਲੀ ਸ਼ਬਦ ਦਾ ਮੁਢਲਾ ਰੂਪ 'ਭੂਮੀਫਲੀ/ਭੂਮਫਲੀ' ਹੈ। ਇਸ ਤਰ੍ਹਾਂ ਇਹ ਹੋਰ ਭਾਸ਼ਾਵਾਂ ਦੀ ਤਰ੍ਹਾਂ ਭੂਮੀ ਵਿਚ ਫਲਣ ਦੇ ਭਾਵ ਤੋਂ ਪੈਦਾ ਹੋਇਆ ਜਾਂ ਕਹਿ ਲਵੋ ਕਿ groundnut ਦਾ ਹੀ ਇਕ ਤਰ੍ਹਾਂ ਸ਼ਾਬਦਿਕ ਅਨੁਵਾਦ ਹੈ। ਅਜਿਤ ਵਡਨੇਰਕਰ ਨੇ ਵੀ ਅਜਿਹਾ ਹੀ ਵਿਚਾਰ ਪੇਸ਼ ਕੀਤਾ ਹੈ। ਪਹਿਲਾਂ ਪਹਿਲ ਇਹ ਸ਼ਬਦ ਗੁਜਰਾਤ-ਮਹਾਰਸ਼ਟਰੀਆਂ ਵਿਚ ਪ੍ਰਚਲਿਤ ਹੋਇਆ ਪਰ ਇਸ ਦੇ ਉਚਾਰਣ ਵਿਚ ਫਰਕ ਆ ਗਿਆ। ਸਮਾਂ ਪਾ ਕੇ ਭੂਮੀਫਲੀ ਅਰਥਾਤ ਭੂਮੀ ਵਿਚ ਉਗਣ ਵਾਲੀ ਫਲੀ ਦੇ ਤੌਰ ਤੋਂ ਇਹ ਨਾਂ ਬਦਲ ਕੇ ਉਚਾਰਣ ਦੇ ਅਧਾਰ 'ਤੇ ਭੂਮਿਫਲੀ, ਮੂਮਫਲੀ, ਮੂੰਫਲੀ ਹੋ ਗਿਆ। ਫਿਰ ਇਹ ਸਮਝਿਆ ਗਿਆ ਕਿ ਇਸ ਵਿਚਲੇ 'ਮੂੰ' ਅਗੇਤਰ ਨੂੰ ਅਰਥਵਾਨ ਬਣਾਉਣ ਲਈ ਇਸ ਦੀ ਜਗਹ 'ਮੂੰਗ' ਲਾ ਦਿੱਤਾ ਗਿਆ। ਇਸ ਤਰਕ ਵਿਚ ਕਾਫੀ ਵਜ਼ਨ ਹੈ।

# ਵੀਹਵੀਂ ਸਦੀ ਦਾ ਸਰਵ ਪੱਖੀ ਵਿੱਦਿਆ ਕੇਂਦਰ-ਮਾਹਿਲਪੁਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਜ਼ਿਲ੍ਹਾ ਹੁਸ਼ਿਆਰਪੁਰ ਦੇ ਰੇਤਲੇ ਖੇਤਰ ਵਿਚ ਪੈਂਦਾ ਮਾਹਿਲਪੁਰ ਦਾ ਕਸਬਾ ਅੱਜ ਸ਼ਿਵਾਲਿਕ ਦੇ ਪਰਬਤਾਂ ਦੀ ਕੰਡੀ ਦਾ ਮਹਾਨ ਵਿਦਿਆ ਕੇਂਦਰ ਬਣ ਚੁੱਕਾ ਹੈ। ਇਥੋਂ ਦੇ ਪ੍ਰਮੁੱਖ ਹਾਈ ਸਕੂਲ ਤੇ ਖਾਲਸਾ ਕਾਲਜ ਦੀ ਵਾਗਡੋਰ 1924 ਤੋਂ 1961 ਪੂਰੇ 35 ਸਾਲ ਲਾਸਾਨੀ ਵਿਦਿਆ ਸ਼ਾਸਤਰੀ ਹਰਭਜਨ ਸਿੰਘ ਦੇ ਹੱਥ ਵਿਚ ਰਹੀ। ਸਕੂਲ ਦਾ ਹੈਡਮਾਸਟਰ ਹੁੰਦਿਆਂ ਉਨ੍ਹਾਂ ਨੇ ਨੌਵੀਂ ਤੇ ਦਸਵੀਂ ਦੇ ਵਿਦਿਆਰਥੀਆਂ ਦਾ ਇਮਤਿਹਾਨ ਲੈਣ ਲਈ ਲਾਹੌਰ ਦੇ ਮੰਨੇ ਪ੍ਰਮੰਨੇ ਇਸਲਾਮੀਆ ਹਾਈ ਸਕੂਲ ਨਾਲ ਰਾਬਤਾ ਕਾਇਮ ਕੀਤਾ। ਪਰਚੇ ਵੀ ਉਥੋਂ ਬਣ ਕੇ ਆਉਂਦੇ ਸਨ ਅਤੇ ਕੁਝ ਗਿਣਤੀ ਦੇ ਵਿਦਿਆਰਥੀਆਂ ਦੇ ਨੰਬਰ ਵੀ ਉਨ੍ਹਾਂ ਨੂੰ ਦਿਖਾਏ ਜਾਂਦੇ ਸਨ। ਹਰਿਭਜਨ ਸਿੰਘ ਹਿਸਾਬ, ਸਾਇੰਸ ਤੇ ਸਥਾਨਕ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਨੇ ਅੰਗਰੇਜ਼ੀ ਪੜ੍ਹਾਉਣ ਲਈ ਬਾਵਾ ਗੁਰਦਿੱਤ ਸਿੰਘ ਬੇਦੀ ਨੂੰ ਚੁਣਿਆ ਅਤੇ ਹਿਸਾਬ ਤੇ ਸਾਇੰਸ ਲਈ ਬਖਤਾਵਰ ਸਿੰਘ ਨੂੰ, ਜਿਨ੍ਹਾਂ ਦੀ ਅਧਿਆਪਨ ਯੋਗਤਾ ਦਾ ਸਿੱਕਾ ਅੱਧੇ ਪੰਜਾਬ ਵਿਚ ਮੰਨਿਆ ਜਾਂਦਾ ਸੀ।

ਜਦੋਂ ਇਸ ਸਕੂਲ ਦੀ ਖੁਸ਼ਬੂ ਪੂਰੇ ਦੁਆਬਾ ਖੇਤਰ ਵਿਚ ਫੈਲ ਗਈ ਤਾਂ 1944 ਵਿਚ ਹਰਭਜਨ ਸਿੰਘ ਨੇ ਇਥੇ ਕਾਲਜ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ। ਇਸ ਦੀ ਸਥਾਪਨਾ ਵਿਚ ਉਨ੍ਹਾਂ ਨੇ ਕੁਹਾਰਪੁਰ ਦੇ ਸੰਤ ਬਾਬਾ ਹਰੀ ਸਿੰਘ ਦਾ ਯੋਗਦਾਨ ਪ੍ਰਾਪਤ ਕੀਤਾ। ਸੰਤਾਂ ਨੇ ਇਥੇ ਕਾਲਜ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ। ਇਸ ਦੀ ਸਥਾਪਨਾ ਵਿਚ ਉਨ੍ਹਾਂ ਨੇ ਕੁਹਾਰਪੁਰ ਦੇ ਸੰਤ ਬਾਬਾ ਹਰੀ ਸਿੰਘ ਦਾ ਯੋਗਦਾਨ ਪ੍ਰਾਪਤ ਕੀਤਾ। ਸੰਤਾਂ ਨੇ ਪਹਿਲਾਂ ਸਥਾਨਕ ਦਾਨ ਮੰਗਿਆ ਤੇ ਫੇਰ ਖੁਦ ਘੋੜੀ ਉਤੇ ਸਫਰ ਕਰਕੇ ਅਖੰਡ ਪੰਜਾਬ ਦੀਆਂ ਬਾਰਾਂ ਤੋਂ ਵੀ ਉਗਰਾਹੀ ਕੀਤੀ। ਜਦੋਂ ਪੰਜਾਬ ਯੂਨੀਵਰਸਿਟੀ ਨੇ ਕਾਲਜ ਦੀ ਸਥਾਪਨਾ ਵਾਸਤੇ 75,000 ਰੁਪਏ ਦੀ ਪੇਸ਼ਗੀ ਰਕਮ ਮੰਗੀ ਤਾਂ ਹਰਭਜਨ ਸਿੰਘ ਨੇ ਹੁਸ਼ਿਆਰਪੁਰ ਨੇੜੇ ਆਪਣੀ ਦੋ ਮੰਜ਼ਲੀ ਇਮਾਰਤ ਵੇਚਣ ਵਿਚ ਢੌਰਾ ਨਹੀਂ ਲਾਇਆ ਤੇ ਸ਼ਰਤ ਪੂਰੀ ਕਰਕੇ ਆਪਣਾ ਸੁਪਨਾ ਸਾਕਾਰ ਕੀਤਾ। ਉਸ ਤੋਂ ਪਿੱਛੋਂ ਲਾਹੌਰ ਦੇ ਸਭ ਤੋਂ ਵਧੀਆ ਕਾਲਜ ਦਾ ਨਕਸ਼ਾ ਲਿਆ ਕੇ ਬਿਲਡਿੰਗ ਦੀ ਉਸਾਰੀ ਸ਼ੁਰੂ ਕਰ ਦਿੱਤੀ। ਉਹ ਆਪ ਵੀ ਝੋਲੀ ਅੱਡ ਕੇ ਘਰ ਘਰ ਗਏ ਤੇ ਇਸ ਸੁੱਚੇ ਤੇ ਸੱਚੇ ਕੰਮ ਲਈ ਦਾਨ ਮੰਗਿਆ। ਪੜ੍ਹਾਈ ਸ਼ੁਰੂ ਹੋਈ ਤਾਂ ਅਧਿਆਪਕ ਵੀ ਲਾਹੌਰ ਤੇ ਯੂ.ਪੀ. ਤੋਂ ਲਿਆਂਦੇ ਗਏ। ਉਨ੍ਹਾਂ ਦੇ ਚੁਣੇ ਦੋ ਅਧਿਆਪਕ ਸੁਰਜੀਤ ਸਿੰਘ ਬੱਲ ਤੇ ਗੁਰਦੀਪ ਸਿੰਘ ਰੰਧਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤੇ ਇੱਕ ਸੁਜਾਨ ਸਿੰਘ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਦੀ ਉਪਾਧੀ ਤੱਕ ਪਹੁੰਚਿਆ। ਉਨ੍ਹਾਂ ਦੀ ਇਲਾਕੇ ਨੂੰ ਸਭ ਤੋਂ ਵੱਡੀ ਦੇਣ, ਕਾਲਜ ਵਿਚ ਕੁੜੀਆਂ ਦਾਖਲ ਕਰਨ ਦੀ ਸੀ। ਜਦੋਂ ਹੋਰ ਕਿਸੇ ਨੇ ਵੀ ਆਪਣੀ ਧੀ ਕਾਲਜ ਵਿਚ ਦਾਖਲ ਨਾ ਕਰਵਾਈ ਤਾਂ ਉਨ੍ਹਾਂ ਨੇ ਆਪਣੀ ਭਾਣਜ ਨੂੰਹ ਨਾਲ ਪਹਿਲ ਕੀਤੀ। ਉਹ ਕਾਲਜ ਦੇ ਦਰਵਾਜੇ ਤੱਕ ਮੂੰਹ ਸਿਰ ਲਪੇਟ ਕੇ ਪੜ੍ਹਨ ਜਾਂਦੀ ਤੇ ਅੰਦਰ ਜਾ ਕੇ ਸਿਰ ਉਤੋਂ ਚੁੰਨੀ ਲਾਹ ਦਿੰਦੀ।




ਉਸ ਤੋਂ ਪਿੱਛੋਂ ਆਪਣੀ ਪਤਨੀ ਦੀਆਂ ਭਤੀਜੀਆਂ ਤੇ ਫੇਰ ਦੋਸਤਾਂ, ਮਿੱਤਰਾਂ ਤੇ ਸ਼ਰੀਕੇ ਦੀਆਂ ਧੀਆਂ ਨੂੰ ਪ੍ਰੇਰਿਆ। ਉਹ ਚਾਹੁੰਦੇ ਸਨ ਕਿ ਧੀਆਂ ਹਰ ਖੇਤਰ ਵਿਚ ਮੁੰਡਿਆਂ ਦੇ ਬਰਾਬਰ ਹੋਣ। ਅੱਜ ਇਸ ਇਲਾਕੇ ਦੇ ਮੁੰਡੇ-ਕੁੜੀਆਂ ਲਗਭਗ ਹਰ ਵਿਸ਼ੇ ਵਿਚ ਐਮ. ਏ. ਤੱਕ ਦੀ ਪੜ੍ਹਾਈ ਕਰਕੇ ਇਥੋਂ ਜਾਂਦੇ ਹਨ।

ਇਸ ਸੰਸਥਾ ਦੇ ਵਿਦਿਆਰਥੀਆਂ ਵਿਚ ਬਾਰਡਰ ਫਿਲਮ ਦੇ ਪ੍ਰਮੁੱਖ ਆਧਾਰ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਹੀ ਨਹੀਂ ਪੰਜਾਬੀ ਲੇਖਕ ਅਜਾਇਬ ਕਮਲ ਦਰਸ਼ਨ ਸਿੰਘ ਹੀਰ ਤੇ ਅਜਮੇਰ ਕਵੈਂਟਰੀ ਵੀ ਸ਼ਾਮਲ ਹਨ। ਐਮ. ਐਸ. ਬੋਲਾ, ਐਸ. ਐਸ. ਸੋਨੀ ਤੇ ਲਾਲ ਚੰਦ ਵਰਗੇ ਸਾਇੰਸਦਾਨ ਵੀ ਇਥੋਂ ਦੇ ਪੜ੍ਹੇ ਹੋਏ ਹਨ। ਮੈਂ ਖੁਦ ਇਥੋਂ ਦਾ ਪੜ੍ਹਿਆ ਹੋਇਆ ਹਾਂ, ਤੇ ਮੈਂ ਇਸ ਸੰਸਥਾ ਨੂੰ ਯੂਨੀਵਰਸਿਟੀ ਮੰਨਦਾ ਤੇ ਕਹਿੰਦਾ ਆਇਆ ਹਾਂ।

ਪ੍ਰਿੰਸੀਪਲ ਸਾਹਿਬ ਦੀ ਵਿਦਿਆ ਤੋਂ ਵੀ ਵੱਡੀ ਦੇਣ ਖੇਡਾਂ ਦੇ ਖੇਤਰ ਦੀ ਮੰਨੀ ਜਾਂਦੀ ਹੈ- ਖਾਸ ਕਰਕੇ ਰੱਸਾ-ਕਸ਼ੀ, ਫੁੱਟਬਾਲ ਤੇ ਹਾਕੀ ਵਿਚ। ਮੈਂ ਖਾਲਸਾ ਸਕੂਲ ਦੇ ਮੁੰਡਿਆਂ ਨੂੰ ਪਹਿਲੇ ਝਟਕੇ ਤੋਂ ਪਿੱਛੋਂ ਰੱਸੇ ਵਾਲਿਆਂ ਦੀ ਵਿਰੋਧੀ ਟੀਮ ਨੂੰ ਇੱਕ ਹੱਥ ਨਾਲ ਘਸੀਟਦੇ ਵੇਖਿਆ ਹੈ। ਜਿੱਥੋਂ ਤੱਕ ਫੁੱਟਬਾਲ ਦੀ ਖੇਡ ਦਾ ਸਬੰਧ ਹੈ, ਇਸ ਨੂੰ ਮੈਂਗੋ ਸੀਜ਼ਨ ਟੂਰਨਾਮੈਂਟ ਦਾ ਰੁਤਬਾ ਦੇਣ ਵਾਲਾ ਵੀ ਹਰਭਜਨ ਸਿੰਘ ਹੀ ਸੀ। ਉਨ੍ਹਾਂ ਦੀ ਨਜ਼ਰ ਏਨੀ ਤੇਜ਼ ਸੀ ਇਕ ਵਾਰੀ ਦੂਰ-ਦੁਰੇਡੇ ਕਾਲਜ ਦੇ ਵਿਦਿਆਰਥੀ ਜਰਨੈਲ ਸਿੰਘ ਨੂੰ ਖੇਡਦਿਆਂ ਵੇਖਿਆ ਤਾਂ ਉਸ ਨੂੰ ਉਥੋਂ ਪੁਟ ਕੇ ਆਪਣੇ ਕਾਲਜ ਦਾਖਲ ਕਰ ਲਿਆ। ਫੇਰ ਜਰਨੈਲ ਸਿੰਘ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਬੰਗਾਲ ਵਾਲੇ ਉਸ ਨੂੰ ਮੋਹਨ ਬਗਾਨ ਦਾ ਕਪਤਾਨ ਬਣਾ ਕੇ ਲੈ ਗਏ। ਇਸ ਜਰਨੈਲ ਸਿੰਘ ਦੀ ਟੀਮ ਨੇ ਡੂਰੈਂਡ ਕੱਪ ਵੀ ਜਿੱਤਿਆ ਤੇ ਰੋਮ ਓਲੰਪਿਕ ਵੀ ਗਈ ਅਤੇ ਅੰਤ ਪੂਰੇ ਏਸ਼ੀਆ ਦੀ ਚੈਂਪੀਅਨ ਬਣੀ। ਅਰਜਨਾ ਐਵਾਰਡੀ ਗੁਰਦੇਵ ਸਿੰਘ ਤੇ ਅਥਲੈਟਿਕਸ ਵਾਲਾ ਜਰਨੈਲ ਸਿੰਘ ਅਤੇ ਜਰਨੈਲ ਸਿੰਘ ਕਾਲੇਵਾਲ ਵੀ ਮਾਹਿਲਪੁਰ ਕਾਲਜ ਦੀ ਉਪਜ ਸਨ, ਹਰਭਜਨ ਸਿੰਘ ਦੇ ਵਿਦਿਆਰਥੀ।

ਹੁਣ ਜਦੋਂ ਹਰਭਜਨ ਸਿੰਘ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ 55 ਸਾਲ ਹੋ ਚੁੱਕੇ ਹਨ ਤਾਂ ਉਨ੍ਹਾਂ ਮੈਂਗੋ ਸੀਜ਼ਨ ਟੂਰਨਾਮੈਂਟ ਦਾ ਨਾਂ ਹਰਭਜਨ ਸਿੰਘ ਮੈਮੋਰੀਅਲ ਫੁਟਬਾਲ ਟੂਰਨਾਮੈਂਟ ਦਾ ਨਾਂ ਦਿੱਤਾ ਜਾ ਚੁੱਕਾ ਹੈ। ਇਸ ਵਰ੍ਹੇ ਫਰਵਰੀ ਦੇ ਪਹਿਲੇ ਹਫਤੇ ਇਸ ਟਰਨਾਮੈਂਟ ਦਾ 53ਵਾਂ ਐਡੀਸ਼ਨ ਸੀ। ਇਸ ਵਾਰੀ ਇਸ ਕਾਲਜ ਦਾ ਪੁਰਾਣਾ ਵਿਦਿਆਰਥੀ ਅਜੀਤ ਲੰਗੇਰੀ ਏਨਾ ਪ੍ਰੇਰਿਤ ਹੋਇਆ ਕਿ ਉਸ ਨੇ ਇਸ ਮੌਕੇ 'ਹਰਭਜਨ ਸਿੰਘ ਦੀ ਲਾਸਾਨੀ ਸ਼ਖਸੀਅਤ' ਨਾਂ ਦੀ ਪੂਰੀ ਪੁਸਤਕ ਛਪਵਾ ਦਿੱਤੀ ਹੈ। ਪੁਸਤਕ ਵਿਚ ਉਪਰੋਕਤ ਜਾਣਕਾਰੀ ਤੋਂ ਬਿਨਾ ਦੋ ਦਰਜਨ ਮੂੰਹ-ਬੋਲਦੀਆਂ ਤਸਵੀਰਾਂ ਤੇ ਸੈਂਕੜੇ ਚਿਹਰੇ ਹਨ। 1924-25 ਦੀ ਦਸਵੀਂ ਸ਼੍ਰੇਣੀ ਤੋਂ ਲੈ ਕੇ 1958-59 ਦੀ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਤੱਕ। ਉਨ੍ਹਾਂ ਦੀਆਂ ਤਸਵੀਰਾਂ, ਕਨਵੋਕੇਸ਼ਨਾਂ ਦੀਆਂ ਤਸਵੀਰਾਂ ਵੀ ਜਿਨ੍ਹਾਂ ਵਿਚ ਗੁਰਮੁਖ ਸਿੰਘ ਮੁਸਾਫਰ, ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰਤਾਪ ਸਿੰਘ ਕੈਰੋਂ ਮੁੱਖ ਮਹਿਮਾਨ ਸਨ। ਮੈਨੂੰ ਡਿਗਰੀ ਸੌਂਪਣ ਵਾਲਾ ਵੀ ਕੈਰੋਂ ਹੀ ਸੀ।

ਮਾਹਿਲਪੁਰ ਵਿਚ ਇਸ ਵੇਲੇ ਸਾਡੇ ਵਾਲੇ ਕੋਐਜੂਕੇਸ਼ਨ ਕਾਲਜ ਤੋਂ ਬਿਨਾ ਐਜੂਕੇਸ਼ਨ ਕਾਲਜ ਵੀ ਹੈ ਤੇ ਮਾਹਿਲਪੁਰ ਦੀ ਬੁੱਕਲ ਵਿਚ ਅੱਧੀ ਦਰਜਨ ਦੇ ਕਰੀਬ ਪਬਲਿਕ ਸਕੂਲ ਹਨ ਜਿਨ੍ਹਾਂ ਵਿਚੋਂ ਐਲਿਸ ਪਬਲਿਕ ਸਕੂਲ ਮਾਹਿਲਪੁਰ ਤੇ ਦੁਆਬਾ ਪਬਲਿਕ ਸਕੂਲ ਕੈਂਡੋਵਾਲ ਦੀ ਕਾਰਗੁਜ਼ਾਰੀ ਤੋਂ ਮੈਂ ਵੀ ਪ੍ਰਭਾਵਿਤ ਹਾਂ। ਮਾਹਿਲਪੁਰ ਦੇ ਰੇਤਿਆਂ ਤੇ ਚੋਆਂ ਨੂੰ ਵਿਦਿਆ ਦਾ ਏਨਾ ਵੱਡਾ ਕੇਂਦਰ ਬਣਾਉਣ ਵਾਲੀ ਮਹਾਨ ਹਸਤੀ ਹਰਭਜਨ ਸਿੰਘ ਹੀ ਸੀ। ਮੇਰੇ ਵਾਲਾ ਇਹ ਵਿਸ਼ਵ ਵਿਦਿਆਲਿਆ ਪਿੱਛੇ ਜਿਹੇ ਲੀਹੋਂ ਲਥ ਚੱਲਾ ਸੀ। ਹੁਣ ਇਸ ਨੂੰ ਪਰਿਵਾਰ ਦੇ ਹੀ ਇਕ ਮੈਂਬਰ ਸੇਵਾ ਮੁਕਤ ਵਿੰਗ ਕਮਾਂਡਰ ਐਚ. ਐਸ. ਢਿੱਲੋਂ ਨੇ ਸੰਭਾਲ ਲਿਆ ਹੈ। ਉਸ ਦੇ ਉਦਮ ਨੂੰ ਸਫਲਤਾ ਮਿਲੇ, ਸਾਡੀ ਦੁਆ ਹੈ।

***ਅੰਤਿਕਾ:*** *(ਬਹਾਦਰ ਸ਼ਾਹ ਜ਼ਫਰ)*

ਉਨ ਕੇ ਆਨੇ ਕੀ ਸੁਨੀ ਹੈ
ਹਮਨੇ ਉੜਤੀ ਸੀ ਖ਼ਬਰ,
ਐ ਸਬਾ ਤੂ ਸੱਚ ਬਤਾ ਦੇ
ਯੇਹ ਖਬਰ ਸਚ ਹੈ ਕਿ ਝੂਠ।
ਖੇਂਚਤੇ ਹੈ ਆਜ ਐ ਦਿਲ!
ਉਨ ਕੋ ਹਮ ਅਪਨੀ ਤਰਫ,
ਦੇਖਤੇ ਹੈ ਜਜ਼ਬਾ-ਏ-ਉਲਫਤ
ਮੇਂ ਅਸਰ ਸਚ ਹੈ ਕਿ ਝੂਠ।
ਜਬ ਤੱਕ ਜਲ ਭੂੰਨ ਕੇ ਸਰ ਤਾ
ਪਾ ਨਾ ਹੋ ਜਾਊਂ ਖਾਕ,
ਕੋਈ ਕਿਆ ਜਾਨੇ ਮਿਰਾ
ਸੋਜ਼-ਏ-ਜਿਗਰ ਸੱਚ ਕਿ ਝੂਠ।

## ਸਿਰਦਾਰ ਕਪੂਰ ਸਿੰਘ

ਕਰ ਕੇ ਫਤਿਹ ਬੁਲਾਈ। ਉਨ੍ਹਾਂ ਦੀ ਇਸ ਜੁਰਅਤ ਲਈ ਕਈਆਂ ਨੇ ਜੈਕਾਰੇ ਛੱਡੇ।

ਦੰਭੀ ਸਿੱਖ ਰਾਜਨੀਤੀ ਤੇ ਪੰਥ ਦੀ ਅਜੋਕੀ ਦੁਰਦਸ਼ਾ ਨੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕੀਤਾ। ਇਸ ਕਾਰਨ ਉਹ ਸਰੀਰਕ ਤੇ ਮਾਨਸਿਕ- ਦੋਹਾਂ ਪੱਖਾਂ ਤੋਂ ਅਪਾਹਜ ਹੋ ਗਏ। ਅੰਗਾਂ ਦੀ ਸਾਧਾਰਨ ਕਿਰਿਆ ਵਿਚ ਰੁਕਾਵਟ ਆ ਗਈ। ਯਾਦਸ਼ਕਤੀ ਜਾਂਦੀ ਰਹੀ। ਇਲਾਜ ਵਾਸਤੇ ਸੀ.ਐਮ.ਸੀ. ਵਿਚ ਦਾਖ਼ਲ ਰਹੇ। ਇਕ ਸਾਲ ਬਿਮਾਰ ਰਹਿਣ ਤੋਂ ਬਾਅਦ 13 ਅਗਸਤ 1986 ਨੂੰ ਸ. ਕਪੂਰ ਸਿੰਘ ਅਕਾਲ ਚਲਾਣਾ ਕਰ ਗਏ। ਇਹੋ ਜਿਹੇ ਹੀਰੇ ਇਨਸਾਨ ਕਦੇ-ਕਦੇ ਹੀ ਪੈਦਾ ਹੁੰਦੇ ਹਨ। ਸ਼ਾਇਦ ਅਜਿਹੇ ਲੋਕਾਂ ਲਈ ਹੀ ਸ਼ਾਇਰ-ਏ-ਮਸ਼ਰਕ ਡਾ. ਮੁਹੰਮਦ ਇਕਬਾਲ ਦਾ ਸ਼ਿਅਰ ਹੈ:

ਹਜ਼ਾਰੋਂ ਸਾਲ ਨਰਗਿਸ
ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ।

ਅੱਜ ਸਿੱਖਾਂ ਨੂੰ ਸਿਰਦਾਰ ਕਪੂਰ ਸਿੰਘ ਵਰਗੇ ਸੱਚੇ-ਸੁੱਚੇ, ਬਾ-ਅਖਲਾਕ ਤੇ ਨਿਸ਼ਕਾਮ ਲੀਡਰ ਦੀ ਲੋੜ ਹੈ।

ਕਹਾਣੀ

# ਫੌਜੀ ਬੰਤਾ ਸਿੰਘ

***ਕੈਨੇਡਾ ਵੱਸਦੇ ਕਹਾਣੀਕਾਰ ਸਾਧੂ ਬਿਨਿੰਗ ਦੀ ਕਹਾਣੀ 'ਫੌਜੀ ਬੰਤਾ ਸਿੰਘ' ਵਿਚ ਪਿਛਲੀ ਉਮਰੇ ਪਰਾਈ ਧਰਤੀ ਉਤੇ ਦਿਨ ਲੰਘਾ ਰਹੇ ਬਜ਼ੁਰਗਾਂ ਦੀ ਜ਼ਿੰਦਗੀ ਉਤੇ ਝਾਤੀ ਪੁਆਉਂਦੀ ਹੈ। ਬੰਤਾ ਸਿੰਘ ਅਤੇ ਮੈਂ ਪਾਤਰ ਦੀਆਂ ਗੱਲਾਂ-ਬਾਤਾਂ ਰਾਹੀਂ ਲੇਖਕ ਨੇ ਪਰਦੇਸੀ ਹੋਏ ਬੰਦੇ ਦੀ ਕਹਾਣੀ ਅਤੇ ਉਸ ਨਾਲ ਜੁੜੇ ਮਸਲਿਆਂ ਉਤੇ ਭਰਵੀਂ ਨਿਗ੍ਹਾ ਪੁਆਈ ਹੈ। ਇਨ੍ਹਾਂ ਮਸਲਿਆਂ ਅੰਦਰ ਹੀ ਬੰਦੇ ਦੀਆਂ ਨਿੱਕੀਆਂ-ਨਿੱਕੀਆਂ ਖੁਸ਼ੀਆਂ ਅੰਬਰਾਂ ਤੱਕ ਉਡਦੀਆਂ ਜਾਪਦੀਆਂ ਹਨ ਅਤੇ ਨਾਲ ਹੀ ਵੱਡੇ-ਵੱਡੇ ਗਮ ਧਰਤ ਉਤੇ ਵਿਛਦੇ ਮਹਿਸੂਸ ਹੁੰਦੇ ਹਨ। -ਸੰਪਾਦਕ***

ਬੰਤਾ ਸਿੰਘ ਘਰ ਦੀਆਂ ਪੌੜੀਆਂ ਕੋਲ ਖੜ੍ਹਾ ਨਾ ਦਿਸਿਆ। ਘਰ ਬੜਾ ਰੁੱਖਾ ਤੇ ਵੀਰਾਨ ਜਿਹਾ ਲੱਗਾ। ਲਿਫ਼ਿਆ, ਸਿਆਣਾ ਸਰੀਰ ਸੋਟੀ 'ਤੇ ਝੁਕਿਆ, ਪੌੜੀਆਂ ਕੋਲ ਖੜ੍ਹਾ ਉਹ ਘਰ ਦੇ ਚਿਹਰੇ ਮੋਹਰੇ ਦਾ ਇਕ ਅੰਗ ਹੀ ਤਾਂ ਲੱਗਦਾ ਹੁੰਦਾ ਸੀ। ਮੀਂਹ-ਕਣੀ ਹੋਵੇ ਜਾਂ ਬਰਫ਼ਬਾਰੀ, ਮੇਰੇ ਆਉਣ ਤੱਕ ਉਹ ਜ਼ਰੂਰ ਆਪਣੀ ਥਾਂ ਆ ਖੜ੍ਹਦਾ। ਕਦੀ ਉਹ ਆਪਣੇ ਦਸ ਸਾਲ ਪਹਿਲਾਂ ਦੇਸੋਂ ਲਿਆਂਦੇ ਕਾਲੇ ਕੋਟ ਪੈਂਟ ਵਿਚ ਹੁੰਦਾ ਤੇ ਕਦੀ ਮੈਲੇ ਤੇ ਘਸੇ ਹੋਏ ਕੁੜਤੇ ਪਜਾਮੇ ਵਿਚ। ਮੈਨੂੰ ਘਰ ਵੱਲ ਆਉਂਦੇ ਨੂੰ ਸੱਜੇ ਹੱਥ ਦਾ ਸਲੂਟ ਮਾਰਦਾ। ਜੇ ਕਦੀ ਸੱਜਾ ਹੱਥ ਸੋਟੀ 'ਤੇ ਝੁਕਾਇਆ ਹੁੰਦਾ ਤਾਂ ਖੱਬੇ ਹੱਥ ਦਾ ਸਲੂਟ ਵੀ ਠੋਕ ਦਿੰਦਾ। ਇੰਜ ਕਰਦਾ ਉਹ ਬੜਾ ਹਾਸੋਹੀਣਾ ਲੱਗਦਾ ਤੇ ਹਰ ਵਾਰ ਮੇਰਾ ਹਾਸਾ ਨਿਕਲ ਜਾਂਦਾ। ਬੰਤਾ ਸਿੰਘ ਵੀ ਬਿਨਾਂ ਕਿਸੇ ਗਿਲੇ ਦੇ ਹਾਸੇ ਵਿਚ ਸ਼ਰੀਕ ਹੋ ਜਾਂਦਾ।

ਹਰ ਰੋਜ਼ ਦਸ-ਪੰਦਰਾਂ ਮਿੰਟ ਉਹਦੇ ਨਾਲ ਗੱਪਾਂ ਮਾਰਨ ਦੀ ਮੇਰੀ ਵੀ ਆਦਤ ਜਿਹੀ ਬਣ ਗਈ ਸੀ। ਉਸ 'ਸਟਰੀਟ' ਦੇ ਬਾਕੀ ਘਰਾਂ ਵਿਚ ਮੈਂ ਬੜੀ ਤੇਜ਼ੀ ਨਾਲ ਚਿੱਠੀਆਂ ਸੁੱਟਦਾ ਚਲੇ ਜਾਂਦਾ, ਪਰ ਉਹਦੇ ਕੋਲ ਜ਼ਰੂਰ ਰੁਕਦਾ, ਭਾਵੇਂ ਕਿੰਨੀ ਵੀ ਕਾਹਲ ਵਿਚ ਹੁੰਦਾ। ਲੋਕਾਂ ਦੇ ਰੁੱਖੇ ਵਰਤਾਅ ਕਾਰਨ ਮੈਨੂੰ ਉਸ ਇਲਾਕੇ ਨਾਲ, ਜਿੱਥੇ ਮੈਂ ਪਿਛਲੇ ਛੇਆਂ-ਸੱਤਾਂ ਸਾਲਾਂ ਤੋਂ ਡਾਕ ਵੰਡਦਾ ਆ ਰਿਹਾ ਸੀ, ਕੋਈ ਦਿਲੀ ਲਗਾਅ ਨਹੀਂ। ਲੋਕਾਂ ਦੇ ਸੋਹਣੇ

**ਸਾਧੂ ਬਿਨਿੰਗ**

ਸਾਂਭੇ ਸੰਵਾਰੇ ਘਰ ਮੇਰੇ ਲਈ ਫੈਕਟਰੀ ਵਾਂਗ ਹੀ ਸਨ ਜਿਥੇ ਮੈਂ ਆਪਣੀ ਰੋਟੀ ਕਮਾਉਂਦਾ ਸੀ। ਚਾਰ-ਸਾਢੇ ਚਾਰ ਸੌ ਘਰਾਂ ਵਿਚੋਂ ਪੰਦਰਾਂ-ਵੀਹ ਘਰ ਪੰਜਾਬੀਆਂ ਦੇ ਵੀ ਸਨ, ਪਰ ਉਨ੍ਹਾਂ ਵਿਚੋਂ ਸਿਰਫ਼ ਬੰਤਾ ਸਿੰਘ ਦਾ ਘਰ ਹੀ ਮੇਰੇ ਅੰਦਰ ਕੋਈ ਖਿੱਚ ਰੱਖਦਾ ਸੀ। ਪੈਰ ਉਤੇ ਸੱਟ ਲੱਗ ਜਾਣ ਕਰ ਕੇ ਮੈਂ ਦੋ ਕੁ ਮਹੀਨੇ ਕੰਮ 'ਤੇ ਨਹੀਂ ਸੀ ਆ ਸਕਿਆ। ਤੇ ਅੱਜ ਬੰਤਾ ਸਿੰਘ ਨੂੰ ਉਥੇ ਖੜ੍ਹਾ ਨਾ ਦੇਖ ਕੇ ਉਦਾਸ ਜਿਹਾ ਹੋ ਗਿਆ।

ਤਿੰਨ-ਚਾਰ ਦਿਨ ਬੀਤ ਗਏ ਪਰ ਬੰਤਾ ਸਿੰਘ ਨਾ ਦਿਸਿਆ। ਮੈਂ ਸੋਚਿਆ, ਸ਼ਾਇਦ ਬਿਮਾਰ ਹੋਵੇ ਜਾਂ ਕਿਧਰੇ ਆਪਣੇ ਛੋਟੇ ਮੁੰਡੇ ਕੋਲ ਈ ਨਾ ਚਲਾ ਗਿਆ ਹੋਵੇ, ਜਾਂ ਸ਼ਾਇਦ ਉਹਨੂੰ ਪਤਾ ਈ ਨਾ ਹੋਵੇ, ਪਈ ਮੈਂ ਹੁਣ ਕੰਮ ਉਤੇ ਆਉਂਦਾ ਹਾਂ।

ਇਹੋ ਜਿਹੀਆਂ ਸੋਚਾਂ ਸੋਚਦਾ ਜਦ ਉਨ੍ਹਾਂ ਦੇ ਘਰ ਕੋਲ ਜਾਂਦਾ ਤਾਂ ਉਹਦੀ ਗੈਰ-ਹਾਜ਼ਰੀ ਵਿਚ ਮੈਨੂੰ ਉਹਦੀ ਕੋਈ ਨਾ ਕੋਈ ਗੱਲ ਯਾਦ ਆ ਜਾਂਦੀ। ਇਕ ਵਾਰੀ ਮੈਂ ਅਜੇ ਉਨ੍ਹਾਂ ਦੇ ਘਰ ਤੋਂ ਅੱਧਾ ਬਲਾਕ ਪਰ੍ਹੇ ਹੀ ਸਾਂ, ਤਾਂ ਉਹ ਸੋਟੀ ਦੇ ਸਹਾਰੇ ਦੌੜਦਿਆਂ ਵਾਂਗ ਮੇਰੇ ਕੋਲ ਆਇਆ, "ਦਾਤਿਓ, ਬੜੀ ਦੇਰ ਲਾ'ਤੀ ਅੱਜ ਤਾਂ। ਮੈਂ ਕਿਹਾ, ਹੁਣ ਵੀ ਆਉਂਦੈ ਹੁਣ ਵੀ। ਡੂੜ ਘੰਟਾ ਹੋ ਗਿਆ ਹਊ 'ਡੀਕਦੇ ਨੂੰ।" "ਮੈਂ ਤਾਂ ਅੱਗੇ ਵਾਲੇ ਟਾਇਮ ਹੀ ਆਇਆਂ। ਤੈਨੂੰ ਕੋਈ ਕਾਹਲੀ ਜਾਪਦੀ ਆ", ਮੈਂ ਕਹਿੰਦਿਆਂ ਅਗਲੇ ਘਰ ਚਿੱਠੀਆਂ ਸੁੱਟਣ ਚਲੇ ਗਿਆ ਤੇ ਉਹ ਸੜਕ 'ਤੇ ਖੜ੍ਹਾ ਬੇਚੈਨ ਲੱਗ ਰਿਹਾ ਸੀ। ਬਾਕੀ ਦੇ ਘਰਾਂ ਵਿਚ ਚਿੱਠੀਆਂ ਸੁਟ ਕੇ ਮੈਂ ਉਹਦੇ ਕੋਲ ਆ ਖੜ੍ਹਿਆ।

"ਕੀ ਗੱਲ ਹੋਈ, ਅੱਜ ਤਾਂ ਬੜਾ ਘਾਬਰਿਆ ਲਗਦੈਂ।"

"ਘਾਬਰਨਾ ਕਾਹਦਾ, ਮੈਂ ਕਿਹਾ ਪਾੜ੍ਹੇ ਨੂੰ ਪੁੱਛਦੇ ਆਂ, ਪਈ ਇਹ ਗੱਲ ਸੱਚੀ ਵੀ ਆ। ਆਹ ਕੱਲ੍ਹ ਚਿੱਠੀ ਆਈ ਸੀ ਗੌਰਮਿੰਟ ਦੀ...ਅਖੇ 'ਚੈਕ' ਕਰਨ ਆਉਣਾ, ਪਈ ਮੇਰਾ ਖਾਣ-ਪੀਣ ਦਾ ਤੇ ਰਹਿਣ ਦਾ ਖਰਚ ਕਿੰਨਾ ਕੁ ਆਉਂਦਾ ਆ। ਮੇਰੇ ਕੋਲ 'ਮਨੀ' ਕਿੰਨੀ ਕੁ ਆ। ਮੇਰੇ ਜੁਆਨਾ 'ਬੰਕ' ਵਿਚ ਥੋੜ੍ਹੇ ਜਿਹੇ ਪੈਸੇ ਹੈਗੇ ਆ, ਮੈਂ ਕਿਹਾ, ਪਈ ਜੇ ਕੋਈ ਇੱਦਾਂ ਦੀ ਗੱਲ ਆ ਤਾਂ ਉਰੇ-ਪਰੇ ਕਰ ਦਿੰਦੇ ਆਂ।" ਗੱਲਾਂ ਕਰਦਾ ਉਹ ਸਹਿਮਿਆ ਜਿਹਾ ਦੋਹਾਂ ਹੱਥਾਂ ਦਾ ਭਾਰ ਸੋਟੀ ਉਤੇ ਦਈ ਮੋਹਰ ਨੂੰ ਝੁਕਿਆ ਖੜ੍ਹਾ ਸੀ। ਮੈਨੂੰ ਗੱਲ ਦੀ ਪੂਰੀ ਸਮਝ ਤਾਂ ਨਾ ਆਈ ਪਰ ਮੈਂ ਕਿਹਾ, "ਐਵੀਂ ਤੁਹਾਡੇ ਸਿਆਣਿਆਂ ਦੀਆਂ ਪੈਨਸ਼ਨਾਂ ਵਧਾਉਣ ਲਈ ਕੋਈ 'ਸਰਵੇ' ਵਗੈਰਾ ਕਰਦੇ ਹੋਣੇ ਆ। ਤੇਰੇ ਆਪਣੇ ਪੈਸੇ ਨੂੰ ਕੋਈ ਨਹੀਂ ਛੇੜਦਾ। ਤੂੰ ਬੇਫਿਕਰ ਰਹਿ।"

ਮੇਰੀ ਗੱਲ ਨਾਲ ਉਹਦੀ ਰਤਾ ਵੀ ਤਸੱਲੀ ਨਾ ਹੋਈ, ਕਹਿਣ ਲੱਗਾ, "ਤੈਨੂੰ ਨੀਂ ਪਤਾ ਕਾਕਾ ਇਨ੍ਹਾਂ ਗੋਰਿਆਂ ਦਾ, ਇਨ੍ਹਾਂ ਨੇ ਸਾਡੀ ਹਿੰਦੂਆਂ ਦੀ ਪੈਨਸ਼ਨ ਬੰਦ ਕਰਨੀ ਹੋਊ। ਇਨ੍ਹਾਂ ਨੂੰ ਪਤੈ, ਪਈ ਖਰਚ ਤਾਂ ਭੋਰਾ ਨ੍ਹੀਂ ਕਰਦੇ, ਇਸ ਕਰ ਕੇ ਸਮਝਦੇ ਹੋਣੇ ਆ, ਪਈ ਇਨ੍ਹਾਂ ਪੈਸੇ ਕੀ ਕਰਨੇ ਆ।"

ਮੈਂ ਉਹਦੀ ਗੱਲ ਸੁਣ ਕੇ ਹੱਸਣ ਲੱਗ ਪਿਆ। ਉਹਨੂੰ ਮੇਰਾ ਇੰਜ ਹੱਸਣਾ ਬੜਾ ਅਜੀਬ ਲੱਗਾ। ਉਹ ਪੂਰੀ ਸੰਜੀਦਗੀ ਨਾਲ ਕਹਿਣ ਲੱਗਾ, "ਗੱਲ ਹੱਸਣ ਵਾਲੀ ਨ੍ਹੀਂ ਬਾਬੂ ਜੀ, ਸਾਡੇ ਨਾਲ ਇੱਦਾਂ ਹੋ ਚੁੱਕੀ ਆ। ਮੈਂ ਉਦੋਂ ਪਟਿਆਲੇ ਹੁੰਦਾ ਸੀ ਰਸਾਲੇ 'ਚ। ਸੰਨ ਤੇਤੀ ਦੀ ਗੱਲ ਹੋਣੀ ਆ। ਸਾਨੂੰ ਹਿੰਦੋਸਤਾਨੀ ਸਿਪਾਹੀਆਂ ਨੂੰ ਜਿੰਨੀ ਤਨਖਾਹ ਮਿਲਦੀ, ਅਸੀਂ ਸਾਰੀ ਬਚਾ ਲੈਂਦੇ ਤੇ ਗੋਰੇ ਸਾਰੀ ਦੀ ਸਾਰੀ ਉਡਾ ਦਿੰਦੇ। ਅੰਗਰੇਜ਼ ਨੇ ਸੋਚਿਆ, ਪਈ ਇਹ ਹਿੰਦੋਸਤਾਨੀ ਤਾਂ ਪੈਸਾ ਖਰਚਦੇ ਈ ਨਈਂ, ਇਨ੍ਹਾਂ ਨੇ ਵਾਧੂ ਪੈਸੇ ਕੀ ਕਰਨੇ ਆ। ਲਓ ਜੀ, ਉਨ੍ਹਾਂ ਨੇ ਸਾਡੀ ਤਨਖਾਹ ਘਟਾ ਦਿੱਤੀ ਤੇ ਗੋਰਿਆਂ ਦੀ ਵਧਾ ਦਿੱਤੀ।" ਮੈਨੂੰ ਬੰਤਾ ਸਿੰਘ ਦੀ ਅਜੀਬ ਦਲੀਲ ਨੇ ਲਾਜਵਾਬ ਕਰ ਦਿੱਤਾ। ਮੈਂ ਬੜੀ ਮੁਸ਼ਕਿਲ ਨਾਲ ਉਹਨੂੰ ਸਮਝਾਇਆ, ਪਈ ਤੇਰੇ ਬੈਂਕ ਦੇ ਪੈਸੇ ਅੱਵਲ ਤਾਂ ਉਹ ਦੇਖ ਈ ਨਹੀਂ ਸਕਦੇ, ਜੇ ਤੂੰ ਉਨ੍ਹਾਂ ਨੂੰ ਦੱਸ ਵੀ ਦੇਵੇਂ ਤਾਂ ਇਹਦੇ ਨਾਲ ਕੋਈ ਫਰਕ ਨਹੀਂ ਪੈਣਾ। ਉਹ ਮੇਰੇ ਆਖੇ ਮੰਨ ਤਾਂ ਗਿਆ ਪਰ ਉਹਦੇ ਚਿਹਰੇ ਤੋਂ ਲਗਦਾ ਸੀ ਕਿ ਉਹਦੇ ਅੰਦਰ ਪੈਸੇ ਘਟਣ ਦਾ ਡਰ ਜਿਉਂ ਦਾ ਤਿਉਂ ਕਾਇਮ ਸੀ।

ਬੰਤਾ ਸਿੰਘ ਨੇ ਦੋਹਾਂ ਵੱਡੀਆਂ ਲੜਾਈਆਂ ਦੌਰਾਨ ਸੋਲਾਂ ਸਾਲ ਅੰਗਰੇਜ਼ ਫੌਜ ਦੀ ਨੌਕਰੀ ਕੀਤੀ ਹੋਈ ਸੀ। ਹੁਣ ਤਾਂ ਉਹਨੂੰ ਰਿਟਾਇਰ ਹੋਏ ਨੂੰ ਵੀ ਚਾਲੀ ਸਾਲ ਤੋਂ ਉਪਰ ਹੋ ਚੁੱਕੇ ਸਨ, ਪਰ ਉਹਦੀ ਗੱਲਬਾਤ, ਰੰਗ-ਢੰਗ ਵਿਚ ਫੌਜੀਪੁਣਾ ਪੂਰੀ ਤਰ੍ਹਾਂ ਕਾਇਮ ਸੀ। ਗੁਰਦੁਆਰੇ ਜਿਥੇ ਉਹਦੇ ਵਰਗੇ ਹੋਰ ਬੁੜ੍ਹੇ ਬੈਠੇ ਗੱਲਾਂ ਮਾਰਦੇ, ਉਹ ਉਨ੍ਹਾਂ ਵਿਚ ਕਦੀ ਵੀ ਰਚਦਾ-ਮਿਚਦਾ ਨਹੀਂ ਸੀ। ਰੋਜ਼ ਇਕ-ਅੱਧ ਵਾਰ ਉਥੇ ਜਾਂਦਾ ਜ਼ਰੂਰ, ਪਰ ਕਦੀ ਕਿਸੇ ਨਾਲ, ਕਦੀ ਕਿਸੇ ਨਾਲ ਲੜ-ਝਗੜ ਕੇ ਮੁੜ ਆਉਂਦਾ। ਬਾਕੀ ਦੇ ਤਕਰੀਬਨ ਸਾਰੇ ਸਿਆਣੀ ਉਮਰ ਦੇ ਬੰਦੇ ਪਿੰਡਾਂ ਵਿਚੋਂ ਖੇਤੀ ਕਰਦੇ ਆਏ ਹੋਏ ਸਨ ਤੇ ਇਹ ਆਪਣੇ ਆਪ ਨੂੰ ਉਨ੍ਹਾਂ ਵਿਚ ਫੌਜੀ ਹੋਣ ਕਰ ਕੇ ਜ਼ਰਾ ਚੌਧਰੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ। ਉਹ ਪਿੰਡਾਂ ਦੇ ਸ਼ਿਕਾਰੀ ਬੁੜ੍ਹੇ, ਗੱਪਾਂ ਦੇ ਪੁੱਜ ਕੇ ਮਾਹਿਰ, ਬੰਤਾ ਸਿੰਘ ਨੂੰ ਪਲਾਂ ਵਿਚ ਹੀ ਉਥੋਂ ਭਜਾ ਦਿੰਦੇ। ਮੂੰਹ ਵਿਚ ਉਨ੍ਹਾਂ ਨੂੰ ਗਾਲ੍ਹਾਂ ਕੱਢਦਾ ਉਹ ਸੋਟੀ ਖੜਕਾਉਂਦਾ ਘਰ ਵਲ ਤੁਰ ਪੈਂਦਾ। ਇਕ ਦਿਨ ਗੁਰਦੁਆਰਿਓਂ ਆਉਂਦਾ ਮਿਲਿਆ ਤਾਂ ਮੈਂ ਪੁੱਛਿਆ, "ਬਾਬਾ, ਅੱਜ ਤਾਂ 'ਮੂਡ' ਖਰਾਬ ਹੋਇਆ ਲਗਦੈ, ਕੀ ਗੱਲ ਹੋਈ ਆ?"

"ਗੱਲ ਕੀ ਹੋਣੀ ਆ ਯਾਰ। ਆਹ ਜਿਹੜੇ ਗੁਰਦੁਆਰੇ ਬੁੜ੍ਹੇ ਬੈਠੇ ਹੁੰਦੇ ਆ ਨਾ, ਐਨੇ ਗੰਦੇ ਬੰਦੇ। ਤੋਬਾ ਰੱਬ ਦੀ। ਦੇਖੋ ਯਾਰੋ, ਗੁਰੂ ਘਰ ਬੈਠੇ ਰਤਾ ਭੈਅ ਨ੍ਹੀਂ ਖਾਂਦੇ। ਉਪਰਲਾ ਸਭ ਦੇਖਦਾ। ਚੱਕੂ ਇਨ੍ਹਾਂ ਨੂੰ ਇਕ ਦਿਨ, ਛੇਤੀ ਈ ਕਰੂ ਇਨ੍ਹਾਂ ਦੀ ਗੰਦੀ ਜ਼ਬਾਨ ਬੰਦ।" ਤੇ ਬੰਤਾ ਸਿੰਘ ਬੁੜਬੜਾਉਂਦਾ ਮੈਨੂੰ ਕੋਈ ਗੱਲ ਦੱਸੇ ਬਿਨਾਂ ਹੀ ਚਲੇ ਗਿਆ। ਪਿਛਿਓਂ ਮੈਂ ਗੁਰਦੁਆਰਿਓਂ ਨਿਕਲਦੇ ਕਾਲੀ ਪੱਗ ਵਾਲੇ ਬਾਬੇ ਤੇਜੇ ਨੂੰ ਪੁੱਛਿਆ, "ਬਾਬਾ, ਅੱਜ ਫੌਜੀ ਨੂੰ ਬੜਾ ਭਜਾਇਆ ਬਈ।" ਬੁੜ੍ਹਾ ਤੇਜਾ ਪੁਰਾਣਾ ਕੈਨੇਡੀਅਨ ਸੀ, ਮੇਰੀ ਗੱਲ ਸੁਣ ਕੇ ਹੱਸ ਪਿਆ, "ਜੁਆਨਾ, ਗੱਲ ਕੀ ਹੋਣੀ ਆ... ਯੂ ਨੋ, ਫੌਜੀ ਕਿਸੇ ਹੋਰ ਨੂੰ ਗੱਲ ਥੋੜ੍ਹੇ ਕਰਨ ਦਿੰਦੈ ਜਦੋਂ ਲੱਗ ਪਵੇ ਫੌਜ ਦੀਆਂ ਦੱਸਣ। ਅੱਜ ਵੀ ਲੱਗਾ ਸੀ ਹਮਕੋ-ਤੁਮਕੋ ਕਰਨ। ਮੂਹਰਿਓਂ ਬਿਸ਼ਨਾ ਲੰਬੜ ਵੀ ਯੂ ਨੋ ਪੂਰਾ 'ਡਰਵੀ-ਮਾਈਂਡਡ' ਆ। ਫੌਜੀ ਨੂੰ ਕਹਿਣ ਲੱਗਾ, ਬੁੜਿਆ ਇਥੇ ਆ ਕੇ ਸਾਡੀ ਪਰੇਡ ਕਰਾਉਂਦਾ ਰਹਿੰਨੈਂ, ਬੁੜ੍ਹੀ ਤੇਰੀ ਨੂੰ ਮੁੰਡੇ ਨੇ ਕਦੀ ਬੇਸਮੈਂਟ ਵਿਚ ਵੀ ਆਉਣ ਦਿੱਤੈ? ਬੰਤਾ ਸਿਓਂ ਇਸ ਗੱਲ ਤੋਂ ਬਹੁਤ ਚਲਦੈ। ਬੱਸ ਗਾਲ੍ਹਾਂ ਕੱਢਦਾ ਭੱਜ ਗਿਆ। ਸਾਰੇ ਜਣੇ ਮਿਲ ਕੇ ਫੌਜੀ ਨੂੰ ਛੇੜਦੇ ਵੀ ਬਹੁਤ ਆ ਯੂ ਨੋ'।"

ਤੇਜੇ ਨੇ ਲਗਦਾ ਸੀ ਆਖਰੀ ਗੱਲ ਦਿਲੋਂ ਬੰਤਾ ਸਿੰਘ ਦੀ ਹਮਾਇਤ ਵਿਚ ਆਖੀ ਸੀ।

ਦਰਅਸਲ ਇਸ ਗੱਲੋਂ ਬੰਤਾ ਸਿੰਘ ਵਾਕਿਆ ਈ ਬਹੁਤ ਖਿਝਦਾ ਸੀ। ਇਕ ਵਾਰੀ ਉਹਨੇ ਮੈਨੂੰ ਦੱਸਿਆ, "ਇਹ ਮੁੰਡਾ ਮੇਰਾ ਬੜਾ ਮਾਤਰ...ਆ। ਊਂ ਦੋ ਵੇਲੇ ਪਾਠ ਕਰੂ, ਨਾਲੇ ਐਂ ਦਾੜ੍ਹੀ ਖੁਰਕੀ ਜਾਊ। ਬੁੜ੍ਹੀ ਨੂੰ ਹੁਕਮ ਚਾੜ੍ਹਿਐ, ਪਈ ਉਪਰ ਈ ਰਹੁ, ਥੱਲੇ ਨਹੀਂ ਜਾ ਸਕਦੀ। ਉਹਦੀ ਚੈੱਕ ਵੀ ਕੈਸ਼ ਕਰਾਉਂਦਾ ਆ। ਉਹ ਵਿਚਾਰੀ ਉਤੇ ਬੈਠੀ ਪਾਠ ਕਰਦੀ ਰਹਿੰਦੀ ਆ। ਮੈਂ ਵੀ ਪਹਿਲਾਂ ਜਦੋਂ ਸਾਰੀ ਚੈੱਕ ਦੇ ਦਿੰਦਾ ਸੀ, ਤਾਂ ਉਪਰ ਜਾ ਆਉਂਦਾ ਸੀ। ਰੋਟੀ ਵੀ ਮੇਜ਼ 'ਤੇ ਬਹਿ ਕੇ ਖਾ ਲੈਂਦਾ ਸੀ। ਹੁਣ ਮੈਂ ਸੌ ਡਾਲਰ ਈ ਮਹੀਨੇ ਦਾ ਦੇਨਾਂ ਤਾਂ ਬੱਸ ਭੁੱਜਿਆ ਪਿਆ। ਮੁੰਡੇ ਹੱਥ ਥੱਲੇ ਈ ਰੋਟੀ ਭੇਜ ਦਊ। ਪਹਿਲਾਂ ਉਤੇ ਬਾਥਰੂਮ ਵੀ ਜਾ ਆਈਦਾ ਸੀ। ਕਿਤੇ ਟੱਬ ਵਿਚ ਬੈਠ ਕੇ ਨਹਾ-ਧੋ ਲਈਦਾ ਸੀ। ਹੁਣ ਤਾਂ ਥੱਲੇ ਈ 'ਸ਼ਾਵਰ' ਲੈਣਾ ਪੈਂਦੈ, ਉਹ ਵੀ ਜੇ ਕਿਤੇ ਵਿਹਲਾ ਮਿਲ ਜਾਏ ਤਾਂ। ਭੈਣ ਦੇਣੀ ਦੇ ਗੋਰੇ ਰੱਖੇ ਹੋਏ ਆ ਬੇਸਮੈਂਟ ਵਿਚ। ਮੇਰੇ ਕੋਲ ਤਾਂ ਇਕ ਹੀ ਸੜਿਆ ਜਿਹਾ ਰੂਮ ਆ। ਬੱਸ ਦੋ ਘਰ ਹੋਰ ਲਏ ਹੋਏ ਆ ਇਹਨੇ, ਖਬਰੇ ਸਾਲੇ ਨੇ ਇੰਨਾ ਪੈਸਾ ਕੀ ਕਰਨਾ ਆ...ਕੁੱਤੀ ਔਲਾਦ।"

ਮੇਰੇ ਕੋਲ ਆਪਣੇ ਮੁੰਡਿਆਂ ਨੂੰ ਉਹ ਖੂਬ ਗਾਲ੍ਹਾਂ ਕੱਢਦਾ। ਉਹਦਾ ਇਕ ਮੁੰਡਾ ਬਾਹਰ ਕਿਸੇ ਹੋਰ 'ਟਾਊਨ' ਵਿਚ ਰਹਿੰਦਾ ਸੀ। ਦੋ-ਤਿੰਨ ਸਾਲ ਉਹ ਉਹਦੇ ਕੋਲ ਰਿਹਾ ਸੀ। ਫਿਰ ਉਹਦੇ ਨਾਲ ਖੜਕ ਪਈ ਤਾਂ ਇੱਥੇ ਵੱਡੇ ਕੋਲ ਆ ਗਿਆ।

ਜਦੋਂ ਉਹ ਇਥੇ ਪਹਿਲਾਂ-ਪਹਿਲਾਂ ਆਇਆ ਸੀ, ਤਾਂ ਇਕ-ਦੋ ਦਿਨ ਤਾਂ ਦੂਰੋਂ ਹੀ ਖੜ੍ਹਾ ਮੇਰੀ ਵੱਲ ਦੇਖਦਾ ਰਿਹਾ। ਫਿਰ ਇਕ ਦਿਨ ਜਦ ਮੈਂ



ਉਨ੍ਹਾਂ ਦੇ ਘਰ ਚਿੱਠੀਆਂ ਸੁੱਟ ਕੇ ਪੌੜੀਆਂ ਉਤਰ ਰਿਹਾ ਸੀ, ਤਾਂ ਉਹਨੇ ਝਕਦਿਆਂ-ਝਕਦਿਆਂ ਪਹਿਲਾਂ ਸਿਰ ਦੇ ਇਸ਼ਾਰੇ ਨਾਲ, ਫਿਰ ਹੌਲੀ ਦੇਣੀ ਹੈਲੋ ਕਹੀ। ਮੈਂ ਉਹਦੀ ਘਬਰਾਹਟ ਸਮਝ ਅੱਗਿਉਂ ਹੱਸ ਕੇ ਕਿਹਾ, "ਸੁਣਾਓ ਬਾਬਾ ਜੀ, ਕੀ ਹਾਲ ਚਾਲ ਆ?" ਤਾਂ ਸੁਣ ਕੇ ਉਹ ਹਿੰਮਤ ਨਾਲ ਮੇਰੇ ਵੱਲ ਆਇਆ, ਤੇ ਰੂਹ ਤੱਕ ਖੁਸ਼ ਹੁੰਦਿਆਂ ਉਹਨੇ ਮੇਰੇ ਨਾਲ ਹੱਥ ਮਿਲਾਇਆ, ਜਿਵੇਂ ਕੋਈ ਜਨਮਾਂ ਦਾ ਵਿਛੜਿਆ ਮਿਲ ਗਿਆ ਹੋਵੇ। ਖੁਸ਼ੀ ਨਾਲ ਉਹਨੇ ਮੇਰਾ ਮੋਢਾ ਥਪਥਪਾਇਆ ਤੇ ਬੋਲਿਆ, "ਮੈਂ ਤਾਂ ਕਿਹਾ ਖਬਰੀ ਕੋਈ ਫੜੀ ਫੀਜੀ ਦਾ ਭਾਈ ਹੋਣਾ ਆ, ਪਰ ਤੂੰ ਤਾਂ ਜੁਆਨਾ ਆਪਣਾ ਈ ਬੰਦਾ ਨਿਕਲਿਆ। ਆਹ ਤਾਂ ਬੜੀ ਮੌਜ ਹੋਈ। ਕਿਹੜਾ ਪਿੰਡ ਆ ਪਿਛੇ ਜੁਆਨਾ ਪੰਜਾਬ ਵਿਚ?" "ਮੇਰਾ ਪਿੰਡ ਜਲੰਧਰ ਕੋਲ ਆ ਬਾਬਾ ਜੀ", ਸੁਣ ਕੇ ਉਹ ਥੋੜ੍ਹਾ ਜਿਹਾ ਨਿਰਾਸ ਹੋਇਆ ਲਗਦਾ ਸੀ, ਪਰ ਫਿਰ ਖੁਸ਼ ਹੋ ਕੇ ਕਹਿਣ ਲੱਗਾ, "ਚੱਲੋ ਪਰਦੇਸਾਂ ਵਿਚ ਕੀ ਆ, ਇਕੋ ਗੱਲ ਆ।"

ਉਸ ਦਿਨ ਤੋਂ ਪਿਛੋਂ ਅਸੀਂ ਉਮਰਾਂ ਦੇ ਫਰਕ ਨੂੰ ਅਣਗੌਲਿਆਂ ਕਰ ਕੇ ਦੋਸਤ ਬਣ ਗਏ। ਅਸੀਂ ਦੇਸ਼, ਧਰਮ, ਸਿਆਸਤ, ਇਥੋਂ ਦੇ ਪੰਜਾਬੀ ਮੁੰਡੇ ਕੁੜੀਆਂ ਬਾਰੇ, ਗੱਲ ਕੀ ਹਰ ਕਿਸਮ ਦੇ ਵਿਸ਼ੇ 'ਤੇ ਗੱਲਬਾਤ ਕਰਦੇ। ਉਹ ਗੁਰਦੁਆਰਿਆਂ ਦੀਆਂ, ਉਥੇ ਬਹਿੰਦੇ ਉਹਦੇ ਵਰਗੇ ਸਿਆਣੀ ਉਮਰ ਦੇ ਬੰਦਿਆਂ ਦੀਆਂ ਖਬਰਾਂ ਬੜੇ ਦਿਲਚਸਪ ਤਰੀਕੇ ਨਾਲ ਸੁਣਾਉਂਦਾ। ਵੈਨਕੂਵਰ ਤੇ ਆਸ-ਪਾਸ ਦੇ ਪੰਜਾਬੀਆਂ ਦੀਆਂ ਖਾਸ ਕਰ ਕੇ ਗੁਰਦੁਆਰੇ ਵਾਪਰਦੀਆਂ ਘਟਨਾਵਾਂ ਦਾ ਉਹਨੂੰ ਪੂਰਾ-ਪੂਰਾ ਗਿਆਨ ਹੁੰਦਾ। ਉਹਦੇ ਘਰ ਦੇ ਨੇੜੇ ਜਿਹੜਾ ਗੁਰਦੁਆਰਾ ਪੈ ਰਿਹਾ ਸੀ, ਉਹ ਇਲਾਕੇ ਵਿਚ ਮੋਢੀ ਗੁਰਦੁਆਰਾ ਮੰਨਿਆ ਜਾਂਦਾ ਸੀ। ਮੋਢੀ ਗੁਰਦੁਆਰੇ ਦੇ ਮੋਢੀਆਂ ਦੀ ਅਕਸਰ ਕਿਸੇ ਨਾ ਕਿਸੇ ਗੱਲੇ ਆਏ ਦਿਨ ਜੁੱਤੀ ਖੜਕਦੀ, ਤੇ ਬੰਤਾ ਸਿੰਘ ਲੜਾਈ ਦੀਆਂ ਖਬਰਾਂ ਬੜੀਆਂ ਚੁਸਕੀਆਂ ਲੈ ਕੇ ਸੁਣਾਉਂਦਾ। ਖਬਰਾਂ ਦੇ ਨਾਲ-ਨਾਲ ਮੋਢੀਆਂ ਨੂੰ ਗਾਲ੍ਹਾਂ ਕੱਢ-ਕੱਢ ਆਪਣਾ ਗੁੱਸਾ ਵੀ ਠੰਢਾ ਕਰਦਾ। ਉਹਦੀਆਂ ਗਾਲ੍ਹਾਂ ਵਿਚੋਂ ਉਹਦੇ ਮਨ ਦਾ ਦੁੱਖ ਤੇ ਗੁੱਸਾ ਝਾਕਦਾ ਜਿਹੜਾ ਉਹ ਸਿੱਖ ਧਰਮ ਦੀ ਬੇਪਤੀ 'ਤੇ ਮਹਿਸੂਸ ਕਰਦਾ। ਗੁਰਦੁਆਰੇ ਦੇ ਪ੍ਰਬੰਧਕਾਂ 'ਤੇ ਇਕ ਗੱਲ ਦਾ ਉਹਨੂੰ ਸਭ ਤੋਂ ਵੱਧ ਦੁੱਖ ਸੀ, ਤੇ ਉਹ ਬਹੁਤ ਵਾਰੀ ਇਸ ਦੀ ਚਰਚਾ ਕਰਦਾ, "ਸਰਦਾਰ ਜੀ, ਜਿਹੜੀ ਕੌਮ ਆਪਣੇ ਵੱਡਿਆਂ ਵਡੇਰਿਆਂ ਦੀਆਂ ਥਾਂਵਾਂ ਨੂੰ ਨਹੀਂ ਸੰਭਾਲ ਸਕਦੀ, ਉਹਦਾ ਤਾਂ ਰੱਬ ਈ ਰਾਖਾ ਆ। ਇਹ ਸਾਡੇ ਚੌਧਰੀ ਤਾਂ ਪਤਾ ਨੀ ਭੈਣ ਦੇਣੀ ਦੇ ਕੀ ਸੋਚਦੇ ਆ, ਸਹੁਰਿਆਂ ਮੇਰਿਆਂ ਨੇ ਪਤਾ ਨ੍ਹੀਂ ਕਿਹੜੇ ਲਾਲਚ ਨੂੰ ਬਾਬੇ ਦੀ ਥਾਂ ਵੇਚ ਕੇ ਅਹੁ ਮਾਰੀ, ਪਈ ਦੱਸੋ ਸਾਲਿਓ ਮੇਰਿਓ, ਸਿੱਖ ਸੰਗਤ ਮਰ ਗਈ ਸੀ, ਜਿੰਨੀ ਮਰਜ਼ੀ ਮਾਇਆ ਮੰਗ ਲੈਂਦੇ, ਉਹ ਮਹਾਨ ਇਤਿਹਾਸਕ ਥਾਂ ਨੂੰ ਤਾਂ ਸਾਂਭ ਰੱਖਦੇ...।" ਤੇ ਫਿਰ ਉਹ ਗਾਲ੍ਹਾਂ ਕੱਢਦਾ ਹੌਲੀ-ਹੌਲੀ ਘਰ ਵੱਲ ਤੁਰ ਪੈਂਦਾ।

ਇਕ ਵਾਰੀ ਉਹ ਬੜਾ ਘਾਬਰਿਆ ਜਿਹਾ ਮੇਰੇ ਕੋਲ ਆਇਆ ਤੇ ਰਾਜ਼ ਭਰੇ ਅੰਦਾਜ਼ ਵਿਚ ਕਹਿਣ ਲੱਗਾ, "ਮੱਲਿਆ, ਆਹ ਵੀਕ ਐਂਡ 'ਤੇ ਗੁਰਦੁਆਰੇ ਚੱਲਣਾਂ ਫਿਰ ਜ਼ਰੂਰ।"

ਮੈਂ ਸਮਝਿਆ ਸ਼ਾਇਦ ਕੋਈ ਇਨ੍ਹਾਂ ਨੇ ਅਖੰਡ ਪਾਠ ਰਖਾਇਆ ਹੋਊ, ਜਾਂ ਕਿਸੇ ਦਾ ਵਿਆਹ ਹੋਵੇਗਾ। ਮੈਂ ਤਸੱਲੀ ਕਰਨ ਲਈ ਪੁੱਛਿਆ, "ਕੋਈ ਆਪਣਾ ਪ੍ਰੋਗਰਾਮ ਆ ਬਾਬਾ ਜੀ।"

"ਨਹੀਂ ਭਾਈ, ਆਪਣਾ ਤਾਂ ਕੋਈ ਨ੍ਹੀਂ, ਸਗੋਂ ਸਾਰੀ ਸੰਗਤ ਦਾ ਆ। ਤੂੰ ਪਹੁੰਚੀਂ ਜ਼ਰੂਰ।"

ਮੇਰੇ ਦੁਬਾਰਾ ਪੁੱਛਣ 'ਤੇ ਆਲਾ-ਦੁਆਲਾ ਦੇਖ ਕੇ ਕਹਿਣ ਲੱਗਾ, "ਓ ਕਾਕਾ, ਵੱਡੇ ਗੁਰਦੁਆਰੇ 'ਲੈਕਸ਼ਨ ਆ ਐਤਵਾਰ ਨੂੰ। ਪਤਾ ਲੱਗੈ, ਪਈ ਕੋਮਨਿਸਟ ਗੁਰੂ ਘਰ 'ਤੇ ਕਬਜ਼ਾ ਕਰਨਾ ਚਾਹੁੰਦੇ ਆ। ਬੱਸ ਉਨ੍ਹਾਂ ਦਾ ਕਬਜ਼ਾ ਨਹੀਂ ਹੋਣ ਦੇਣਾ।" "ਨਾਲੇ ਰੋਜ਼ ਚੌਧਰੀਆਂ ਨੂੰ ਨਿੰਦਦਾ ਰਹਿੰਨਾ, ਹੁਣ ਹੋਣ ਦੇ ਬਦਲੀ ਉਨ੍ਹਾਂ ਦੀ।" ਮੈਂ ਬਾਬੇ ਤੋਂ ਹੋਰ ਗੱਲਬਾਤ ਜਾਣਨ ਲਈ ਕਿਹਾ।

"ਬੰਦੇ ਤਾਂ ਉਹ ਮਾੜੇ ਈ ਆ, ਪਰ ਚਲੋ ਆਪਣਾ ਕੀਤਾ ਪਾਉਣਗੇ, ਪਰ ਉਹ ਘੱਟੋ-ਘੱਟ ਰੱਬ ਵਿਚ ਤਾਂ ਯਕੀਨ ਰੱਖਦੇ ਆ, ਤੇ ਇਹ ਕੋਮਨਿਸਟ ਤਾਂ ਰੱਬ ਨੂੰ ਈ ਨ੍ਹੀਂ ਮੰਨਦੇ। ਇਹ ਤਾਂ ਗੁਰਦੁਆਰੇ ਨੂੰ ਈ ਵੇਚ ਵੱਟ ਕੇ ਖਾ ਜਾਣਗੇ।"

ਮੈਂ ਉਹਦੀ ਸਿਆਸਤ ਬਾਰੇ ਉਹਨੂੰ ਕਈ ਕੁਝ ਕਹਿਣਾ ਚਾਹੁੰਦਾ ਸੀ, ਪਰ ਮੈਂ ਉਹਦੇ ਇਮਾਨਦਾਰ ਜਿਹੇ ਮੂੰਹ ਵੱਲ ਦੇਖ ਕੇ ਚੁੱਪ ਈ ਕਰ ਰਿਹਾ।

ਆਲੇ-ਦੁਆਲੇ ਦੀਆਂ ਗੱਲਾਂ ਦੇ ਨਾਲ-ਨਾਲ ਬੰਤਾ ਸਿੰਘ ਮੇਰੇ ਨਾਲ ਦਿਲ ਦੀਆਂ ਗੱਲਾਂ ਵੀ ਕਰ ਲੈਂਦਾ। ਉਹਦੀਆਂ ਕਈ ਗੱਲਾਂ ਨਿਆਣਿਆਂ ਵਰਗੀਆਂ ਇੰਨੀਆਂ ਅਜੀਬ ਹੁੰਦੀਆਂ, ਮੇਰਾ ਦਿਲ ਕਰਦਾ ਕਿ ਉਹ ਨਿੱਕਾ ਜਿਹਾ ਨਿਆਣਾ ਹੋਵੇ, ਤਾਂ ਮੈਂ ਉਹਨੂੰ ਚੁੱਕ ਕੇ ਖੂਬ ਖਿਡਾਵਾਂ; ਜਿਵੇਂ ਇਕ ਦਿਨ ਉਹ 'ਡਾਊਨ ਟਾਊਨ' ਗਿਆ ਤਾਂ ਉਥੋਂ ਕਿਸੇ 'ਸੈਕਿੰਡ ਹੈਂਡ' ਸਟੋਰ ਵਿਚੋਂ ਫੌਜੀਆਂ ਵਾਲੀ ਸੋਟੀ ਖਰੀਦ ਲਿਆਇਆ। ਉਸ ਸੋਟੀ ਦੇ ਸਿਰੇ ਉਤੇ ਹੱਥ ਪਾਉਣ ਲਈ ਬਹੁਤ ਸੋਹਣਾ ਹੈਂਡਲ ਬਣਿਆ ਹੋਇਆ ਸੀ ਜਿਹਦੀਆਂ ਦੋ ਫਾਕੜਾਂ ਦੋਹਾਂ ਪਾਸਿਆਂ ਨੂੰ ਖੁੱਲ੍ਹ ਜਾਂਦੀਆਂ ਹਨ ਤੇ ਉਨ੍ਹਾਂ ਉਪਰ ਬੜੇ ਆਰਾਮ ਨਾਲ ਬੈਠਿਆ ਜਾ ਸਕਦਾ ਸੀ। ਸੋਟੀ ਦਾ ਇਕ ਸਿਰਾ ਤਿੱਖਾ ਸੀ ਜਿਹੜਾ ਜ਼ਮੀਨ ਵਿਚ ਧਸ ਜਾਂਦਾ ਸੀ। ਬੰਤਾ ਸਿੰਘ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਮੈਨੂੰ ਉਹ ਆਪਣੇ ਘਰ ਤੋਂ ਉਰੇ ਹੀ ਆ ਮਿਲਿਆ। ਸੜਕ ਕੰਢੇ ਘਾਹ ਵਿਚ ਸੋਟੀ ਗੱਡ ਕੇ, ਤੇ ਹੱਥੜੀ ਖੋਲ੍ਹ ਲੱਤਾਂ ਥੋੜ੍ਹੀਆਂ ਪਾਸਿਆਂ ਨੂੰ ਖੋਲ੍ਹ ਕੇ ਗੋਡਿਆਂ ਉਪਰ ਹੱਥ ਰੱਖ ਹੱਥੜੀ ਉਪਰ ਪਿੱਛਾ ਟਿਕਾ ਕੇ ਉਹ ਨਿਆਣਿਆਂ ਵਾਂਗ ਮੇਰੇ ਵੱਲ ਝਾਕਣ ਲੱਗਾ। ਉਹਦਾ ਚਿੱਟੀ ਦਾੜ੍ਹੀ ਵਾਲਾ ਚਿਹਰਾ ਖੁਸ਼ੀ ਵਿਚ ਲਾਲ ਹੋਇਆ ਪਿਆ ਸੀ। ਮੈਂ ਹੈਰਾਨ ਹੋਇਆ ਉਹਦੇ ਅੱਗੇ ਖੜ੍ਹਾ ਸੀ। ਉਹਨੇ ਸਿਰ ਨੂੰ ਉਪਰ ਜੁੰਬਿਸ਼ ਦਿੰਦਿਆਂ ਕਿਹਾ, "ਕਿਉਂ, ਹੁਣ ਦੱਸ? ਆਹ ਆ ਸਰਦਾਰ ਜੀ ਖਰੀਦ ਪੰਤਾਲੀਆਂ ਸਾਲਾਂ ਦੀ। ਇਹ ਮੇਰੀ ਹਿੱਕ ਵਿਚ ਰੜਕਦੀ ਸੀ। ਸਾਡੇ ਅੰਗਰੇਜ਼ ਅਫਸ਼ਰਾਂ ਕੋਲ ਹੁੰਦੀਆਂ ਸੀ ਇਹੋ ਜਿਹੀਆਂ। ਭੈਣ ਦੇਣੀ ਦੇ ਜਿਥੇ ਮਰਜ਼ੀ ਗੱਡ ਕੇ ਚਿੱਤੜ ਟਿਕਾ ਕੇ ਬਹਿ ਜਾਂਦੇ ਸੀ।" ਸੋਟੀ ਨੂੰ ਹੱਥ ਵਿਚ ਫੜੀ ਪਲੋਸਦਾ ਉਹ ਆਪਣੇ ਫੌਜੀ ਜੀਵਨ ਦੀਆਂ ਕਹਾਣੀਆਂ ਸੁਣਾਉਣ ਲੱਗ ਪਿਆ।

ਕਦੀ-ਕਦੀ ਉਹ ਫੌਜ ਵੇਲੇ ਦੀਆਂ ਗੱਲਾਂ ਬੜੀਆਂ ਚੜ੍ਹਾ ਕੇ ਕਰਦਾ ਲਗਦਾ, ਜਿਵੇਂ ਹਰ ਗੱਲ ਰੋਅਬ ਪਾਉਣ ਲਈ ਹੀ ਕਰ ਰਿਹਾ ਹੋਵੇ। ਇਕ ਵਾਰੀ ਉਹਦੀਆਂ ਗੱਲਾਂ ਤੋਂ ਅੱਕ ਕੇ ਮੈਂ ਉਹਨੂੰ ਕਹਿ ਬੈਠਾ, "ਬਾਬਾ, ਜਦੋਂ ਜੈਤੋ ਦਾ ਮੋਰਚਾ ਲੱਗਾ ਸੀ, ਉਦੋਂ ਵੀ ਤੂੰ ਅੰਗਰੇਜ਼ਾਂ ਦੀ ਫੌਜ ਵਿਚ ਸੀ। ਜਦੋਂ ਭਗਤ ਸਿੰਘ ਨੂੰ ਫਾਂਸੀ ਲੱਗੀ, ਉਦੋਂ ਵੀ ਤੂੰ ਉਨ੍ਹਾਂ ਦੀ ਫੌਜ ਵਿਚ ਸੀ।" ਮੈਨੂੰ ਆਪ ਪੱਕਾ ਪਤਾ ਨਹੀਂ ਸੀ, ਪਈ ਮੈਂ ਇਹ ਗੱਲ ਕਿਉਂ ਕੀਤੀ, ਪਰ ਲਗਦਾ ਸੀ ਜਿਵੇਂ ਉਹਨੂੰ ਮੇਰੀ ਕਹੀ ਗੱਲ ਦੀ ਪੂਰੀ ਸਮਝ ਪੈ ਗਈ ਹੋਵੇ, ਤੇ ਉਹਨੇ ਫਿਰ ਮੇਰੇ ਕੋਲ ਰੋਅਬ ਪਾਉਣ ਵਾਲੀਆਂ ਗੱਲਾਂ ਕਰਨੀਆਂ ਛੱਡ ਦਿੱਤੀਆਂ।

ਬੰਤਾ ਸਿੰਘ ਦੀ ਘਰ ਦੇ ਕਿਸੇ ਵੀ ਜੀਅ ਨਾਲ ਪੂਰੀ ਤਰ੍ਹਾਂ ਬਣਦੀ ਨਹੀਂ ਸੀ। ਉਹਨੂੰ ਆਪਣੇ ਪੋਤੇ-ਪੋਤੀਆਂ ਦਾ ਕੋਈ ਵੀ ਤੌਰ-ਤਰੀਕਾ ਪਸੰਦ ਨਹੀਂ ਸੀ। ਇਕ ਦਿਨ ਸਾਡੇ ਖੜ੍ਹਿਆਂ ਕੋਲ ਦੀ ਉਹਦਾ ਤੇਰਾਂ-ਚੌਦਾਂ ਸਾਲਾਂ ਦਾ ਪੋਤਾ ਲੰਘਿਆ। ਉਹਦੇ ਲੰਮੇ-ਲੰਮੇ ਵਾਲਾਂ ਵੱਲ ਦੇਖਦਾ ਤੇ ਖਿਝਦਾ ਬੰਤਾ ਸਿੰਘ ਬੋਲਿਆ, "ਦੇਖ ਸਾਲੇ ਮਾਤਰ...ਨੇ ਕੀ ਵਜਾ ਬਣਾਈ ਆ, ਡੰਡਾ ਲੈ ਕੇ ਸਿਖਰ ਦੁਪਹਿਰੇ ਪਰੇਡ ਕਰਾਵੇ ਇਹਦੀ, ਦੇਖ ਫਿਰ ਸਿੱਧਾ ਹੁੰਦਾ, ਪਰ ਜੁਆਨਾ, ਇਥੇ ਤਾਂ ਕੌਤਕ ਈ ਹੋਰ ਆ...ਅੱਛਾ ਚਲੋ ਇਹ ਵੀ ਦਿਨ ਦੇਖਣੇ ਸੀ।" ਉਹਦੀ ਆਵਾਜ਼ ਵਿਚ ਕੰਗਾਲ ਹੋ ਚੁੱਕੇ ਮਨੁੱਖ ਦਾ ਬੋਲ ਸੀ। ਆਪਣੀ ਘਰਵਾਲੀ ਬਾਰੇ ਕੀਤੀਆਂ ਗੱਲਾਂ ਉਹਦੀ ਇਕੱਲਤਾ ਦਾ ਹੋਰ ਵੀ ਡੂੰਘਾ ਅਹਿਸਾਸ ਕਰਾਉਂਦੀਆਂ, "ਜਿੰਨਾ ਚਿਰ ਫੌਜ ਵਿਚ ਰਿਹਾ, ਉਨਾ ਚਿਰ ਛੁੱਟੀ ਆਏ ਨਾਲ ਹੱਸ ਕੇ ਬੋਲਦੀ ਹੁੰਦੀ ਸੀ। ਆਹ ਜੁਆਕ ਵੀ ਉਦੋਂ ਈ ਹੋ ਹੂ ਗਏ। ਪਿਛੋਂ ਤਾਂ ਸਹੁਰੀ ਨੇ ਸਾਰੀ ਜ਼ਿੰਦਗੀ ਹੱਸ ਕੇ ਬੁਲਾਇਆ ਹੀ ਨਹੀਂ। ਹੁਣ ਦਸ-ਗਿਆਰਾਂ ਸਾਲ ਹੋ ਗਏ ਆ ਇਥੇ ਬੜੇ ਕੋਲ ਰਹਿੰਦੇ ਨੂੰ, ਕੂੰਅਦੀ ਈ ਨਹੀਂ ਮੇਰੇ ਨਾਲ ਤਾਂ। ਬੱਸ ਪਾਠ ਈ ਕਰੀ ਜਾਂਦੀ ਆ ਚਵ੍ਹੀ ਘੰਟੇ, ਖਬਰੇ ਕਿਹੜੇ ਪਾਪ ਬਖਸ਼ਾਉਂਦੀ ਆ।" ਆਪਣੀ ਘਰਵਾਲੀ ਦੀਆਂ ਗੱਲਾਂ ਉਹ ਸੱਤ ਬਿਗਾਨਿਆਂ ਵਾਂਗ ਕਰਦਾ।

ਇਕ ਦਿਨ ਉਹ ਕਿਸੇ ਦੇ ਘਰ ਰੱਖੇ ਸਾਧਾਰਨ ਪਾਠ ਦਾ ਪਾਠ ਕਰਦਾ ਆਇਆ ਸੀ। ਕਾਫ਼ੀ ਥੱਕਿਆ-ਥੱਕਿਆ ਲਗਦਾ ਸੀ। ਪਾਠ ਕਰਨ ਤੋਂ ਬਾਅਦ ਅੱਗੇ ਉਹ ਕਾਫ਼ੀ ਚੜ੍ਹਦੀਆਂ ਕਲਾਂ ਵਿਚ ਹੁੰਦਾ ਸੀ, ਪਰ ਅੱਜ ਕਾਫ਼ੀ ਮੱਧਮ ਲਗਦਾ ਸੀ। ਮੈਨੂੰ ਕਹਿੰਦਾ, "ਕਾਕਾ, ਰੱਤੀ ਮਨ ਨ੍ਹੀਂ ਲਗਦਾ ਇਸ ਪਰਾਈ ਧਰਤ 'ਤੇ। ਦਿਲ ਕਰਦਾ, ਪਈ ਅੱਖਾਂ ਬੰਦ ਕਰ ਕੇ ਖੋਲ੍ਹਾਂ ਤਾਂ ਪਿੰਡ ਹੋਵਾਂ। ਉਥੇ ਸਹੁਰਾ ਪੈਲੀਆਂ ਵਿਚ ਫਿਰ-ਤੁਰ ਕੇ ਇਧਰ-ਉਧਰ ਦੇ ਯੱਕੜ ਮਾਰ ਕੇ ਵਾਹਵਾ ਦਿਨ ਲੰਘਦੇ ਸੀਗੇ। ਇਸ ਤਰ੍ਹਾਂ ਦੀ ਉਦਾਸੀ ਤਾਂ ਕਦੀ

*(ਬਾਕੀ ਸਫਾ 33 'ਤੇ)*

*ਸਾਹਿਤ ਅਤੇ ਕਲਾ ਦਾ ਇਹ ਮਨੋਰਥ ਤਾਂ ਹੈ ਹੀ ਕਿ ਇਹ ਇਨਸਾਨੀ ਜ਼ਿੰਦਗੀ ਦੀਆਂ ਖਾਮੀਆਂ ਅਤੇ ਖੂਬੀਆਂ ਨੂੰ ਜਾਹਰ ਕਰੇ, ਪਰ ਕਲਾ ਦਾ ਇਹ ਮਨੋਰਥ ਇਸ ਤੋਂ ਵੀ ਵਡਾ ਹੈ ਕਿ ਇਹ ਜ਼ਿੰਦਗੀ ਦੇ ਸੁਹੱਪਣ ਨੂੰ ਇਸ ਅੰਦਾਜ਼ ਵਿਚ ਬਿਆਨ ਕਰੇ ਜਿਸ ਨੂੰ ਪੜ੍ਹਦਿਆਂ-ਵੇਖਦਿਆਂ-ਸੁਣਦਿਆਂ ਆਦਮੀ ਵਾਹ ਵਾਹ ਕਰ ਉਠੇ। ਸੰਸਾਰ ਸਾਹਿਤ ਦੀ ਗੱਲ ਕਰੀਏ ਤਾਂ ਇਹੋ ਹੀ ਤਾਂ ਸੀ ਜੋ 20ਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਪਹਿਲਾਂ ਚੈਕ ਲੇਖਕ ਮਿਲਾਨ ਕੁੰਡਰਾ ਅਤੇ ਕੋਲੰਬੀਅਨ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਖੇਜ਼ ਨੇ ਕੀਤਾ ਅਤੇ ਉਨ੍ਹਾਂ ਤੋਂ ਬਾਅਦ ਇਸੇ ਮਨੋਰਥ ਦਾ ਝੰਡਾ ਲਾਤੀਨੀ ਅਮਰੀਕੀ ਮੂਲ ਦੇ ਲੇਖਕ ਇਓਸ਼ਾ ਅਤੇ ਸਾਡੇ ਸਮਿਆਂ ਦੇ ਮਹਾਨ ਟਰਕਿਸ਼ ਨਾਵਲਕਾਰ ਔਰਹਾਨ ਪਾਮੁਕ ਨੇ ਆਪਣੀਆਂ ਲਿਖਤਾਂ ਵਿਚ ਬੁਲੰਦ ਰੱਖਿਆ ਹੋਇਆ ਹੈ। ਪਾਮੁਕ ਨੇ ਆਪਣੀ ਪ੍ਰਤਿਭਾ ਦਾ ਲੋਹਾ ਤਾਂ ਆਪਣੇ 'ਮਾਈ ਨੇਮ ਇਜ਼ ਰੈਡ' ਨਾਂ ਦੇ ਨਾਵਲ ਨਾਲ ਹੀ ਮੰਨਵਾ ਲਿਆ ਸੀ ਪ੍ਰੰਤੂ ਉਸ ਤੋਂ ਬਾਅਦ 'ਵਾਈਟ ਕੈਸਲ', 'ਦਾ ਬਲੈਕ ਬੁੱਕ' ਅਤੇ 'ਇਸਤੰਬੋਲ' ਵਰਗੀਆਂ ਕਿਰਤਾਂ ਹੋਰ ਵੀ ਕਮਾਲ ਸਨ। ਪਾਮੁਕ ਦੀ ਪ੍ਰਤਿਭਾ ਦਾ ਜਰਾ ਲਿਸ਼ਕਾਰਾ ਜਿਹਾ ਦਿਖਾਉਣ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰੋ. ਰਾਜੇਸ਼ ਸ਼ਰਮਾ ਨੇ ਉਸ ਦੀ ਲਿਖਤ ਦਾ ਇਕ ਨਿੱਕਾ ਜਿਹਾ ਟੁਕੜਾ ਅਨੁਵਾਦ ਕਰ ਕੇ ਭੇਜਿਆ ਹੈ ਜਿਸ ਵਿਚ ਇਕ ਨਿੱਕੀ ਜਿਹੀ ਬਾਲੜੀ ਘਰ ਦੀ ਖੁਲ੍ਹੀ-ਡੁਲ੍ਹੀ ਫਿਜ਼ਾ ਤੋਂ ਬਾਹਰ ਸਕੂਲ ਦੀ ਚਾਰ ਦੀਵਾਰੀ ਦੀਆਂ ਬੰਦਸ਼ਾਂ ਤੋਂ ਤ੍ਰਹਿੰਦੀ ਨਜ਼ਰ ਆਉਂਦੀ ਹੈ। ਜਿਸ ਸਹਿਜ ਨਾਲ ਉਸ ਪਿਆਰੀ ਬੱਚੀ ਦੀ ਮਾਸੂਮੀਅਤ ਨੂੰ ਸ਼ਬਦਾਂ ਰਾਹੀਂ ਪਕੜਿਆ ਹੈ-ਪੜ੍ਹਦਿਆਂ ਪਾਠਕ ਅਸ਼-ਅਸ਼ ਕਰ ਉਠਦਾ ਹੈ। ਪਾਮੁਕ ਦੀ ਇਸ ਲਿਖਤ ਦਾ ਇਹ ਨਮੂਨਾ ਹਾਜ਼ਰ ਹੈ। -ਸੰਪਾਦਕ*

# ਮੈਂ ਨਹੀਂ ਜਾਣਾ ਸਕੂਲੇ


**ਔਰਹਾਨ ਪਾਮੁਕ**

**ਅਨੁਵਾਦ: ਪ੍ਰੋ. ਰਾਜੇਸ਼ ਸ਼ਰਮਾ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**


ਮੈਂ ਨਹੀਂ ਜਾਣਾ ਸਕੂਲੇ। ਮੈਨੂੰ ਨੀਨੀ ਆਈ ਐ। ਠੰਢੀ ਲੱਗਦੀ ਐ। ਸਕੂਲੇ ਮੈਨੂੰ ਕੋਈ ਪਾਰੀ ਨਹੀਂ ਕਰਦਾ।

ਮੈਂ ਸਕੂਲੇ ਨਹੀਂ ਜਾਣਾ। ਉਥੇ ਦੋ ਬੱਚੇ ਨੇ। ਮੈਥੋਂ ਵੱਡੇ। ਤਕੜੇ ਵੀ। ਉਨ੍ਹਾਂ ਕੋਲੋਂ ਲੰਘਦੀ ਆਂ, ਤਾਂ ਬਾਂਹਾਂ ਅੱਡ ਕੇ ਖੜ੍ਹ ਜਾਂਦੇ ਐ, ਰਾਹ ਰੋਕ ਕੇ। ਡਰ ਲਗਦੈ ਮੈਨੂੰ।

ਡਰ ਲਗਦੈ। ਮੈਂ ਨਹੀਂ ਜਾਣਾ ਸਕੂਲੇ। ਉਥੇ ਤਾਂ ਟੈਮ ਹੀ ਰੁਕ ਜਾਂਦਾ ਏ। ਸਭ ਕੁਝ ਸਕੂਲੋਂ ਉਰੇ ਹੀ ਰਹਿ ਜਾਂਦੈ, ਬਾਹਰ। ਗੇਟੋਂ ਬਾਹਰ।

ਜਿਵੇਂ ਘਰ 'ਚ ਮੇਰਾ ਕਮਰਾ। ਮੰਮੀ ਵੀ, ਡੈਡੀ, ਖਿਡੌਣੇ, ਚੁਬਾਰੇ ਬਾਹਰ ਬੈਠੀਆਂ ਚਿੜੀਆਂ। ਸਕੂਲ 'ਚ ਜਦੋਂ ਮੈਨੂੰ ਉਹ ਯਾਦ ਆਉਂਦੇ ਨੇ, ਮੇਰਾ ਰੋਣਾ ਹੀ ਨਿਕਲ ਜਾਂਦੈ। ਮੈਂ ਬਾਰੀਓਂ ਬਾਹਰ ਦੇਖਦੀ ਆਂ। ਬਾਹਰ ਅਸਮਾਨ 'ਚ ਬੱਦਲ ਹੀ ਬੱਦਲ ਹੁੰਦੇ ਨੇ।

ਜੋ ਮਰਜ਼ੀ ਐ, ਮੈਂ ਬਸ ਸਕੂਲੇ ਨਹੀਂ ਜਾਣਾ। ਮੈਨੂੰ ਨਹੀਂ ਚੰਗਾ ਲਗਦਾ ਕੁਝ ਵੀ ਉਥੇ। ਇਕ ਦਿਨ, ਪਤਾ? ਦਰਖ਼ਤ ਦੀ ਫੋਟੋ ਬਣਾਈ। ਮੈਡਮ ਜੀ ਕਹਿੰਦੇ, "ਸੱਚੀਂ, ਇਹ ਤਾਂ ਦਰਖ਼ਤ ਐ! ਸ਼ਾਬਾਸ਼!" ਮੈਂ ਇਕ ਹੋਰ ਦਰਖ਼ਤ ਬਣਾਇਆ। ਉਹਦੇ 'ਤੇ ਵੀ ਕੋਈ ਪੱਤਾ ਨਹੀਂ ਸੀ।

ਫੇਰ ਨਾ ਇਕ ਬੱਚਾ ਆ ਕੇ ਮੇਰਾ ਮਜ਼ਾਕ ਉਡਾਣ ਲੱਗ ਪਿਆ।

ਮੈਂ ਨਹੀਂ ਸਕੂਲੇ-ਸਕਾਲੇ ਜਾਣਾ। ਰਾਤੀਂ ਸੌਣ ਵੇਲੇ ਜਦੋਂ ਮੈਂ ਸੋਚਦੀ ਆਂ ਸਵੇਰੇ ਸਕੂਲੇ ਜਾਣਾ ਏ, ਮੈਨੂੰ ਬੜਾ ਡਰ ਲਗਦੈ। ਮੈਂ ਕਹਿੰਦੀ ਆਂ, "ਮੈਂ ਸਕੂਲੇ ਨਹੀਂ ਜਾਣਾ।" ਉਹ ਕਹਿੰਦੇ, "ਇੰਜ ਨਹੀਂ ਆਖਦੇ। ਹਰ ਕੋਈ ਸਕੂਲੇ ਜਾਂਦਾ ਏ।"

ਹਰ ਕੋਈ? ਜਾਣ ਦਿਓ ਫੇਰ! ਕੀ ਹੋ ਜਾਊ ਜੇ ਮੈਂ ਸਕੂਲੇ ਨਾ ਜਾਊਂ। ਮੈਂ ਗਈ ਸੀ ਨਾ ਕੱਲ੍ਹ? ਗਈ ਸੀ ਨਾ? ਜੇ ਕੱਲ੍ਹ ਨੂੰ ਨਾ ਜਾਵਾਂ ਤਾਂ? ਪਰਸੋਂ ਨੂੰ ਚਲੀ ਜਾਊਂ!

ਮੈਂ ਘਰੇ ਆਪਣੇ ਮੰਜੇ 'ਤੇ ਈ ਕਿਉਂ ਨਾ ਪਈ ਰਹਾਂ? ਜਾਂ ਆਪਣੇ ਕਮਰੇ 'ਚ ਕਿਤੇ ਵੀ, ਬਸ ਉਸ ਸਕੂਲ 'ਚ ਨਹੀਂ।

ਮੈਂ ਸਕੂਲੇ ਨਹੀਂ ਜਾਣਾ, ਬਿਮਾਰ ਆਂ ਮੈਂ। ਦਿਸਦਾ ਨਹੀਂ? ਜਿਵੇਂ ਈ ਕੋਈ ਸਕੂਲ ਦਾ ਨਾਂ ਲੈਂਦਾ ਏ, ਮੇਰਾ ਜੀਅ ਖਰਾਬ ਹੋਣ ਲਗਦੈ। ਢਿੱਡ 'ਚ ਪੀੜ ਹੋਣ ਲੱਗ ਪੈਂਦੀ ਏ। ਦੁੱਧ ਵੀ ਨਹੀਂ ਪੀਤਾ ਜਾਂਦਾ।

ਮੈਂ ਨਹੀਂ ਆਹ ਦੁੱਧ ਪੀਣਾ। ਕੁਝ ਖਾਣਾ ਵੀ ਨਹੀਂ। ਸਕੂਲੇ ਵੀ ਨਹੀਂ ਜਾਣਾ। ਮੇਰਾ ਮੂਡ ਖਰਾਬ ਐ। ਮੈਨੂੰ ਕੋਈ ਪਾਰੀ ਨਹੀਂ ਕਰਦਾ। ਉਹ ਦੋ ਬੱਚੇ! ਬਾਹਾਂ ਅੱਡ ਕੇ ਮੇਰੀ ਰਾਹ 'ਚ ਖੜ੍ਹ ਜਾਂਦੇ ਨੇ।

ਮੈਡਮ ਜੀ ਕੋਲ ਗਈ ਸੀ। ਕਹਿੰਦੇ, "ਮੇਰੇ ਪਿੱਛੇ-ਪਿੱਛੇ ਕਿਉਂ ਤੁਰੀ ਆਉਂਦੀ ਐਂ?" ਜੇ ਤੁਸੀਂ ਗੁੱਸੇ ਨਹੀਂ ਹੋਵੋਗੇ, ਮੈਂ ਇਕ ਗੱਲ ਦੱਸਾਂ? ਮੈਂ ਹਮੇਸ਼ਾ ਮੈਡਮ ਜੀ ਦੇ ਪਿੱਛੇ-ਪਿੱਛੇ ਚਲਦੀ ਰਹਿੰਦੀ ਆਂ, ਤੇ ਮੈਡਮ ਜੀ ਕਹਿੰਦੇ ਰਹਿੰਦੇ ਆ, "ਮੇਰੇ ਪਿੱਛੇ ਨਾ ਆਇਆ ਕਰ।"

ਮੈਂ ਬਸ ਸਕੂਲੇ ਨਹੀਂ ਜਾਣਾ। ਕਦੀ ਨਹੀਂ ਜਾਣਾ। ਪਤਾ ਕਿਉਂ? ਬਸ ਮੇਰਾ ਮਨ ਨਹੀਂ ਕਰਦਾ। ਏਸ ਲਈ।

ਅੱਧੀ ਛੁੱਟੀ ਵੇਲੇ ਮੇਰਾ ਬਾਹਰ ਜਾਣ ਨੂੰ ਵੀ ਮਨ ਨਹੀਂ ਕਰਦਾ। ਜਦੋਂ ਸਾਰੇ ਮੈਨੂੰ ਭੁੱਲ ਜਾਂਦੇ ਨੇ, ਉਦੋਂ ਹੀ ਅੱਧੀ ਛੁੱਟੀ ਹੋ ਜਾਂਦੀ ਏ। ਖੱਪ-ਖ਼ਾਨਾ ਪੈ ਜਾਂਦੈ, ਪਤਾ ਈ ਨਹੀਂ ਚਲਦਾ ਕੀ ਹੋ ਰਿਹੈ। ਸਾਰੇ ਦੌੜ ਪੈਂਦੇ ਨੇ।

ਮੈਡਮ ਜੀ ਅੱਖਾਂ ਕੱਢ ਕੇ ਦੇਖਦੇ ਨੇ ਮੇਰੇ ਵੱਲ। ਵੈਸੇ ਤਾਂ ਉਨ੍ਹਾਂ ਦੀ ਸ਼ਕਲ ਵੀ ਐਵੇਂ ਦੀ ਏ। ਮੈਂ ਨਹੀਂ ਸਕੂਲੇ ਜਾਣਾ। ਇੱਕ ਬੱਚਾ ਏ ਜਿਹਨੂੰ ਮੈਂ ਚੰਗੀ ਲਗਦੀ ਆਂ। ਮੇਰੇ ਵਲ੍ਹਾਂ ਠੀਕ ਤਰ੍ਹਾਂ ਦੇਖਦੈ। ਕਿਸੇ ਨੂੰ ਦੱਸਿਓ ਨਾ। ਪਰ ਉਹ ਵੀ ਮੈਨੂੰ ਚੰਗਾ-ਚੁੰਗਾ ਨਹੀਂ ਲਗਦਾ।

ਮੈਂ ਬੱਸ ਬੈਠ ਜਾਂਦੀ ਆਂ, ਉਥੇ ਈ ਬੈਠੀ ਰਹਿੰਦੀ ਆਂ। ਬੜਾ 'ਕੱਲਾ-'ਕੱਲਾ ਲੱਗਦਾ ਏ ਮੈਨੂੰ। ਹੰਝੂ ਵਗਦੇ ਨੇ ਗੱਲ੍ਹਾਂ ਉਪਰ ਦੀ। ਬਿਲਕੁਲ ਖਰਾ ਨਹੀਂ ਲਗਦਾ ਸਕੂਲ ਮੈਨੂੰ।

ਕਹਿ ਦਿੱਤਾ ਨਾ, ਮੈਂ ਸਕੂਲੇ ਨਹੀਂ ਜਾਣਾ। ਸਵੇਰ ਹੁੰਦੇ ਹੀ ਫੇਰ ਮੈਨੂੰ ਸਕੂਲ ਲੈ ਜਾਂਦੇ ਨੇ। ਮੈਂ ਮੁਸਕਰਾ ਵੀ ਨਹੀਂ ਸਕਦੀ; ਨੱਕ ਦੀ ਸੇਧ ਦੇਖਦੀ ਜਾਂਦੀ ਆਂ। ਰੋਣ ਨੂੰ ਮਨ ਕਰਦਾ ਏ। ਫੌਜੀਆਂ ਦੇ ਪਿੱਠੂ ਜਿਹਾ ਬਸਤਾ ਪਿੱਠ 'ਤੇ ਚੁੱਕੀ ਪਹਾੜੀ ਚੜ੍ਹਦੀ ਆਂ। ਚੜ੍ਹਦੀ ਰਹਿੰਦੀ ਹਾਂ, ਆਪਣੇ ਨਿੱਕੇ-ਨਿੱਕੇ ਪੈਰਾਂ ਨੂੰ ਦੇਖਦੀ-ਦੇਖਦੀ। ਐਨਾ ਭਾਰਾ ਹੈ ਸਭ ਕੁਝ- ਪਿੱਠ 'ਤੇ ਟੰਗਿਆ ਬਸਤਾ, ਢਿੱਡੀ ਪਿਆ ਗਰਮ-ਗਰਮ ਦੁੱਧ। ਰੋਣ ਨੂੰ ਜੀਅ ਕਰਦੈ।

ਸਕੂਲੇ ਜਾ ਵੜਦੀ ਆਂ। ਕਾਲਾ ਲੋਹੇ ਜਿਹੇ ਦਾ, ਬਾਗ ਵਾਲਾ ਗੇਟ ਬੰਦ ਹੋ ਜਾਂਦਾ ਏ। ਮੈਂ ਰੋ-ਰੋ ਕੇ 'ਵਾਜਾਂ ਮਾਰਦੀ ਆਂ, "ਮੰਮੀ, ਦੇਖੋ, ਤੁਸੀਂ ਮੈਨੂੰ ਅੰਦਰ ਛੱਡ ਗਏ।"

ਕਲਾਸ 'ਚ ਜਾਂਦੀ ਆਂ। ਬੈਠ ਜਾਂਦੀ ਆਂ। ਬਾਹਰ ਬੱਦਲਾਂ 'ਚ ਰਲ ਜਾਣ ਨੂੰ ਦਿਲ ਕਰਦੈ।

ਰਬੜਾਂ, ਪੈਨ, ਖੁਆ ਦਿਓ ਸਾਰੇ ਕੁੱਕੜੀਆਂ ਨੂੰ।



# ਮਸਲਾ ਧਾਰਾ 25 ਦਾ!

*(ਸਫਾ 27 ਦੀ ਬਾਕੀ)*

ਜਾਤੀਆਂ ਨੂੰ ਮਿਲੀ ਰਿਜ਼ਰਵੇਸ਼ਨ ਦੀ ਸਹੂਲਤ, ਜੋ ਕਿ ਮਾਸਟਰ ਤਾਰਾ ਸਿੰਘ ਨੇ 1953 ਵਿਚ ਮੋਰਚਾ ਲਾ ਕੇ ਪ੍ਰਾਪਤ ਕੀਤੀ ਸੀ, ਬਹਾਲ ਰਹਿ ਸਕੇਗੀ? ਕਾਨੂੰਨੀ ਸਥਿਤੀ ਅਨੁਸਾਰ ਰਿਜ਼ਰਵੇਸ਼ਨ ਦਾ ਆਧਾਰ ਧਰਮ ਹੈ। ਭਦੌੜ ਤੋਂ ਚੋਣ ਜਿੱਤੇ ਮੁਹੰਮਦ ਸਦੀਕ ਦੀ ਮਿਸਾਲ ਸਾਹਮਣੇ ਹੈ। ਉਹ ਮੁਸਲਮਾਨ ਹੋਣ ਕਾਰਨ ਕਾਨੂੰਨੀ ਤੌਰ ਤੇ ਰਿਜ਼ਰਵੇਸ਼ਨ ਦਾ ਅਧਿਕਾਰੀ ਨਹੀਂ ਹੈ ਪਰ ਉਸ ਦਾ ਵਿਰੋਧੀ ਸਿੱਖ ਹੋਣ ਕਾਰਨ ਰਿਜ਼ਰਵੇਸ਼ਨ ਦਾ ਹੱਕਦਾਰ ਹੈ। ਰਿਜ਼ਰਵੇਸ਼ਨ ਦਾ ਲਾਭ ਪ੍ਰਾਪਤ ਕਰਨ ਲਈ ਮੁਹੰਮਦ ਸਦੀਕ ਆਪਣੇ ਆਪ ਨੂੰ ਸਿੱਖ ਧਰਮ ਦਾ ਅਨੁਯਾਈ ਦੱਸ ਰਹੇ ਹਨ। ਈਸਾਈ ਅਤੇ ਮੁਸਲਮਾਨ ਪਿਛਲੇ ਪੰਜਾਹ ਸਾਲਾਂ ਤੋਂ ਇਹ ਮੰਗ ਕਰਦੇ ਆ ਰਹੇ ਹਨ ਕਿ ਉਨ੍ਹਾਂ ਦੀਆਂ ਪਛੜੀਆਂ ਜਾਤੀਆਂ ਨੂੰ ਵੀ ਰਿਜ਼ਰਵੇਸ਼ਨ ਦੇ ਲਾਭ ਦਿੱਤੇ ਜਾਣ। ਪੰਜਾਬ ਦੇ ਦਰਿਆਈ ਪਾਣੀਆਂ ਦੇ ਕੋਰਟ ਕੇਸ ਵਾਂਗ, ਸੁਪਰੀਮ ਕੋਰਟ ਸਮੇਤ ਕੋਈ ਵੀ ਕੋਰਟ ਉਨ੍ਹਾਂ ਨੂੰ ਕੋਈ ਲੜ ਪੱਲਾ ਨਹੀ ਫੜਾ ਰਹੀ।

ਯਾਦ ਰਹੇ ਈਸਾਈ ਅਤੇ ਮੁਸਲਮਾਨ ਭਾਈਚਾਰੇ ਦੇ ਲੋਕ ਹਰ ਥਾਂ ਦਲੀਲ ਵੀ ਇਹੋ ਦਿੰਦੇ ਹਨ ਕਿ ਜੇਕਰ ਸਿੱਖਾਂ ਅਤੇ ਬੋਧੀਆਂ ਨੂੰ ਇਹ ਲਾਭ ਮਿਲ ਸਕਦਾ ਹੈ ਤਾਂ ਸਾਡੇ ਧਰਮਾਂ ਦੀਆਂ ਪਛੜੀਆਂ ਸ੍ਰੇਣੀਆਂ ਨੂੰ ਕਿਉਂ ਨਹੀਂ? ਇਹ ਵੀ ਸੱਚ ਹੈ ਕਿ ਰਿਜ਼ਰਵੇਸ਼ਨ ਦਾ ਫਾਇਦਾ ਲੈ ਕੇ ਬਹੁਤ ਸਾਰੇ ਸਿੱਖ ਉਚੇ ਅਹੁਦੇ ਹਾਸਲ ਕਰਨ ਵਿਚ ਕਾਮਯਾਬ ਹੋਏ ਹਨ। ਜੇਕਰ ਹਿੰਦੂ ਕਾਨੂੰਨਾਂ ਦੀ ਜੱਦ ਵਿਚੋਂ ਬਾਹਰ ਕੀਤੇ ਜਾਣ ਕਾਰਨ ਸਿੱਖਾਂ ਦੀਆਂ ਪਛੜੀਆਂ ਸ੍ਰੇਣੀਆਂ ਦੀ ਰਿਜ਼ਰਵੇਸ਼ਨ ਖਤਮ ਕਰ ਦਿੱਤੀ ਜਾਂਦੀ ਹੈ ਤਾਂ ਕੀ ਸਿੱਖ ਲੀਡਰਸ਼ਿੱਪ ਐਸੇ ਹਾਲਾਤ ਨਾਲ ਨਜਿੱਠਣ ਲਈ ਤਿਆਰ ਹੈ? ਕੀ ਅਸੀਂ ਇਸ ਨੂੰ ਸਿੱਖਾਂ ਨਾਲ ਇੱਕ ਹੋਰ ਬੇਇਨਸਾਫੀ ਨਹੀਂ ਆਖਾਂਗੇ? ਕੀ ਰਿਜ਼ਰਵੇਸ਼ਨ ਖੁੱਸਦੀ ਵੇਖ ਕੇ ਸਿੱਖਾਂ ਦਾ ਇੱਕ ਹਿੱਸਾ ਆਪਣੇ ਆਪ ਨੂੰ 'ਹਿੰਦੂ' ਲਿਖਾਉਣ ਦੀ ਮੁਹਿੰਮ ਨਹੀਂ ਛੇੜ ਦੇਵੇਗਾ? ਹਾਲਾਤ ਧਾਰਾ 25 ਵਿਚ ਕੀਤੀ ਗਈ ਸੋਧ ਨੂੰ ਵਾਪਸ ਕਰਾਉਣ ਲਈ ਮੋਰਚਾ ਲਗਾਉਣ ਵਰਗੇ ਵੀ ਬਣ ਸਕਦੇ ਹਨ। ਧਾਰਾ 25 ਵਿਚ ਸੋਧ ਨੂੰ ਸਿੱਖਾਂ ਦੀਆਂ ਤਮਾਮ ਮਰਜ਼ਾਂ ਦਾ ਇਲਾਜ ਕਿਆਸਣ ਵਾਲੇ ਹਕੀਕਤ ਉਘੜਨ 'ਤੇ, ਸਮਾਂ ਲੰਘ ਜਾਣ ਤੋਂ ਬਾਅਦ ਸੋਚਣ ਦੇ ਆਦੀ ਸਿੱਖ ਆਗੂਆਂ ਦੀ ਵਿਰਾਸਤ ਨੂੰ ਅੱਗੇ ਤੋਰਦੇ ਹੋਏ, ਸਿੱਖਾਂ ਦੀ ਰਿਜ਼ਰਵੇਸ਼ਨ ਬਹਾਲ ਕਰਾਉਣ ਲਈ 'ਅਖ਼ਬਾਰੀ ਯੁੱਧ' ਲੜਨ ਵਾਲੀ 'ਖ਼ਾਲਸਾ ਫੌਜ' ਦੇ ਸਿਪਾਹ-ਸਲਾਰ ਵੀ ਬਣ ਸਕਦੇ ਹਨ।

ਸੋ, ਬੇਨਤੀ ਹੈ ਕਿ ਐਸਾ ਰੌਲ-ਘਚੌਲਾ ਪੈਣ ਤੋਂ ਪਹਿਲਾਂ ਹੀ ਧਾਰਾ 25 ਵਿਚ ਸੋਧ ਦੀ ਮੰਗ ਕਰਨ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਸੋਧ ਦੇ ਚੰਗੇ ਮਾੜੇ ਅਸਰਾਂ ਬਾਰੇ ਅਤੇ ਉਨ੍ਹਾਂ ਨਾਲ ਨਜਿੱਠਣ ਦੇ ਢੰਗ ਤਰੀਕਿਆਂ ਬਾਰੇ ਪਹਿਲਾਂ ਹੀ ਇੱਕ ਰਿਪੋਰਟ ਤਿਆਰ ਕਰਵਾ ਲੈਣ। ਨਹੀਂ ਤਾਂ ਐਸੇ ਗੰਭੀਰ ਮੁੱਦਿਆਂ ਬਾਰੇ 'ਜਦ ਹੋਊ ਦੇਖ ਲਵਾਂਗੇ' ਵਰਗੀ ਲਾਪਰਵਾਹ ਜਾਂ ਕੇਵਲ ਜਜ਼ਬਾਤੀ ਪਹੁੰਚ ਅਪਣਾਏ ਜਾਣ ਕਾਰਨ ਹਾਲਾਤ ਕਈ ਵਾਰ ਦਹੀਂ ਦੇ ਭੁਲੇਖੇ ਕਪਾਹ ਖਾਣ ਵਾਲੇ ਵੀ ਬਣ ਜਾਇਆ ਕਰਦੇ ਹਨ। ਜਿਹਾ ਕਿ ਸਿੱਖਾਂ ਨਾਲ ਕਈ ਵਾਰ ਪਹਿਲਾਂ ਵੀ ਵਾਪਰ ਚੁੱਕਾ ਹੈ।

**ਧਾਰਾ 25 ਅਤੇ ਸੰਵਿਧਾਨ 'ਤੇ ਦਸਤਖਤ ਨਾ ਕਰਨ ਦੀ ਵਾਰਤਾ:** ਪਿਛਲੇ ਦਿਨੀਂ ਸਿੱਖਸ ਫਾਰ ਜਸਟਿਸ ਨਾਂ ਦੀ ਜਥੇਬੰਦੀ ਵੱਲੋਂ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੇਣ ਵਾਸਤੇ ਇੱਕ ਪਟੀਸ਼ਨ 'ਤੇ ਲੋਕਾਂ ਦੇ ਦਸਤਖਤ ਕਰਵਾਏ ਗਏ। ਇਸ ਪਟੀਸ਼ਨ ਰਾਹੀਂ ਰਾਸ਼ਟਰਪਤੀ ਓਬਾਮਾ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਆਪਣੀ ਭਾਰਤ ਫੇਰੀ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨੂੰ ਇਹ ਪੁੱਛੇ ਕਿ ਭਾਰਤ ਦੇ ਸੰਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਕਿਉਂ ਲਿਖਿਆ ਗਿਆ ਹੈ? ਪਟੀਸ਼ਨ ਵਿਚ ਕਿਹਾ ਗਿਆ, "26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਨੂੰ ਸਿੱਖਾਂ ਦੀ ਮਰਜ਼ੀ ਤੋਂ ਬਿਨਾ ਲਾਗੂ ਕਰ ਦਿੱਤਾ ਗਿਆ ਸੀ ਜਿਨ੍ਹਾਂ ਇਸ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਸੰਵਿਧਾਨ ਦੀ ਧਾਰਾ 25(ਬੀ) ਦੀ ਵਿਆਖਿਆ 2 ਵਿਚ ਸਿੱਖਾਂ ਨੂੰ ਹਿੰਦੂ ਦਰਸਾਇਆ ਗਿਆ ਹੈ।" ਇਹ ਗੱਲ ਇਤਿਹਾਸਕ ਤੌਰ 'ਤੇ ਸਹੀ ਨਹੀਂ ਹੈ ਕਿ ਸਿੱਖਾਂ ਨੇ ਸੰਵਿਧਾਨ 'ਤੇ ਦਸਤਖਤ ਨਹੀ ਸਨ ਕੀਤੇ। ਸਰਦਾਰ ਬਲਦੇਵ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਰ (ਜੋ ਅਕਾਲ ਤਖਤ ਦੇ ਜਥੇਦਾਰ ਵੀ ਰਹੇ ਸਨ), ਸ. ਸੁਚੇਤ ਸਿੰਘ, ਸਰਦਾਰ ਬਹਾਦਰ ਰਣਜੀਤ ਸਿੰਘ ਸਮੇਤ ਹੋਰ ਕਈ ਸਿੱਖ ਮੈਂਬਰਾਂ ਨੇ ਦਸਤਖਤ ਕਰ ਦਿੱਤੇ ਸਨ। ਹਾਂ, ਦੋ ਅਕਾਲੀ ਮੈਂਬਰਾਂ-ਸ. ਹੁਕਮ ਸਿੰਘ ਅਰੋੜਾ ਅਤੇ ਸ. ਭੁਪਿੰਦਰ ਸਿੰਘ ਮਾਨ ਨੇ ਦਸਤਖਤ ਨਹੀਂ ਸਨ ਕੀਤੇ। ਦਸਤਖਤ ਨਾ ਕਰਨ ਦੀ ਵਜ੍ਹਾ ਵੀ ਧਾਰਾ 25 ਬਿਲਕੁਲ ਨਹੀਂ ਸੀ। ਇਹ ਮੈਂਬਰ ਸਿੱਖਾਂ ਵਾਸਤੇ ਪਾਰਲੀਮੈਂਟ ਅਤੇ ਵਿਧਾਨ ਸਭਾ ਵਿਚ ਸੀਟਾਂ ਅਤੇ ਕੁੱਝ ਮੰਤਰੀ ਪਦ ਰਾਖਵੇਂ ਕਰਵਾਉਣਾ ਚਾਹੁੰਦੇ ਸਨ, ਜੋ ਨਾ ਮੰਨੇ ਜਾਣ ਕਾਰਨ ਇਨ੍ਹਾਂ ਨੇ ਦਸਤਖਤ ਕਰਨੋਂ ਗੁਰੇਜ਼ ਕੀਤਾ। ਪਰ ਬਾਅਦ ਵਿਚ ਹੋਰਨਾਂ ਸਿੱਖ ਆਗੂਆਂ ਵਾਂਗ ਇਹ ਦੋਨੋ ਮੈਂਬਰ ਵੀ ਉਸੇ ਸੰਵਿਧਾਨ ਦੀ ਸਹੁੰ ਖਾ ਕੇ ਸੰਵਿਧਾਨਕ ਪਦਵੀਆਂ ਮਾਣਦੇ ਰਹੇ।

ਯਾਦ ਰਹੇ ਸੰਵਿਧਾਨ ਘੜਨੀ ਸਭਾ ਦੇ ਕੁਲ 299 ਮੈਂਬਰਾਂ ਵਿਚੋਂ ਦਸਤਖਤ ਕਰਨ ਵਾਲਿਆਂ ਦੀ ਗਿਣਤੀ 284 ਸੀ। ਇਸ ਤਰ੍ਹਾਂ ਦੋ ਅਕਾਲੀ ਮੈਂਬਰਾਂ ਤੋਂ ਬਿਨਾ 13 ਹੋਰ ਮੈਂਬਰ ਵੀ ਸਨ, ਜਿਨ੍ਹਾਂ ਸੰਵਿਧਾਨ ਉਪਰ ਦਸਤਖਤ ਨਹੀ ਸਨ ਕੀਤੇ।

**ਧਾਰਾ 25 ਅਤੇ ਅਦਾਲਤੀ ਕੇਸ:** ਧਾਰਾ 25 ਅਤੇ ਹੋਰ ਐਕਟਾਂ ਵਿਚ ਸੋਧ ਕਰਾਵਾਉਣ ਲਈ ਡਾ. ਬਰਿੰਦਰਾ ਕੌਰ ਨੇ ਸੁਪਰੀਮ ਕੋਰਟ ਵਿਚ ਇੱਕ ਕੇਸ ਵੀ ਕੀਤਾ ਹੋਇਆ ਹੈ। ਇਸ ਕਾਰਨ ਸਰਕਾਰ ਇਸ ਮਸਲੇ ਨੂੰ ਟਾਲਣ ਲਈ ਸੌਖਿਆਂ ਹੀ ਕਹਿ ਸਕਦੀ ਹੈ ਕਿ ਮਸਲਾ ਕੋਰਟ ਵਿਚ ਸੁਣਵਾਈ ਅਧੀਨ ਹੈ। ਪਿਛਲੇ ਦਿਨੀਂ ਸਰਕਾਰ ਵਲੋਂ ਮੁਸਲਮਾਨਾਂ ਅਤੇ ਈਸਾਈਆਂ ਦੀਆਂ ਅਨੁਸੂਚਿਤ ਜਾਤੀਆਂ ਨੂੰ ਰਾਖਵੇਂਕਰਨ ਵਿਚ ਸ਼ਾਮਿਲ ਕੀਤੇ ਜਾਣ ਦੀ ਮੰਗ ਕਰਨ ਵਾਲਿਆਂ ਨੂੰ ਐਸਾ ਹੀ ਉਤਰ ਦੇ ਕੇ ਗੱਲ ਖਤਮ ਕਰ ਦਿਤੀ ਗਈ ਹੈ।

## ਹੱਲ ਕੀ ਹੈ?

ਅਸਲ ਵਿਚ ਧਾਰਾ 25 ਸਮੇਤ ਕਿਸੇ ਵੀ ਹਿੰਦੂ ਕਾਨੂੰਨ ਦੀ ਕੋਈ ਵੀ ਧਾਰਾ ਸਿੱਖ ਧਾਰਨਾਵਾਂ ਅਤੇ ਸਿਧਾਂਤਾਂ ਦੇ ਉਲਟ ਨਹੀਂ ਹੈ। ਕੋਈ ਵੀ ਧਾਰਾ ਐਸੀ ਨਹੀਂ ਜਿਹੜੀ ਸਿੱਖਾਂ ਨੂੰ ਸਿੱਖ ਧਰਮ ਮੰਨਣ ਵਿਚ ਅੜਿੱਕਾ ਬਣਦੀ ਹੋਏ। ਹਾਂ, ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਰਤਨ ਸਿੰਘ ਭੰਗੂ ਅਨੁਸਾਰ (ਜਿਵੇਂ ਸੁਣਿਐ), "ਹਿੰਦੂ ਕਹੇ ਤੇ ਖਿਝਤ ਵਧੇਰਾ" ਮੁਤਾਬਕ ਸਿੱਖਾਂ ਨੂੰ ਹਿੰਦੂ ਕਾਨੂੰਨਾਂ ਦੇ ਤੱਤ ਨਾਲ ਤਾਂ ਭਾਵੇਂ ਕੋਈ ਚਿੜ ਨਾ ਹੋਵੇ ਪਰ ਇਨ੍ਹਾਂ ਦੇ ਸਿਰਲੇਖਾਂ ਨਾਲ ਜ਼ਰੂਰ ਹੈ। ਇਸ ਲਈ ਇਨ੍ਹਾਂ ਦੇ ਟਾਈਟਲ ਤਬਦੀਲ ਕਰਵਾਉਣ ਲਈ ਥੋੜ੍ਹੇ ਯਤਨ ਜ਼ਰੂਰ ਕਰ ਲੈਣੇ ਚਾਹੀਦੇ ਹਨ। ਜਿਵੇਂ 'ਹਿੰਦੂ ਮੈਰਿਜ ਐਕਟ" ਦੀ ਥਾਂ "ਹਿੰਦੂ, ਸਿੱਖ, ਬੋਧੀ, ਜੈਨੀ ਮੈਰਿਜ ਐਕਟ, "ਹਿੰਦੂ ਅਡਾਪਸ਼ਨ ਐਕਟ" ਦੀ ਥਾਂ, " ਹਿੰਦੂ, ਸਿੱਖ, ਬੋਧੀ, ਜੈਨੀ ਅਡਾਪਸ਼ਨ ਐਕਟ" ਆਦਿ।

ਇਕੱਲੀ ਧਾਰਾ 25 ਵਿਚਲੀ ਸੋਧ ਸਿੱਖ ਪਛਾਣ ਦਾ ਮਸਲਾ ਹੱਲ ਨਹੀ ਕਰ ਸਕਦੀ। ਇਸ ਵਾਸਤੇ ਵਿਆਪਕ ਸੋਧਾਂ ਦੀ ਜ਼ਰੂਰਤ ਹੈ। ਰਿਜ਼ਰਵੇਸ਼ਨ ਦਾ ਸਵਾਲ ਵੀ ਅਹਿਮ ਹੈ। ਭਾਰਤ ਸਰਕਾਰ ਦੇ 1959 ਦੇ ਸਰਕੂਲਰ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਅਨੁਸਾਰ "ਘਰ ਵਾਪਸੀ" ਵਾਲੇ ਵਿਅਕਤੀ ਆਪਣੀ 'ਪਹਿਲੀ ਖੁੱਸੀ' ਹੋਈ ਰਿਜ਼ਰਵੇਸ਼ਨ ਦੇ ਹੱਕਦਾਰ ਹਨ। ਇਸ ਅਨੁਸਾਰ ਹੁਣ ਤਾਂ ਈਸਾਈਆਂ ਤੋਂ ਸਿੱਖ ਬਣਨ ਵਾਲਿਆਂ ਨੂੰ ਵੀ ਇਹ ਲਾਭ ਪ੍ਰਾਪਤ ਹੈ। ਮੰਨ ਲਓ ਜੇ ਇਹ ਨਾ ਹੋਏ, ਕੀ ਇਹ ਲੋਕ ਫਿਰ ਸਿੱਖ ਬਣਨਗੇ ਜਾਂ ਹਿੰਦੂ? ਜੇ ਗੱਲ ਸਿੱਖ ਸਿਧਾਂਤਾਂ ਅਨੁਸਾਰ ਜਾਤ ਪਾਤ ਦੇ ਨਿਖ਼ੇਧ ਦੀ ਹੈ ਤਾਂ ਫਿਰ ਸੋਚਣਾ ਪਏਗਾ ਕਿ ਰਿਜ਼ਰਵੇਸ਼ਨ ਵਾਸਤੇ ਪਹਿਲਾਂ 1949 ਵਿਚ ਸਿੱਖ ਨੁਮਾਇੰਦਿਆਂ ਨੇ ਮੰਗ ਪੱਤਰ ਕਿਉਂ ਦਿਤਾ ਅਤੇ ਫਿਰ 1953 ਵਿਚ ਮਾਸਟਰ ਤਾਰਾ ਸਿੰਘ ਨੇ ਮੋਰਚਾ ਕਿਉਂ ਲਾਇਆ? ਕੀ ਅੱਜ ਦੇ ਸਿੱਖ ਆਗੂ ਰਿਜ਼ਰਵੇਸ਼ਨ ਦੀ ਇਹ ਸਹੂਲਤ ਤਿਆਗਣ ਲਈ ਤਿਆਰ ਹਨ? ਅਜੇ ਤੱਕ ਸਿੱਖ ਲੀਡਰਾਂ ਨੇ ਇਸ ਸਵਾਲ ਬਾਰੇ ਸੋਚਣ ਦੀ ਲੋੜ ਨਹੀਂ ਸਮਝੀ। ਸੋ, ਇਨ੍ਹਾਂ ਹਾਲਤਾਂ ਵਿਚ ਧਾਰਾ 25 ਵਿਚ ਮੰਗੀ ਜਾ ਰਹੀ ਸੋਧ ਸਿੱਖਾਂ ਦੀ ਵੱਖਰੀ ਪਛਾਣ ਸਥਾਪਿਤ ਕਰਨ ਵਿਚ ਕੋਈ ਯੋਗਦਾਨ ਨਹੀਂ ਪਾਏਗੀ, ਕਿਉਂਕਿ ਇਹ ਧਾਰਾ ਤਾਂ ਪਹਿਲਾਂ ਹੀ ਸਿੱਖਾਂ ਨੂੰ ਸਿੱਖ ਮੰਨਣ ਅਤੇ ਕਿਰਪਾਨਾਂ ਪਹਿਨਣ ਦੇ ਅਧਿਕਾਰ ਦਾ ਸਪਸ਼ਟ ਐਲਾਨ ਕਰਦੀ ਹੈ। ਇਸ ਲਈ ਜਿਥੇ ਇਸ ਧਾਰਾ ਵਿਚ ਸੋਧ ਕਰਨ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ ਉਥੇ ਕੁੱਝ ਯਤਨ ਇਸ ਸੋਧ ਕਾਰਨ ਸਿਖਾਂ ਉਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਕਰ ਲੈਣੇ ਚਾਹੀਦੇ ਹਨ।

## ਵਤਨ ਦੇ ਸ਼ਹੀਦ

ਦੇਸ਼ ਦਾ ਚਾਨਣ ਜਗਦੇ ਦੀਵੇ,
ਮਰੇ ਨਹੀਂ, ਉਹ ਜਾਣੋ ਜੀਵੇ।
ਮੰਨੇ ਜਾਣ ਬਹਾਦਰ ਬੀਰ,
ਵਤਨ ਲਈ ਜੋ ਲਾਣ ਸਰੀਰ।
ਭਗਤ ਸਿੰਘ ਨੇ ਜਿੰਦੜੀ ਲਾਈ,
ਕਰਦੀ ਉਸ ਨੂੰ ਯਾਦ ਲੁਕਾਈ।
ਜਸ ਕਰਦਾ ਉਸ ਦਾ ਜੱਗ ਸਾਰਾ,
ਚਮਕ ਰਿਹਾ ਮਾਨੋ ਧਰੂ ਤਾਰਾ।
ਜਿਹੜਾ ਕੰਮ ਜਨਤਾ ਦੇ ਆਵੇ,
ਲੋੜ ਪਵੇ ਤਾਂ ਜਾਨ ਘੁਮਾਵੇ।
ਸਿਰ 'ਤੇ ਉਸ ਨੂੰ ਚੁੱਕਦੀ ਜਨਤਾ,
ਆਗੂ ਨੇਤਾ, ਉਹ ਪਤਵੰਤਾ।
ਸੇਵਾ ਵਿਚ ਰਹਿੰਦਾ ਗਲਤਾਨ,
ਦੇਵੇ ਜਾਨ ਚੜ੍ਹੇ ਪਰਵਾਨ।
ਸੁਆਸਾਂ ਬਦਲੇ ਮਿਲੀ ਰਸੀਦ,
ਹਰ ਇਕ ਰਸਨਾ ਕਹੇ ਸ਼ਹੀਦ।
ਰਾਜੇ ਸ਼ਾਹ ਮੁਕੱਦਮ ਮਰ ਗਏ,
ਕੋਈ ਨ ਜਾਣੇ ਕੌਣ ਕਿਧਰ ਗਏ।
ਮਰ ਕੇ ਵੀ ਜਿਹੜੇ ਨਹੀਂ ਮੋਏ,
ਉਹੀ ਸ਼ਹੀਦ ਵਤਨ ਦੇ ਹੋਏ।

*-ਗੁਰਮੁਖ ਸਿੰਘ ਮੁਸਾਫਿਰ*

ਗੋਲਡਾ ਮਾਇਰ ਅਤੇ ਇਕ ਦੇਸ਼ ਦਾ ਜਨਮ-3



# ਆਜ਼ਾਦੀ ਦੀਆਂ ਜੰਮਣ ਪੀੜਾਂ

*ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਗੋਲਡਾ ਮਾਇਰ (3 ਮਈ 1898-8 ਦਸੰਬਰ 1978) ਦੇ ਬਹਾਨੇ ਇਜ਼ਰਾਈਲ ਦੇ ਪਿਛੋਕੜ ਬਾਰੇ ਕੁਝ ਗੱਲਾਂ-ਬਾਤਾਂ ਇਸ ਲੰਮੇ ਲੇਖ ਵਿਚ ਸਾਂਝੀਆਂ ਕੀਤੀਆਂ ਹਨ। ਇਸ ਵਿਚ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਬਾਰੇ ਖੁੱਲ੍ਹਾ ਖੁਲਾਸਾ ਤਾਂ ਕੀਤਾ ਹੀ ਗਿਆ ਹੈ; ਅੰਧਕਾਰ ਵਿਚੋਂ ਕਿਵੇਂ ਬਚ-ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝੱਲਦਿਆਂ ਲੰਮਾ ਸਮਾਂ ਸੰਘਰਸ਼ ਕਿਵੇਂ ਕਰਨਾ ਹੈ, ਇਸ ਬਾਬਤ ਵੀ ਕਿੱਸਾ ਛੋਹਿਆ ਗਿਆ ਹੈ। ਗੋਲਡਾ ਦਾ ਜਨਮ ਯੂਕਰੇਨ ਦੇ ਸ਼ਹਿਰ ਕੀਵ ਵਿਚ ਹੋਇਆ ਸੀ ਜਿੱਥੋਂ ਦੇ ਅੱਜ-ਕੱਲ੍ਹ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਪਿਛਲੇ ਅੰਕਾਂ ਵਿਚ ਪਾਠਕਾਂ ਨੇ 20ਵੀਂ ਸਦੀ ਦੇ ਅਰੰਭ ਵਿਚ ਯਹੂਦੀਆਂ ਦੇ ਹਾਲ ਅਤੇ ਫਿਰ ਇਜ਼ਰਾਈਲ ਦੀ ਕਾਇਮੀ ਲਈ ਜੂਝਦੇ ਜਿਊੜਿਆਂ ਦਾ ਜ਼ਿਕਰ ਪੜ੍ਹਿਆ। ਇਸ ਵਾਰ ਇਜ਼ਰਾਈਲ ਦੀ ਕਾਇਮੀ ਤੋਂ ਐਨ ਪਹਿਲਾਂ ਦੇ ਹਾਲਾਤ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

ਰੂਸ ਵਿਚ ਜੰਮਿਆ ਡਾ. ਵੀਜ਼ਮੈਨ ਦੁਨੀਆਂ ਭਰ ਦੇ ਯਹੂਦੀਆਂ ਦਾ ਅਣ-ਐਲਾਨਿਆ ਬਾਦਸ਼ਾਹ ਸੀ। ਉਹ ਵਿਗਿਆਨੀ ਸੀ ਤੇ ਲੰਮਾ ਸਮਾਂ ਇੰਗਲੈਂਡ ਵਿਚ ਬਿਤਾ ਕੇ ਫਲਸਤੀਨ ਵਿਚ ਵਸ ਗਿਆ ਸੀ, ਜ਼ੀਓਨਿਸਟ ਲਹਿਰ ਦਾ ਪ੍ਰਧਾਨ ਸੀ, ਧੀਮੀ ਗਤੀ ਵਿਚ ਚਲਦਾ ਸੀ ਜਿਸ ਕਰ ਕੇ ਤੇਜ਼ ਚਾਲ ਚੱਲਦੇ ਗੁਰੀਓਂ ਨੂੰ ਉਹ ਪਸੰਦ ਨਹੀਂ ਸੀ। ਵੀਜ਼ਮੈਨ ਅਨੁਸਾਰ ਦੇਰ ਨਾਲ ਸਹੀ, ਅੰਗਰੇਜ਼ਾਂ ਨੂੰ ਅਕਲ ਆਏਗੀ। ਗੁਰੀਓਂ ਆਖਦਾ ਹੁੰਦਾ ਸੀ, ਬੜਾ ਅਜ਼ਮਾ ਲਿਆ, ਹੁਣ ਬਸ ਕਰੀਏ ਤੇ ਯੁੱਧ ਦਾ ਬਿਗਲ ਵਜਾਈਏ। ਟਕਰਾਉ ਦੌਰਾਨ ਵੀਜ਼ਮੈਨ ਆਊਟ ਹੋ ਗਿਆ ਤੇ ਗੁਰੀਓਂ ਹੱਥ ਗੁਲਾਮ ਫਲਸਤੀਨ ਆਇਆ। ਫਿਰ ਵੀ ਵੀਜ਼ਮੈਨ ਦਾ ਆਦਰ ਘਟਿਆ ਨਹੀਂ। ਜਦੋਂ 1948 ਵਿਚ ਅੰਤਿਮ ਫੈਸਲੇ ਦੀ ਘੜੀ ਆਈ ਤੇ ਯਹੂਦੀਆਂ ਨੇ ਅਮਰੀਕਾ ਤੋਂ ਮਦਦ ਮੰਗੀ, ਉਦੋਂ ਅਮਰੀਕੀ ਰਾਸ਼ਟਰਪਤੀ ਟਰੂਮੈਨ ਆਖਰਕਾਰ ਜੇ ਕਿਸੇ ਨਾਲ ਗੱਲ ਕਰਨ ਲਈ ਤਿਆਰ ਹੋਇਆ, ਤਾਂ ਕੇਵਲ ਵੀਜ਼ਮੈਨ ਨਾਲ। ਟਰੂਮੈਨ ਉਸ ਦੀ ਇੱਜ਼ਤ ਵਿਗਿਆਨੀ ਹੋਣ ਕਰ ਕੇ ਕਰਦਾ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਸੀ। ਵੀਜ਼ਮੈਨ ਦਾ ਬੇਟਾ ਯੁੱਧ ਵਿਚ ਸ਼ਹੀਦ ਹੋ ਗਿਆ ਸੀਂ। ਜਦੋਂ ਉਹ ਟਰੂਮੈਨ ਨਾਲ ਗੱਲ ਕਰਨ ਗਿਆ, ਉਦੋਂ ਉਹਦੀਆਂ ਅੱਖਾਂ ਸੌ ਫੀਸਦੀ ਜਵਾਬ ਦੇ ਗਈਆਂ ਸਨ। ਅਮਰੀਕਾ ਨੇ ਫੈਸਲਾ ਕੀਤਾ ਕਿ 14 ਮਈ 1948 ਦੇ ਦਿਨ ਇਜ਼ਰਾਈਲ ਦੀ ਆਜ਼ਾਦੀ ਨੂੰ ਮਾਨਤਾ ਦੇਣੀ ਹੈ, ਤਦ ਗੁਰੀਓਂ ਜਾਣਦਾ ਸੀ ਕਿ ਨਵੇਂ ਦੇਸ਼ ਦਾ ਰਾਸ਼ਟਰਪਤੀ ਡਾ. ਵੀਜ਼ਮੈਨ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਹੋ ਸਕਦਾ।

1946-47 ਦੇ ਸਾਲ ਖਤਰਨਾਕ ਸਨ। ਯਹੂਦੀ ਰਿਫਿਊਜੀ ਜਾਨਾਂ ਬਚਾ ਕੇ ਧੜਾਧੜ ਫਲਸਤੀਨ ਆ ਰਹੇ ਸਨ ਤੇ ਬਰਤਾਨਵੀ ਸੈਨਿਕ ਕੋਟੇ ਤੋਂ ਵੱਧ ਬੰਦਿਆਂ ਨੂੰ ਰੋਕ ਰਹੇ ਸਨ। ਫਲਸਰੂਪ ਜੰਗੀ ਝੜਪਾਂ ਹੋਣ ਲੱਗੀਆਂ। ਉਨ੍ਹਾਂ ਨੂੰ ਮਨਮਰਜ਼ੀ ਦੇ ਥਾਂ 'ਤੇ ਵੱਸਣੋਂ ਕਿਉਂ ਰੋਕਿਆ ਜਾਏ? ਉਹੀ ਅੰਗਰੇਜ਼ ਜਿਨ੍ਹਾਂ ਨੇ ਯਹੂਦੀਆਂ ਨੂੰ ਨਾਜ਼ੀ ਕੈਂਪਾਂ ਵਿਚੋਂ ਆਜ਼ਾਦ ਕਰਵਾਇਆ, ਹੁਣ ਖੁਦ ਸਾਈਪਰਸ ਵਿਚ ਕੰਡਿਆਲੀ ਤਾਰ ਅੰਦਰ ਉਨ੍ਹਾਂ ਨੂੰ ਬੰਦੀ ਬਣਾਈ ਬੈਠੇ ਸਨ। ਚਾਲੀ ਹਜ਼ਾਰ ਬੰਦੀ ਘਿਰੇ ਬੈਠੇ ਸਨ। ਹਰ ਮਹੀਨੇ ਕੇਵਲ ਪੰਦਰਾਂ ਸੌ ਫਲਸਤੀਨ ਜਾਣਗੇ, ਇਹੋ ਕੋਟਾ ਨਿਸ਼ਚਿਤ ਸੀ। ਡਾਕਟਰਾਂ ਨੇ ਦੱਸ ਦਿੱਤਾ ਸੀ ਕਿ ਆਗਾਮੀ ਸਰਦੀਆਂ ਵਿਚ ਹਜ਼ਾਰਾਂ ਬੱਚੇ ਮੌਤ ਦੇ ਮੂੰਹ ਚਲੇ ਜਾਣਗੇ। ਸਿਰਤੋੜ ਯਤਨ ਕਰ ਕੇ ਬਰਤਾਨੀਆ ਨੂੰ ਮਨਾ ਲਿਆ ਕਿ ਯਤੀਮ ਬੱਚੇ ਵਾਰੀ ਤੋਂ ਪਹਿਲਾਂ ਆਜ਼ਾਦ ਕਰ ਦਿੱਤੇ ਜਾਣ। ਕੁਝ ਬੱਚੇ ਨਰਾਜ਼ ਵੀ ਹੋਏ- ਸਾਨੂੰ ਇਸ ਲਈ ਰੁਕਣਾ ਪਵੇਗਾ, ਕਿਉਂਕਿ ਸਾਡਾ ਇਹ ਕਸੂਰ ਹੈ, ਸਾਡੇ ਮਾਪੇ ਜਿਉਂਦੇ ਹਨ?

ਕੈਂਪ ਵਿਚ ਘਾਹ-ਬੂਟ ਦਾ ਨਾਮੋ-ਨਿਸ਼ਾਨ ਨਹੀਂ ਸੀ। ਜਦੋਂ ਗੋਲਡਾ ਕੈਂਪ ਦਾ ਦੌਰਾ ਕਰਨ ਆਈ, ਨਿੱਕੇ ਬੱਚਿਆਂ ਨੇ ਆਪ ਬਣਾ ਕੇ ਕਾਗਜ਼ੀ ਗੁਲਦਸਤਾ ਭੇਂਟ ਕੀਤਾ, ਅਸਲੀ ਫੁੱਲ ਇਨ੍ਹਾਂ ਨੇ ਅਜੇ ਦੇਖੇ ਨਹੀਂ ਸਨ! ਉਥੇ ਸੁਨੱਖੀ ਜੁਆਨ ਰੇਡੀਓ ਓਪਰੇਟਰ ਕੁੜੀ ਮਿਲੀ ਜੋ ਆਖਰ ਕੈਂਪ ਵਿਚੋਂ ਰਿਹਾ ਹੋਈ ਤੇ ਬੱਚਿਆਂ ਦੀ ਮਨੋਰੋਗ ਮਾਹਿਰ ਡਾਕਟਰ ਬਣੀ। ਬਾਅਦ ਵਿਚ ਇਹ ਕੁੜੀ ਗੋਲਡਾ ਦੀ ਨੂੰਹ ਬਣੀ।

ਇਕ ਹੋਰ ਮੁਸ਼ਕਿਲ ਆਈ। ਯਤੀਮ ਬੱਚੇ ਰਿਹਾ ਹੋਣ ਲੱਗੇ ਪਰ ਜਿਨ੍ਹਾਂ ਬੱਚਿਆਂ ਦੀ ਮਾਂ ਜਾਂ ਪਿਤਾ- ਦੋਹਾਂ ਵਿਚੋਂ ਇਕ ਜਿਉਂਦਾ ਸੀ, ਕੀ ਉਹ ਰਿਹਾ ਨਾ ਹੋਣ? ਯਾਨਿ ਜਿਨ੍ਹਾਂ ਦੇ ਮਾਪੇ ਮਰ ਗਏ, ਉਹ ਖੁਸ਼ਕਿਸਮਤ ਰਿਹਾ ਹੋ ਗਏ ਤੇ ਅੱਧੇ ਮਾਪਿਆਂ ਵਾਲੇ ਬੰਦੀ ਰਹਿਣਗੇ! ਦੇਰ ਪਿਛੋਂ ਸਾਈਪਰਸ ਦੇ ਕੈਂਪ ਵਿਚ ਮਰੇ ਸੌ ਬੱਚਿਆਂ ਦੇ ਪਿੰਜਰ, ਦਫਨਾਉਣ ਵਾਸਤੇ ਫਲਸਤੀਨ ਦੇ ਹਾਫੀਆ ਸ਼ਹਿਰ ਵਿਚ ਲਿਆਂਦੇ ਗਏ। ਗੋਲਡਾ ਨੇ ਕਿਹਾ, ਕੀ ਪਤਾ ਇਨ੍ਹਾਂ ਵਿਚ ਉਨ੍ਹਾਂ ਦੋ ਨਿੱਕੀਆਂ ਕੁੜੀਆਂ ਦੇ ਪਿੰਜਰ ਨਾ ਹੋਣ ਜਿਨ੍ਹਾਂ ਨੇ ਕਾਗਜ਼ ਦੇ ਫੁੱਲ ਦਿੱਤੇ ਸਨ! 1970 ਵਿਚ ਇਕ ਔਰਤ ਆਪਣੀ ਵੀਹ ਸਾਲ ਦੀ ਸੁਨੱਖੀ ਧੀ ਸਣੇ ਗੋਲਡਾ ਨੂੰ ਮਿਲਣ ਆਈ, ਦੱਸਿਆ, ਇਹ ਮੇਰੇ ਕੁੱਛੜ ਸੀ ਜਦੋਂ ਸਾਈਪਰਸ ਵਿਚੋਂ ਤੁਸੀਂ ਸਾਨੂੰ ਬਚਾਇਆ। ਟਰੇਨਿੰਗ ਖਤਮ ਕਰ ਕੇ ਹੁਣ ਇਹ ਮਿਲਟਰੀ ਅਫਸਰ ਲੱਗ ਗਈ ਹੈ।

ਅੰਗਰੇਜ਼ਾਂ ਦੀ ਹਮਦਰਦੀ ਅਰਬਾਂ ਨਾਲ ਸੀ। ਰਤਾ ਕੁ ਗੜਬੜ ਹੁੰਦੀ, ਅੰਗਰੇਜ਼ਾਂ ਦੇ ਟੈਂਕ ਨਿਕਲਦੇ, ਗੋਲੀਆਂ ਦੀ ਬੁਛਾੜ ਹੁੰਦੀ, ਦਰਜਨਾਂ ਯਹੂਦੀ ਢੇਰ ਹੋ ਜਾਂਦੇ। ਅੱਕੇ ਬਰਤਾਨੀਆ ਨੇ ਯੂ.ਐਨ.ਓ. ਨੂੰ ਕਿਹਾ, ਇਹ ਰੱਫੜ ਸਾਥੋਂ ਹੱਲ ਨਹੀਂ ਹੁੰਦਾ, ਤੁਸੀਂ ਕੋਈ ਤਰੀਕਾ ਲੱਭੋ। ਜੂਨ ਵਿਚ ਯੂ.ਐਨ.ਓ. ਦੀ ਟੀਮ ਫਲਸਤੀਨ ਆਈ ਜਿਸ ਨੇ ਪਹਿਲੀ ਸਤੰਬਰ 1947 ਨੂੰ ਆਪਣੀ ਰਿਪੋਰਟ ਦੇਣੀ ਸੀ। ਅਰਬਾਂ ਨੇ ਇਸ ਟੀਮ ਦਾ ਬਾਈਕਾਟ ਕੀਤਾ, ਯਹੂਦੀਆਂ ਨੇ ਆਪਣਾ ਪੱਖ ਪੇਸ਼ ਕੀਤਾ। ਇਸ ਟੀਮ ਨੂੰ ਯਹੂਦੀ ਮਸਲੇ ਦਾ ਭੋਰਾ ਪਤਾ ਨਹੀਂ ਸੀ, ਸਮਝਾਉਣ ਵਿਚ ਦੇਰ ਤਾਂ ਲੱਗੀ ਪਰ ਸਮਝ ਗਏ ਕਿ ਦੁਨੀਆਂ ਭਰ ਦੇ ਯਹੂਦੀ ਕੇਵਲ ਫਲਸਤੀਨ ਵਿਚ ਆ ਕੇ ਬਚ ਸਕਣਗੇ। ਇਹ ਸਿਲਸਿਲਾ ਅਜੇ ਚੱਲ ਹੀ ਰਿਹਾ ਸੀ ਕਿ ਬਰਤਾਨਵੀ ਫੌਜ ਨੇ ਪਿੰਜਰਿਆਂ ਵਿਚ ਬੰਦੀਵਾਨ ਉਹ 4500 ਯਹੂਦੀ ਟੀਮ ਨੂੰ ਦਿਖਾਏ ਜਿਹੜੇ 1947 ਵਿਚ ਬਾਹਰਲੇ ਦੇਸ਼ਾਂ ਵਿਚੋਂ ਨਾਜਾਇਜ਼ ਢੰਗ ਨਾਲ ਫਲਸਤੀਨ ਵਿਚ ਘੁਸਪੈਠ ਕਰ ਗਏ ਤੇ ਹੁਣ ਵਾਪਸ ਭੇਜੇ ਜਾਣਗੇ। ਹੱਥਾਂ ਵਿਚ ਪਿਸਤੌਲ, ਗਰਨੇਡ ਅਤੇ ਬੰਦੂਕਾਂ ਫੜੀ ਅੰਗਰੇਜ਼ ਸੈਨਿਕਾਂ ਨੇ ਇਹ ਕੈਦੀ ਘੇਰੇ ਹੋਏ ਸਨ। ਪਸ਼ੂਆਂ ਵਾਂਗ ਇਨ੍ਹਾਂ ਬੰਦੀਆਂ ਨੂੰ ਸਮੁੰਦਰੀ ਜਹਾਜਾਂ ਵਿਚ ਲੱਦ ਕੇ ਯੂਰਪ ਦੇ ਕਿਸੇ ਕਬਰਸਤਾਨ ਵਿਚ ਧੱਕਣ ਲਈ ਤਿਆਰੀ ਹੋ ਚੁੱਕੀ ਸੀ।

ਗੋਲਡਾ ਨੇ ਟੀਮ ਨੂੰ ਕਿਹਾ, ਇਨ੍ਹਾਂ ਸਾਢੇ ਚਾਰ ਹਜ਼ਾਰ ਯਹੂਦੀਆਂ ਨੂੰ ਯੂਰਪ ਵਿਚ ਲਿਜਾ ਕੇ ਦਫਨਾ ਦਿਉਗੇ, ਤਾਂ ਹਰ ਰੋਜ਼ ਕਿਸ਼ਤੀਆਂ ਇੱਧਰ ਆਉਣੋਂ ਹਟ ਜਾਣਗੀਆਂ? ਯਹੂਦੀਆਂ ਵਾਸਤੇ ਫਲਸਤੀਨ ਲਈ ਮਰਨਾ ਖੇਡ ਹੈ, ਇਹ ਖੇਡ ਚੱਲੇਗੀ; ਉਦੋਂ ਤੱਕ ਚਲਦੀ ਰਹੇਗੀ ਜਦੋਂ ਤੱਕ ਇਜ਼ਰਾਈਲ ਦੀ ਸਥਾਪਨਾ ਨਹੀਂ ਹੁੰਦੀ। ਬੰਦੂਕਾਂ, ਤੋਪਾਂ, ਜਹਾਜਾਂ ਦੇ ਹਮਲਿਆਂ ਕਾਰਨ ਯਹੂਦੀ ਭੈਭੀਤ ਨਹੀਂ ਹੋਣਗੇ।

ਅਪੀਲਾਂ ਦਲੀਲਾਂ ਦਾ ਕੋਈ ਅਸਰ ਨਾ ਹੋਇਆ। ਪੰਤਾਲੀ ਸੌ ਬੰਦਿਆਂ ਵਾਲਾ ਜਹਾਜ ਜਰਮਨੀ ਵੱਲ ਰਵਾਨਾ ਹੋ ਗਿਆ।

31 ਅਗਸਤ ਨੂੰ ਯੂ.ਐਨ.ਓ. ਦੀ ਟੀਮ ਨੇ ਜਨੇਵਾ ਵਿਚ ਰਿਪੋਰਟ ਦੇ ਦਿੱਤੀ ਜਿਸ ਅਨੁਸਾਰ ਫਲਸਤੀਨ ਦੇ ਦੋ ਟੋਟੇ ਕਰ ਦਿੱਤੇ ਜਾਣ। ਇਕ ਪਾਸੇ ਇਜ਼ਰਾਈਲ, ਦੂਜੇ ਪਾਸੇ ਫਲਸਤੀਨ; ਜਿਵੇਂ ਹੋਣਾ ਹੀ ਸੀ, ਯਹੂਦੀ ਮੰਨ ਗਏ। ਅਰਬ ਅੜ ਗਏ, ਕਿਹਾ, ਪੂਰਾ ਫਲਸਤੀਨ ਅਰਬਾਂ ਨੂੰ ਦਿਉ, ਅਜਿਹਾ ਨਹੀਂ ਹੁੰਦਾ ਤਾਂ ਯੁੱਧ ਲਈ ਤਿਆਰ ਰਹੋ। ਅੰਗਰੇਜ਼ਾਂ ਨੇ ਕਹਿ ਦਿੱਤਾ, ਜੇ ਦੋਵੇਂ ਧਿਰਾਂ ਨਹੀਂ ਮੰਨਦੀਆਂ ਤਾਂ ਜਿਵੇਂ ਹੈ ਤਿਵੇਂ ਰਹਿਣ ਦਿਉ। ਅੰਗਰੇਜ਼ਾਂ ਦੀ ਯਹੂਦੀਆਂ ਵਿਰੁਧ ਜ਼ਾਲਮ ਨੀਤੀ ਸਪਸ਼ਟ ਦਿਸ ਗਈ।

ਗੋਲਡਾ ਨੇ ਕਿਹਾ, ਅਸੀਂ ਯੋਰੋਸ਼ਲਮ ਬਗੈਰ ਕੋਈ ਇਲਾਕਾ ਨਹੀਂ ਲਵਾਂਗੇ। ਨਾਲੇ ਇਸ ਲਕੀਰ ਵਿਚ ਗੈਲੀਲੀ ਅਰਬਾਂ ਵਾਲੇ ਪਾਸੇ ਹੈ, ਅਸੀਂ ਗਲੀਲੀ ਤੋਂ ਹੱਕ ਨਹੀਂ ਛੱਡਾਂਗੇ। ਸਾਡੇ ਪਾਸੇ ਵਾਲੇ ਇਜ਼ਰਾਈਲ ਵਿਚ ਪੰਜ ਲੱਖ ਮੁਸਲਮਾਨਾਂ ਦੀ ਆਬਾਦੀ ਹੈ, ਅਸੀਂ ਵਾਅਦਾ ਕਰਦੇ ਹਾਂ ਕਿ ਇਕ ਵੀ ਬੰਦੇ ਉਪਰ ਇਸ ਕਰ ਕੇ ਜ਼ਿਆਦਤੀ ਨਹੀਂ ਹੋਵੇਗੀ ਕਿ ਉਹ ਮੁਸਲਮਾਨ ਹੈ। ਮੱਧ ਏਸ਼ੀਆਂ ਵਿਚ ਇਹ ਅਮਨ ਦੀ ਗਾਰੰਟੀ ਹੋਵੇਗੀ, ਸ਼ਾਨਦਾਰ ਭਵਿੱਖ।

29 ਨਵੰਬਰ ਵਾਲੇ ਦਿਨ ਨਿਊ ਯਾਰਕ ਵਿਚ ਇਸ ਰਿਪੋਰਟ ਉਪਰ ਵੋਟਾਂ ਪੈਣੀਆਂ ਸਨ। ਅੱਧੀ ਰਾਤ ਨੂੰ ਐਲਾਨ ਹੋਇਆ। ਅਮਰੀਕਾ, ਸੋਵੀਅਤ ਦੇਸ਼ ਸਮੇਤ 33 ਦੇਸ਼ਾਂ ਨੇ ਫਲਸਤੀਨ ਦੀ ਵੰਡ ਦਾ ਸਮਰਥਨ ਕੀਤਾ। ਤੇਰਾਂ ਅਰਬ ਦੇਸ਼ਾਂ ਨੇ ਵਿਰੋਧ ਕੀਤਾ। ਬਰਤਾਨੀਆ ਸਮੇਤ ਦਸ ਦੇਸ਼ ਗੈਰ-ਹਾਜ਼ਰ ਰਹੇ। ਗੋਲਡਾ ਖਬਰ ਸੁਣਨ ਸਾਰ ਯਹੂਦੀ ਏਜੰਸੀ ਦੇ ਲਾਅਨ ਵਿਚ ਚਲੀ ਗਈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਸਨ। ਹੋਰ ਵੀ ਆ ਰਹੇ ਸਨ, ਨੱਚ ਰਹੇ ਸਨ, ਗਾ ਰਹੇ ਸਨ। ਇਥੋਂ ਤੱਕ ਕਿ ਨੱਚਣ ਵਾਲਿਆਂ ਵਿਚ ਅੰਗਰੇਜ਼ ਵੀ ਸਨ। ਇਕ ਦੂਜੇ ਦੇ ਹੱਥ ਵਿਚ ਹੱਥ ਫੜੀ ਜਸ਼ਨਾਂ ਵਿਚ ਮਸਰੂਫ। ਗੋਲਡਾ ਨੂੰ ਭਾਸ਼ਣ ਦੇਣ ਲਈ ਕਿਹਾ ਗਿਆ। ਗੋਲਡਾ ਦਾ ਭਾਸ਼ਣ ਅਰਬਾਂ ਵੱਲ ਸੇਧਤ ਸੀ- ਭਾਈਓ, ਅਰਬਾਂ ਨੇ ਇਸ ਵੰਡ ਖਿਲਾਫ, ਇਜ਼ਰਾਈਲ ਦੀ ਆਜ਼ਾਦੀ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ ਹੈ। ਯੂ.ਐਨ.ਓ. ਦੇ ਮੈਂਬਰ ਦੇਸ਼ਾਂ ਦੀ ਬਹੁ-ਗਿਣਤੀ ਨੇ ਸਾਡੇ ਹੱਕ ਵਿਚ ਫੈਸਲਾ ਦਿੱਤਾ ਹੈ। ਵੰਡ ਦੀ ਲਕੀਰ ਸਥਾਈ ਅਤੇ ਸਾਰਥਕ ਹੱਲ ਨਹੀਂ, ਪਰ ਵਡੇਰੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਫੈਸਲਾ ਮੰਨ ਲੈਣਾ ਚਾਹੀਦਾ ਹੈ।

ਅਰਬਾਂ ਨੇ ਫੈਸਲਾ ਨਹੀਂ ਮੰਨਿਆ। ਅਗਲੇ ਦਿਨ ਬੱਸ ਵਿਚ ਸਫਰ ਕਰਦੇ ਸੱਤ ਯਹੂਦੀ ਗੋਲੀਆਂ ਨਾਲ ਫੁੰਡ ਦਿੱਤੇ ਗਏ। ਦੰਗੇ ਸ਼ੁਰੂ ਹੋ ਗਏ। ਦੋ ਦਸੰਬਰ ਨੂੰ ਯੋਰੋਸ਼ਲਮ ਦੇ ਯਹੂਦੀ ਵਪਾਰ ਕੇਂਦਰ ਨੂੰ ਅਰਬਾਂ ਦੀ ਭੀੜ ਨੇ ਅੱਗ ਲਾ ਦਿੱਤੀ। ਅੰਗਰੇਜ਼ ਸੈਨਿਕ ਖਲੋਤੇ ਤਮਾਸ਼ਾ ਦੇਖਦੇ ਰਹੇ। ਜਦੋਂ ਯਹੂਦੀਆਂ ਨੇ ਅਰਬਾਂ ਦਾ ਮੁਕਾਬਲਾ ਸ਼ੁਰੂ ਕੀਤਾ ਤਾਂ ਅੰਗੇਰਜ਼ ਸੈਨਿਕਾਂ ਨੇ ਯਹੂਦੀਆਂ ਵੱਲ ਬੰਦੂਕਾਂ ਤਾਣ ਲਈਆਂ।





*ਇਜ਼ਰਾਈਲ ਦੀ ਕਾਇਮੀ ਮੌਕੇ ਯੋਰੋਸ਼ਲਮ ਤੋਂ ਛਪਦੀ ਅਖਬਾਰ 'ਦਿ ਫਲਸਤੀਨ ਪੋਸਟ' ਦੀ 16 ਮਈ 1948 ਦੀ ਸੁਰਖੀ*

ਇਜ਼ਰਾਈਲ, ਅਰਬਾਂ ਦੀ ਫੌਜ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਸੀ। ਮੁਕਾਬਲੇ ਲਈ ਹਥਿਆਰ ਚਾਹੀਦੇ ਸਨ ਤੇ ਹਥਿਆਰ ਖਰੀਦਣ ਲਈ ਪੈਸੇ। ਪੈਸੇ ਕੌਣ ਦਏਗਾ? ਕੇਵਲ ਧਨਾਢ ਅਮਰੀਕੀ ਯਹੂਦੀ। ਹੋਰ ਕਿਸੇ ਕੋਲ ਸਮਰੱਥਾ ਨਹੀਂ। ਫਿਰ ਪੈਸੇ ਮੰਗਣ ਕੌਣ ਜਾਏ? ਬਿਨ ਗੁਰਿਓਂ ਨੇ ਕਿਹਾ, ਮੈਂ ਜਾਵਾਂਗਾ, ਐਲੀਜ਼ਰ ਮੇਰੇ ਨਾਲ ਜਾਵੇਗਾ। ਗੋਲਡਾ ਨੇ ਕਿਹਾ, ਇਸ ਸੰਕਟ ਵਿਚ ਇਜ਼ਰਾਈਲ ਵਿਚੋਂ ਤੁਹਾਡੀ ਗੈਰ-ਹਾਜ਼ਰੀ ਖਤਰਨਾਕ ਹੋਵੇਗੀ। ਮੈਂ ਪਹਿਲਾਂ ਵੀ ਫੰਡ ਇਕੱਠਾ ਕਰਨ ਜਾਂਦੀ ਰਹੀ ਹਾਂ, ਮੇਰੀ ਅੰਗਰੇਜ਼ੀ ਵੀ ਅਮਰੀਕੀ ਸ਼ੈਲੀ ਦੀ ਹੈ। ਜੇ ਮੈਂ ਜਾਵਾਂ ਤਾਂ ਠੀਕ ਰਹੇਗਾ। ਜੇ ਸ਼ੱਕ ਹੈ ਤਾਂ ਕਾਰਜਕਾਰਨੀ ਦੀ ਵੋਟ ਕਰਾ ਲਉ। ਕਾਰਜਕਾਰਨੀ ਨੇ ਗੋਲਡਾ ਦੇ ਹੱਕ ਵਿਚ ਵੋਟ ਦਿੱਤੀ। ਗੁਰੀਓਂ ਨੇ ਕਿਹਾ, ਇੰਨਾ ਸਮਾਂ ਨਹੀਂ ਕਿ ਘਰ ਜਾਵੇਂ ਤੇ ਸਮਾਂ ਖਰਾਬ ਕਰੇਂ, ਹੁਣੇ ਜਹਾਜੇ ਚੜ੍ਹ। ਗੋਲਡਾ ਅਮਰੀਕਾ ਉਡ ਗਈ।

21 ਜਨਵਰੀ 1948 ਨੂੰ ਉਹਨੇ ਕੌਂਸਲ ਆਫ ਜਿਊਇਸ਼ ਫੈਡਰੇਸ਼ਨਜ਼ ਐਂਡ ਵੈਲਫੇਅਰ ਫੰਡ ਅੱਗੇ ਸ਼ਿਕਾਗੋ ਵਿਚ ਤਕਰੀਰ ਕੀਤੀ, ਫਲਸਤੀਨੀ ਯਹੂਦੀ ਹੁਣ ਆਖਰੀ ਜੰਗ ਲੜਨਗੇ। ਸਾਡੇ ਕੋਲ ਹਥਿਆਰ ਹੋਏ, ਹਥਿਆਰਾਂ ਨਾਲ ਲੜਾਂਗੇ; ਨਹੀਂ ਤਾਂ ਸੋਟੀਆਂ ਤੇ ਪੱਥਰਾਂ ਨਾਲ ਲੜਾਂਗੇ। ਅਸੀਂ ਜੰਗ ਵਿਚ ਘਿਰ ਗਏ ਹਾਂ। ਹਰ ਯਹੂਦੀ ਦਾ ਵਿਸ਼ਵਾਸ ਹੈ, ਜਿੱਤ ਸਾਡੀ ਹੋਵੇਗੀ। ਅਸੀਂ ਹੌਸਲੇ ਵਿਚ ਹਾਂ। ਜੇ ਹੌਸਲਾ ਨਹੀਂ ਤਾਂ ਹਥਿਆਰ ਬੇਕਾਰ ਹੈ, ਪਰ ਜੇ ਹੌਸਲਾ ਹੈ, ਹਥਿਆਰ ਨਹੀਂ; ਤਾਂ ਹੌਸਲਾ ਕਿੰਨਾ ਕੁ ਚਿਰ ਜੀਵੇਗਾ? ਹਥਿਆਰਾਂ ਬਿਨਾਂ ਪਹਿਲਾਂ ਹੌਸਲੇ, ਫਿਰ ਜਿਸਮ ਟੁੱਟਣਗੇ। ਸੰਕਟ ਸਮੇਂ ਦਾ ਹੈ, ਸਾਨੂੰ ਮਦਦ ਅਗਲੇ ਮਹੀਨੇ ਜਾਂ ਉਸ ਤੋਂ ਅਗਲੇ ਮਹੀਨੇ ਨਹੀਂ, ਹੁਣੇ ਚਾਹੀਦੀ ਹੈ, ਤੁਰੰਤ; ਤੇ ਮਦਦ ਢਾਈ-ਤਿੰਨ ਕਰੋੜ ਡਾਲਰ ਦੀ ਚਾਹੀਦੀ ਹੈ। ਮਿਸਰ ਅਤੇ ਸੀਰੀਆ ਦੀਆਂ ਸਰਕਾਰਾਂ ਨੇ ਸਾਡੀ ਤਬਾਹੀ ਵਾਸਤੇ ਬਜਟ ਪਾਸ ਕਰ ਦਿੱਤੇ ਹਨ। ਸਾਡੀ ਨਾ ਕੋਈ ਸਕਰਾਰ, ਨਾ ਬਜਟ; ਸਾਡੇ ਹਿੱਸੇ ਤਬਾਹੀ ਲਿਖੀ ਹੈ। ਲੜਾਕੇ ਜੁਆਨ ਸਾਡੇ ਕੋਲ ਬਥੇਰੇ ਹਨ, ਪਰ ਕਾਹਦੇ ਨਾਲ ਲੜਨਗੇ? ਮੈਨੂੰ ਆਪਣੇ ਲੋਕਾਂ 'ਤੇ ਇਤਬਾਰ ਹੈ। ਜਦੋਂ ਮੈਂ ਬਲੱਡ ਬੈਂਕ ਵਾਸਤੇ ਖੂਨ ਮੰਗਿਆ, ਹਸਪਤਾਲ ਦੇ ਬਿਸਤਰਿਆਂ ਵਿਚੋਂ ਉਠ ਕੇ ਮਰੀਜ਼ ਕਤਾਰਾਂ ਵਿਚ ਖਲੋ ਜਾਂਦੇ। ਵਾਰੀ ਆਉਣ ਤੱਕ ਘੰਟਿਆਂ ਬੱਧੀ ਖਲੋਤੇ ਰਹਿੰਦੇ। ਅਸੀਂ ਤੁਹਾਥੋਂ ਵੱਖਰੇ ਯਹੂਦੀ ਨਹੀਂ। ਆਪਾਂ ਇਕੋ ਹਾਂ। ਤੁਸੀਂ ਫਲਸਤੀਨ ਵਿਚ ਹੁੰਦੇ, ਅਸੀਂ ਅਮਰੀਕਾ ਵਿਚ; ਫਿਰ ਤੁਸੀਂ ਵੀ ਉਹੋ ਕਰਨਾ ਸੀ ਜੋ ਮੈਂ ਕਰਨ ਆਈ ਹਾਂ। ਅਸੀਂ ਫਲਸਤੀਨ ਵਿਚ ਲੜਾਂਗੇ, ਨੇਗੇਵ ਵਿਚ ਲੜਾਂਗੇ, ਗੈਲੀਲੀ ਵਿਚ ਲੜਾਂਗੇ, ਯੋਰੋਸ਼ਲਮ ਦੀਆਂ ਕੰਧਾਂ ਦੁਆਲੇ ਲੜਾਂਗੇ। ਇਕ ਇਕ ਯਹੂਦੀ ਜਦੋਂ ਤੱਕ ਮੁਕ ਨਹੀਂ ਜਾਂਦਾ, ਲੜਾਂਗੇ। ਤੁਸੀਂ ਇਹ ਸਲਾਹ ਨਹੀਂ ਦੇ ਸਕਦੇ ਕਿ ਅਸੀਂ ਲੜੀਏ ਕਿ ਨਾ। ਅਸੀਂ ਲੜਾਂਗੇ। ਅਰਬਾਂ ਤੋਂ ਹਾਰ ਕੇ ਅਸੀਂ ਸਫੈਦ ਝੰਡਾ ਨਹੀਂ ਲਹਿਰਾਵਾਂਗੇ। ਫੈਸਲਾ ਹੋ ਚੁੱਕਾ ਹੈ ਤੇ ਇਹ ਫੈਸਲਾ ਬਦਲਿਆ ਨਹੀਂ ਜਾਵੇਗਾ। ਤੁਸੀਂ ਸਾਨੂੰ ਜਿਤਾਉਣਾ ਹੈ ਕਿ ਅਰਬਾਂ ਨੂੰ... ਇਹ ਤੁਸੀਂ ਜਾਣੋ। ਹੁਣੇ ਫੈਸਲਾ ਕਰੋ, ਇਸੇ ਘੜੀ। ਇਹ ਪਲ ਮੁੜ ਨਹੀਂ ਪਰਤੇਗਾ।

ਗੋਲਡਾ ਦੀਆਂ ਗੱਲਾਂ ਅਮਰੀਕੀ ਯਹੂਦੀ ਸੁਣੀ ਗਏ, ਰੋਈ ਗਏ। ਉਨ੍ਹਾਂ ਨੇ ਇਕੋ ਵਕਤ ਇੰਨੀ ਰਕਮ ਦਿੱਤੀ ਜਿੰਨੀ ਦੁਨੀਆਂ ਵਿਚ ਕਿਸੇ ਨੇ ਨਹੀਂ ਦਿੱਤੀ ਸੀ, ਕਦੀ ਨਹੀਂ। ਬਹੁਤਿਆਂ ਨੇ ਬੈਂਕਾਂ ਵਿਚੋਂ ਕਰਜ਼ਾ ਲੈ ਕੇ ਦਾਨ ਦਿੱਤਾ। ਉਮੀਦ ਤੋਂ ਦੁੱਗਣਾ ਧਨ, ਪੰਜ ਕਰੋੜ ਡਾਲਰ ਅਤੇ ਹੰਝੂਆਂ ਦੀਆਂ ਵਾਛੜਾਂ। ਬਿਨ ਗੁਰਿਓਂ ਨੂੰ ਜਦੋਂ ਇਹ ਰਕਮ ਦਿੱਤੀ, ਉਸ ਨੇ ਕਿਹਾ, ਜਦੋਂ ਇਜ਼ਰਾਈਲ ਦਾ ਇਤਿਹਾਸ ਲਿਖਿਆ ਗਿਆ, ਜ਼ਿਕਰ ਆਵੇਗਾ ਕਿ ਇਕ ਔਰਤ ਵਲੋਂ ਲਿਆਂਦੀ ਦੌਲਤ ਸਦਕਾ ਇਕ ਦੇਸ਼ ਨਕਸ਼ੇ 'ਤੇ ਉਤਰ ਆਇਆ। ਗੋਲਡਾ ਨੇ ਕਿਹਾ, ਲੋਕਾਂ ਨੇ ਮੈਨੂੰ ਨਹੀਂ, ਇਜ਼ਰਾਈਲ ਨੂੰ ਪੈਸੇ ਦਿੱਤੇ। ਇਸ ਰਕਮ ਨਾਲ ਹਥਿਆਰਾਂ ਦੀ ਖਰੀਦ ਸ਼ੁਰੂ ਹੋਈ।

ਪਤਾ ਲੱਗ ਗਿਆ ਕਿ ਜਦੋਂ ਯੂ.ਐਨ.ਓ. ਆਜ਼ਾਦੀ ਦਾ ਐਲਾਨ ਕਰੇਗੀ, ਅਰਬ ਦੇਸ਼ ਚੁਫੇਰਿਓਂ ਇਜ਼ਰਾਈਲ 'ਤੇ ਹੱਲਾ ਬੋਲਣਗੇ। ਬਾਕੀਆਂ ਵਿਚੋਂ ਜਾਰਡਨ ਦਾ ਬਾਦਸ਼ਾਹ ਅਬਦੁੱਲਾ ਕੁਝ ਭਲਾਮਾਣਸ ਲਗਦਾ ਸੀ। ਗੁਪਤ ਮੁਲਾਕਾਤ ਵਾਸਤੇ ਗੋਲਡਾ ਉਹਦੇ ਟਿਕਾਣੇ 'ਤੇ ਗਈ। ਉਹ ਨਰਮ, ਸਭਿਅਕ ਅਤੇ ਹਮਦਰਦ ਸੀ। ਉਹਨੇ ਕਿਹਾ, ਮੈਂ ਅਮਨ ਚਾਹੁੰਦਾ ਹਾਂ। ਯੋਰੋਸ਼ਲਮ ਦਾ ਮੁਫਤੀ (ਮੌਲਵੀ) ਹਾਜੀ ਅਮੀਨ ਅਲ-ਹੁਸੈਨੀ ਸਾਡਾ ਸਾਂਝਾ ਦੁਸ਼ਮਣ ਹੈ। ਯੂ.ਐਨ.ਓ. ਦੇ ਐਲਾਨ ਬਾਅਦ ਆਪਾਂ ਫਿਰ ਮਿਲਾਂਗੇ। ਹਮਲਾ ਨਹੀਂ ਕਰਾਂਗਾ, ਵਾਅਦਾ ਰਿਹਾ।

ਖਬਰਾਂ ਆਉਂਦੀਆਂ ਰਹੀਆਂ ਕਿ ਅਬੱਦੁਲਾ ਅਰਬ ਦੇਸ਼ਾਂ ਦੇ ਹਮਲੇ ਵਿਚ ਸ਼ਾਮਲ ਹੋਣ ਦੀਆਂ ਵਿਉਂਤਾਂ ਬਣਾ ਰਿਹਾ ਹੈ। ਭਰੋਸੇਯੋਗ ਬੰਦੇ ਰਾਹੀਂ ਅਬਦੁੱਲਾ ਨਾਲ ਰਾਬਤਾ ਕਾਇਮ ਰੱਖਿਆ ਜਾ ਰਿਹਾ ਸੀ। ਗੋਲਡਾ ਨੇ ਆਪਣਾ ਖਦਸ਼ਾ ਬਾਦਸ਼ਾਹ ਤੱਕ ਪੁਚਾਇਆ, ਉਤਰ ਮਿਲਿਆ, ਮੈਨੂੰ ਤੁਹਾਡੇ ਸ਼ੱਕ ਕਰ ਕੇ ਦੁੱਖ ਹੋਇਆ। ਦੂਤ ਨੂੰ ਕਿਹਾ, ਗੋਲਡਾ ਤਿੰਨ ਗੱਲਾਂ ਯਾਦ ਰੱਖੇ... ਮੈਂ ਬੱਦੂ ਹਾਂ, ਵਾਅਦਾ ਵਫਾ ਕਰਨ ਦਾ ਪਾਬੰਦ; ਦੂਜਾ ਇਹ ਵਾਅਦਾ ਬਾਦਸ਼ਾਹ ਨੇ ਕੀਤਾ ਹੈ, ਕਿਸੇ ਲੱਲੂ ਪੰਜੂ ਨੇ ਨਹੀਂ; ਤੇ ਤੀਜਾ, ਇਹ ਵਾਅਦਾ ਇਕ ਔਰਤ ਨਾਲ ਕੀਤਾ ਹੈ, ਪੂਰ ਚੜ੍ਹੇਗਾ। ਸ਼ੱਕ ਦੀ ਕੋਈ ਵਜ੍ਹਾ ਨਹੀਂ।

ਖਬਰਾਂ ਮਿਲੀਆਂ ਕਿ ਅਰਬਾਂ ਦੀ ਲੀਗ ਬਣ ਗਈ ਹੈ ਜਿਸ ਵਿਚ ਅਬਦੁੱਲਾ ਸ਼ਾਮਲ ਹੋ ਗਿਆ ਹੈ। ਫੈਸਲਾ ਹੋਇਆ, ਜਿੰਨੀ ਜਲਦੀ ਹੋ ਸਕੇ, ਬਾਦਸ਼ਾਹ ਨੂੰ ਮਿਲਿਆ ਜਾਵੇ। ਕੀ ਪਤਾ, ਆਖਰੀ ਪਲ ਹੋਣੀ ਟਲ ਈ ਜਾਏ। ਬਾਦਸ਼ਾਹ ਕੋਲ ਬਰਤਾਨੀਆ ਵਲੋਂ ਟਰੇਂਡ ਫੌਜ ਹੈ। ਜੇ ਉਹ ਯੁੱਧ ਤੋਂ ਕਿਨਾਰਾ ਕਰ ਗਿਆ ਤਾਂ ਇਰਾਕੀ ਫੌਜ ਵੀ ਫਲਸਤੀਨ ਨਹੀਂ ਪੁੱਜ ਸਕੇਗੀ। ਬਿਨ ਗੁਰਿਓਂ ਨੇ ਕਿਹਾ, ਗੋਲਡਾ, ਇਕ ਵਾਰ ਮਿਲਣ ਵਿਚ ਕੀ ਹਰਜ? ਐਜ਼ਰਾ ਡੈਨੀ ਨੂੰ ਨਾਲ ਲੈ ਕੇ ਰਾਤ ਨੂੰ ਕਾਰ ਵਿਚ ਸਵਾਰ ਹੋ ਗੋਲਡਾ, ਬਾਦਸ਼ਾਹ ਨੂੰ ਮਿਲਣ ਤੁਰ ਪਈ। ਇਹ ਗੁਪਤ ਮਿਸ਼ਨ ਸੀ। ਅਜਨਬੀ ਰਾਹਾਂ ਤੋਂ ਭਟਕ ਕੇ ਜੇ ਅਰਬਾਂ ਦੇ ਕਾਬੂ ਆ ਜਾਂਦੇ, ਜੀਵਨ ਖਤਮ। ਐਜ਼ਰਾ ਨੇ ਅਰਬੀ ਲਿਬਾਸ ਪਾ ਲਿਆ ਤੇ ਗੋਲਡਾ ਨੇ ਬੁਰਕਾ। ਗੋਲਡਾ, ਐਜ਼ਰਾ ਦੀ ਪਤਨੀ ਵਜੋਂ ਪੇਸ਼ ਆਏਗੀ। ਐਜ਼ਰਾ

(ਬਾਕੀ ਅਗਲੇ ਸਫੇ 'ਤੇ)

ਵਧੀਆ ਅਰਬੀ ਬੋਲਦਾ ਸੀ, ਉਹੀ ਗੱਲਬਾਤ ਕਰੇਗਾ, ਅਰਬ ਔਰਤਾਂ ਚੁੱਪ ਰਹਿੰਦੀਆਂ ਹਨ। 14 ਮਈ ਨੂੰ ਇਜ਼ਰਾਈਲ ਦੀ ਆਜ਼ਾਦੀ ਦਾ ਐਲਾਨ ਹੋਣਾ ਸੀ, ਤੇ ਇਹ ਦਸ ਮਈ ਦੀ ਰਾਤ ਸੀ। ਕਈ ਥਾਈਂ ਤਲਾਸ਼ੀ ਹੋਈ, ਆਖਰ ਉਹ ਅਬਦੁੱਲਾ ਦੇ ਟਿਕਾਣੇ 'ਤੇ ਪੁੱਜਣ ਵਿਚ ਕਾਮਯਾਬ ਹੋ ਗਏ।

ਅਬਦੁੱਲਾ ਆਇਆ, ਉਹਦਾ ਚਿਹਰਾ ਪੀਲਾ ਹੋਇਆ ਪਿਆ ਸੀ। ਮੱਥੇ 'ਤੇ ਫਿਕਰ ਦੀਆਂ ਰੇਖਾਵਾਂ, ਅੱਖਾਂ ਵਿਚ ਖੌਫ। ਗੋਲਡਾ ਨੇ ਵਕਤ ਜ਼ਾਇਆ ਕਰਨ ਦੀ ਥਾਂ ਸਿੱਧਾ ਸਵਾਲ ਪੁੱਛਿਆ, ਵਾਅਦਾ ਤੋੜਨ ਦਾ ਫੈਸਲਾ ਹੋ ਗਿਆ ਆਖਰ? ਬਾਦਸ਼ਾਹ ਦੇਰ ਤੱਕ ਖਾਮੋਸ਼ ਰਿਹਾ। ਆਖਰ ਬੋਲਿਆ, ਜਦੋਂ ਮੈਂ ਵਾਅਦਾ ਕੀਤਾ ਸੀ, ਉਦੋਂ ਮੈਂ ਇਕੱਲਾ ਸਾਂ; ਵਾਅਦਾ ਕਰਨ ਦੇ ਸਮਰਥ ਸਾਂ। ਹੁਣ ਸਭ ਕੁਝ ਬਦਲ ਗਿਆ। ਪੰਜ ਦੇਸ਼ਾਂ ਦੀ ਲੀਗ ਬਣ ਗਈ ਹੈ, ਮੈਂ ਪੰਜਾਂ ਵਿਚ ਇਕ ਹਾਂ। ਮਿਸਰ, ਸੀਰੀਆ, ਲੈਬਨਾਨ ਤੇ ਇਰਾਕ ਇਕ ਪਾਸੇ, ਮੈਂ ਇਕੱਲਾ ਰਹਿ ਗਿਆ ਹਾਂ। ਫਿਰ ਵੀ, ਕੀ ਪਤਾ ਯੁੱਧ ਟਲ ਜਾਏ, ਪਰ ਮੈਨੂੰ ਇਹ ਦੱਸੋ, ਤੁਸੀਂ ਇਜ਼ਰਾਈਲ ਦੀ ਆਜ਼ਾਦੀ ਦਾ ਐਲਾਨ ਕਰਨ ਵਾਸਤੇ ਇੰਨੇ ਕਾਹਲੇ ਕਿਉਂ ਹੋ? ਇੰਨੀ ਬੇਸਬਰੀ ਠੀਕ ਨਹੀਂ। ਗੋਲਡਾ ਨੇ ਕਿਹਾ, ਜਿਨ੍ਹਾਂ ਲੋਕਾਂ ਨੇ ਦੋ ਹਜ਼ਾਰ ਸਾਲ ਸਬਰ-ਸ਼ੁਕਰ ਨਾਲ ਬਿਤਾਏ ਹੋਣ, ਉਹ ਬੇਸਬਰੇ ਹੋਏ? ਬਾਦਸ਼ਾਹ ਨੇ ਹਉਕਾ ਲਿਆ ਤੇ ਚੁੱਪ ਕਰ ਗਿਆ।

ਗੋਲਡਾ ਬੋਲੀ, ਬਾਦਸ਼ਾਹ ਸਲਾਮਤ, ਤੁਹਾਨੂੰ ਪਤੈ, ਇਹ ਚਾਰੇ ਦੇਸ਼ ਤੁਹਾਡੇ ਮਿੱਤਰ ਨਹੀਂ? ਜੇ ਕੋਈ ਤੁਹਾਡਾ ਹਮਦਰਦ ਹੈ, ਉਹ ਹੈ ਇਜ਼ਰਾਈਲ। ਬਾਕੀ ਤੁਹਾਡੇ ਦੁਸ਼ਮਣ ਹਨ।

-ਪਰ ਮੈਂ ਕਰਾਂ ਕੀ? ਮੈਂ ਇਕੱਲਾ ਨਹੀਂ ਫੈਸਲਾ ਕਰ ਸਕਦਾ, ਘਿਰ ਗਿਆ ਹਾਂ।

-ਜੇ ਜੰਗ ਛਿੜ ਗਈ ਤਾਂ ਹਜ਼ੂਰ ਅਸੀਂ ਖੂਨੀ ਜੰਗ ਲੜਾਂਗੇ ਤੇ ਜਿੱਤਾਂਗੇ।

-ਹਾਂ ਮੈਨੂੰ ਪਤੈ। ਤੁਸੀਂ ਲੜੋਗੇ, ਪਰ ਚੰਗਾ ਹੋਵੇ ਜੇ ਥੋੜ੍ਹੇ ਸਾਲ ਹੋਰ ਰੁਕ ਜਾਉ। ਨਾਲੇ ਯਹੂਦੀ ਰਿਫਿਊਜੀਆਂ ਨੂੰ ਫਲਸਤੀਨ ਆਉਣ ਤੋਂ ਰੋਕੋ। ਇਕ ਤਰੀਕਾ ਹੋਰ ਵੀ ਹੈ। ਇਜ਼ਰਾਈਲ ਸੁਤੰਤਰ ਦੇਸ਼ ਹੋਣ ਦੀ ਥਾਂ ਮੇਰੇ ਦੇਸ਼ ਵਿਚ ਸ਼ਾਮਲ ਹੋ ਜਾਵੇ। ਮੈਂ ਤੁਹਾਨੂੰ ਵਜ਼ੀਰ ਲੈ ਲਵਾਂਗਾ। ਯਹੂਦੀ ਭਿਆਨਕ ਕਤਲੋਗਾਰਤ ਤੋਂ ਬਚ ਜਾਣਗੇ।

-ਤੁਹਾਡਾ ਖਿਆਲ ਐ, ਮੈਂ ਤੁਹਾਥੋਂ ਵਜ਼ਾਰਤ ਮੰਗਣ ਆਈ ਹਾਂ? ਤੁਹਾਨੂੰ ਪਤਾ ਹੈ, ਅਸੀਂ ਕੀ ਲੈਣੈ, ਕੀ ਕਰਨੈ। ਜੇ ਤੁਹਾਡੇ ਕੋਲ ਵਜ਼ਾਰਤ ਦੀ ਕੁਰਸੀ ਦੇਣ ਤੋਂ ਇਲਾਵਾ ਹੋਰ ਕੁਝ ਨਹੀਂ, ਫਿਰ ਯੁੱਧ ਯਕੀਨੀ ਹੈ। ਦੱਸ ਦਿਆਂ ਕਿ ਅਸੀਂ ਜਿੱਤਾਂਗੇ। ਜਿੱਤਣ ਤੋਂ ਬਾਅਦ ਕੀ ਪਤਾ ਆਪਾਂ ਫਿਰ ਮਿਲ ਸਕੀਏ। ਫਿਰ ਇਜ਼ਰਾਈਲ ਦੇ ਯਹੂਦੀ ਵਜ਼ੀਰ ਵਜੋਂ ਤੁਹਾਨੂੰ ਮਿਲਾਂਗੀ।

ਡੈਨੀ ਨੇ ਉਠਣ ਲੱਗਿਆਂ ਬਾਦਸ਼ਾਹ ਨੂੰ ਕਿਹਾ, ਤੁਸੀਂ ਲੋਕਾਂ ਨੂੰ ਖੁੱਲ੍ਹੇਆਮ ਨਾ ਮਿਲਿਆ ਕਰੋ। ਮੈਂ ਦੇਖਿਆ ਹੈ, ਤੁਹਾਡਾ ਲਿਬਾਸ ਚੁੰਮਣ ਲਈ ਲੋਕ ਤੁਹਾਡੇ ਬਿਲਕੁਲ ਨੇੜੇ ਆ ਜਾਂਦੇ ਹਨ। ਕੋਈ ਸਿਰਫਿਰਿਆ ਕਾਰਾ ਕਰ ਸਕਦਾ ਹੈ। ਬਾਦਸ਼ਾਹ ਨੇ ਕਿਹਾ, ਮੈਂ ਬੱਦੂ ਹਾਂ, ਆਜ਼ਾਦ ਜੰਮਿਆਂ, ਆਜ਼ਾਦ ਜੀਵਿਆ। ਮੈਂ ਆਪਣੀ ਗਾਰਦ ਦਾ ਗੁਲਾਮ ਨਹੀਂ ਬਣਾਂਗਾ। ਉਹਨੇ ਅਲਵਿਦਾ ਕਹੀ ਅਤੇ ਸੌਣ ਵਾਸਤੇ ਚਲਾ ਗਿਆ। ਖਾਣਾ ਪਰੋਸਿਆ ਗਿਆ ਪਰ ਕਿਸ ਦੇ ਸੰਘ ਹੇਠੋਂ ਬੁਰਕੀ ਲੰਘਣੀ ਸੀ? ਗੋਲਡਾ ਹੁਣੇ ਤੋਂ ਪੰਜ ਦੇਸ਼ਾਂ ਦੇ ਟੈਂਕਾਂ ਵਿਚਕਾਰ ਘਿਰ ਗਈ ਮਹਿਸੂਸ ਕਰ ਰਹੀ ਸੀ। ਤਲ ਅਵੀਵ ਵਾਪਸ ਜਾ ਕੇ ਬਿਨ ਗੁਰੀਓਂ ਨੂੰ ਕੀ ਦੱਸੇਗੀ? ਵਾਪਸੀ ਦੇ ਸਫਰ ਵਕਤ ਕਾਰ ਦੇ ਸ਼ੀਸ਼ਿਆਂ ਵਿਚੋਂ ਸਾਰਿਆਂ ਨੇ ਦੇਖਿਆ, ਟੈਂਕ ਯੋਰੋਸ਼ਲਮ ਵੱਲ ਸਰਕ ਰਹੇ ਸਨ। ਡੇਨੀ ਨੇ ਹੌਲੀ ਦੇ ਕੇ ਕਿਹਾ, ਜੇ ਅਸੀਂ ਜਿੱਤ ਗਏ ਤਾਂ ਦਸ ਹਜ਼ਾਰ ਸਿਪਾਹੀਆਂ ਦੀਆਂ ਜਾਨਾਂ ਜਾਣਗੀਆਂ, ਜੇ ਹਾਰ ਗਏ ਤਾਂ ਪੰਜਾਹ ਹਜ਼ਾਰ ਖਪਣਗੇ। ਹਚਕੋਲੇ ਖਾਂਦੀ ਕਾਰ ਤਲ ਅਵੀਵ ਵੱਲ ਜਾ ਰਹੀ ਸੀ, ਟਿਕਾਣੇ ਪੁੱਜਣਗੇ ਵੀ ਕਿ ਨਾ, ਰੱਬ ਜਾਣੇ।

-ਕੋਈ ਹੋਰ ਗੱਲ ਕਰ ਡੈਨੀ। ਹੌਲੀ ਬੋਲ ਡੈਨੀ। ਸਾਹ ਵੀ ਹੌਲੀ ਲੈ ਡੈਨੀ। ਆਪਣੇ ਮਿੱਤਰਾਂ ਨੂੰ ਦੱਸਣ ਲਈ ਕਿ ਕੀ ਹੋਣ ਜਾ ਰਿਹਾ ਹੈ, ਵਾਪਸ ਪੁੱਜਣ ਵਿਚ ਕਾਮਯਾਬ ਹੋ ਜਾਈਏ ਕੇਰਾਂ। ਪਤਾ ਨਹੀਂ ਠੀਕ ਦਿਸ਼ਾ ਵਿਚ ਜਾ ਵੀ ਰਹੇ ਹਾਂ ਕਿ ਨਹੀਂ।

ਆਖਰ ਸੁੱਖ ਦਾ ਸਾਹ ਆਇਆ ਜਦੋਂ ਯਹੂਦੀ ਖੁਫੀਆ ਏਜੰਸੀ ਦਾ ਸਾਰਜੰਟ ਕਾਰ ਨਜ਼ਦੀਕ ਆਇਆ। ਗੋਲਡਾ ਨੇ ਉਸ ਦਾ ਹੱਥ ਘੁੱਟ ਕੇ ਫੜਿਆ ਤੇ ਪੁੱਛਿਆ, ਪਹੁੰਚ ਗਏ ਹਾਂ?

-ਹਾਂ ਗੋਲਡਾ, ਸਾਰੀ ਰਾਤ ਬੇਚੈਨੀ ਨਾਲ ਤੁਹਾਡਾ ਇੰਤਜ਼ਾਰ ਕੀਤਾ। ਹੁਣ ਖੈਰ ਹੈ।

ਪਤਾ ਲੱਗਾ ਕਿ ਬਾਦਸ਼ਾਹ ਅਬਦੁੱਲਾ ਕਿਹਾ ਕਰਦਾ ਸੀ, ਇਸ ਹੰਕਾਰੀ ਹੋਈ ਜ਼ਨਾਨੀ ਸਦਕਾ ਖੂਨ ਖਰਾਬਾ ਹੋਏਗਾ। ਮੇਰੀ ਗੱਲ ਮੰਨ ਕੇ ਵਜ਼ਾਰਤ ਵਿਚ ਸ਼ਾਮਲ ਹੋ ਜਾਂਦੀ ਤਾਂ ਯਹੂਦੀ ਕਤਲੇਆਮ ਤੋਂ ਬਚ ਜਾਂਦੇ। ਯੋਰੋਸ਼ਲਮ ਦੇ ਮੁਫਤੀ ਦੀ ਸਾਜ਼ਿਸ਼ ਨਾਲ ਦੋ ਸਾਲ ਬਾਅਦ ਅਬਦੁੱਲਾ ਦਾ ਕਤਲ ਹੋ ਗਿਆ। ਗੋਲਡਾ ਕਿਹਾ ਕਰਦੀ, ਬਾਦਸ਼ਾਹ ਰਤਾ ਕੁ ਹੌਸਲਾ ਦਿਖਾਉਂਦਿਆਂ ਯਹੂਦੀਆਂ ਵਿਰੁਧ ਜੰਗ ਵਿਚ ਨਾ ਕੁੱਦਦਾ, ਯਹੂਦੀਆਂ ਦਾ ਘੱਟ ਨੁਕਸਾਨ ਹੁੰਦਾ, ਤੇ ਉਹ ਖੁਦ ਵੀ ਸ਼ਾਇਦ ਬਚ ਰਹਿੰਦਾ।

ਤਲ ਅਵੀਵ ਵਿਚ ਇੰਤਜ਼ਾਰ ਹੋ ਰਿਹਾ ਸੀ। ਬਾਕੀਆਂ ਵਿਚ ਬਿਨ ਗੁਰੀਓਂ ਬੈਠਾ ਸੀ। ਉਠਿਆ, ਗੋਲਡਾ ਨੂੰ ਕਿਹਾ, ਫਿਰ? ਗੋਲਡਾ ਬੋਲੀ, ਨਹੀਂ। ਸਾਰਿਆਂ ਨੂੰ ਸਭ ਕੁਝ ਨਹੀਂ ਦੱਸਣਾ। ਸਲਿਪ ਉਪਰ ਲਿਖਿਆ, ਗੱਲ ਨ੍ਹੀਂ ਬਣੀ। ਸਾਰੀ ਰਾਤ ਟੈਂਕ ਇਸ ਪਾਸੇ ਵੱਲ ਸਰਕਦੇ ਦੇਖੇ। ਯੁੱਧ ਅੱਟਲ ਹੈ। ਬਿਨ ਗੁਰਿਓਂ ਦਾ ਚਿਹਰਾ ਕੁਮਲਾ ਗਿਆ, ਪਰ ਉਹ ਸੰਭਲਿਆ ਤੇ ਖੁਫੀਆ ਸੈਨਾ ਦੇ ਦੋਵੇਂ ਜਰਨੈਲ ਬੁਲਾ ਕੇ ਰਾਇ ਮੰਗੀ। ਜਰਨੈਲਾਂ ਨੇ ਕਿਹਾ, ਜਿਸ ਪਲ ਆਜ਼ਾਦੀ ਦਾ ਐਲਾਨ ਹੋਇਆ, ਬਰਤਾਨਵੀ ਸੈਨਾ ਵਾਪਸ ਚਲੀ ਜਾਵੇਗੀ, ਸਾਰੇ ਅਰਬ ਦੇਸ਼ ਗਿਰਝਾਂ ਵਾਂਗ ਝਪਟਣਗੇ। ਗੁਰੀਓਂ ਨੇ ਪੁੱਛਿਆ, ਚਾਂਸ ਕੀ ਨੇ? ਜਰਨੈਲਾਂ ਨੇ ਕਿਹਾ, ਫਿਫਟੀ ਫਿਫਟੀ। ਜਿੱਤ ਵੀ ਸਕਦੇ ਹਾਂ, ਹਾਰ ਵੀ।

ਜਰਨੈਲਾਂ ਨੇ ਪੁੱਛਿਆ, ਆਜ਼ਾਦੀ ਦਾ ਦਿਨ ਅੱਗੇ ਪਾ ਦੇਈਏ? ਗੁਰੀਓਂ ਨੇ ਸਖਤ ਆਵਾਜ਼ ਵਿਚ ਕਿਹਾ, ਹਰਗਿਜ਼ ਨਹੀਂ। ਪੁੱਛਿਆ ਗਿਆ, ਅੰਦਾਜ਼ੇ ਕੀ ਹਨ? ਗੁਰੀਉਂ ਨੇ ਕਿਹਾ, ਸਾਡੀ ਕੁੱਲ ਆਬਾਦੀ ਇਜ਼ਰਾਈਲ ਵਿਚ ਇਸ ਵੇਲੇ ਸਾਢੇ ਛੇ ਲੱਖ ਹੈ। ਪੰਜ ਦੇਸ਼ਾਂ ਦੇ ਟਰੇਂਡ ਸੈਨਿਕ ਟੈਂਕਾਂ ਨਾਲ ਹੱਲਾ ਬੋਲਣਗੇ ਜਿਨ੍ਹਾਂ ਦੀ ਪਿੱਠ ਪਿੱਛੇ ਦਸ ਲੱਖ ਅਰਬ ਹਨ।

ਤਲ ਅਵੀਵ ਵਿਚ ਆਜ਼ਾਦੀ ਦੇ ਐਲਾਨ ਦਾ ਸਮਾਂ ਤੇ ਸਥਾਨ ਗੁਪਤ ਰੱਖਿਆ ਗਿਆ ਸੀ, ਥੋੜ੍ਹੇ ਕੁ ਚੋਣਵੇਂ ਲੀਡਰਾਂ ਨੂੰ ਪਤਾ ਸੀ। ਐਲਾਨ ਦਾ ਅਰੰਭ ਬਿਨ ਗੁਰੀਓਂ ਦੇ ਇਸ ਵਾਕ ਨਾਲ ਹੋਵੇਗਾ, ਇਜ਼ਰਾਈਲੀ ਚੱਟਾਨ ਦੀ ਸਹੁੰ ਖਾ ਕੇ ਅਸੀਂ ਆਪਣੀ ਆਜ਼ਾਦੀ ਦੇ ਐਲਾਨ ਉਪਰ ਸਹੀ ਪਾਉਂਦੇ ਹਾਂ। ਬਹੁਤ ਸਾਰੇ ਕਮਿਊਨਿਸਟ ਯਹੂਦੀ, ਰੱਬ ਜਾਂ ਪੈਗੰਬਰ ਆਦਿਕ ਧਰਮੀ ਲਫਜ਼ ਲਿਖਣ ਦੇ ਖਿਲਾਫ ਸਨ ਕਿਉਂਕਿ ਉਹ ਸਮਝਦੇ ਸਨ ਕਿ ਪੁਜਾਰੀ ਦੀ ਜ਼ਬਾਨ ਲੋਕਤੰਤਰ ਪ੍ਰਣਾਲੀ ਵਿਚ ਰੁਕਾਵਟ ਬਣੇਗੀ। ਧਰਮੀ ਗੁੱਟਾਂ ਦਾ ਰਬਈ ਫਿਸ਼ਮੈਨ ਅੜ ਗਿਆ ਕਿ ਇਜ਼ਰਾਈਲੀ ਚੱਟਾਨ ... ਸ਼ਬਦਾਂ ਮਗਰ 'ਅਤੇ ਇਸ ਦੇ ਮੁਕਤੀ ਦਾਤਾ ਦੀ ਸਹੁੰ...' ਲਿਖੋ, ਨਹੀਂ ਉਹ ਦਸਤਖਤ ਨਹੀਂ ਕਰੇਗਾ। ਲੇਬਰ ਪਾਰਟੀ ਦੇ ਲੀਡਰ ਆਰੋਨ ਨੇ ਕਿਹਾ, ਜੇ ਮੁਕਤੀ ਦਾਤਾ ਲਫਜ਼ ਲਿਖੋਗੇ, ਮੈਂ ਦਸਤਖ਼ਤ ਨਹੀਂ ਕਰਾਂਗਾ। ਗੁਰੀਓਂ ਨੇ ਦੋਹਾਂ ਨੂੰ ਸ਼ਾਂਤ ਕਰਦਿਆਂ ਕਿਹਾ, ਇਜ਼ਰਾਈਲੀ ਚੱਟਾਨ ਵਿਚ ਸਾਰੇ ਆ ਜਾਂਦੇ ਹਨ, ਪੈਗੰਬਰ, ਰੱਬ, ਧਰਮ ਅਤੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਦਾ ਚਿੰਨ੍ਹ ਹੈ ਚੱਟਾਨ। ਆਖਰ ਸਭ ਮੰਨ ਗਏ। ਐਲਾਨਨਾਮੇ ਦਾ ਇਕ ਇਕ ਸ਼ਬਦ ਸੋਚ ਸੋਚ ਕੇ ਲਿਖਿਆ ਤੇ ਬਦਲਿਆ। ਬਣਨ ਵਾਲੀ ਨਵੀਂ ਸਰਕਾਰ ਦੇ ਮੁੱਖ ਸਕੱਤਰ ਜ਼ੀਵ ਸ਼ਰੀਫ ਨੇ ਜਦੋਂ ਸਭ ਦੇ ਦਸਤਖਤ ਕਰਵਾ ਲਏ, ਕਿਹਾ, ਇਹ ਐਲਾਨਨਾਮਾ ਮੈਂ ਐਂਗਲੋ-ਫਲਸਤੀਨ ਬੈਂਕ ਦੇ ਸਟਰਾਂਗ ਰੂਮ ਵਿਚ ਜਮ੍ਹਾਂ ਕਰਵਾਵਾਂਗਾ। ਜੇ ਯੁੱਧ ਦੌਰਾਨ ਫਲਸਤੀਨ ਵਿਚ ਵਸਦੇ ਸਾਰੇ ਯਹੂਦੀ ਮਾਰੇ ਗਏ, ਆਉਣ ਵਾਲੀਆਂ ਪੀੜ੍ਹੀਆਂ ਦੇਖ ਤਾਂ ਸਕਣਗੀਆਂ ਕਿ ਅਸੀਂ ਆਜ਼ਾਦੀ ਦਾ ਐਲਾਨਨਾਮਾ ਤਿਆਰ ਕਰ ਕੇ ਦਸਤਖ਼ਤ ਕੀਤੇ ਸਨ।

ਸਤਾਈ ਪਿੰਡਾਂ ਨੂੰ ਪਾਣੀ ਦੇਣ ਵਾਲੀ ਪਾਈਪ ਨੇਗੇਵ ਲਾਗੇ ਮਿਸਰ ਦੀ ਫੌਜ ਨੇ ਕੱਟ ਦਿੱਤੀ। ਸੜਕ ਬੰਬਾਂ ਨਾਲ ਉਡਾ ਦਿੱਤੀ। ਹਿੰਮਤੀ ਜੁਆਨਾਂ ਨੇ ਰਸਤਾ ਚਾਲੂ ਕੀਤਾ। ਤਲ ਅਵੀਵ ਦੇ ਅਜਾਇਬ ਘਰ ਵਿਚ ਆਜ਼ਾਦੀ ਦਾ ਐਲਾਨਨਾਮਾ ਪੜ੍ਹਿਆ ਜਾਏਗਾ। ਆਰਜ਼ੀ ਸਰਕਾਰ ਦੇ 13 ਮੈਂਬਰਾਂ ਵਾਸਤੇ ਕੁਰਸੀਆਂ ਤੇ ਦੋ ਕੁ ਸੌ ਦੇ ਖਲੋਣ ਲਈ ਥਾਂ ਸੀ, ਪਰ ਬਿਨਾਂ ਦੱਸੇ ਪੁੱਛੇ ਉਥੇ ਹਜ਼ਾਰਾਂ ਦੀ ਭੀੜ ਹਾਲ ਦੇ ਬਾਹਰ ਖਲੋਤੀ ਸੀ, ਹੋਰ ਆ ਰਹੇ ਸਨ। ਗੁਰੀਓਂ ਨੇ ਚਾਰ ਵਜੇ ਸ਼ਾਮੀਂ ਐਲਾਨਨਾਮਾ ਪੜ੍ਹਨਾ ਸੀ। ਜਦੋਂ ਗੁਰੀਓਂ ਕਾਗਜ਼ ਖੋਲ੍ਹ ਕੇ ਸਿੱਧਾ ਕਰਨ ਲੱਗੇਗਾ, ਆਰਕੈਸਟਰਾ ਰਾਸ਼ਟਰੀ ਗੀਤ ਦੀ ਧੁਨ ਵਜਾਏਗਾ। ਗੁਰੀਓਂ ਨੇ ਕਾਗਜ਼ ਖੋਲ੍ਹਿਆ, ਇਧਰ ਉਧਰ ਦੇਖਿਆ, ਆਰਕੈਸਟਰਾ ਵਾਲੇ ਆਏ ਹੀ ਨਹੀਂ। ਤਦ ਹਾਜ਼ਰੀਨ ਨੇ ਆਪੇ ਕੌਮੀ ਗੀਤ ਗਾਇਆ। ਫਿਰ ਗੁਰੀਓਂ ਨੇ ਪੰਦਰਾਂ ਮਿੰਟਾਂ ਵਿਚ ਐਲਾਨਨਾਮਾ ਪੜ੍ਹਿਆ, ਉਸ ਦੀ ਆਵਾਜ਼ ਕਦੀ ਉਚੀ ਕਦੀ ਧੀਮੀ ਹੁੰਦੀ। ਆਖਰੀ ਬੋਲ ਸਨ, ਅਸੀਂ ਯਹੂਦੀ ਪਰਜਾ ਦੇ ਪ੍ਰਤੀਨਿਧ ਇਥੇ ਇਕੱਠੇ ਹੋ ਕੇ ਐਲਾਨ ਕਰਦੇ ਹਾਂ ਕਿ ਬਰਤਾਨੀਆ ਦੀ ਹਕੂਮਤ ਦਾ ਦੌਰ ਖਤਮ ਹੋਇਆ। ਸਾਡਾ ਕੁਦਰਤੀ ਅਤੇ ਇਤਿਹਾਸਕ ਹੱਕ ਸਾਨੂੰ ਅੱਜ ਮਿਲਿਆ। ਯੂ.ਐਨ.ਓ. ਦੇ ਮਤੇ ਅਨੁਸਾਰ ਅੱਜ ਇਜ਼ਰਾਈਲ ਦੀ ਧਰਤੀ ਉਪਰ ਸਟੇਟ ਦੀ ਸਥਾਪਤੀ ਦਾ ਐਲਾਨ ਕਰਦੇ ਹਾਂ, ਨਵੇਂ ਦੇਸ਼ ਦਾ ਨਾਮ ਇਜ਼ਰਾਈਲ ਹੋਵੇਗਾ।



ਯਹੂਦੀਆਂ ਦਾ ਅਣ-ਐਲਾਨਿਆ ਬਾਦਸ਼ਾਹ ਡਾ. ਵੀਜ਼ਮੈਨ ਅਤੇ ਅਮਰੀਕੀ ਰਾਸ਼ਟਰਪਤੀ ਟਰੂਮੈਨ

ਨਵੇਂ ਦੇਸ਼ ਦਾ ਨਾਮ ਇਜ਼ਰਾਈਲ! ਹਾਜ਼ਰੀਨ ਦੀਆਂ ਅੱਖਾਂ ਛਲਕੀਆਂ। ਗੋਲਡਾ ਨੇ ਲਿਖਿਆ, "ਖੁਸ਼ਨਸੀਬ ਨਿਕਲੀ ਮੈਂ, ਜਿਸ ਨੇ ਇਹ ਦਿਨ ਦੇਖ ਲਿਆ। ਯਹੂਦੀਆਂ ਨੂੰ ਮੁੱਦਤ ਬਾਅਦ ਘਰ ਮਿਲਿਆ। ਬਣਵਾਸ ਖਤਮ। ਵੀਹ ਸਦੀਆਂ ਬਾਅਦ ਆਪਣੀ ਹੋਣੀ ਦਾ ਫੈਸਲਾ ਖੁਦ ਕਰਨ ਦੇ ਕਾਬਲ ਹੋ ਗਏ। ਜਿਹੜੇ ਘੱਲੂਘਾਰਿਆਂ ਵਿਚ ਖਤਮ ਹੋਏ, ਉਨ੍ਹਾਂ ਲਈ ਇਹ ਦਿਨ ਬਹੁਤ ਦੂਰ ਹੋ ਗਿਆ, ਪਰ ਜਿਹੜੇ ਅਜੇ ਜੰਮੇ ਨਹੀਂ, ਉਨ੍ਹਾਂ ਵਾਸਤੇ ਤਾਜ਼ੀ ਹਵਾ ਰੁਮਕੀ।"

ਪੰਜਾਹ ਸਾਲ ਪਹਿਲਾਂ ਥਿਓਡੋਰ ਹਰਜ਼ਲ ਨੇ ਆਪਣੀ ਡਾਇਰੀ ਵਿਚ ਲਿਖਿਆ ਸੀ, "ਮੈਂ ਯਹੂਦੀ ਸਟੇਟ ਦੀ ਨੀਂਹ ਰੱਖ ਦਿੱਤੀ ਹੈ। ਅੱਜ ਕੋਈ ਮੇਰਾ ਇਹ ਵਾਕ ਪੜ੍ਹੇ, ਤਾਂ ਹੱਸੇਗਾ। ਪੰਜ ਸਾਲ ਬਾਅਦ ਨਾ ਸਹੀ, ਪੰਜਾਹ ਸਾਲ ਬਾਅਦ ਸਹੀ, ਦੁਨੀਆਂ ਦੇਖੇਗੀ ਮੇਰਾ ਕਥਨ ਸਹੀ ਸਾਬਤ ਹੋਇਆ।"

ਗੁਰੀਓਂ ਨੇ ਪੜ੍ਹਿਆ, "ਉਜੜੇ ਯਹੂਦੀ ਸ਼ਰਨਾਰਥੀਆਂ ਲਈ ਇਜ਼ਰਾਈਲ ਦਾ ਦਰਵਾਜ਼ਾ ਖੁੱਲ੍ਹ ਗਿਆ ਹੈ। ਇਜ਼ਰਾਈਲ ਵਿਚ ਵਸਦੇ ਮੁਸਲਮਾਨ ਸਾਡੇ ਭਰਾ ਹਨ, ਅਸੀਂ ਆਰਜ਼ੀ ਅਤੇ ਸਥਾਈ ਸਰਕਾਰਾਂ ਵਿਚ ਉਨ੍ਹਾਂ ਨੂੰ ਭਾਈਵਾਲ ਬਣਾਵਾਂਗੇ, ਉਨ੍ਹਾਂ ਦਾ ਜਾਨ ਮਾਲ ਤੇ ਸਨਮਾਨ ਕਾਇਮ ਰੱਖਾਂਗੇ। ਗੁਆਂਢੀ ਅਰਬਾਂ ਨੂੰ ਅਪੀਲ ਹੈ ਕਿ ਅਮਨ ਕਾਇਮ ਕਰਨ ਵਿਚ ਮਦਦ ਕਰਨ। ਆਮੀਨ।" ਇਸ ਹਿਬਰੂ ਸ਼ਬਦ ਨਾਲ ਰਸਮ ਖਤਮ ਹੋਣੀ ਸੀ ਪਰ ਬਿਨਾਂ ਦੱਸੇ ਪੁੱਛੇ ਰਬਈ ਫਿਸ਼ਮੈਨ ਨੇ ਉਚੀ ਆਵਾਜ਼ ਵਿਚ ਯਹੂਦੀ ਪ੍ਰਾਰਥਨਾ ਕੀਤੀ, ਬ੍ਰਹਿਮੰਡ ਦੇ ਮਾਲਕ, ਕ੍ਰਿਪਾਲੂ ਪਰਮੇਸ਼ਰ, ਤੂੰ ਅੱਜ ਦਾ ਦਿਨ ਦੇਖਣ ਵਾਸਤੇ ਸਾਨੂੰ ਜਿਉਂਦੇ ਰੱਖਿਆ, ਤੇਰਾ ਸ਼ੁਕਰਾਨਾ। ਆਮੀਨ।

ਇਸ ਪਿਛੋਂ ਬਰਤਾਨੀਆ ਦਾ ਵ੍ਹਾਈਟ ਪੇਪਰ ਰੱਦ ਕਰਨ ਦਾ ਮਤਾ ਪਾਸ ਹੋ ਗਿਆ।

ਆਜ਼ਾਦੀ ਦੇ ਐਲਾਨਨਾਮੇ ਦੇ ਦਸਤਖ਼ਤ ਕਰਦਿਆਂ ਗੋਲਡਾ ਰੋ ਪਈ...ਇੰਨੇ ਹੰਝੂ ਕਿ ਕਾਗਜ਼ ਦਿਸਣੋਂ ਹਟ ਗਿਆ। ਦਾਉਦ ਜ਼ਵੀ ਨੇ ਮੋਢੇ 'ਤੇ ਹੱਥ ਧਰ ਕੇ ਕਿਹਾ, ਕਿਸ ਲਈ ਰੋਨੀਂ ਏਂ ਗੋਲਡਾ? ਗੋਲਡਾ ਬੋਲੀ, ਉਨ੍ਹਾਂ ਲਈ ਜਿਨ੍ਹਾਂ ਨੂੰ ਹੁਣ ਇਥੇ ਹੋਣਾ ਚਾਹੀਦਾ ਸੀ, ਪਰ ਨਹੀਂ ਹਨ।

ਗੁਰੀਓਂ ਨੇ ਆਖਰੀ ਵਾਕ ਕਿਹਾ, ਇਜ਼ਰਾਈਲ ਸਟੇਟ ਬਣ ਗਿਆ ਹੈ। ਮੀਟਿੰਗ ਸਮਾਪਤ ਹੋਈ। ਸਭ ਰਸਮਾਂ ਖਤਮ। ਗਲੋਬ ਉਪਰ ਨਵਾਂ ਨਕਸ਼ਾ ਉਭਰਿਆ। ਬਾਹਰ ਨਿਕਲ, ਅੱਧੀ ਰਾਤ ਲੋਕ ਗਲੀਆਂ ਵਿਚ ਨੱਚਦੇ ਗਾਉਂਦੇ ਦੇਖੇ। ਬਰਤਾਨੀਆ ਦਾ ਹਾਈ ਕਮਿਸ਼ਨਰ ਆਪਣੇ ਆਖਰੀ ਸਿਪਾਹੀ ਸਣੇ ਪਰਤ ਜਾਏਗਾ। ਦੁਨੀਆਂ ਵਿਚੋਂ ਉਦਾਸ ਯਹੂਦੀ ਇਜ਼ਰਾਈਲ ਆਉਣਗੇ, ਸਵਾਗਤ ਹੋਏਗਾ, ਹੁਣ ਯਹੂਦੀ ਰੁੱਖ ਕਦੀ ਨਹੀਂ ਉਖੜੇਗਾ।

ਹੁਣ ਗੁਆਂਢੀ ਦੇਸ਼ ਹਮਲਾ ਕਰਨਗੇ, ਇਹ ਸੋਚ ਕੇ ਫਿਕਰ ਤਾਂ ਹੁੰਦਾ, ਪਰ ਵਿਸ਼ਵਾਸ ਕਾਇਮ ਰਹਿੰਦਾ। ਮਿਸਰ ਦੇ ਜਹਾਜਾਂ ਨੇ ਤਲ ਅਵੀਵ ਦਾ ਬਿਜਲੀ ਘਰ ਅਤੇ ਹਵਾਈ ਅੱਡਾ ਉਡਾਉਣ ਦਾ ਫੈਸਲਾ ਕਰ ਲਿਆ।

ਸਮੁੰਦਰੋਂ ਇਕ ਕਿਸ਼ਤੀ ਕਿਨਾਰੇ ਲੱਗੀ। ਸਭ ਤੋਂ ਪਹਿਲਾਂ ਮੈਮੁਅਲ ਬਰਾਂ ਨਾਮ ਦਾ ਥੱਕਿਆ-ਟੁੱਟਿਆ ਬਜ਼ੁਰਗ ਉਤਰਿਆ। ਉਹਨੂੰ ਪਰਚੀ ਦਿੱਤੀ, ਮੁਹਰ ਲਾਈ, ਲਿਖਿਆ ਸੀ, ਇਜ਼ਰਾਈਲ ਵਿਚ ਵਸਣ ਦਾ ਹੱਕ। ਇਹ ਆਜ਼ਾਦ ਸਟੇਟ ਦਾ ਪਹਿਲਾ ਵੀਜ਼ਾ ਸੀ ਜੋ ਇਜ਼ਤ ਨਾਲ ਮਿਲਿਆ। ਇਹ ਵੀਜ਼ਾ ਅਜਾਇਬ ਘਰ 'ਚ ਸਾਂਭਿਆ ਪਿਆ ਹੈ।

14 ਮਈ ਦੀ ਰਾਤ ਗੋਲਡਾ ਸੁੱਤੀ ਪਈ ਸੀ, ਫੋਨ ਦੀ ਘੰਟੀ ਵੱਜੀ। ਕਿਸੇ ਨੇ ਦੱਸਿਆ, ਹੁਣੇ-ਹੁਣੇ ਰੇਡਿਓ 'ਤੇ ਖਬਰ ਆਈ ਹੈ ਗੋਲਡਾ, ਅਮਰੀਕਾ ਦੇ ਰਾਸ਼ਟਰਪਤੀ ਟਰੂਮੈਨ ਨੇ ਇਜ਼ਰਾਈਲ ਨੂੰ ਮਾਨਤਾ ਦੇ ਦਿੱਤੀ ਹੈ। ਚਿੰਤਾ ਉਡ ਗਈ। ਗੋਲਡਾ ਨੂੰ ਆਪਣੇ ਅਮਰੀਕੀ ਹੋਣ ਦਾ ਮਾਣ ਹੋਇਆ। ਇਸ ਪਿੱਛੋਂ ਰੂਸ ਨੇ ਮਾਨਤਾ ਦੇ ਦਿੱਤੀ, ਦੋ ਵੱਡੀਆਂ ਤਾਕਤਾਂ ਨੇ ਸਹਾਰਾ ਦਿੱਤਾ।

15 ਮਈ 1948 ਨੂੰ ਸਵੇਰ ਸਾਰ ਮਿਸਰ ਨੇ ਦੱਖਣ ਵਲੋਂ, ਸੀਰੀਆ ਤੇ ਲੈਬਨਾਨ ਨੇ ਉੱਤਰ ਅਤੇ ਉੱਤਰ-ਪੂਰਬ ਵਲੋਂ, ਜਾਰਡਨ ਅਤੇ ਇਰਾਕ ਨੇ ਪੂਰਬ ਵਲੋਂ ਹਮਲਾ ਕਰ ਕੇ ਐਲਾਨ ਕੀਤਾ, ਦਸ ਦਿਨਾਂ ਵਿਚ ਇਜ਼ਰਾਈਲ ਮਲੀਆਮੇਟ। ਜਾਰਡਨ ਦਾ ਬਾਦਸ਼ਾਹ ਸਾਰੇ ਇਜ਼ਰਾਈਲ ਨੂੰ ਆਪਣੇ ਨਾਲ ਮਿਲਾਉਣ ਦਾ ਇੱਛੁਕ ਸੀ, ਖਾਸ ਕਰ ਯੋਰੋਸ਼ਲਮ ਨੂੰ। ਲੈਬਨਾਨ ਤੇ ਸੀਰੀਆ ਨੇ ਗੈਲੀਲੀ ਨੂੰ ਅੱਧਾ ਅੱਧਾ ਵੰਡ ਲੈਣਾ ਸੀ, ਇਰਾਕ ਨੂੰ ਇਹ ਲਾਭ ਸੀ ਕਿ ਉਸ ਨੂੰ ਬੰਦਰਗਾਹ ਮਿਲ ਜਾਣੀ ਸੀ। ਮਿਸਰ ਨੂੰ ਹੋਰ ਕੋਈ ਫਾਇਦਾ ਨਹੀਂ ਸੀ ਸਿਵਾਏ ਲੁੱਟ ਮਾਰ ਦਾ ਮਾਲ ਲਿਜਾਣ ਦੇ।

15 ਮਈ ਨੂੰ ਗੁਰੀਓਂ ਨੇ ਕਿਹਾ, ਗੋਲਡਾ ਅਮਰੀਕਾ ਜਾਹ, ਹੁਣੇ। ਪੈਸੇ ਇੱਕਠੇ ਕਰ। ਸਮਾਂ ਨਹੀਂ ਹੈ ਬੈਠਣ ਦਾ। ਚਲੀ ਗਈ। ਯਹੂਦੀ ਉਹਦਾ ਇਉਂ ਸਵਾਗਤ ਕਰਦੇ ਜਿਵੇਂ ਪੂਰਾ ਇਜ਼ਰਾਈਲ ਆ ਗਿਆ ਹੋਵੇ। ਸਾਰਾ ਦਿਨ ਭਾਸ਼ਣ ਕਰਦੀ ਆਖਦੀ, ਹੁਣ ਭਾਸ਼ਣਾਂ, ਤਾੜੀਆਂ, ਜਜ਼ਬਾਤੀ ਹੰਝੂਆਂ ਦਾ ਸਮਾਂ ਨਹੀਂ, ਪੈਸੇ ਦਿਉ। ਕੋਈ ਨ੍ਹੀਂ ਉਧਾਰ ਦਿੰਦਾ ਹਥਿਆਰ। ਜਿਹੜੇ ਡੇਢ ਅਰਬ ਡਾਲਰ ਪਿਛਲੀ ਵਾਰ ਇਕੱਠੇ ਹੋਏ, ਉਨ੍ਹਾਂ ਵਿਚੋਂ ਅੱਧੇ ਇਥੇ ਹੀ ਛੱਡ ਗਈ ਸਾਂ, ਤਾਂ ਕਿ ਦੁਨੀਆਂ ਦੇ ਬਾਕੀ ਦੇਸ਼ਾਂ ਵਿਚ ਵਸੇ ਯਹੂਦੀਆਂ ਨੂੰ ਰਾਹਤ ਮਿਲ ਸਕੇ। ਪਹਿਲਾਂ ਤਾਂ 75 ਕਰੋੜ ਡਾਲਰ ਉਹੀ ਮੈਨੂੰ ਦਿਉ, ਕਿਉਂਕਿ ਹੁਣ ਇਜ਼ਰਾਈਲ ਨੂੰ ਵੱਧ ਲੋੜ ਹੈ। ਹੋਰ ਜਿੰਨੇ ਦੇ ਸਕਦੇ ਹੋ, ਦਿਉ। ਲੋਕਾਂ ਨੇ ਆਪਣੇ ਬਾਂਡ, ਸ਼ੇਅਰ ਵੇਚ ਵੇਚ ਪੈਸੇ ਦਿੱਤੇ, ਕਾਰਖਾਨੇਦਾਰਾਂ ਨੇ ਦਿਲ ਖੋਲ੍ਹ ਕੇ ਧਨ ਦਿੱਤਾ।

ਯਹੂਦੀ ਜਾਨ ਹੂਲ ਕੇ ਦੁਸ਼ਮਣਾਂ ਵਿਰੁਧ ਲੜੇ। ਰੈਗੂਲਰ ਆਰਮੀ ਕੇਵਲ 45 ਹਜ਼ਾਰ ਸੀ, ਪਰ ਸਾਰਾ ਇਜ਼ਰਾਈਲ ਲੜ ਰਿਹਾ ਸੀ। ਯੂ.ਐਨ.ਓ. ਤੋਂ ਵਾਰ-ਵਾਰ ਜੰਗਬੰਦੀ ਦੀਆਂ ਅਪੀਲਾਂ ਆ ਰਹੀਆਂ ਸਨ, ਪਰ ਜਦੋਂ ਤੱਕ ਅਰਬਾਂ ਨੂੰ ਅਹਿਸਾਸ ਨਾ ਹੁੰਦਾ ਕਿ ਇਜ਼ਰਾਈਲੀ ਅਜਿੱਤ ਹਨ, ਉਨ੍ਹਾਂ ਕਦੋਂ ਹਟਣਾ ਸੀ? ਆਖਰ ਲਚਾਰੀਵਸ ਪੰਜ ਦੇਸ਼ਾਂ ਨੇ 11 ਜੂਨ ਨੂੰ ਆਰਜ਼ੀ ਜੰਗਬੰਦੀ ਦਾ ਐਲਾਨ ਕੀਤਾ।

*(ਚਲਦਾ)*

# ਫੌਜੀ ਬੰਤਾ ਸਿੰਘ

*(ਸਫਾ 30 ਦੀ ਬਾਕੀ)*

ਫੌਜ ਵਿਚ ਵੀ ਨਹੀਂ ਸੀ ਹੋਈ।" ਉਹਦੀਆਂ ਅੱਖਾਂ ਵਿਚ ਜਨਮ ਭੋਂ ਦਾ ਪਿਆਰ ਤੇ ਖਿੱਚ ਸਾਫ਼ ਨਜ਼ਰ ਆਉਂਦੀ ਸੀ।

"ਫਿਰ ਤੂੰ ਦੇਸ਼ ਦਾ ਚੱਕਰ ਕਾਹਤੋਂ ਨਹੀਂ ਮਾਰ ਆਉਂਦਾ, ਕਿਹੜੇ ਇੰਨੇ ਪੈਸੇ ਲਗਦੇ ਆ।"

"ਦਿਲ ਤਾਂ ਬਹੁਤ ਕਰਦਾ ਆ ਜੁਆਨਾ, ਪਰ ਤੈਨੂੰ ਨ੍ਹੀਂ ਪਤਾ ਪਿੰਡਾਂ ਦਿਆਂ ਧੰਦਿਆਂ ਦਾ, ਸ਼ਰੀਕਾ ਭਾਈਚਾਰਾ ਨ੍ਹੀਂ ਜੀਣ ਦਿੰਦਾ। ਮੈਂ ਡਰਦਾਂ, ਪਈ ਪੈਸੇ-ਪੂਸੇ ਕੋਲ ਹੋਣਗੇ, ਲਾਲਚ ਵਿਚ ਆ ਕੇ ਕਿਸੇ ਨੇ ਘੰਢੀ ਮਰੋੜ ਦਿੱਤੀ, ਤਾਂ ਜਾਹ ਜਾਂਦੀਏ ਹੋ ਜਾਊਗੀ। ਚਲੋ ਉਹਦੀ ਰਜ਼ਾ। ਹੁਣ ਤਾਂ ਇਥੇ ਈ ਦਿਨ ਕੱਢਾਂਗੇ।" ਉਹ ਬਹੁਤ ਡੂੰਘੀ ਨਿਰਾਸਤਾ ਵਿਚ ਗੱਲ ਕਰ ਰਿਹਾ ਸੀ।

ਮੈਂ ਐਵੀਂ ਬਿਨਾਂ ਸੋਚੇ ਸਮਝੇ ਉਹਨੂੰ ਖੁਸ਼ ਕਰਨ ਲਈ ਕਹਿ ਦਿੱਤਾ, "ਬਾਬਾ ਤੇਰਾ ਕਿਸੇ ਗੋਰੀ-ਗਾਰੀ ਨਾਲ ਗੇੜ ਨਾ ਕਰਾਈਏ ਕਿਤੇ।" ਉਹਦੇ ਚਿਹਰੇ 'ਤੇ ਮੱਲੋ-ਮੱਲੀ ਇਕ ਇਮਾਨਦਾਰ ਮੁਸਕਾਣ ਫੈਲ ਗਈ। "ਨਹੀਂ ਕਾਕਾ, ਹੁਣ ਇਸ ਉਮਰੇ ਕਾਹਨੂੰ ਪਾਪਾਂ ਦੇ ਭਾਗੀ ਬਣਨਾ ਆ। ਹੋਰ ਚਾਰ ਦਿਨ ਹੈਗੇ, ਉਹਦਾ ਨਾਂ ਲੈ ਕੇ ਨਿਕਲ ਜਾਣਗੇ।" ਫਿਰ ਜ਼ਰਾ ਕੁ ਰੁਕ ਕੇ ਕਹਿਣ ਲੱਗਾ, "ਊਂ ਕਈ ਵਾਰੀ ਦਿਲ ਤਾਂ ਕਰਦਾ, ਪਈ ਚਿੱਟੇ ਰੰਗ ਨੂੰ ਵੀ ਹੱਥ ਲਾ ਕੇ ਦੇਖ ਲਈਏ। ਉਦਾਂ ਇਹ ਮੁਲਕ ਬੜਾ ਕੁੱਤਾ ਆ ਇਸ ਗੱਲੋਂ, ਬੰਦੇ ਨੂੰ ਸਾਬਤ ਕਿਹੜਾ ਰਹਿਣ ਦਿੰਦਾ ਆ। ਕੋਈ ਕਿਸੇ ਦੀ ਸ਼ਰਮ ਤਾਂ ਕਰਦਾ ਈ ਨਹੀਂ ਰਤਾ। ਆਹ ਮੈਂ ਹੁਣ ਪਾਠ ਕਰਦਾ ਆਇਆਂ ਜਰਨੈਲ ਸਿਉਂ ਦੇ ਘਰੋਂ। ਉਹਦੇ ਛੋਟੇ ਮੁੰਡੇ ਦਾ ਨਵਾਂ-ਨਵਾਂ ਵਿਆਹ ਹੋਇਆ, ਸਹੁਰਾ ਨਾਲ ਦੇ ਬੈਡਰੂਮ ਵਿਚ ਕੁੜ-ਕੁੜ ਕਰੀ ਗਿਆ ਮਾਂ ਆਪਣੀ ਦੇ ਨਾਲ। ਬੰਦਾ ਪਾਠ ਕਰਦਾ ਵੀ ਇਥੇ ਨਹੀਂ ਜੀਅ ਸਕਦਾ, ਬਖਸ਼ੀਂ ਮੇਰੇ ਸਤਿਗੁਰ ਪਿਆਰਿਆ।" ਉਹ ਜਦ ਵੀ ਰੱਬ ਦਾ ਨਾਂ ਲੈਂਦਾ, ਉਪਰ ਨੂੰ ਜ਼ਰੂਰ ਇਸ਼ਾਰਾ ਕਰਦਾ।

ਉਹਨੂੰ ਮੇਰੀ ਗੋਰੀ ਵਾਲੀ ਗੱਲ ਖੂਬ ਚੰਗੀ ਲੱਗੀ ਲਗਦੀ ਸੀ। ਜਾਣ ਲੱਗਾ ਮੈਨੂੰ ਕਹਿੰਦਾ, "ਕਿਸੇ ਵੇਲੇ ਆਪਾਂ ਤਿੱਪ-ਤਿੱਪ ਦਾਰੂ ਦੀ ਲਾਈਏ ਬੈਠ ਕੇ, ਨਾਲੇ ਫਿਰ ਤੈਨੂੰ ਜੁਆਨੀ ਬਾਰੇ ਦੀਆਂ ਗੱਲਾਂ ਦੱਸੂੰ...ਅਸੀਂ ਵੀ 'ਕੱਲਾ ਅੰਗਰੇਜ਼ ਮੂਹਰੇ ਸਲੂਟ ਈ ਨ੍ਹੀਂ ਮਾਰਿਆ, ਜ਼ਿੰਦਗੀ ਵਿਚ ਹੋਰ ਵੀ ਕਈ ਕੰਮ ਕੀਤੇ ਆ ਸਰਦਾਰ ਜੀ।"

ਉਹਦੀ ਦਾਰੂ ਵਾਲੀ ਗੱਲ ਮੈਨੂੰ ਵੀ ਸੋਹਣੀ ਲੱਗੀ, ਨਾਲੇ ਮੈਂ ਉਹਦਾ ਨਿੱਕਾ ਜਿਹਾ ਕਮਰਾ ਦੇਖਣਾ ਚਾਹੁੰਦਾ ਸੀ। ਉਹਦੀਆਂ ਜੁਆਨੀ ਵੇਲੇ ਦੀਆਂ ਗੱਲਾਂ ਸੁਣਨ ਨੂੰ, ਪਰ ਇਨ੍ਹਾਂ ਹੀ ਦਿਨਾਂ ਵਿਚ ਮੇਰੇ ਪੈਰ 'ਤੇ ਸੱਟ ਲੱਗ ਗਈ। ਤੇ ਸਾਡੀ ਪਾਰਟੀ ਦੀ ਸਕੀਮ ਵਿਚੇ ਹੀ ਰਹਿ ਗਈ।

ਅੱਜ ਮੈਨੂੰ ਚੌਥਾ ਦਿਨ ਸੀ ਕੰਮ 'ਤੇ ਆਉਂਦੇ ਨੂੰ, ਪਰ ਬੰਤਾ ਸਿੰਘ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਉਹਦਾ ਲੰਮੇ ਵਾਲਾਂ ਵਾਲਾ ਪੋਤਾ ਮਿਲਿਆ ਤਾਂ ਮੈਂ ਉਹਨੂੰ ਪੁੱਛਿਆ, "ਉਹ ਤਾਂ ਮਹੀਨਾ ਹੋ ਗਿਆ, ਮਰ ਗਿਆ ਸੀ।" ਉਹਨੇ ਅੰਗਰੇਜ਼ੀ ਵਿਚ ਬੜਾ ਰੁੱਖਾ ਜਿਹਾ ਜਵਾਬ ਦਿੱਤਾ ਤੇ ਆਪਣੇ ਲੰਮੇ ਵਾਲਾਂ ਨੂੰ ਸਿਰ ਦੇ ਝਟਕੇ ਨਾਲ ਪਿਛਾਂਹ ਨੂੰ ਸੁੱਟਦਾ ਤੰਗ ਜਿਹੀ ਜੈਕਟ ਦੀਆਂ ਜੇਬਾਂ ਵਿਚ ਹੱਥ ਤੁੰਨੀ ਮੋਢੇ 'ਕੱਠੇ ਕਰੀ ਤੁਰ ਗਿਆ। ਖਬਰ ਦੀ ਕੁੜੱਤਣ ਕਰ ਕੇ ਮੈਨੂੰ ਉਹਦੇ ਰੁੱਖੇਪਨ 'ਤੇ ਬੜੀ ਖਿਝ ਆਈ। ਉਂਜ ਉਹਦਾ ਵਰਤਾਅ ਮੇਰੇ ਲਈ ਅਜੀਬ ਨਹੀਂ ਸੀ।

ਮੇਰੀ ਕੰਮ ਦੀ ਜ਼ਿੰਦਗੀ ਵਿਚ ਬੰਤਾ ਸਿੰਘ ਨੇ ਕਾਫ਼ੀ ਰੰਗ ਭਰਿਆ ਹੋਇਆ ਸੀ। ਇਸ ਵਪਾਰਕ ਜਿਹੇ ਜੀਵਨ ਵਿਚ ਕਿੰਨੇ ਕੁ ਬੰਦੇ ਹਨ ਜਿਨ੍ਹਾਂ ਨਾਲ ਬਿਨਾਂ ਕਿਸੇ ਕਿਸਮ ਦੇ ਲੈਣ-ਦੇਣ ਤੋਂ ਬੰਦੇ ਦੀ ਬੋਲ-ਚਾਲ ਹੁੰਦੀ ਹੈ। ਉਹਦੇ ਮਰਨ ਦੀ ਖਬਰ ਨਾਲ ਮੈਨੂੰ ਜਾਪਿਆ ਜਿਵੇਂ ਮੇਰੇ ਅੰਦਰੋਂ ਕੁਝ ਘਟ ਜਿਹਾ ਗਿਆ ਹੁੰਦਾ ਹੈ ਤੇ ਜਿਹੜਾ ਇਕ ਖੂੰਜਾ ਰੌਸ਼ਨ ਸੀ, ਉਥੇ ਵੀ ਹਨ੍ਹੇਰਾ ਛਾ ਗਿਆ ਸੀ। ਮੇਰਾ ਦਿਲ ਚਾਹੁੰਦਾ ਸੀ ਕਿ ਮੈਂ ਕਿਸੇ ਨਾਲ ਖੁੱਲ੍ਹ ਕੇ ਉਹਦੀਆਂ ਗੱਲਾਂ ਕਰਾਂ। ਮੈਂ ਨਾਲੇ ਮੂੰਹ ਰੱਖਣ ਲਈ ਉਸੇ ਦਿਨ ਸ਼ਾਮ ਨੂੰ ਉਨ੍ਹਾਂ ਦੇ ਘਰ ਗਿਆ। ਉਹਦੇ ਮੁੰਡੇ ਨੇ ਸ਼ਰਾਬ ਦੀ ਬੋਤਲ ਮੇਜ਼ ਦੀ ਲੱਤ ਨਾਲ ਟਿਕਾਈ ਹੋਈ ਸੀ, ਤੇ ਨਿਆਣਿਆਂ ਦੇ ਨਾਲ ਈ ਟੀ.ਵੀ. ਦੇਖਣ ਵਿਚ ਮਗਨ ਸੀ। ਉਹਦੇ ਘਰ ਵਾਲੀ ਅੰਦਰ ਕਿਚਨ ਵਿਚ ਰੋਟੀ ਟੁੱਕ ਕਰ ਰਹੀ ਸੀ। ਉਹਦੀ ਮਾਂ (ਫੌਜੀ ਦੇ ਘਰਵਾਲੀ) ਕੁਰਸੀ 'ਤੇ ਬੈਠੀ ਮਾਲਾ ਫੇਰ ਰਹੀ ਸੀ।

ਬੰਤਾ ਸਿੰਘ ਦੇ ਮੁੰਡੇ ਨੇ ਮੇਰੇ ਨਾਲ ਸਰਸਰੀ ਇਕ-ਦੋ ਗੱਲਾਂ ਕੀਤੀਆਂ। ਫਿਰ ਚੁੱਪ ਜਿਹੀ ਛਾ ਗਈ। ਮੇਰਾ ਹੋਰ ਗੱਲਾਂ ਕਰਨ ਨੂੰ ਦਿਲ ਕਰਦਾ ਸੀ। ਦਰਅਸਲ, ਮੈਂ ਦਿਲ ਵਿਚ ਸੋਚ ਕੇ ਆਇਆ ਸੀ ਕਿ ਉਨ੍ਹਾਂ ਕੋਲੋਂ ਬੰਤਾ ਸਿੰਘ ਵਾਲੀ ਫੌਜੀ ਸੋਟੀ ਮੰਗੂੰਗਾ। ਉਹ ਮੇਰੀਆਂ ਗੱਲਾਂ ਤੋਂ ਅੱਕ ਜਿਹਾ ਗਿਆ ਲਗਦਾ ਸੀ, ਕਹਿਣ ਲੱਗਾ, "ਉਹਨੇ ਆਪਣੀ ਉਮਰ ਤਾਂ ਭੋਗ ਈ ਲਈ ਸੀ, ਤੇ ਮਰਨਾ ਤਾਂ ਸਭ ਨੇ ਹੁੰਦਾ ਹੈ। ਸਾਨੂੰ ਇੰਨੀ ਮੌਜ ਸੀ, ਪਈ ਸੌ ਡਾਲਰ ਆਈ ਜਾਂਦਾ ਸੀ। ਹੁਣ ਉਸ ਨਿੱਕੇ ਜਿਹੇ ਰੂਮ ਦਾ ਸਾਨੂੰ ਕਿਸੇ ਨੇ ਕੀ ਦੇ ਦੇਣੈ।"

ਮੈਂ ਵਾਪਸ ਘਰ ਨੂੰ ਜਾਂਦਾ ਸੋਚ ਰਿਹਾ ਸੀ ਕਿ ਬੰਤਾ ਸਿੰਘ ਨੇ ਕੀ ਨਹੀਂ ਸੀ ਕੀਤਾ। ਦੁਨੀਆਂ ਚਲਦੀ ਰੱਖਣ ਲਈ ਔਲਾਦ ਪੈਦਾ ਕੀਤੀ। ਦੇਸ਼ ਲਈ ਫੌਜ ਵਿਚ ਨੌਕਰੀ, ਧਰਮ ਲਈ ਮਣਾਂ-ਮੂੰਹੀਂ ਪਾਠ ਤੇ ਆਪਣੇ ਪੁੱਤ ਪੋਤਿਆਂ ਲਈ ਹਰ ਪਹਿਰ ਅਰਦਾਸਾਂ; ਤੇ ਉਹਦੀ ਔਲਾਦ ਨੂੰ ਸਿਰਫ਼ ਉਹਦੇ ਸੌ ਡਾਲਰ ਦਾ ਈ ਝੋਰਾ ਸੀ।

# ਫਿਲਮਸਾਜ਼ ਅਨੂਪ ਸਿੰਘ ਦਾ 'ਕਿੱਸਾ'



## ਦਾਦੇ ਦੇ ਬਹਾਨੇ ਸੁਣਾਈ ਸੰਤਾਲੀ ਦੀ ਦਰਦ ਕਹਾਣੀ

*ਫਿਲਮਸਾਜ਼ ਅਨੂਪ ਸਿੰਘ ਨੇ ਸਾਹਿਤ ਅਤੇ ਫਿਲਾਸਫੀ ਦੀ ਪੜ੍ਹਾਈ ਬੰਬੇ ਯੂਨੀਰਵਸਿਟੀ ਤੋਂ ਅਤੇ ਫਿਰ 1986 ਵਿਚ ਪੁਣੇ ਦੀ ਮਸ਼ਹੂਰ ਸੰਸਥਾ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ ਤੋਂ ਫਿਲਮਸਾਜ਼ੀ ਦੀ ਗ੍ਰੈਜੂਏਸ਼ਨ ਕੀਤੀ। ਪਹਿਲਾਂ ਬੰਗਲਾ ਫਿਲਮ 'ਏਕਤੀ ਨਾਦਿਰ ਨਾਮ' ਤੋਂ ਬਾਅਦ ਹੁਣ ਉਹਨੇ ਵੰਡ ਬਾਰੇ ਇਕ ਹੋਰ ਫਿਲਮ 'ਕਿੱਸਾ' ਬਣਾਈ ਹੈ। ਇਸ ਫਿਲਮ ਤੇ ਫਿਲਮਸਾਜ਼ ਬਾਰੇ ਕੀਰਤ ਕਾਸ਼ਣੀ ਨੇ ਇਸ ਲੇਖ ਵਿਚ ਕੁਝ ਖਾਸ ਗੱਲਾਂ ਕੀਤੀਆਂ ਹਨ।*

ਤਨਜ਼ਾਨੀਆ ਦੇ ਸਭ ਤੋਂ ਵੱਡੇ ਸ਼ਹਿਰ ਦਰ-ਅਸ-ਸਲਾਮ ਵਿਚ ਜੰਮਿਆ (14 ਮਾਰਚ 1961) ਅਤੇ ਪਲਿਆ ਫਿਲਮਸਾਜ਼ ਅਨੂਪ ਸਿੰਘ ਹੁਣ ਜਨੇਵਾ ਵਿਚ ਵੱਸਦਾ ਹੈ। ਪੰਜਾਬੀ ਫਿਲਮ 'ਕਿੱਸਾ' ਕਰ ਕੇ ਅੱਜ ਕੱਲ੍ਹ ਉਸ ਦੀਆਂ ਹਰ ਪਾਸੇ ਧੁੰਮਾਂ ਹਨ। ਇਸ ਧੁੰਮਾਂ ਵਾਲੇ ਅੱਜ ਲਈ ਉਹਨੂੰ ਅੰਤਾਂ ਦੀ ਉਡੀਕ ਕਰਨੀ ਪਈ ਹੈ। 'ਕਿੱਸਾ' ਉਹਦੇ ਜ਼ਹਿਨ ਵਿਚ ਤਕਰੀਬਨ ਡੇਢ ਦਹਾਕਿਆਂ ਤੋਂ ਕੁਝ ਵਧੇਰੇ ਹੀ ਖੌਰੂ ਪਾਉਣ ਲੱਗ ਪਿਆ ਸੀ। ਇਸ ਖੌਰੂ ਨੂੰ ਸ਼ਾਂਤ ਕਰਨ ਲਈ ਉਹ ਮੁੰਬਈ ਪਹੁੰਚ ਕੇ ਆਪਣੀ ਇਸ ਫਿਲਮ ਲਈ ਪ੍ਰੋਡਿਊਸਰ ਵੀ ਲੱਭਦਾ ਰਿਹਾ, ਪਰ ਕਿਸੇ ਪਾਸਿਓਂ ਹੱਥ ਪੈ ਨਹੀਂ ਸੀ ਰਿਹਾ। ਅੱਜ ਉਹ ਖੁਸ਼ ਹੈ ਕਿ ਉਹ 'ਕਿੱਸਾ' ਵਰਗੀ ਫਿਲਮ ਬਣਾ ਸਕਿਆ ਹੈ। ਉਸ ਨੂੰ ਦੁੱਗਣੀ ਖੁਸ਼ੀ ਇਹ ਹੈ ਕਿ ਉਹਨੇ ਆਪਣੀ ਇਹ ਫਿਲਮ ਪੰਜਾਬੀ ਵਿਚ ਬਣਾਈ ਹੈ ਅਤੇ ਇਸ ਵਿਚ ਅਦਾਕਾਰ ਵੀ ਆਪਣੀ ਮਰਜ਼ੀ ਦੇ ਲੈ ਸਕਿਆ ਹੈ।

ਅਨੂਪ ਸਿੰਘ ਨੇ 2003 ਵਿਚ ਉਹਨੇ ਬੰਗਲਾ ਦਸਤਾਵੇਜ਼ੀ ਫਿਲਮ 'ਏਕਤੀ ਨਾਦਿਰ ਨਾਮ' (ਦਰਿਆ ਦਾ ਨਾਂ) ਬਣਾਈ ਸੀ। ਇਸ ਫਿਲਮ ਵਿਚ ਉਹਨੇ ਆਪਣੇ ਪਸੰਦੀਦਾ ਫਿਲਮਸਾਜ਼ ਰਿਤਵਿਕ ਘਟਕ ਦੇ ਬਹਾਨੇ ਬੰਗਾਲ ਦੀ ਵੰਡ ਬਾਰੇ ਗੱਲਾਂ ਕੀਤੀਆਂ ਸਨ। ਫਿਲਮ ਵਿਚ 1947 ਵਿਚ ਬੰਗਾਲ ਦੀ ਵੰਡ ਦਾ ਦਰਦ ਸਮੋਇਆ ਹੋਇਆ ਸੀ। ਇਸ ਫਿਲਮ ਨੂੰ ਪੰਜਵੇਂ ਜ਼ੰਜ਼ੀਬਾਰ ਕੌਮਾਂਤਰੀ ਫਿਲਮ ਮੇਲੇ ਵਿਚ ਸਿਲਵਰ ਪੁਰਸਕਾਰ ਨਾਲ ਨਿਵਾਜਿਆ ਗਿਆ। ਤਕਰੀਬਨ ਡੇਢ ਘੰਟੇ ਦੀ ਇਹ ਮਰਦ ਔਰਤ ਦੀ ਪ੍ਰੇਮ ਕਹਾਣੀ ਹੈ ਜੋ ਬੰਗਲਾਦੇਸ਼ ਅਤੇ ਭਾਰਤ ਵਿਚ ਵਹਿੰਦੇ ਦਰਿਆ ਦੇ ਆਰ-ਪਾਰ ਫੈਲੀ ਹੋਈ ਹੈ। ਇਸ ਕਹਾਣੀ ਨੂੰ ਆਧਾਰ ਬਣਾ ਕੇ ਫਿਲਮਸਾਜ਼ ਹੱਦਾਂ, ਸਰਹੱਦਾਂ, ਰਫਿਊਜੀਆਂ ਤੇ ਕਤਲੋਗਾਰਤ ਦਾ ਮਾਰਮਿਕ ਕਿੱਸਾ ਦਰਸ਼ਕਾਂ ਅੱਗੇ ਪੇਸ਼ ਕਰਦਾ ਹੈ। ਫਿਲਮ ਦੀ ਸ਼ੂਟਿੰਗ ਭਾਰਤ ਅਤੇ ਬੰਗਲਾਦੇਸ਼ ਵਿਚ ਕੀਤੀ ਗਈ ਸੀ।

ਅਨੂਪ ਸਿੰਘ ਦੀ ਦੂਜੀ ਫਿਲਮ 'ਕਿੱਸਾ' ਵੀ ਵੰਡ ਨਾਲ ਹੀ ਸਬੰਧਤ ਹੈ। ਇਸ ਵਾਰ ਇਹ ਕਿੱਸਾ ਬੰਗਾਲ ਦੀ ਥਾਂ ਪੰਜਾਬ ਦਾ ਹੈ। ਇਹ ਕਿੱਸਾ ਉਹਨੇ ਅਤਿਅੰਤ ਵਾਰ ਆਪਣੇ ਦਾਦੇ ਕੋਲੋਂ ਸੁਣਿਆ ਸੀ। ਆਪਣੇ ਦਾਦੇ ਦੇ ਇਸ ਕਿੱਸੇ ਤੋਂ ਇਲਾਵਾ ਉਹਨੇ ਵੰਡ ਬਾਰੇ ਹੋਰ ਵੀ ਕਈ ਲੋਕਾਂ ਕੋਲੋਂ ਅਜਿਹੀਆਂ ਕਹਾਣੀਆਂ ਸੁਣੀਆਂ ਸਨ। ਇਹ ਕਹਾਣੀਆਂ ਸੁਣ-ਸੁਣ ਕੇ ਉਹਦਾ ਕਲਾਕਾਰ ਆਪਾ ਅਮੀਰ ਹੁੰਦਾ ਗਿਆ ਅਤੇ ਆਖਰਕਾਰ ਉਹਨੇ 'ਕਿੱਸਾ' ਦੇ ਰੂਪ ਵਿਚ ਪੰਜਾਬ ਦੀ ਵੰਡ ਦਾ ਉਹ ਕਿੱਸਾ ਲੋਕਾਂ ਨੂੰ ਸੁਣਾਇਆ ਹੈ ਜੋ ਕਈ ਪੱਖਾਂ ਤੋਂ ਭਿੰਨ ਹੈ।

ਅਨੂਪ ਸਿੰਘ ਨੂੰ ਪਤਾ ਸੀ ਕਿ ਇਰਫਾਨ ਨੂੰ ਠੁੱਕਦਾਰ ਪੰਜਾਬੀ ਨਹੀਂ ਆਉਂਦੀ, ਪਰ ਫਿਲਮ ਵਿਚ ਅੰਬਰ ਸਿੰਘ ਦੇ ਰੋਲ ਲਈ ਉਹਨੇ ਇਰਫਾਨ ਦੀ ਹੀ ਚੋਣ ਕੀਤੀ, ਤੇ ਇਰਫਾਨ ਫਿਲਮ ਵਿਚ ਛਾਇਆ ਹੋਇਆ ਹੈ; ਹਾਲਾਂਕਿ ਤਿਲੋਤਮਾ ਸ਼ੋਮੇ ਅਤੇ ਰਸਿਕਾ ਦੁੱਗਲ ਨੇ ਉਸ ਨੂੰ ਬਰਾਬਰ ਦੀ ਟੱਕਰ ਦਿੱਤੀ ਹੈ। ਅਨੂਪ ਖੁਸ਼ ਹੈ ਕਿ ਇਨ੍ਹਾਂ ਦੋਹਾਂ ਕੁੜੀਆਂ ਨੇ ਫਿਲਮ ਵਿਚ ਉਸ ਦੀ ਆਸ ਨਾਲੋਂ ਕਿਤੇ ਵਧ ਕੇ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਉਹ ਦੱਸਦਾ ਹੈ ਕਿ ਤਿਲੋਤਮਾ ਨਾਲ ਪਹਿਲੀ ਮੁਲਾਕਾਤ ਔਡੀਸ਼ਨ ਦੌਰਾਨ ਹੀ ਹੋਈ ਸੀ। ਦੇਖਦੇ ਸਾਰ ਹੀ ਲੱਗਾ ਕਿ ਇਹ ਕੁੜੀ ਹੀ ਕੰਵਰ ਵਾਲਾ ਕਿਰਦਾਰ ਕਰੇਗੀ ਅਤੇ ਉਹਨੇ ਬਾਖੂਬੀ ਕੀਤਾ ਵੀ। ਫਿਲਮ ਦੌਰਾਨ ਦੋਵੇਂ ਜਣੇ ਇਕ-ਦੂਜੇ ਦੀ ਕਲਾ ਨੂੰ ਤਰਾਸ਼ਦੇ ਰਹੇ ਅਤੇ ਆਖਰਕਾਰ ਕੰਵਰ ਦਾ ਜਿਹੜਾ ਕਿਰਦਾਰ ਫਿਲਮ ਵਿਚ ਅੱਜ ਸਾਹਮਣੇ ਆਇਆ ਹੈ, ਉਹ ਬੇਮਿਸਾਲ ਹੈ। ਅਸਲ ਵਿਚ ਕੰਵਰ ਸਿੰਘ ਵਾਲਾ ਇਹ ਕਿਰਦਾਰ, ਅੰਬਰ ਸਿੰਘ (ਇਰਫਾਨ ਖਾਨ) ਦੀ ਚੌਥੀ ਧੀ ਹੈ ਜਿਸ ਨੂੰ ਉਹ ਪੁੱਤ ਬਣਾ ਕੇ ਪਾਲਦਾ ਅਤੇ ਫਿਰ ਉਹਦਾ ਵਿਆਹ ਵੀ ਕਰਦਾ ਹੈ। ਅਨੂਪ ਸਿੰਘ ਨੇ ਇਸ ਚਾਰ-ਪੰਜ ਨੁਕਰੇ ਪਿਆਰ ਨੂੰ ਬੜੇ ਤਹੱਮਲ ਨਾਲ ਆਪਣੀ ਫਿਲਮ ਵਿਚ ਪੇਸ਼ ਕੀਤਾ ਹੈ ਅਤੇ ਆਪਣੀ ਕਲਾਕਾਰੀ ਦੀ ਨਿਆਰੀ ਛਾਪ ਛੱਡੀ ਹੈ।

*-ਕੀਰਤ ਕਾਸ਼ਣੀ*





*ਖੱਬਿਓਂ- ਇਰਫਾਨ ਖਾਨ ਤੇ ਤਿਲੋਤਮਾ ਸ਼ੋਮੇ ਨੂੰ ਸੀਨ ਸਮਝਾ ਰਿਹਾ ਫਿਲਮਸਾਜ਼ ਅਨੂਪ ਸਿੰਘ, ਟਿਸਕਾ ਚੋਪੜਾ ਨਾਲ ਇਰਫਾਨ ਅਤੇ ਫਿਲਮ ਦੀ ਟੀਮ- ਅਨੂਪ, ਇਰਫਾਨ, ਟਿਸਕਾ, ਰਸਿਕਾ ਦੁੱਗਲ ਤੇ ਤਿਲੋਤਮਾ।*

# ਕੀ ਐਤਕੀਂ ਮੇਘਨਾ ਦਾ ਮੇਘ ਵਰਸੇਗਾ?



*ਮੇਘਨਾ*

ਮਸ਼ਹੂਰ ਫਿਲਮਸਾਜ਼ ਗੁਲਜ਼ਾਰ ਅਤੇ ਅਦਾਕਾਰਾ ਰਾਖੀ ਦੀ ਧੀ ਮੇਘਨਾ ਗੁਲਜ਼ਾਰ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਤਲਵਾਰ' ਬਣਾਉਣ ਵਿਚ ਰੁੱਝੀ ਹੋਈ ਹੈ। ਪਹਿਲਾਂ ਇਸ ਫਿਲਮ ਦਾ ਨਾਂ 'ਨੋਇਡਾ' ਰੱਖਿਆ ਗਿਆ ਸੀ। ਇਹ ਫਿਲਮ ਦਿੱਲੀ ਦੇ ਚਰਚਿਤ ਅਰੂਸ਼ੀ ਕਤਲ ਕੇਸ ਦੇ ਆਧਾਰ 'ਤੇ ਬਣਾਈ ਜਾ ਰਹੀ ਹੈ। ਯਾਦ ਰਹੇ, ਇਸ ਕੇਸ ਵਿਚ ਅਰੂਸ਼ੀ ਦੇ ਕਤਲ ਦਾ ਦੋਸ਼ ਉਸ ਦੇ ਮਾਪਿਆਂ ਉਤੇ ਲੱਗਾ ਸੀ ਅਤੇ ਅੱਜ ਕੱਲ੍ਹ ਉਹ ਜੇਲ੍ਹ ਵਿਚ ਬੰਦ ਸਜ਼ਾ ਭੁਗਤ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਫਿਲਮ ਵਿਚ ਅਰੂਸ਼ੀ ਦੇ ਮਾਪਿਆਂ ਦਾ ਪੱਖ ਬੜੇ ਜ਼ੋਰਦਾਰ ਢੰਗ ਨਾਲ ਬਿਆਨ ਕੀਤਾ ਗਿਆ ਹੈ। ਚਰਚਾ ਹੈ ਕਿ ਇਸ ਫਿਲਮ ਲਈ ਹਰੀ ਝੰਡੀ ਖੁਦ ਅਰੂਸ਼ੀ ਦੇ ਮਾਪਿਆਂ ਨੇ ਹੀ ਦਿੱਤੀ ਹੈ। ਫਿਲਮ ਦੀ ਕਹਾਣੀ ਮੇਘਨਾ ਦੇ ਬਾਪੂ ਗੁਲਜ਼ਾਰ ਦੇ ਨੇੜਲੇ ਫਿਲਮਸਾਜ਼-ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਲਿਖੀ ਹੈ। ਕਹਾਣੀ ਸਬੰਧੀ ਸਾਰੀ ਸਬੰਧਤ ਸਮੱਗਰੀ ਅਰੂਸ਼ੀ ਦੀ ਇਕ ਰਿਸ਼ਤੇਦਾਰ ਨੇ ਮੁਹੱਈਆ ਕਰਵਾਈ ਹੈ। ਫਿਲਮ ਵਿਚ ਅਦਾਕਾਰ ਇਰਫਾਨ ਖ਼ਾਨ, ਕੋਨਕਨਾ ਸੇਨ, ਸੋਹਮ ਸ਼ਾਹ ਅਤੇ ਤੱਬੂ ਨੇ ਵੱਖ-ਵੱਖ ਕਿਰਦਾਰ ਨਿਭਾਏ ਹਨ।

ਗੌਰਤਲਬ ਹੈ ਕਿ ਫਿਲਮ ਨਿਰਦੇਸ਼ਨ ਦੇ ਖੇਤਰ ਵਿਚ ਮੇਘਨਾ ਨੇ ਫਿਲਮ 'ਫਿਲਹਾਲ' (2002) ਨਾਲ ਦਾਖਲਾ ਲਿਆ ਸੀ। ਜਿਸ ਤਰ੍ਹਾਂ ਸਟਾਰ ਮਾਪਿਆਂ ਦੀ ਔਲਾਦ ਨਾਲ ਹੁੰਦਾ ਹੀ ਹੈ, ਲੋਕਾਂ ਨੂੰ ਮੇਘਨਾ ਤੋਂ ਵੀ ਬਹੁਤ ਜ਼ਿਆਦਾ ਆਸਾਂ ਸਨ। 'ਫਿਲਹਾਲ' ਦੀ ਕਹਾਣੀ ਖੁਦ ਮੇਘਨਾ ਨੇ ਲਿਖੀ ਸੀ ਅਤੇ ਇਸ ਵਿਚ ਤੱਬੂ, ਸੁਸ਼ਮਿਤਾ ਸੇਨ ਨੇ ਮੁੱਖ ਭੂਮਿਕਾ ਨਿਭਾਈ ਸੀ। ਇਸ ਫਿਲਮ ਦੀ ਚਰਚਾ ਤਾਂ ਹੋਈ, ਪਰ ਇਸ ਫਿਲਮ ਦੇ ਸਿਰ ਉਤੇ ਮੇਘਨਾ ਕੋਈ ਖਾਸ ਉਡਾਣ ਫਿਲਮੀ ਦੁਨੀਆਂ ਵਿਚ ਨਾ ਭਰ ਸਕੀ। ਫਿਰ 2007 ਵਿਚ ਮੇਘਨਾ ਨੇ ਫਿਲਮ 'ਜਸਟ ਮੈਰੀਡ' ਬਣਾਈ। ਇਸ ਫਿਲਮ ਦੀ ਪਟਕਥਾ ਗੁਲਜ਼ਾਰ ਨੇ ਲਿਖੀ ਸੀ। ਇਸ ਫਿਲਮ ਨਾਲ ਵੀ ਮੇਘਨਾ ਆਪਣਾ ਕੋਈ ਖਾਸ ਰੰਗ ਉਘਾੜਨ ਵਿਚ ਅਸਫਲ ਰਹੀ। ਹੁਣ ਸਫਲ ਫਿਲਮਸਾਜ਼ ਵਿਸ਼ਾਲ ਭਾਰਦਵਾਜ ਦੀ ਲਿਖੀ ਫਿਲਮ 'ਤਲਵਾਰ' ਤੋਂ ਉਸ ਨੂੰ ਆਸਾਂ ਹਨ।



*ਫਿਲਮ 'ਤਲਵਾਰ' ਦੇ ਇਕ ਦ੍ਰਿਸ਼ ਵਿਚ ਇਰਫਾਨ ਤੇ ਇਕ ਹੋਰ ਕਲਾਕਾਰ*

ਇਸੇ ਸਾਲ ਇਸੇ ਕੇਸ ਨੂੰ ਆਧਾਰ ਬਣਾ ਕੇ ਫਿਲਮ 'ਰਹੱਸਯਾ' ਬਣਾਈ ਗਈ ਸੀ। ਇਸ ਫਿਲਮ ਵਿਚ ਕੇ.ਕੇ. ਮੈਨਨ, ਟਿਸਕਾ ਚੋਪੜਾ, ਅਸ਼ੀਸ਼ ਵਿਦਿਆਰਥੀ, ਮੀਤਾ ਵਸ਼ਿਸ਼ਟ ਆਦਿ ਧੁਨੰਤਰ ਕਲਾਕਾਰਾਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ। ਇਹ ਫਿਲਮ 30 ਜਨਵਰੀ ਨੂੰ ਰਿਲੀਜ਼ ਹੋਈ ਸੀ ਅਤੇ ਇਸ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ ਹੈ। ਇਸ ਫਿਲਮ ਲਈ ਕਲਾਕਾਰਾਂ ਦੀ ਅਦਾਕਾਰੀ ਦੀ ਤਾਂ ਖੂਬ ਪਸ਼ੰਸਾ ਹੋਈ ਪਰ ਇਹ ਫਿਲਮ ਬਹੁਤੀ ਕਮਾਈ ਕਰਨ ਵਿਚ ਅਸਫਲ ਰਹੀ। ਅਰੂਸ਼ੀ ਦੇ ਮਾਪਿਆਂ ਨੇ ਇਸ ਫਿਲਮ ਉਤੇ ਰੋਕ ਲਾਉਣ ਦੀ ਮੰਗ ਵੀ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਫਿਲਮ ਵਿਚ ਬਹੁਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਦੇ ਲੇਖਕ-ਨਿਰਦੇਸ਼ਕ ਮਨੀਸ਼ ਗੁਪਤਾ ਸਨ।


LIMITED-TIME OFFER
SAVE $99
Regular Pay-Per-View Price $99.99
ICC CRICKET WORLD CUP 2015
AN ESPN PRODUCTION
GET DISH AND ADD LIVE CRICKET FOR ONLY 99 CENTS.
Now - March 28
Requires 24-month commitment, credit qualification and subscription to qualifying International and/or American programming. New customers only.
Chak de phatte! Follow all the remaining matches and cheer Team India! Sign up for the Punjabi Mega Pack and any America's Top package to take advantage of this amazing offer. Must mention Offer Code CRICKET99.
Punjabi Mega Pack
$24.99 mo
WILLOW HD
PTC PUNJABI
America's Top 120
$59.99 mo Everyday Price
$29.99 mo for 12 months
LOCAL CHANNELS
Enjoy these FAVORITES, plus more
Requires 24-month commitment and credit qualification.
MOST CRICKET ANYWHERE
THE WORLD'S BEST CRICKET IS ON DISH!
Enjoy non-stop cricket action on Willow HD, included in the Punjabi Mega Pack.
Requires 24-month commitment, credit qualification, Hopper receiver and qualifying American programming starting at $29.99/mo. for 12 months and World Pack for $5/mo.
LIMITED-TIME OFFER
ORDER NOW!
1-888-926-3488
MUST MENTION OFFER CODE AT TIME OF ORDER
CRICKET99
Cannot be combined with other Offer Codes
dish
All matches are subject to delays and/or cancellations and such matches may not be replayed or replaced.
Most cricket anywhere claim based on remote viewing capabilities available with major TV providers as of 12/01/14.
International programming requires additional $10/mo International Basic package or any America's Top package.
Important Terms and Conditions: ICC Cricket World Cup for 99 Cents Offer: The cost of the Pay-Per-View is $99.99. By providing Offer Code CRICKET99 you will receive an immediate credit of $99. In some cases it may take up to 36 hours for the Pay-Per-View to become available. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Hopper: Monthly fees: Hopper, $12; Joey, $7; Super Joey, $10. Watching live and recorded TV anywhere requires an Internet-connected, Sling-enabled DVR and compatible mobile device. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers only, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 3/30/15.
© 2015 DISH Network L.L.C. All rights reserved. ESPN is a registered trademark of ESPN, Inc.
3488-0182-WorldCup-February

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**





2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
Asking: $219,000



32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
Asking: 699,000




6560 Rochelle Ave.,
Newark, CA 94560
3 Bedroom, 2 Bath
Attached Car Garage
Area: 1100 Sq. Ft.
Lot: 6300 Sq. Ft.
Asking: $539,000



824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
Asking: 325,000

Coming Soon

240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880
Asking: 799,000

### JUST SOLD

1. 129 Orchard Park Pl., Hayward, CA 94544
2. 31305 Meadowbrook Ave., Hayward, CA 94544
3. 6560 Rochelle Ave., Newark, CA 94560
4. 6092 Sunstone Dr., San Jose, CA 95123
5. 1087 N. Park Victoria, Milpitas, CA 95035
6. 839 Padova Dr., Gilroy, CA 95020
7. 4274 Solar Cir., Union City, CA 94587
8. 4138 Asimuth Cir., Union City, CA 94587
9. 1627 Vanice Cir., Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095